

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

Ad Space Available
Please Call
Ph: 847-359-0746

Pantry For Sale
Kenosha, WI
Sales Are Great!
Only Interested buyers.



Contact, Ph: 262-488-0330
or 262-902-2072



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 4, January 26, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕਰਤਾਰਪੁਰ ਲਾਂਘਾ: ਪਾਕਿਸਤਾਨ ਨੇ ਬਾਜ਼ੀ ਮਾਰੀ

### ਸਿਹਰਾ ਆਪਣੇ ਸਿਰ ਬੰਨ੍ਹਣ ਲਈ ਭਾਰਤੀ ਸਿਆਸਤਦਾਨਾਂ ਵਲੋਂ ਵੀ ਭੱਜ-ਨੱਠ

**ਚੰਡੀਗੜ੍ਹ:** ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਲਈ ਦਿਖਾਈ ਜਾ ਰਹੀ ਦਿਲਚਸਪੀ ਲਈ ਹਰ ਪਾਸੇ ਵਾਹ-ਵਾਹ ਹੋ ਰਹੀ ਹੈ, ਉਥੇ ਭਾਰਤ ਸਰਕਾਰ ਦੀ ਇਸ ਪਾਸੇ ਢਿੱਲ ਉਤੇ ਵੀ ਸਵਾਲ ਉਠ ਰਹੇ ਹਨ। ਲਾਂਘੇ ਦੇ ਐਲਾਨ ਤੋਂ ਬਾਅਦ ਪਾਕਿਸਤਾਨ ਵਾਲੇ ਪਾਸਿਉਂ ਜੰਗੀ ਪੱਧਰ 'ਤੇ ਕੰਮ ਚੱਲ ਰਿਹਾ ਹੈ, ਉਥੇ ਭਾਰਤੀ ਸਿਆਸਤਦਾਨ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਭੱਜ-ਨੱਠ ਕਰਨ ਵਿਚ ਹੀ ਜੁਟੇ ਹੋਏ ਹਨ।



ਪਾਕਿਸਤਾਨ ਦਾ ਦਾਅਵਾ ਹੈ ਕਿ ਉਸ ਨੇ ਲਾਂਘੇ ਦਾ 35 ਫੀਸਦੀ ਕੰਮ ਮੁਕੰਮਲ ਕਰ ਲਿਆ ਹੈ ਤੇ ਅਕਤੂਬਰ ਤੱਕ ਇਹ ਕੰਮ ਪੂਰਾ ਕਰ ਲਿਆ ਜਾਵੇਗਾ। ਜਦੋਂਕਿ ਭਾਰਤ ਸਰਕਾਰ ਵੱਲੋਂ ਸਾਢੇ ਚਾਰ ਕਿਲੋਮੀਟਰ ਰਸਤਾ ਬਣਾਉਣ ਅਤੇ ਜ਼ਮੀਨ ਖਰੀਦਣ ਦੇ ਕੰਮ ਲਈ ਵਿਚਾਰ ਹੀ ਕੀਤੀ ਜਾ ਰਹੀ ਹੈ। ਇਹੀ ਨਹੀਂ, ਪਾਕਿਸਤਾਨ ਵਾਲੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਪਹੁੰਚਣ ਵਾਲੀ ਸੰਗਤ ਨੂੰ 'ਬਾਬਾ ਨਾਨਕ ਦੇ ਬਾਗ' ਦੇ ਫਲ ਪ੍ਰਸਾਦਿ ਵਜੋਂ ਭੇਟ ਕਰਨ ਹਿਤ ਅਮਰੂਦਾਂ ਦਾ ਬਾਗ ਲਗਾਏ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਤਕਰੀਬਨ 4 ਏਕੜ 'ਤੇ ਅਮਰੂਦਾਂ ਦਾ ਇਹ ਬਾਗ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਹੀ ਲਗਾਇਆ ਜਾਵੇਗਾ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਾਹਿਬ ਪਹੁੰਚਣ ਵਾਲੀ ਸੰਗਤ ਨੂੰ ਲੰਗਰ 'ਚ ਗੁਰੂ ਨਾਨਕ ਦੇਵ ਜੀ ਦੇ ਖੇਤਾਂ ਦੀ ਸਰ੍ਹੋਂ ਦੇ ਸਾਗ ਨਾਲ ਮੱਕੀ ਦੇ ਆਟੇ ਦੇ ਪਰਸ਼ਾਦੇ ਛਕਾਏ ਜਾਣਗੇ। ਦੋਵਾਂ ਦੇਸ਼ਾਂ ਵਿਚਾਲੇ ਕਾਗਜ਼ੀ ਕਾਰਵਾਈ ਵਿਚ ਵੀ ਪਾਕਿਸਤਾਨ ਨੇ ਸਰਗਰਮੀ ਦਿਖਾਈ ਹੈ। ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਦੇ ਕਰਾਰ ਨੂੰ ਅਮਲੀਜਾਮਾ ਪਹਿਨਾਉਣ ਲਈ ਭਾਰਤੀ ਵਫਦ ਨੂੰ ਇਸਲਾਮਾਬਾਦ ਭੇਜਣ ਲਈ ਆਖਿਆ ਹੈ। ਪਾਕਿਸਤਾਨ ਨੇ ਆਪਣੇ ਵੱਲੋਂ ਤਿਆਰ ਕੀਤੇ ਕਰਾਰ ਦੀ ਕਾਪੀ ਭਾਰਤੀ ਦੂਤਾਵਾਸ ਨਾਲ ਸਾਂਝੀ ਵੀ ਕੀਤੀ ਹੈ।

ਇਸ ਦੇ ਨਾਲ ਹੀ ਲਾਂਘੇ ਦੇ ਪ੍ਰੋਜੈਕਟਾਂ ਲਈ ਭਾਰਤ ਵੱਲੋਂ ਫੋਕਲ ਪਰਸਨ ਨਿਯੁਕਤ ਕਰਨ ਦੀ ਵੀ ਮੰਗ ਰੱਖੀ ਹੈ। ਤਕਰੀਬਨ ਦੋ ਮਹੀਨੇ ਪਹਿਲਾਂ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਸਾਢੇ ਚਾਰ ਕਿਲੋਮੀਟਰ ਸੜਕ ਦਾ ਨਿਰਮਾਣ ਸਾਢੇ ਚਾਰ ਮਹੀਨਿਆਂ ਵਿਚ ਹੋਣ ਦੀ ਗੱਲ ਕਹੀ ਸੀ ਤੇ 26 ਜਨਵਰੀ ਨੂੰ ਇਸ ਐਲਾਨ ਨੂੰ ਦੋ ਮਹੀਨੇ ਹੋ ਗਏ ਹਨ। ਭਾਰਤ ਵਾਲੇ ਪਾਸੇ ਲਾਂਘੇ ਵਾਲੀ ਥਾਂ ਉਤੇ ਸਿਰਫ ਲਾਲ ਝੰਡੀ ਹੀ ਗੱਡੀ ਗਈ ਹੈ। ਜਿਨ੍ਹਾਂ ਕਿਸਾਨਾਂ ਦੀ ਜਮੀਨ ਇਸ ਲਾਂਘੇ ਵਿਚ ਆਉਣੀ ਹੈ, ਉਹ ਇਸ ਗੱਲੋਂ ਵੀ ਦੁਖੀ ਹਨ ਕਿ ਹਫਤੇ ਬਾਅਦ ਇਸ ਝੰਡੀ ਨੂੰ ਪੁੱਟ ਕੇ ਅੱਗੇ-ਪਿੱਛੇ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਨ੍ਹਾਂ ਦੀ ਜਮੀਨ ਵੀ ਇਸ ਲਾਂਘੇ ਵਿਚ ਆਉਣ ਹੈ ਜਾਂ ਨਹੀਂ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਮੰਨਿਆ ਕਿ ਕਰਤਾਰਪੁਰ ਸਾਹਿਬ ਵਿਖੇ ਭਾਰਤੀ ਸ਼ਰਧਾਲੂਆਂ ਦੇ ਜਾਣ ਦੇ ਤਰੀਕੇ ਸਬੰਧੀ ਅਜੇ ਦੋਵੇਂ ਦੇਸ਼ਾਂ ਵੱਲੋਂ ਫੈਸਲਾ ਨਹੀਂ ਕੀਤਾ ਗਿਆ ਹੈ। ਸ਼ਰਧਾਲੂਆਂ ਨੂੰ ਪਾਸਪੋਰਟ ਰਾਹੀਂ ਦਾਖਲਾ ਦਿੱਤਾ ਜਾਵੇਗਾ ਜਾਂ ਵੀਜ਼ਾ ਅਪਲਾਈ ਕਰਨਾ ਪਵੇਗਾ, ਅਜਿਹੇ ਮੁੱਦਿਆਂ ਸਬੰਧੀ ਦੋਵੇਂ ਦੇਸ਼ਾਂ ਵੱਲੋਂ ਵਿਚਾਰ ਚਰਚਾ ਅਜੇ ਨਹੀਂ ਕੀਤੀ ਗਈ।

ਦੱਸ ਦਈਏ ਕਿ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਉਹ ਜਗ੍ਹਾ ਹੈ, ਜਿਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਅੰਤਿਮ ਸਮਾਂ ਬਿਤਾਇਆ। ਸਿੱਖਾਂ ਵੱਲੋਂ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਭਾਰਤ ਤੋਂ ਸਿਰਫ 4 ਕਿਲੋਮੀਟਰ ਦੂਰੀ ਉਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਲਾਂਘਾ ਬਣੇ। ਇਹ ਮੰਗ ਪਿਛਲੇ 71 ਸਾਲਾਂ ਤੋਂ ਕੀਤੀ ਜਾ ਰਹੀ ਹੈ ਪਰ ਦੋਵਾਂ ਦੇਸ਼ਾਂ ਵਿਚਾਲੇ ਵਿਗੜੇ ਸਬੰਧ ਹਮੇਸ਼ਾ ਇਸ ਵਿਚ ਰੋੜਾ ਬਣਦੇ ਰਹੇ। ਹੁਣ ਪਾਕਿਸਤਾਨ ਵਿਚ ਇਮਰਾਨ ਖਾਨ ਸਰਕਾਰ ਬਣਨ ਨਾਲ ਇਸ ਲਾਂਘੇ ਦੇ ਖੁੱਲ੍ਹਣ ਦਾ ਮੁੱਢ ਬੱਝਾ। ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਦਿੱਤਾ ਗਿਆ ਸੀ। ਜਿਥੇ ਪਾਕਿਸਤਾਨ ਦੇ ਫੌਜ ਮੁਖੀ ਨੇ ਸਿੱਧੂ ਨੂੰ ਜੱਫੀ ਪਾ ਕੇ ਉਨ੍ਹਾਂ ਦੇ ਕੰਨ ਵਿਚ ਲਾਂਘਾ ਖੋਲ੍ਹਣ ਦੀ ਗੱਲ ਆਖੀ। ਬੱਸ ਇਸੇ ਜੱਫੀ ਨੇ ਲਾਂਘੇ ਨੂੰ ਖੋਲ੍ਹਣ ਦਾ ਰਾਹ ਸਾਫ ਕਰ ਦਿੱਤਾ। ਸਿੱਧੂ ਨੇ ਭਾਰਤ ਪਰਤਦਿਆਂ ਹੀ ਦਾਅਵਾ ਕਰ ਦਿੱਤਾ

*(ਬਾਕੀ ਸਫਾ 6 ਉਤੇ)*


## 'ਆਪ' ਤੋਂ ਵਿਰੋਧੀ ਧਿਰ ਦਾ ਦਰਜਾ ਖੁੱਸਣ ਦੇ ਆਸਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਤੋਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਦਰਜਾ ਖੁੱਸਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਪੰਜਾਬ ਵਿਧਾਨ ਸਭਾ ਵੱਲੋਂ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਸਬੰਧੀ ਨੋਟਿਸ ਜਾਰੀ ਹੋਣ ਤੋਂ ਬਾਅਦ ਇਹ ਚਰਚਾ ਤੇਜ਼ ਹੋ ਗਈ ਹੈ ਕਿ ਅਕਾਲੀ ਦਲ ਨੂੰ ਮੁੜ ਵਿਰੋਧ ਧਿਰ ਦਾ ਦਰਜਾ ਮਿਲ ਸਕਦਾ ਹੈ। ਇਸ ਤੋਂ ਪਹਿਲਾਂ ਐਚ.ਐਸ. ਫੂਲਕਾ ਵਿਧਾਇਕ ਅਤੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ, ਦੋਵਾਂ ਤੋਂ ਅਸਤੀਫਾ ਦੇ ਚੁੱਕੇ ਹਨ।

ਇਸ ਤਰ੍ਹਾਂ ਖਹਿਰਾ, ਫੂਲਕਾ ਤੇ ਹੁਣ ਬਲਦੇਵ ਸਿੰਘ ਦੇ ਵਿਧਾਇਕ ਦੇ ਅਹੁਦਿਆਂ ਬਾਰੇ ਵਿਧਾਨ ਸਭਾ ਦੇ ਸਪੀਕਰ ਨੇ ਭਾਵੇਂ ਅਜੇ ਕੋਈ ਫੈਸਲਾ ਨਹੀਂ ਲਿਆ, ਪਰ ਹਾਲਾਤ ਮੁਤਾਬਕ ਕਿਸੇ ਵੇਲੇ ਵੀ 'ਆਪ' ਦੇ ਵਿਧਾਇਕਾਂ ਦੀ ਗਿਣਤੀ 20 ਤੋਂ ਘੱਟ ਕੇ 17 ਰਹਿ ਸਕਦੀ ਹੈ ਅਤੇ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਦੇ ਦਰਜੇ ਨੂੰ ਖਤਰਾ ਪੈਦਾ ਹੋ ਸਕਦਾ ਹੈ। ਅਕਾਲੀ ਦਲ-ਭਾਜਪਾ ਗੱਠਜੋੜ ਦੇ 17 ਵਿਧਾਇਕ ਹਨ। ਯਾਦ ਰਹੇ ਕਿ ਸ੍ਰੀ ਖਹਿਰਾ ਜਿਥੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਚੁੱਕੇ ਹਨ, ਉਥੇ ਪਾਰਟੀ ਵਿਚੋਂ ਮੁਅੱਤਲ ਕੀਤੇ ਕੰਵਰ ਸੰਧੂ ਫਿਲਹਾਲ ਖਾਮੋਸ਼ ਹਨ। ਬਾਗੀ ਧੜੇ ਨਾਲ ਜੁੜੇ ਹੋਰ 4 ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਜਗਤਾਰ ਸਿੰਘ ਜੱਗਾ, ਪਿਰਮਲ ਸਿੰਘ ਅਤੇ ਜਗਦੇਵ ਸਿੰਘ ਕਮਾਲੂ ਵੀ ਦੁਚਿੱਤੀ ਵਿਚ ਹਨ।

'ਆਪ' ਵਿਚੋਂ ਮੁਅੱਤਲੀ ਤੋਂ ਬਾਅਦ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਸ੍ਰੀ ਖਹਿਰਾ ਦੀ ਵਿਧਾਇਕੀ ਰੱਦ ਕਰਨ ਸਬੰਧੀ ਸਪੀਕਰ ਕੋਲ ਪਹੁੰਚ ਕੀਤੀ ਸੀ। ਖਹਿਰਾ ਨੂੰ ਹੁਣ 15 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਨਿਰਧਾਰਤ ਸਮੇਂ ਵਿਚ ਸ੍ਰੀ ਖਹਿਰਾ ਵੱਲੋਂ ਕੋਈ ਜਵਾਬ ਨਾ ਦਿੱਤਾ ਗਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਹ ਇਸ ਮਾਮਲੇ ਵਿਚ ਕੁਝ ਨਹੀਂ ਕਹਿਣਾ ਚਾਹੁੰਦੇ ਹਨ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style


We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



BEST FARE GUARANTEE





WorldWide Travel
866 66 INDIA
4 6 3 4 2

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App



Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com


# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ




## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

**916-995-0783 (Cell)**
**425-529-6283 (Cell)**

*630-206-2467 (Fax)*
www.ubbchicago.com aj@ubbchicago.com

**Contact us for any Financing Need Nationwide.**

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH



KALGIDHAR SOCIETY BARU SAHIB.1983
www.BaruSahib.org | info@BaruSahib.org

Educate to Save Deed-a-Day

# ਬੱਚੇ ਪੜਾਓ ਪੰਜਾਬ ਬਚਾਓ

## EDUCATE KIDS SAVE PUNJAB

129 SCHOOLS, SERVING 70,000 RURAL CHILDREN & GROWING...



28,052 FREE/AIDED — OUT OF A TOTAL OF 70,000 STUDENTS STUDYING IN AKAL ACADEMIES
176 — KIDS OF FARMERS WHO COMMITTED SUICIDE
2,565 — SC/ST/LIG KIDS
15,354 — DISADVANTAGED GIRLS
471 — KIDS OF GRANTHI SINGHS
854 — ACCIDENT VICTIMS
8,632 — OTHERS (MARTYR FAMILIES, LANDLESS, MARGINALIZED SIKH GROUPS

A COFFEE A DAY CAN HELP EDUCATE A CHILD

SPONSOR A CHILD NOW **$500** PER YEAR

DONATE **$4000** FOR LIFETIME

TO KNOW HOW: CLICK www.DeedaDay.in

DOWNLOAD DeedaDay APP FROM Google play App Store

Donate through Bank:
"Eternal Charitable Foundation"
Chase Bank A/c in USA#: 988517371
A 501 © (3) Organization Fed. Tax ID# 26-1446079

**Ravideep Kaur Mukta 972-693-1077**
**Major Gurcharan Singh Jhaj 847-330-1421, 847-732-9980, E-mail: admin@DeedaDay.in**

# ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਭਾਰੀ ਬਰਫਬਾਰੀ

**ਅੰਮ੍ਰਿਤਸਰ:** ਉਪਰਲੇ ਪਹਾੜੀ ਖੇਤਰਾਂ ਵਿਚ ਹੋ ਰਹੀ ਬਰਫਬਾਰੀ ਦੌਰਾਨ ਪਿਛਲੇ ਦਿਨੀਂ ਉਤਰਾਖੰਡ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਅਤੇ ਗੁਰਦੁਆਰਾ ਗੋਬਿੰਦਧਾਮ ਵਿਖੇ ਵੀ ਭਾਰੀ ਬਰਫਬਾਰੀ ਹੋਈ ਹੈ।

ਅਨੁਮਾਨ ਮੁਤਾਬਕ ਗੁਰਦੁਆਰਾ ਹੇਮਕੁੰਟ ਗੋਬਿੰਦਧਾਮ ਤੋਂ ਗੁਰਦੁਆਰਾ ਹੇਮਕੁੰਟ ਸਾਹਿਬ ਤੱਕ ਛੇ ਕਿਲੋਮੀਟਰ ਰਸਤੇ ਵਾਲਾ ਇਲਾਕਾ ਬਰਫ ਪੈਣ ਨਾਲ ਚਿੱਟੀ ਚਾਦਰ ਵਾਂਗ ਢਕਿਆ ਗਿਆ ਹੈ। ਹਰ ਪਾਸੇ ਬਰਫ ਹੀ ਬਰਫ ਦਿਖਾਈ ਦਿੰਦੀ ਹੈ। ਅਜਿਹੀ ਸਥਿਤੀ ਵਿਚ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜਣਾ ਅਸੰਭਵ ਹੈ ਪਰ ਅਨੁਮਾਨ ਹੈ



ਸਾਹਿਬ ਵਿਖੇ 4 ਤੋਂ 5 ਫੁੱਟ ਤਕ ਬਰਫ ਅਤੇ ਗੁਰਦੁਆਰਾ ਗੋਬਿੰਦਧਾਮ ਵਿਖੇ ਢਾਈ ਫੁਟ ਤੱਕ ਬਰਫ ਇਕੱਠੀ ਹੋ ਗਈ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰਸੱਟ ਹੇਠ ਆਉਂਦੇ ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਦੌਰਾਨ ਉਪਰਲੇ ਪਹਾੜੀ ਇਲਾਕਿਆਂ ਵਿਚ ਭਾਰੀ ਬਰਫਬਾਰੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਕਿ ਉਥੇ ਵੀ ਚਾਰ ਤੋਂ ਪੰਜ ਫੁਟ ਤੱਕ ਬਰਫ ਪੈ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਤੋਂ ਦੋ ਕਿਲੋਮੀਟਰ ਹੇਠਾਂ ਰਾਮ ਡੂੰਘੀ ਗਲੇਸ਼ੀਅਰ ਤੱਕ ਦੋ ਦੋ ਫੁਟ ਬਰਫ ਪੈ ਗਈ ਹੈ। ਜਦੋਂਕਿ ਗੁਰਦੁਆਰਾ ਗੋਬਿੰਦਘਾਟ ਵਿਖੇ ਵੀ ਕੁਝ ਬਰਫ ਪਈ ਸੀ ਪਰ ਇਹ ਪਿਘਲਣ ਮਗਰੋਂ ਸਥਿਤੀ ਆਮ ਵਾਂਗ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਅਕਤੂਬਰ ਮਹੀਨੇ ਵਿਚ ਸਾਲਾਨਾ ਯਾਤਰਾ ਦੀ ਸਮਾਪਤੀ ਮਗਰੋਂ ਕਿਵਾੜ ਬੰਦ ਕਰ ਦਿੱਤੇ ਗਏ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੁਖ ਆਸਨ ਵਾਲੇ ਸਥਾਨ 'ਤੇ ਸੁਸ਼ੋਭਿਤ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਮਗਰੋਂ ਨਵੰਬਰ/ਦਸੰਬਰ ਮਹੀਨੇ ਵਿਚ ਗੁਰਦੁਆਰਾ ਗੋਬਿੰਦਧਾਮ ਦੇ ਕਿਵਾੜ ਵੀ ਬੰਦ ਕਰ ਦਿੱਤੇ ਗਏ ਸਨ। ਹੁਣ ਦੋਵਾਂ ਥਾਵਾਂ 'ਤੇ ਪ੍ਰਕਾਸ਼ ਨਹੀਂ ਹੈ ਜਦੋਂਕਿ ਗੁਰਦੁਆਰਾ ਗੋਬਿੰਦਘਾਟ ਵਿਖੇ ਨਿਰੰਤਰ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਟਰਸੱਟ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਮੌਸਮ ਵਿਭਾਗ ਵੱਲੋਂ ਇਨ੍ਹਾਂ ਦਿਨਾਂ ਵਿਚ ਮੁੜ ਬਰਫਬਾਰੀ ਹੋਣ ਅਤੇ ਮੌਸਮ ਖਰਾਬ ਰਹਿਣ ਬਾਰੇ ਸੂਚਨਾ ਦਿੱਤੀ ਗਈ ਹੈ।

## ਅੰਨਾ ਹਜ਼ਾਰੇ 30 ਤੋਂ ਭੁੱਖ ਹੜਤਾਲ ਸ਼ੁਰੂ ਕਰਨਗੇ

**ਹੈਦਰਾਬਾਦ:** ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ 30 ਜਨਵਰੀ ਤੋਂ ਮਹਾਰਾਸ਼ਟਰ ਦੇ ਆਪਣੇ ਪਿੰਡ ਵਿਚ ਕੇਂਦਰ ਵੱਲੋਂ ਲੋਕਪਾਲ ਦੀ ਨਿਯੁਕਤੀ ਵਿਚ ਕੀਤੀ ਜਾ ਰਹੀ ਦੇਰੀ ਦੇ ਰੋਸ ਵਜੋਂ ਨਰਿੰਦਰ ਮੋਦੀ ਸਰਕਾਰ ਖਿਲਾਫ਼ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਮਾਮਲੇ ਵਿਚ ਬਹਾਨੇ ਬਣਾ ਰਹੀ ਹੈ।


ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ ਵਾਸ਼ਰ ਤੇ ਪ੍ਰੋਫੈਸ਼ਨਲੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

3-4


## ਸਿੱਖ ਉਤੇ ਨਸਲੀ ਹਮਲਾ

**ਸੇਲਮ, ਓਰੇਗਾਨ:** ਇਕ ਨਸਲੀ ਹਮਲੇ ਵਿਚ ਇਥੇ 24 ਵਰ੍ਹਿਆਂ ਦੇ ਇਕ ਗੋਰੇ ਐਂਡਰਿਊ ਰੈਮਜ਼ੀ ਨੇ ਇਕ ਸਟੋਰ ਵਿਚ ਕੰਮ ਕਰਦੇ ਹਰਵਿੰਦਰ ਸਿੰਘ ਡੋਡ ਨੂੰ ਢਾਹ ਕੇ ਕੁੱਟਿਆ ਅਤੇ ਉਸ ਦੀ ਦਾੜ੍ਹੀ ਖਿੱਚੀ। ਪੁਲਿਸ ਮੁਤਾਬਕ ਉਸ ਦੇ ਖੂਨ ਨਿਕਲ ਰਿਹਾ ਸੀ ਅਤੇ ਰੈਮਜ਼ੀ ਨੇ ਉਸ ਦੀ ਪਗੜੀ ਖੋਹਣ ਦੀ ਕੋਸ਼ਿਸ਼ ਕੀਤੀ।

ਵਿਧਾਨਕ ਨੀਤੀ ਸਲਾਹਕਾਰ ਜਸਟਿਨ ਬ੍ਰੇਖਟ ਨੇ ਕਿਹਾ ਕਿ ਰੈਮਜ਼ੀ ਸਿਗਰਟਾਂ ਲਈ ਰੋਲਿੰਗ ਪੇਪਰ ਚਾਹੁੰਦਾ ਸੀ ਪਰ ਉਸ ਕੋਲ ਸ਼ਨਾਖਤੀ ਪੱਤਰ ਨਾ ਹੋਣ ਕਰਕੇ ਡੋਡ ਨੇ ਉਸ ਨੂੰ ਇਹ ਨਹੀਂ ਦਿੱਤੇ। ਡੋਡ ਨੇ ਜਦੋਂ ਰੈਮਜ਼ੀ ਨੂੰ ਮੌਕੇ ਤੋਂ ਜਾਣ ਲਈ ਕਿਹਾ ਤਾਂ ਉਸ ਨੇ ਡੋਡ ਨੂੰ ਦਾੜ੍ਹੀ ਤੋਂ ਖਿੱਚ ਕੇ ਢਾਹ ਲਿਆ ਅਤੇ ਲੱਤਾਂ ਨਾਲ ਕੁੱਟਿਆ ਤੇ ਚਿਹਰੇ 'ਤੇ ਘਸੁੰਨ ਮਾਰੇ। ਪੁਲਿਸ ਨੇ ਰੈਮਜ਼ੀ ਨੂੰ ਗ੍ਰਿਫਤਾਰ ਕਰ ਲਿਆ।

## ਮੈਕਸੀਕੋ 'ਚ ਤੇਲ ਪਾਈਪ ਲਾਈਨ 'ਚ ਅੱਗ-66 ਮੌਤਾਂ

**ਤਲਾਹੇਲਿਪਨ (ਮੈਕਸੀਕੋ):** ਮੱਧ ਮੈਕਸੀਕੋ ਵਿਚ ਪੈਂਦੇ ਤਲਾਹੇਲਿਪਨ ਇਲਾਕੇ ਵਿਚ ਤੇਲ ਪਾਈਪ ਲਾਈਨ ਵਿਚ ਭਿਆਨਕ ਅੱਗ ਲੱਗਣ ਨਾਲ 66 ਲੋਕਾਂ ਦੀ ਮੌਤ ਹੋ ਗਈ ਅਤੇ 76 ਹੋਰ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਸਥਾਨਕ ਲੋਕ ਉਕਤ ਪਾਈਪ ਲਾਈਨ 'ਚੋਂ ਹੋ ਰਹੇ ਰਿਸਾਅ ਵਾਲੇ ਸਥਾਨ ਤੋਂ ਨਾਜਾਇਜ਼ ਤਰੀਕੇ ਨਾਲ ਪੈਟਰੋਲ ਕੱਢ ਰਹੇ ਸਨ ਅਤੇ ਇਸੇ ਦੌਰਾਨ ਉਸ 'ਚ ਅੱਗ ਲੱਗ ਗਈ। ਇਹ ਘਟਨਾ ਉਸ ਸਮੇਂ ਹੋਈ ਜਦੋਂ ਦੇਸ਼ ਦੇ ਰਾਸ਼ਟਰਪਤੀ ਤੇਲ ਚੋਰੀ ਨੂੰ ਲੈ ਕੇ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੇ ਸਨ।

## ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵੇਦਾਰੀ ਪੇਸ਼

**ਵਾਸ਼ਿੰਗਟਨ:** ਭਾਰਤੀ ਮੂਲ ਦੀ ਪਹਿਲੀ ਸੈਨੇਟਰ ਕਮਲਾ ਹੈਰਿਸ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਟੱਕਰ ਦੇਣ ਲਈ 2020 ਵਿਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਆਪਣੀ ਦਾਅਵੇਦਾਰੀ ਦੀ ਮੁਹਿੰਮ ਵਿੱਢ ਦਿੱਤੀ ਹੈ। ਕਮਲਾ ਨੇ ਕਿਹਾ ਕਿ ਉਸ ਨੂੰ ਅੱਜ ਉਸ ਦਿਨ ਆਪਣੀ ਦਾਅਵੇਦਾਰੀ ਪੇਸ਼ ਕਰਨ ਦਾ ਮਾਣ ਹੈ ਜਿਸ ਦਿਨ ਮਾਣਮੱਤੇ ਅਮਰੀਕੀ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਮਹਾਤਮਾ ਗਾਂਧੀ ਤੋਂ ਪ੍ਰੇਰਨਾ ਲਈ ਸੀ।

## ਯੂ. ਪੀ. ਵਿਚ ਦਸ ਫੀਸਦੀ ਰਾਖਵਾਂਕਰਨ ਲਾਗੂ

**ਲਖ਼ਨਊ:** ਕੇਂਦਰ ਵੱਲੋਂ ਆਰਥਿਕ ਤੌਰ 'ਤੇ ਪੱਛੜੇ ਜਨਰਲ ਵਰਗ ਨੂੰ ਦਿੱਤੇ 10 ਫੀਸਦੀ ਰਾਖਵਾਂਕਰਨ ਨੂੰ ਉਤਰ ਪ੍ਰਦੇਸ਼ ਸਰਕਾਰ ਨੇ ਨੌਕਰੀਆਂ ਤੇ ਵਿਦਿਅਕ ਸੰਸਥਾਵਾਂ ਲਈ ਲਾਗੂ ਕਰ ਦਿੱਤਾ ਹੈ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਥੇ ਸੂਬਾ ਕੈਬਨਿਟ ਦੀ ਮੀਟਿੰਗ ਦੌਰਾਨ ਇਸ ਨੂੰ ਪ੍ਰਵਾਨਗੀ ਦਿੱਤੀ ਹੈ। ਗੁਜਰਾਤ ਤੇ ਝਾਰਖੰਡ ਤੋਂ ਬਾਅਦ ਉਤਰ ਪ੍ਰਦੇਸ਼ ਰਾਖਵਾਂਕਰਨ ਲਾਗੂ ਕਰਨ ਵਾਲਾ ਤੀਜਾ ਸੂਬਾ ਹੈ।

# ਐਚ-1ਬੀ ਵੀਜ਼ਾ ਧਾਰਕ ਕਾਮਿਆਂ ਦੀਆਂ ਕੰਮਕਾਜੀ ਹਾਲਤਾਂ ਮਾੜੀਆਂ ਕਰਾਰ

**ਵਾਸ਼ਿੰਗਟਨ:** ਇਕ ਅਮਰੀਕੀ ਥਿੰਕ ਟੈਂਕ ਨੇ ਆਖਿਆ ਕਿ ਐਚ-1ਬੀ ਕਾਮਿਆਂ ਨੂੰ ਮਾੜੀਆਂ ਕੰਮਕਾਜੀ ਹਾਲਤਾਂ ਵਿਚ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਲਈ ਸੁਧਾਰ ਕਰਨ ਅਤੇ ਇਨ੍ਹਾਂ ਦੀਆਂ ਉਜਰਤਾਂ ਵਿਚ ਭਰਵਾਂ ਵਾਧਾ ਕਰਨ ਦੀ ਲੋੜ ਹੈ।

ਸਾਊਥ ਏਸ਼ੀਆ ਸੈਂਟਰ ਆਫ ਅਟਲਾਂਟਿਕ ਕੌਂਸਲ ਨੇ ਆਪਣੀ ਰਿਪੋਰਟ ਵਿਚ ਉਚਿਤ ਕੰਮਕਾਜੀ ਹਾਲਤਾਂ ਅਤੇ ਵੀਜ਼ਾ ਪ੍ਰੋਗਰਾਮ ਤਹਿਤ ਕੰਮ ਕਰਨ ਵਾਲਿਆਂ ਨੂੰ ਵਡੇਰੇ ਕਿਰਤ ਹੱਕ ਮੁਹੱਈਆ ਕਰਾਉਣ 'ਤੇ ਜ਼ੋਰ ਦਿੱਤਾ ਹੈ। ਇਹ ਰਿਪੋਰਟ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਸ ਐਲਾਨ ਤੋਂ ਇਕ ਦਿਨ ਬਾਅਦ ਆਈ ਹੈ ਜਦੋਂ ਉਨ੍ਹਾਂ ਕਿਹਾ ਕਿ ਉਹ ਅਜਿਹੇ ਸੁਧਾਰ ਲੈ ਕੇ ਆਉਣਗੇ ਜਿਸ ਨਾਲ ਐਚ-1ਬੀ ਵੀਜ਼ਾ ਹੋਲਡਰਾਂ ਨੂੰ ਅਮਰੀਕਾ ਵਿਚ ਨਿਸ਼ਚਤ ਤੌਰ 'ਤੇ ਰਹਿਣ ਅਤੇ ਨਾਗਰਿਕਤਾ ਹਾਸਲ ਕਰਨ ਲਈ ਸੌਖਾ ਰਾਹ ਮਿਲ ਸਕੇਗਾ।

ਇਹ ਰਿਪੋਰਟ ਹਾਵਰਡ ਯੂਨੀਵਰਸਿਟੀ ਦੇ ਰੌਨ ਹੀਰਾ ਅਤੇ ਸਾਊਥ ਏਸ਼ੀਆ ਸੈਂਟਰ ਆਫ ਅਟਲਾਂਟਿਕ ਕੌਂਸਲ ਦੇ ਮੁਖੀ ਭਰਤ ਗੋਪਾਲਸਵਾਮੀ ਵੱਲੋਂ ਤਿਆਰ ਕੀਤੀ ਗਈ ਹੈ। ਰਿਪੋਰਟ ਅਨੁਸਾਰ ਮੌਜੂਦਾ ਸਿਸਟਮ ਨਾ ਕੇਵਲ ਅਮਰੀਕੀਆਂ ਦੇ ਹਿੱਤਾਂ ਨੂੰ ਸੱਟ ਮਾਰਦਾ ਹੈ, ਸਗੋਂ ਐਚ-1ਬੀ ਵੀਜ਼ਾ ਧਾਰਕਾਂ ਦਾ ਵੀ ਸ਼ੋਸ਼ਣ ਕਰਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸੁਰੱਖਿਆ ਨੇਮ ਅਪਣਾਉਣ ਨਾਲ ਅਮਰੀਕੀ ਕਿਰਤ ਮੰਡੀ ਵਿਚ ਹਕੀਕੀ ਥੁੜ ਦੀ ਬਿਹਤਰੀਨ ਹੁਨਰ ਰੱਖਣ ਵਾਲੇ ਵਿਦੇਸ਼ੀ ਕਾਮਿਆਂ ਰਾਹੀਂ ਪੂਰਤੀ ਹੋ ਸਕੇਗੀ।

## ਲਾਲੂ ਪ੍ਰਸਾਦ ਨੂੰ ਮਿਲੀ ਜ਼ਮਾਨਤ

**ਨਵੀਂ ਦਿੱਲੀ:** ਰਾਸ਼ਟਰੀ ਜਨਤਾ ਦਲ (ਆਰ. ਜੇ. ਡੀ.) ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਦਿੱਲੀ ਦੀ ਅਦਾਲਤ ਨੇ ਆਈ. ਆਰ. ਸੀ. ਟੀ. ਸੀ. (ਇੰਡੀਅਨ ਰੇਲਵੇ ਕੈਟਰਿੰਗ ਤੇ ਟੂਰਿਜ਼ਮ ਕਾਰਪੋਰੇਸ਼ਨ) ਘੁਟਾਲੇ ਨਾਲ ਸਬੰਧਤ ਸੀ.ਬੀ.ਆਈ. ਦੇ ਕੇਸ 'ਚ ਜ਼ਮਾਨਤ ਦੇ ਦਿੱਤੀ ਹੈ। ਚਾਰਾ ਘੁਟਾਲਾ ਕੇਸ 'ਚ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਲਾਲੂ ਪ੍ਰਸਾਦ (70) ਇਸ ਸਮੇਂ ਰਾਂਚੀ ਦੇ ਰਾਜਿੰਦਰਾ ਮੈਡੀਕਲ ਸਾਇੰਸ ਇੰਸਟੀਚਿਊਟ 'ਚ ਦਾਖਲ ਹਨ।

## ਦੇਹਰਾਦੂਨ-ਅੰਮ੍ਰਿਤਸਰ ਉਡਾਣ ਸ਼ੁਰੂ

**ਅੰਮ੍ਰਿਤਸਰ:** ਸਪਾਈਸ ਜੈੱਟ ਕੰਪਨੀ ਵੱਲੋਂ ਦੇਹਰਾਦੂਨ ਅਤੇ ਅੰਮ੍ਰਿਤਸਰ ਵਿਚਾਲੇ ਨਵੀਂ ਘਰੇਲੂ ਉਡਾਣ ਸ਼ੁਰੂ ਕਰ ਦਿੱਤੀ ਗਈ ਹੈ, ਜੋ ਰੋਜ਼ਾਨਾ ਦੋਵਾਂ ਸ਼ਹਿਰਾਂ ਵਿਚਾਲੇ ਚੱਲੇਗੀ ਤੇ ਇਸ ਨਾਲ ਦੋਵੇਂ ਪਾਸੇ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ। ਇਸ ਪਲੇਠੀ ਉਡਾਣ ਰਾਹੀਂ ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਰਾਵਤ, ਵਿਧਾਇਕ ਹਰਪਾਲ ਸਿੰਘ ਚੀਮਾ ਤੇ ਹੋਰ ਪਤਵੰਤੇ ਇਥੇ ਪੁੱਜੇ। ਇਹ ਨਵੀਂ ਹਵਾਈ ਉਡਾਣ ਦੇਹਰਾਦੂਨ ਤੋਂ 11: 55 ਵਜੇ ਰਵਾਨਾ ਹੋਈ ਅਤੇ ਸਿਰਫ 40 ਮਿੰਟ ਵਿਚ 12: 35 ਵਜੇ ਅੰਮ੍ਰਿਤਸਰ ਪੁੱਜੀ। ਇਹ ਉਡਾਣ ਵਾਪਸੀ ਲਈ ਇਥੋਂ 12:55 ਵਜੇ ਰੋਜ਼ਾਨਾ ਰਵਾਨਾ ਹੋਵੇਗੀ ਤੇ ਦੇਹਰਾਦੂਨ 1:35 ਵਜੇ ਪੁੱਜੇਗੀ। ਇਸ ਮੌਕੇ ਉਤਰਾਖੰਡ ਦੇ ਮੁੱਖ ਮੰਤਰੀ ਨੇ ਆਖਿਆ ਕਿ ਇਸ ਉਡਾਣ ਦੀ ਸ਼ੁਰੂਆਤ ਨਾਲ ਦੋਵਾਂ ਸੂਬਿਆਂ ਵਿਚਾਲੇ ਸਾਂਝ ਪਕੇਰੀ ਹੋਵੇਗੀ ਅਤੇ ਸੈਰ-ਸਪਾਟੇ ਨੂੰ ਵੀ ਹੁਲਾਰਾ ਮਿਲੇਗਾ।


ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

4-



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com



**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

# ਕੇਜਰੀਵਾਲ ਨੇ ਪੰਜਾਬ ਤੋਂ ਵਜਾਇਆ ਲੋਕ ਸਭਾ ਚੋਣਾਂ ਦਾ ਬਿਗਲ

**ਬਰਨਾਲਾ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਬਰਨਾਲਾ 'ਚ ਵੱਡੀ ਰੈਲੀ ਕਰਕੇ ਸੂਬੇ ਅੰਦਰ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਪਾਰਟੀ ਛੱਡ ਕੇ ਗਏ ਆਗੂਆਂ ਨੂੰ ਸਖਤ ਸੁਨੇਹਾ ਵੀ ਦਿੱਤਾ। ਸੰਗਰੂਰ ਸੰਸਦੀ ਸੀਟ ਤੋਂ ਭਗਵੰਤ ਮਾਨ ਨੂੰ ਉਮੀਦਵਾਰ ਬਣਾਉਣ ਦਾ ਰਸਮੀ ਤੌਰ ਉਤੇ ਐਲਾਨ ਕਰਦਿਆਂ ਉਨ੍ਹਾਂ ਪੰਜਾਬੀਆਂ ਨੂੰ ਸਾਰੀਆਂ 13 ਸੀਟਾਂ 'ਆਪ' ਦੀ ਝੋਲੀ 'ਚ ਪਾਉਣ ਦੀ ਅਪੀਲ ਕੀਤੀ।

ਭਗਵੰਤ ਮਾਨ ਦੇ ਸੋਹਲੇ ਗਾਉਂਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਸੰਸਦ ਵਿਚ ਪਹਿਲੀ ਵਾਰ ਪੁੱਜ ਕੇ ਅਕਾਲੀ, ਭਾਜਪਾ ਅਤੇ ਕਾਂਗਰਸ ਸੰਸਦ ਮੈਂਬਰਾਂ ਨਾਲੋਂ ਕਿਤੇ ਵੱਧ ਠੋਕਵੀਂ ਆਵਾਜ਼ 'ਚ ਪੰਜਾਬ ਦੇ ਮੁੱਦਿਆਂ ਨੂੰ ਉਠਾਇਆ। ਉਨ੍ਹਾਂ ਕਿਹਾ ਕਿ ਸਾਰੀਆਂ 13 ਸੀਟਾਂ ਜਿਤਾਉਣ ਨਾਲ ਸੂਬੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਸੰਸਦ ਵੀ ਠੱਪ ਕਰਨੀ ਪਈ ਤਾਂ ਭਗਵੰਤ ਮਾਨ ਉਹ ਵੀ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾੜੇ ਹਾਲਾਤ ਲਈ ਸਭ ਤੋਂ ਵੱਧ ਜ਼ਿੰਮੇਵਾਰ ਸੁਖਬੀਰ ਬਾਦਲ ਖ਼ਿਲਾਫ਼ ਭਗਵੰਤ ਮਾਨ ਨੇ ਚੋਣ ਲੜੀ ਪਰ ਅਕਾਲੀਆਂ ਅਤੇ ਕਾਂਗਰਸੀਆਂ ਨੇ ਰਲ ਕੇ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਹਰਾ ਦਿੱਤਾ। ਉਨ੍ਹਾਂ ਕਿਹਾ ਕਿ 'ਆਪ' ਦੇ ਪੰਜਾਬ ਪ੍ਰਧਾਨ ਬਾਰੇ ਛੇਤੀ ਫੈਸਲਾ ਲਿਆ ਜਾਵੇਗਾ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦੇਸ਼ 'ਚ ਕਿਸੇ ਮਾਈ ਦੇ ਲਾਲ ਦੀ ਹਿੰਮਤ ਨਹੀਂ ਜੋ 'ਝਾੜੂ' ਨੂੰ ਤੀਲਾ-ਤੀਲਾ ਕਰ ਦੇਵੇ। ਉਨ੍ਹਾਂ ਕਿਹਾ ਕਿ ਬੀਤੇ ਦੋ ਸਾਲਾਂ ਦੌਰਾਨ ਉਨ੍ਹਾਂ 'ਤੇ ਚਾਰ ਜਾਨਲੇਵਾ ਹਮਲੇ ਹੋਏ ਅਤੇ ਦਿੱਲੀ ਸਰਕਾਰ ਨੂੰ ਚੱਲਣ ਨਹੀਂ ਦਿੱਤਾ ਜਾ ਰਿਹਾ ਪਰ 'ਝਾੜੂ' ਤੀਲਾ ਤੀਲਾ ਨਹੀਂ ਹੋਈ ਬਲਕਿ ਰੱਬ ਨੇ ਪਾਰਟੀ ਵਿਚ ਆਏ ਸੁਆਰਥੀਆਂ, ਅਹੁਦਿਆਂ ਤੇ ਟਿਕਟਾਂ ਦੇ ਲਾਲਚੀ ਤੱਤਾਂ ਨੂੰ ਸਾਫ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਲੋਕਾਂ ਦੇ ਮਨਾਂ ਵਿਚ ਜ਼ਹਿਰ ਘੋਲ ਦਿੱਤਾ ਹੈ ਜੇਕਰ ਉਹ ਦੁਬਾਰਾ ਸੱਤਾ ਵਿਚ ਆਏ ਤਾਂ ਦੇਸ਼ ਦੇ ਟੁਕੜੇ ਹੋ ਜਾਣਗੇ। ਦੇਸ਼ ਨੂੰ ਬਚਾਉਣ ਲਈ ਭਾਜਪਾ ਵਿਰੋਧੀ ਪਾਰਟੀਆਂ ਮੋਦੀ ਨੂੰ ਹਰਾਉਣ ਲਈ ਇੱਕਜੁੱਟ ਹੋ ਰਹੀਆਂ ਹਨ।

ਕੈਪਟਨ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਮੁਕੰਮਲ ਕਰਜ਼ਾ ਮੁਆਫੀ, ਘਰ-ਘਰ ਰੁਜ਼ਗਾਰ, ਸਮਾਰਟ ਫੋਨਾਂ ਤੇ ਪੈਨਸ਼ਨ ਵਾਧੇ ਆਦਿ ਦੇ ਚੋਣਾਂ 'ਚ ਝੂਠੇ ਵਾਅਦੇ ਕੀਤੇ। ਦੋ ਸਾਲ ਬੀਤਣ 'ਤੇ ਵੀ ਕੋਈ ਵਾਅਦਾ ਪੂਰਾ ਨਹੀਂ ਕੀਤਾ ਗਿਆ। ਦਲਿਤ ਤੇ ਪੱਛੜੇ ਵਰਗ ਸਭ ਤੋਂ ਵੱਧ ਦੁਖੀ ਹਨ। ਹਸਪਤਾਲ, ਸਕੂਲ, ਸੜਕਾਂ ਪ੍ਰਾਈਵੇਟ ਕੰਪਨੀਆਂ ਹਵਾਲੇ ਕੀਤੀਆਂ ਜਾ ਰਹੀਆਂ ਹਨ। ਆਪਣੀ ਦਿੱਲੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਉਨ੍ਹਾਂ ਕਿਹਾ ਕਿ 'ਪਾਗਲ' ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਦਿਨ-ਰਾਤ ਮਿਹਨਤ ਕਰਕੇ ਸਰਕਾਰੀ ਸਕੂਲਾਂ ਦੀ ਕਾਇਆ ਪਲਟ ਦਿੱਤੀ ਹੈ। ਇਨ੍ਹਾਂ ਸਰਕਾਰੀ ਸਕੂਲਾਂ ਵਿਚ 90 ਫੀਸਦੀ ਤੋਂ ਜ਼ਿਆਦਾ ਬੱਚੇ ਪਾਸ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ 'ਚ ਏਅਰ ਕੰਡੀਸ਼ਨ ਸਕੂਲ, ਹਸਪਤਾਲ, ਟੈਸਟ ਤੇ ਦਵਾਈਆਂ ਮੁਫਤ ਹਨ। ਇਥੋਂ ਤੱਕ ਕਿ 10-10 ਲੱਖ ਦੀ ਲਾਗਤ ਵਾਲੇ ਅਪਰੇਸ਼ਨ ਵੀ ਮੁਫਤ ਕੀਤੇ ਜਾਂਦੇ ਹਨ ਤੇ ਦਲਿਤ ਬੱਚਿਆਂ ਨੂੰ ਉੱਚ ਵਿੱਦਿਆ ਲਈ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਫੰਡਾਂ ਦਾ ਇਕ-ਇਕ ਪੈਸਾ ਸੁਚੱਜੇ ਢੰਗ ਨਾਲ ਖਰਚ ਕੀਤਾ। ਉਨ੍ਹਾਂ ਕੈਪਟਨ ਸਰਕਾਰ ਦੀਆਂ ਵਾਅਦਾ ਖਿਲਾਫ਼ੀਆਂ ਦਾ ਜ਼ਿਕਰ ਵੀ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਬਾਦਲ ਕੇ ਨਫਰਤ ਦਾ ਪਾਤਰ ਬਣ ਗਏ ਹਨ, ਲੋਕ ਉਨ੍ਹਾਂ ਨੂੰ ਗੁਰੂ ਘਰਾਂ ਵਿਚੋਂ ਵੀ ਮੋੜੀ ਜਾਂਦੇ ਹਨ।



### ਭਗਵੰਤ ਮਾਨ ਨੇ ਮਾਂ ਦੀ ਹਾਜ਼ਰੀ 'ਚ ਸ਼ਰਾਬ ਤੋਂ ਕੀਤੀ ਤੌਬਾ

ਰੈਲੀ 'ਚ ਆਪਣੇ ਭਾਸ਼ਨ ਦੌਰਾਨ ਭਗਵੰਤ ਮਾਨ ਨੇ ਸ਼ਰਾਬ ਤੋਂ ਤੌਬਾ ਕਰ ਲਈ। ਮੰਚ 'ਤੇ ਬਿਰਾਜਮਾਨ ਆਪਣੀ ਮਾਤਾ ਨੂੰ ਨਾਲ ਖੜ੍ਹਾ ਕਰ ਕੇ ਉਨ੍ਹਾਂ ਐਲਾਨ ਕੀਤਾ ਕਿ ਵਿਰੋਧੀਆਂ ਵੱਲੋਂ ਬਦਨਾਮ ਕਰਨ ਕਰਕੇ ਉਨ੍ਹਾਂ ਪਹਿਲੀ ਜਨਵਰੀ ਤੋਂ ਸ਼ਰਾਬ ਨਾ ਪੀਣ ਦਾ ਸੰਕਲਪ ਲਿਆ ਹੈ। ਇਸ ਸਬੰਧੀ ਉਹ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕ ਕੇ ਸਹੁੰ ਵੀ ਚੁੱਕਣਗੇ।

ਉਨ੍ਹਾਂ ਕਿਹਾ, "ਮੈਂ ਵਾਅਦਾ ਕਰਦਾ ਹਾਂ ਕਿ ਹੁਣ ਪੰਜਾਬ ਅਤੇ ਪੰਜਾਬ ਦੇ ਲੋਕ ਹੀ ਮੇਰੀ ਦਾਰੂ ਹਨ।" ਇਸ ਮਗਰੋਂ ਅਰਵਿੰਦ ਕੇਜਰੀਵਾਲ ਨੇ ਸ਼ਰਾਬ ਨਾ ਪੀਣ ਦਾ ਸੰਕਲਪ ਲੈਣ ਲਈ ਭਗਵੰਤ ਮਾਨ ਨੂੰ ਵਧਾਈ ਦਿੱਤੀ।

## ਕੇਜਰੀਵਾਲ ਵੱਲੋਂ ਪੰਜਾਬ ਦੇ ਆਗੂਆਂ ਨੂੰ ਗੱਠਜੋੜ ਲਈ ਹਰੀ ਝੰਡੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਕੋਰ ਕਮੇਟੀ ਨੂੰ ਲੋਕ ਸਭਾ ਚੋਣਾਂ ਲਈ ਸੂਬੇ ਵਿਚ ਹਮਖਿਆਲੀ ਪਾਰਟੀਆਂ ਨਾਲ ਗੱਠਜੋੜ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। 'ਆਪ' ਲੀਡਰਸ਼ਿਪ ਵੱਲੋਂ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਤਾਲਮੇਲ ਕਰਨ ਦੀ ਜਾਣਕਾਰੀ ਮਿਲੀ ਹੈ ਅਤੇ ਅਗਲੇ ਦਿਨਾਂ 'ਚ ਕਈ ਨਵੇਂ ਸਿਆਸੀ ਸਮੀਕਰਨ ਸਾਹਮਣੇ ਆ ਸਕਦੇ ਹਨ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਸੁਖਪਾਲ ਖਹਿਰਾ ਦੀ ਪੰਜਾਬੀ ਏਕਤਾ ਪਾਰਟੀ ਨੂੰ ਛੱਡ ਕੇ ਹੋਰ ਹਮਖਿਆਲੀ ਪਾਰਟੀਆਂ ਨਾਲ ਆਪਣੇ ਪੱਧਰ 'ਤੇ ਗੱਠਜੋੜ ਕਰਨ ਦੀ ਹਰੀ ਝੰਡੀ ਦੇ ਦਿੱਤੀ ਹੈ। ਕੋਰ ਕਮੇਟੀ ਦੀ ਮੀਟਿੰਗ ਵਿਚ ਸ੍ਰੀ ਖਹਿਰਾ ਤੋਂ ਦੂਰੀਆਂ ਬਣਾ ਚੁੱਕੇ ਬਾਗ਼ੀ ਵਿਧਾਇਕਾਂ ਬਾਰੇ ਵੀ ਚਰਚਾ ਹੋਈ ਅਤੇ 'ਆਪ' ਸੁਪਰੀਮੋ ਨੇ ਉਨ੍ਹਾਂ ਨੂੰ ਪਾਰਟੀ ਨਾਲ ਜੋੜਨ ਲਈ ਸੀਨੀਅਰ ਆਗੂਆਂ ਨੂੰ ਕਿਹਾ ਹੈ।

### 'ਆਪ' ਦਾ ਪੰਜਾਬ ਵਿਚ ਕੋਈ ਆਧਾਰ ਨਹੀਂ: ਖਹਿਰਾ

**ਲੁਧਿਆਣਾ:** ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਜ਼ੋਰਦਾਰ ਸ਼ਬਦੀ ਹਮਲੇ ਕੀਤੇ। ਉਨ੍ਹਾਂ 'ਆਪ' ਉਤੇ ਵੀ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਪਾਰਟੀ ਦਾ ਪੰਜਾਬ ਵਿਚ ਕੋਈ ਆਧਾਰ ਨਹੀਂ। ਸ੍ਰੀ ਖਹਿਰਾ ਨੇ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਗਈ ਹੈ। ਸਰਕਾਰ ਦਾ 'ਕੈਪਟਨ' ਆਪਣਿਆਂ ਨੂੰ ਬਚਾਉਣ ਅਤੇ ਕੇਂਦਰ ਨੂੰ ਖੁਸ਼ ਰੱਖਣ ਲਈ ਆਏ ਦਿਨ ਬੇਤੁਕੇ ਬਿਆਨ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕਰਤਾਰਪੁਰ ਲਾਂਘੇ ਸਬੰਧੀ ਕੈਪਟਨ ਵੱਲੋਂ ਦਿੱਤੇ ਬਿਆਨ ਕਿਸੇ ਤੋਂ ਭੁੱਲੇ ਨਹੀਂ ਹਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ ਸਰਗਰਮੀਆਂ ਤੇਜ਼

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਨੇੜੇ ਵੇਖ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਰਕਰਾਂ ਨੂੰ ਸਰਗਰਮ ਕਰਨ ਲਈ ਮੁਹਿੰਮ ਵਿੱਢ ਦਿੱਤੀ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਬਣਾਉਣ ਵਾਲੇ ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਵਿਧਾਇਕ ਰਤਨ ਸਿੰਘ ਅਜਨਾਲਾ ਦੇ ਹਲਕੇ ਅਜਨਾਲਾ ਦੇ ਪਿੰਡ ਦਾਲਮ ਤੋਂ ਪਾਰਟੀ ਵਰਕਰਾਂ ਤੇ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਲਾ ਸ਼ੁਰੂ ਕਰਕੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਮੌਕੇ ਉਨ੍ਹਾਂ ਅਕਾਲੀ ਵਰਕਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਉਨ੍ਹਾਂ ਇਸ ਹਲਕੇ ਦੀ ਜ਼ਿੰਮੇਵਾਰੀ ਬਿਕਰਮ ਸਿੰਘ ਮਜੀਠੀਆ ਤੇ ਸ਼੍ਰੋਮਣੀ ਕਮੇਟੀ ਮੈਂਬਰ ਜੋਧ ਸਿੰਘ ਸਮਰਾ ਨੂੰ ਸੌਂਪੀ ਹੈ।



ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਹੁਣ ਤੱਕ 30 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿਚ ਜਾ ਚੁੱਕੇ ਹਨ। ਹਰ ਹਲਕੇ ਵਿਚ ਅਕਾਲੀ ਕਾਰਕੁਨਾਂ ਵਿਚ ਪੂਰਾ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਹਨ, ਜਿਸ ਕਾਰਨ ਲੋਕਾਂ ਵਿਚ ਕਾਂਗਰਸ ਪ੍ਰਤੀ ਭਾਰੀ ਰੋਹ ਹੈ। ਉਨ੍ਹਾਂ ਪੰਚਾਇਤੀ ਚੋਣਾਂ ਦੌਰਾਨ ਧੱਕੇਸ਼ਾਹੀ ਦਾ ਦੋਸ਼ ਲਾਉਂਦਿਆਂ ਆਖਿਆ ਕਿ ਕਾਂਗਰਸ ਸਰਕਾਰ ਨੇ ਭਾਵੇਂ ਵੱਡੀ ਗਿਣਤੀ 'ਚ ਅਕਾਲੀ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਸਨ ਪਰ ਉਸ ਦੇ ਬਾਵਜੂਦ ਅਕਾਲੀ ਪੰਚ ਸਰਪੰਚ ਵੱਡੀ ਗਿਣਤੀ ਵਿਚ ਜਿੱਤੇ ਹਨ।

ਅਕਾਲੀ ਦਲ ਟਕਸਾਲੀ ਬਣਾਉਣ ਵਾਲੇ ਸੀਨੀਅਰ ਅਕਾਲੀ ਆਗੂਆਂ ਦਾ ਨਾਂ ਲਏ ਬਿਨਾਂ ਉਨ੍ਹਾਂ ਦੋਸ਼ ਲਾਇਆ ਕਿ ਕੁਝ ਆਗੂ ਆਪਣੇ ਨਿੱਜੀ ਹਿੱਤਾਂ ਕਾਰਨ ਪਾਰਟੀ ਨੂੰ ਪਿੱਠ ਦਿਖਾ ਕੇ ਗਏ ਹਨ ਪਰ ਇਸ ਦੇ ਬਾਵਜੂਦ ਅਕਾਲੀ ਕਾਰਕੁਨਾਂ ਵਿਚ ਪੂਰਾ ਉਤਸ਼ਾਹ ਅਤੇ ਇਕਜੁੱਟਤਾ ਹੈ। ਉਨ੍ਹਾਂ ਆਖਿਆ ਕਿ ਹਰ ਹਲਕੇ 'ਚ ਵਰਕਰ ਮੀਟਿੰਗ ਮਗਰੋਂ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ।

ਇਸ ਤੋਂ ਪਹਿਲਾਂ ਪਾਰਟੀ ਦੇ ਜਨਰਲ ਸਕੱਤਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਉਹ ਰਣਜੀਤ ਸਿੰਘ ਬ੍ਰਹਮਪੁਰਾ ਤੇ ਡਾ. ਰਤਨ ਸਿੰਘ ਅਜਨਾਲਾ ਦੋਵਾਂ ਦਾ ਦਿਲੋਂ ਸਤਿਕਾਰ ਕਰਦੇ ਹਨ। ਪਰ ਸੱਚਾਈ ਇਹ ਹੈ ਕਿ ਉਨ੍ਹਾਂ ਨੂੰ ਪਾਰਟੀ ਨੇ ਟਿਕਟ ਦਿੱਤੀ ਤੇ ਲੋਕਾਂ ਨੇ ਜਿੱਤ ਦਿਵਾਈ। ਉਨ੍ਹਾਂ ਆਖਿਆ ਕਿ ਪਾਰਟੀ ਤੋਂ ਵੱਖ ਹੋ ਕੇ ਅਤੇ ਮੁੱਖ ਧਾਰਾ ਤੋਂ ਬਾਹਰ ਜਾ ਕੇ ਕੋਈ ਹੋਂਦ ਨਹੀਂ ਹੈ। ਇਸ ਮਾਮਲੇ ਵਿਚ ਉਨ੍ਹਾਂ ਪ੍ਰੇਮ ਸਿੰਘ ਲਾਲਪੁਰਾ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਤੁੜ ਪਰਿਵਾਰ ਤੇ ਹੋਰਨਾਂ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਪੰਜਾਬ ਏਕਤਾ ਪਾਰਟੀ ਦੇ ਮੁਖੀ ਸੁਖਪਾਲ ਸਿੰਘ ਖਹਿਰਾ ਤੇ ਹੋਰਨਾਂ 'ਤੇ ਵੀ ਕਾਂਗਰਸ ਦੇ ਹੱਥ ਠੋਕੇ ਹੋਣ ਦੇ ਦੋਸ਼ ਲਾਏ।

## ਢੀਂਡਸਾ ਨੇ ਸੰਗਰੂਰ ਤੋਂ ਲੋਕ ਸਭਾ ਚੋਣ ਲੜਨ ਤੋਂ ਕੀਤਾ ਇਨਕਾਰ

**ਸੰਦੌੜ:** ਸਾਬਕਾ ਖਜ਼ਾਨਾ ਮੰਤਰੀ ਅਤੇ ਲਹਿਰਾਗਾਗਾ ਤੋਂ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਸਪੱਸ਼ਟ ਕੀਤਾ ਕਿ ਉਹ ਆਗਾਮੀ ਲੋਕ ਸਭਾ ਚੋਣ ਲੜਨ ਦੇ ਇਛੁੱਕ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਦੇ ਪਰਿਵਾਰ 'ਚੋਂ ਕੋਈ ਹੋਰ ਸ਼ਖ਼ਸ ਚੋਣ ਲੜਨਾ ਚਾਹੁੰਦਾ ਹੈ। ਸ੍ਰੀ ਢੀਂਡਸਾ ਨੇ ਪਿੰਡ ਕੁਠਾਲਾ 'ਚ ਇਹ ਗੱਲ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੇ ਹਲਕਾ ਸੰਗਰੂਰ ਤੋਂ ਬਤੌਰ ਅਕਾਲੀ ਉਮੀਦਵਾਰ ਬਣਨ ਦੀ ਚੱਲ ਰਹੀਆਂ ਚਰਚਾਵਾਂ ਦੇ ਜਵਾਬ ਵਿਚ ਕਹੀ। ਉਨ੍ਹਾਂ ਕਿਹਾ ਕਿ ਜੇ ਪਾਰਟੀ ਹਾਈਕਮਾਨ ਉਨ੍ਹਾਂ ਨੂੰ ਚੋਣ ਲੜਨ ਲਈ ਹੁਕਮ ਦਿੰਦੀ ਹੈ ਤਾਂ ਉਹ ਇਸ ਸਬੰਧੀ ਪਾਰਟੀ ਆਗੂਆਂ ਨਾਲ ਗੱਲਬਾਤ ਕਰਨਗੇ ਪਰ ਹਾਲੇ ਤੱਕ ਸੰਗਰੂਰ ਤੋਂ ਉਮੀਦਵਾਰ ਦੀ ਚੋਣ ਨੂੰ ਲੈ ਕੇ ਪਾਰਟੀ ਪੱਧਰ 'ਤੇ ਕੋਈ ਵੀ ਗੱਲਬਾਤ ਨਹੀਂ ਹੋਈ ਹੈ।



## ਪਟਿਆਲਾ 'ਚ ਕਿਸੇ ਬਾਦਲ ਨੂੰ ਮੈਦਾਨ 'ਚ ਉਤਾਰ ਸਕਦੈ ਅਕਾਲੀ ਦਲ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪ੍ਰਮੁੱਖ ਹਲਕਿਆਂ ਵਿਚ ਕਾਂਗਰਸ ਖਿਲਾਫ਼ ਆਪਣੇ ਮੋਹਰੀ ਆਗੂਆਂ ਨੂੰ ਮੈਦਾਨ ਵਿਚ ਉਤਾਰਨ ਦੀ ਰਣਨੀਤੀ ਬਣਾਈ ਹੈ।

ਸੂਤਰਾਂ ਨੇ ਦੱਸਿਆ ਕਿ ਘੱਟੋ ਘੱਟ ਦੋ ਵਿਧਾਇਕਾਂ ਨੂੰ ਲੋਕ ਸਭਾ ਚੋਣ ਲੜਾਈ ਜਾ ਸਕਦੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਪਾਰਟੀ ਦੀ ਰਣਨੀਤੀ ਤਿਆਰ ਹੋ ਚੁੱਕੀ ਹੈ। ਪਟਿਆਲਾ ਲੋਕ ਸਭਾ ਹਲਕਾ ਜਿਥੋਂ ਕਾਂਗਰਸ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਪਤਨੀ ਪ੍ਰਨੀਤ ਕੌਰ ਨੂੰ ਟਿਕਟ ਦੇਣ ਦੀ ਸੰਭਾਵਨਾ ਹੈ, ਤੋਂ ਅਕਾਲੀ ਦਲ ਬਾਦਲ ਪਰਿਵਾਰ ਦੇ ਕਿਸੇ ਜੀਅ ਨੂੰ ਉਤਾਰ ਸਕਦਾ ਹੈ। ਇਸ ਤਰਾਂ ਗੁਰਦਾਸਪੁਰ ਹਲਕੇ ਜਿਥੋਂ ਪੰਜਾਬ ਕਾਂਗਰਸ ਪ੍ਰਧਾਨ ਸੱਜਣ ਕੁਮਾਰ ਜਾਖੜ ਨੁਮਾਇੰਦਗੀ ਕਰਦੇ ਹਨ, ਤੋਂ ਵੀ ਇਸੇ ਤਰ੍ਹਾਂ ਦੀ ਰਣਨੀਤੀ ਅਖਤਿਆਰ ਕੀਤੀ ਜਾ ਸਕਦੀ ਹੈ।

## ਅਕਾਲੀ ਦਲ ਤੇ ਭਾਜਪਾ ਵੱਲੋਂ ਸੰਸਦੀ ਸੀਟਾਂ ਬਦਲਣ ਦੀ ਸੰਭਾਵਨਾ

**ਅੰਮ੍ਰਿਤਸਰ:** ਆਉਂਦੀਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਵੱਲੋਂ ਅੰਮ੍ਰਿਤਸਰ-ਲੁਧਿਆਣਾ ਅਤੇ ਜਲੰਧਰ-ਹੁਸ਼ਿਆਰਪੁਰ ਲੋਕ ਸਭਾ ਸੀਟਾਂ ਆਪਸ ਵਿਚ ਬਦਲੇ ਜਾਣ ਦੀ ਸੰਭਾਵਨਾ ਹੈ। ਇਸ ਮਾਮਲੇ 'ਤੇ ਦੋਵਾਂ ਪਾਰਟੀਆਂ ਦੀ ਹਾਈਕਮਾਂਡ ਵਿਚਾਰ ਚਰਚਾ ਕਰ ਰਹੀ ਹੈ। ਇਸ ਦੀ ਪੁਸ਼ਟੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ ਕਰਦਿਆਂ ਆਖਿਆ ਕਿ ਇਹ ਮਾਮਲਾ ਪਾਰਟੀ ਦੇ ਸੀਨੀਅਰ ਆਗੂਆਂ ਦੇ ਵਿਚਾਰ ਅਧੀਨ ਹੈ। ਉਨ੍ਹਾਂ ਮੰਨਿਆ ਕਿ ਜੇਕਰ ਅੰਮ੍ਰਿਤਸਰ ਸੰਸਦੀ ਸੀਟ ਸ਼੍ਰੋਮਣੀ ਅਕਾਲੀ ਦਲ ਕੋਲ ਆਉਂਦੀ ਹੈ ਤਾਂ ਇਸ ਦਾ ਦੋਵਾਂ ਧਿਰਾਂ ਨੂੰ ਲਾਭ ਹੋਵੇਗਾ। ਇਸ ਸੰਸਦੀ ਹਲਕੇ ਵਿਚ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਵਿਚੋਂ 4 ਹਲਕੇ ਭਾਜਪਾ ਕੋਲ ਹਨ ਤੇ ਇਕ ਹਲਕਾ ਸ਼੍ਰੋਮਣੀ ਅਕਾਲੀ ਦਲ ਕੋਲ ਹੈ ਜਦਕਿ ਦਿਹਾਤੀ ਚਾਰ ਹਲਕੇ ਸਾਰੇ ਹੀ ਸ਼੍ਰੋਮਣੀ ਅਕਾਲੀ ਦਲ ਕੋਲ ਹਨ। ਅਕਾਲੀ ਦਲ-ਭਾਜਪਾ ਗੱਠਜੋੜ ਸੂਬੇ ਦੀਆਂ 13 ਸੰਸਦੀ ਸੀਟਾਂ ਤੋਂ ਚੋਣ ਲੜਦਾ ਹੈ, ਜਿਨ੍ਹਾਂ ਵਿਚੋਂ ਦਸ ਸੀਟਾਂ ਅਕਾਲੀ ਦਲ ਤੇ ਤਿੰਨ ਭਾਜਪਾ ਦੇ ਖਾਤੇ ਵਿਚ ਹਨ। ਭਾਜਪਾ ਕੋਲ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਸੀਟਾਂ ਹਨ। ਅੰਮ੍ਰਿਤਸਰ-ਲੁਧਿਆਣਾ ਸੰਸਦੀ ਹਲਕੇ ਦੇ ਬਦਲਾਅ ਬਾਰੇ ਪਹਿਲਾਂ ਵੀ ਗੱਠਜੋੜ ਵਿਚ ਚਰਚਾ ਰਹੀ ਹੈ। ਅੰਮ੍ਰਿਤਸਰ ਸੰਸਦੀ ਹਲਕੇ ਵਿਚ ਵਧੇਰੇ ਸਿੱਖ ਵੋਟਰ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਦਾਅਵਾ ਹੈ ਕਿ ਵਧੇਰੇ ਸਿੱਖ ਵੋਟਰ ਵਾਲਾ ਇਹ ਸੰਸਦੀ ਹਲਕਾ ਸ਼੍ਰੋਮਣੀ ਅਕਾਲੀ ਦਲ ਲਈ ਲਾਹੇਵੰਦ ਹੋ ਸਕਦਾ ਹੈ।

## ਬ੍ਰਹਮਪੁਰਾ ਨੇ ਬਾਦਲਾਂ ਤੋਂ ਟਕਸਾਲੀ ਹੋਣ ਦਾ ਸਬੂਤ ਮੰਗਿਆ

**ਬੰਗਾ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਬਾਦਲਾਂ 'ਤੇ ਸੂਬੇ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਕੇ ਮੁਲਾਹਜ਼ੇਦਾਰੀਆਂ ਪੁਗਾਉਣ ਦਾ ਦੋਸ਼ ਲਾਇਆ। ਉਨ੍ਹਾਂ ਬਾਦਲਾਂ ਨੂੰ ਪਾਰਟੀ ਦਾ ਨਾਂ ਬਦਲ ਕੇ ਸੁਖਬੀਰ ਐਂਡ ਮਜੀਠੀਆ ਕੰਪਨੀ ਰੱਖਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਡੇਰਾ ਸਿਰਸਾ ਮੁਖੀ ਨੂੰ ਮੁਆਫ ਕਰਨ, ਅਕਾਲ ਤਖਤ ਦੀ ਮਰਿਆਦਾ ਭੰਗ ਕਰਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਰਗਾੜੀ ਵਰਗੇ ਕਾਂਡਾਂ ਲਈ ਲੋਕ ਕਦੇ ਵੀ ਬਾਦਲ ਪਰਿਵਾਰ ਨੂੰ ਮੁਆਫ ਨਹੀਂ ਕਰਨਗੇ। ਬਾਦਲ ਪਰਿਵਾਰ ਨੂੰ ਟਕਸਾਲੀ ਹੋਣ ਦਾ ਸਬੂਤ ਦੇਣ ਲਈ ਆਖਦਿਆਂ ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਕੌਮ, ਵਤਨ ਤੇ ਵਿਰਸਾਪ੍ਰਸਤੀ ਦੇ ਮਿਸ਼ਨ ਅਪਣਾਉਣ ਵਾਲਿਆਂ ਨੂੰ ਹੀ ਟਕਸਾਲੀ ਕਹਾਉਣ ਦਾ ਹੱਕ ਹੈ, ਨਾ ਕਿ ਦੂਜਿਆਂ ਦੇ ਹੱਕ ਮਾਰ ਕੇ ਆਪਣੇ ਬੋਝੇ ਭਰਨ ਵਾਲਿਆਂ ਨੂੰ ਹੈ।

# ਤਾਉਮਰ ਜੇਲ੍ਹ 'ਚ ਹੀ ਰਹੇਗਾ 'ਸੌਦਾ ਸਾਧ' ਗੁਰਮੀਤ ਰਾਮ ਰਹੀਮ

**ਪੰਚਕੂਲਾ:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਤਿੰਨ ਸਾਥੀਆਂ ਕੁਲਦੀਪ, ਨਿਰਮਲ ਅਤੇ ਕ੍ਰਿਸ਼ਨ ਲਾਲ ਨੂੰ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਦੋਸ਼ੀਆਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਵੱਖਰੇ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ 'ਚ ਡੇਰਾ ਮੁਖੀ 20 ਸਾਲਾਂ ਦੀ ਮਿਲੀ ਸਜ਼ਾ ਪੂਰੀ ਕਰਨ ਮਗਰੋਂ ਉਸ ਦੀ ਉਮਰ ਕੈਦ ਦੀ ਸਜ਼ਾ ਸ਼ੁਰੂ ਹੋਵੇਗੀ।

ਜੱਜ ਜਗਦੀਪ ਸਿੰਘ ਦੀ ਅਦਾਲਤ ਵਿਚ ਦੋਸ਼ੀਆਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਗੁਰਮੀਤ ਰਾਮ ਰਹੀਮ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ ਅਤੇ ਕੁਲਦੀਪ ਸਿੰਘ, ਨਿਰਮਲ ਅਤੇ ਕ੍ਰਿਸ਼ਨ ਲਾਲ ਨੂੰ ਅੰਬਾਲਾ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੀੜਤ ਪਰਿਵਾਰ 16 ਸਾਲ ਤੋਂ ਇਨਸਾਫ ਲਈ ਜੱਦੋ-ਜਹਿਦ ਕਰ ਰਿਹਾ ਸੀ। ਸੀ.ਬੀ.ਆਈ. ਦੇ ਵਕੀਲ ਵੱਲੋਂ ਡੇਰਾ ਮੁਖੀ ਨੂੰ ਫਾਂਸੀ ਦੀ ਸਜ਼ਾ ਦੀ ਮੰਗ ਕੀਤੀ ਗਈ ਸੀ।

ਇਸ ਮੌਕੇ ਅਹਿਮ ਗਵਾਹ ਖੱਟਾ ਸਿੰਘ ਵੀ ਹਾਜ਼ਰ ਸੀ। ਪੱਤਰਕਾਰ ਰਾਮ ਚੰਦਰ ਛਤਰਪਤੀ ਦੀ ਧੀ ਸ੍ਰੇਅਸੀ ਨੇ ਕਿਹਾ ਕਿ ਉਸ ਦਾ ਭਰਾ ਅੰਸ਼ੁਲ ਨਾਇਕ ਹੈ, ਜੋ ਇਨਸਾਫ ਹਾਸਲ ਕਰਨ ਲਈ ਨਾ ਥੱਕਿਆ ਅਤੇ ਨਾ ਹੀ ਡਰਿਆ ਹੈ। ਪੱਤਰਕਾਰ ਰਾਮ ਚੰਦਰ ਛਤਰਪਤੀ ਨੂੰ 24 ਅਕਤੂਬਰ 2002 ਨੂੰ ਸਿਰਸਾ ਵਿਚ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਦਿੱਤੀਆਂ ਸਨ। 21 ਨਵੰਬਰ 2002 ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਰਾਮਚੰਦਰ ਛਤਰਪਤੀ



ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਉਸ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਸੀ.ਬੀ.ਆਈ. ਜਾਂਚ ਦੀ ਮੰਗ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਲਗਾਈ ਸੀ। ਨਵੰਬਰ 2003 ਵਿਚ ਹਾਈ ਕੋਰਟ ਦੇ ਆਦੇਸ਼ਾਂ 'ਤੇ ਸੀ.ਬੀ.ਆਈ. ਨੇ ਐਫ.ਆਈ.ਆਰ. ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਸਾਲ 2004 ਵਿਚ ਡੇਰਾ ਮੁਖੀ ਨੇ ਜਾਂਚ ਰੁਕਵਾਉਣ ਲਈ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਸੀ ਪਰ ਸੁਪਰੀਮ ਕੋਰਟ ਨੇ ਅਪੀਲ ਖਾਰਜ ਕਰ ਦਿੱਤੀ ਸੀ।

ਰਾਮ ਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਇਕ ਤਾਕਤਵਰ ਦੁਸ਼ਮਣ ਖਿਲਾਫ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 16 ਸਾਲਾਂ ਬਾਅਦ ਆਪਣੇ ਪਿਤਾ ਦੀ ਹੱਤਿਆ ਦੇ ਮਾਮਲੇ ਵਿਚ ਇਨਸਾਫ ਮਿਲਿਆ ਹੈ। ਅੰਸ਼ੁਲ ਨੇ ਕਿਹਾ ਕਿ ਇਹ ਇਨਸਾਫ ਸੀ.ਬੀ.ਆਈ. ਅਤੇ ਅਦਾਲਤ ਨੇ ਦਿਵਾਇਆ ਹੈ। ਉਸ ਨੇ ਕਿਹਾ ਕਿ ਉਹ ਸੀ.ਬੀ.ਆਈ. ਦਾ ਧੰਨਵਾਦ ਕਰਦਾ ਹੈ, ਜਿਸ ਨੇ ਇਹ ਮਾਮਲਾ ਸੁਣਿਆ, ਪੜ੍ਹਿਆ ਅਤੇ ਕੋਰਟ ਵਿਚ ਪੇਸ਼ ਕੀਤਾ।

## ਸਜ਼ਾ 'ਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਨੂੰ ਤਸੱਲੀ

**ਤਲਵੰਡੀ ਸਾਬੋ:** ਡੇਰਾ ਸਿਰਸਾ ਮੁਖੀ ਨੂੰ ਪੱਤਰਕਾਰ ਛਤਰਪਤੀ ਹੱਤਿਆਕਾਂਡ ਵਿਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਉਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਤਸੱਲੀ ਪ੍ਰਗਟ ਕੀਤੀ ਹੈ। ਸਜ਼ਾ ਦੀ ਖਬਰ ਮਿਲਣ ਉਪਰੰਤ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਸਿੱਖਾਂ ਦਾ ਵੱਡਾ ਵਿਰੋਧੀ ਰਿਹਾ ਹੈ ਤੇ ਪਿਛਲੇ ਸਮੇਂ ਵਿਚ ਇਹ ਸਿੱਖ ਵਿਰੋਧੀ ਕਾਰਵਾਈਆਂ ਕਰਕੇ ਸਿੱਖਾਂ ਨੂੰ ਉਕਸਾਉਂਦਾ ਰਿਹਾ ਹੈ। ਬੀਤੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਵੀ ਉਸ ਦੇ ਪੈਰੋਕਾਰਾਂ ਦਾ ਨਾਂ ਸਾਹਮਣੇ ਆਇਆ ਹੈ ਤੇ ਹੁਣ ਉਸ ਨੂੰ ਜੋ ਸਜ਼ਾਵਾਂ ਭੁਗਤਣੀਆਂ ਪੈ ਰਹੀਆਂ ਹਨ, ਉਹ ਗੁਰੂ ਸਾਹਿਬ ਦੀ ਬੇਅਦਬੀ ਦੇ ਸਦਕਾ ਹੀ ਹੈ।

## ਦਸਵੇਂ ਗੁਰੂ ਦਾ ਸਵਾਂਗ ਰਚਾਉਣ ਵਾਲਾ ਕੇਸ ਮੁੜ ਖੋਲ੍ਹਣ ਦੀ ਮੰਗ

**ਜਲੰਧਰ:** ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਉਣ ਦੇ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਸੱਤਾ ਵਿਚ ਰਹਿੰਦਿਆਂ ਬਾਦਲ ਸਰਕਾਰ ਵੱਲੋਂ ਚਲਾਨ ਪੇਸ਼ ਨਾ ਕਰਨ ਦੇ ਦੋਸ਼ ਲਾਉਂਦਿਆਂ ਸਿੱਖ ਜਥੇਬੰਦੀਆਂ ਨੇ ਜਾਂਚ ਦੀ ਮੰਗ ਕੀਤੀ ਹੈ। ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸਵਾਲ ਕੀਤਾ ਹੈ ਕਿ ਉਹ ਸਪੱਸ਼ਟ ਕਰਨ ਕਿ ਸ਼੍ਰੋਮਣੀ ਕਮੇਟੀ ਨੇ ਇਸ ਕੇਸ ਦੀ ਪੈਰਵੀ ਕਿਉਂ ਨਹੀਂ ਕੀਤੀ? ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਝੀ, ਸੁਖਦੇਵ ਸਿੰਘ ਫਗਵਾੜਾ, ਪਰਮਪਾਲ ਸਿੰਘ ਸਭਰਾਂ ਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਦੋ ਸਾਧਵੀਆਂ ਅਤੇ ਮਰਹੂਮ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਸਾਧਾਰਨ ਜਿਹੇ ਪਰਿਵਾਰਾਂ ਨੇ ਡੇਰਾ ਮੁਖੀ ਨੂੰ ਸਜ਼ਾ ਦਿਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ, ਪਰ ਦਸਵੇਂ ਗੁਰੂ ਦਾ ਸਵਾਂਗ ਰਚਾਉਣ ਦੇ ਮਾਮਲੇ ਵਿਚ ਡੇਰਾ ਮੁਖੀ ਖਿਲਾਫ ਕਾਰਵਾਈ ਕਿਉਂ ਨਹੀਂ ਕਰਵਾਈ ਜਾ ਸਕੀ।

# ਡੇਰਾ ਸਿਰਸਾ ਮੁਖੀ ਦੇ ਬਚਾਅ ਲਈ ਪੁਲਿਸ ਤੇ ਸਿਆਸਤਦਾਨਾਂ ਨੇ ਹਰ ਹੀਲਾ ਵਰਤਿਆ

**ਮੋਗਾ:** ਹਰਿਆਣਾ ਪੁਲਿਸ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ 'ਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ ਕਾਰਵਾਈ ਨਹੀਂ ਕਰਨਾ ਚਾਹੁੰਦੀ ਸੀ। ਹਰਿਆਣਾ ਪੁਲਿਸ ਨੇ ਸੀ.ਬੀ.ਆਈ. ਨੂੰ ਕੇਸ ਤਬਦੀਲ ਹੋਣ ਤੋਂ ਪਹਿਲਾਂ 10 ਦਸੰਬਰ 2002 ਨੂੰ ਡੇਰਾ ਮੁਖੀ ਨੂੰ ਛੱਡ ਕੇ ਬਾਕੀ ਤਿੰਨਾਂ ਮੁਲਜ਼ਮਾਂ ਖਿਲਾਫ ਅਦਾਲਤ 'ਚ ਦੋਸ਼ ਪੱਤਰ ਦਾਇਰ ਕਰ ਦਿੱਤਾ ਸੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਦੀ ਅਦਾਲਤ ਨੇ ਇਸ ਫੈਸਲੇ ਦੀ 178 ਪੰਨਿਆਂ ਦੀ ਜੱਜਮੈਂਟ ਲਿਖੀ ਹੈ। ਇਸ ਜੱਜਮੈਂਟ 'ਚ ਕਈ ਅਹਿਮ ਵੇਰਵੇ ਹਨ।

ਇਸ ਕੇਸ ਦੀ ਸੁਣਵਾਈ ਦੌਰਾਨ ਵੱਖ ਵੱਖ ਅਖਬਾਰਾਂ ਦੇ ਪੱਤਰਕਾਰਾਂ ਸਮੇਤ 46 ਸਰਕਾਰੀ ਤੇ ਬਚਾਅ ਪੱਖ ਵੱਲੋਂ 21 ਗਵਾਹ ਅਦਾਲਤ 'ਚ ਭੁਗਤੇ। ਹਰਿਆਣਾ ਪੁਲਿਸ ਨੇ ਤਫਤੀਸ਼ ਮੁਕੰਮਲ ਕਰ ਕੇ 5 ਦਸੰਬਰ 2002 ਨੂੰ ਕੁਲਦੀਪ ਸਿੰਘ, ਨਿਰਮਲ ਸਿੰਘ ਤੇ ਕ੍ਰਿਸ਼ਨ ਲਾਲ ਖਿਲਾਫ ਦੋਸ਼ ਪੱਤਰ ਤਿਆਰ ਕਰ ਕੇ 10 ਦਸੰਬਰ 2002 ਨੂੰ ਖੇਤਰੀ ਮੈਜਿਸਟ੍ਰੇਟ, ਸਿਰਸਾ ਦੀ ਅਦਾਲਤ ਵਿਚ ਪੇਸ਼ ਕੀਤਾ ਸੀ। ਹਰਿਆਣਾ ਪੁਲਿਸ ਦੀ ਤਫਤੀਸ਼ 'ਚ ਖੁਲਾਸਾ ਹੋਇਆ ਕਿ ਪੱਤਰਕਾਰ ਛਤਰਪਤੀ ਦੀ ਹੱਤਿਆ ਲਈ ਵਰਤਿਆ 32 ਬੋਰ ਰਿਵਾਲਵਰ ਡੇਰਾ ਪ੍ਰਬੰਧਕ ਮੁਲਜ਼ਮ ਕ੍ਰਿਸ਼ਨ ਲਾਲ ਦਾ ਲਾਇਸੈਂਸੀ ਸੀ। ਇਹ ਕਤਲ ਕੇਸ ਖੇਤਰੀ ਮੈਜਿਸਟ੍ਰੇਟ ਨੇ 13 ਜਨਵਰੀ 2003 ਨੂੰ ਸੁਣਵਾਈ ਲਈ ਸੈਸ਼ਨ ਜੱਜ ਦੀ ਅਦਾਲਤ 'ਚ ਭੇਜ ਦਿੱਤਾ। ਇਸ ਦੌਰਾਨ ਮਰਹੂਮ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਵੱਡੇ ਪੁੱਤ ਅੰਸ਼ੁਲ ਛਤਰਪਤੀ ਨੇ ਹਰਿਆਣਾ ਪੁਲਿਸ ਦੀ ਤਫਤੀਸ਼ 'ਤੇ ਸਵਾਲ ਉਠਾਉਂਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਹ ਕੇਸ ਸੀ.ਬੀ.ਆਈ. ਨੂੰ ਤਬਦੀਲ ਕਰਨ ਦੀ ਪਟੀਸ਼ਨ ਦਾਇਰ ਕਰ ਦਿੱਤੀ ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 10 ਨਵੰਬਰ 2003 ਨੂੰ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਅਤੇ ਸੀ.ਬੀ.ਆਈ. ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਜਾਂਚ ਦੇ ਘੇਰੇ ਵਿਚ ਲੈ ਲਿਆ। ਸੀ.ਬੀ.ਆਈ. ਨੇ ਸਬ-ਇੰਸਪੈਕਟਰ ਰਾਮ ਚੰਦਰ ਦਾ ਦੋ ਵਾਰ ਪੌਲੀਗ੍ਰਾਫ ਟੈਸਟ ਵੀ ਕਰਵਾਇਆ ਸੀ।

ਇਸ ਕੇਸ ਦੀ ਸੁਣਵਾਈ ਪੂਰੀ ਹੋਣ ਅਤੇ ਫੈਸਲੇ ਮੌਕੇ ਡੇਰਾ ਮੁਖੀ ਨੇ ਸਫਾਈ ਦਿੱਤੀ ਕਿ ਉਸ ਨੇ 1991 'ਚ ਡੇਰਾ ਮੁਖੀ ਬਣਨ ਮਗਰੋਂ ਮਾਨਵਤਾ ਦੀ ਭਲਾਈ ਅਤੇ ਨਸ਼ਿਆਂ ਤੇ ਹੋਰ ਸਮਾਜਿਕ ਕੁਰੀਤੀਆਂ ਖਿਲਾਫ ਤਕਰੀਬਨ 6 ਕਰੋੜ ਲੋਕਾਂ ਨੂੰ ਜਾਗਰੂਕ ਕੀਤਾ। ਪਹਿਲੇ ਕੇਸ ਵਿਚ ਵੀ ਕੈਦ ਦੌਰਾਨ ਜੇਲ੍ਹ ਵਿਭਾਗ ਵੱਲੋਂ ਉਸ ਖਿਲਾਫ ਕੋਈ ਸ਼ਿਕਾਇਤ ਨਹੀਂ ਹੈ ਤੇ ਉਸ ਦਾ ਜੇਲ੍ਹ 'ਚ ਵਿਵਹਾਰ ਚੰਗਾ ਹੈ। ਇਸ ਤਰ੍ਹਾਂ ਦੂਜੇ ਮੁਲਜ਼ਮਾਂ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦਾ ਕੋਈ ਪਿਛਲਾ ਅਪਰਾਧਿਕ ਰਿਕਾਰਡ ਨਹੀਂ ਹੈ। ਦੱਸਣਯੋਗ ਹੈ ਕਿ ਪੱਤਰਕਾਰ ਰਾਮ ਚੰਦਰ ਛਤਰਪਤੀ 'ਪੂਰਾ ਸੱਚ' ਅਖਬਾਰ ਦੇ ਸੰਪਾਦਕ ਸਨ ਤੇ ਉਨ੍ਹਾਂ ਨੇ 30 ਮਈ 2002 ਨੂੰ ਅਤੇ 4 ਜੂਨ 2002 ਨੂੰ ਸਾਧਵੀਆਂ ਦੇ ਸ਼ੋਸ਼ਣ ਆਦਿ ਬਾਰੇ ਖਬਰਾਂ ਛਾਪੀਆਂ ਸਨ। ਪੱਤਰਕਾਰ ਛਤਰਪਤੀ ਨੂੰ 24 ਅਕਤੂਬਰ 2002 ਨੂੰ ਰਾਤ ਦੇ ਤਕਰੀਬਨ 8 ਵਜੇ ਉਨ੍ਹਾਂ ਦੇ ਘਰ ਨੇੜੇ ਗੋਲੀਆਂ ਮਾਰੀ ਦਿੱਤੀਆਂ ਗਈਆਂ ਸਨ ਅਤੇ 21 ਨਵੰਬਰ 2002 ਨੂੰ ਉਨ੍ਹਾਂ ਹਸਪਤਾਲ 'ਚ ਦਮ ਤੋੜ ਦਿੱਤਾ ਸੀ।

## ਸਮਝੌਤੇ ਲਈ ਕਈ ਸਿਆਸਤਦਾਨਾਂ ਨੇ ਦਬਾਅ ਬਣਾਇਆ: ਅੰਸ਼ੁਲ

**ਸਿਰਸਾ:** ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਚਾਰ ਮੁਲਜ਼ਮਾਂ ਨੂੰ ਉਮਰ ਕੈਦ ਸੁਣਾਏ ਜਾਣ ਨੂੰ ਨਿਆਂ ਦੀ ਜਿੱਤ ਕਰਾਰ ਦਿੰਦਿਆਂ ਅੰਸ਼ੁਲ ਛਤਰਪਤੀ ਨੇ ਖੁਲਾਸਾ ਕੀਤਾ ਕਿ ਹਰਿਆਣਾ ਦੇ ਇਕ ਸਾਬਕਾ ਮੁੱਖ




ਮੰਤਰੀ ਤੇ ਪੰਜਾਬ ਦੇ ਇਕ ਸਾਬਕਾ ਕੈਬਨਿਟ ਮੰਤਰੀ ਨੇ ਡੇਰਾ ਮੁਖੀ ਨਾਲ ਸਮਝੌਤਾ ਕਰਨ ਲਈ ਦਬਾਅ ਬਣਾਇਆ ਸੀ।

ਉਨ੍ਹਾਂ ਕਿਹਾ ਕਿ ਨਿਆਂ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ। ਇਸ ਦੌਰਾਨ ਉਨ੍ਹਾਂ ਨੂੰ ਕਾਫੀ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਉਨ੍ਹਾਂ ਦੀ ਲੜਾਈ ਇਕ ਤਾਕਤਵਰ ਵਿਅਕਤੀ ਨਾਲ ਸੀ ਜਿਸ ਦੀ ਪਹੁੰਚ ਰਾਜਸੀ ਆਗੂਆਂ ਤੱਕ ਸੀ। ਉਨ੍ਹਾਂ ਦੱਸਿਆ ਹੈ ਕਿ ਡੇਰਾ ਮੁਖੀ ਨਾਲ ਸਮਝੌਤਾ ਕਰਨ ਲਈ ਉਨ੍ਹਾਂ 'ਤੇ ਕਈ ਪਾਸਿਆਂ ਤੋਂ ਦਬਾਅ ਰਿਹਾ ਹੈ।

# ਅਦਾਲਤੀ ਫੈਸਲਾ ਸੁਣ ਕੇ ਸੁੰਨ ਹੋਇਆ ਡੇਰਾ ਮੁਖੀ ਦਾ ਜੱਦੀ ਪਿੰਡ

**ਬਠਿੰਡਾ:** ਡੇਰਾ ਸਿਰਸਾ ਮੁਖੀ ਦੇ ਜੱਦੀ ਪਿੰਡ ਗੁਰੂਸਰ ਮੋਡੀਆ (ਹਨੂਮਾਨਗੜ੍ਹ) 'ਚ ਸੰਨਾਟਾ ਛਾਇਆ ਰਿਹਾ। ਡੇਰਾ ਮੁਖੀ ਨੂੰ ਉਮਰ ਕੈਦ ਦੀ ਸਜ਼ਾ ਸਬੰਧੀ ਅਦਾਲਤੀ ਫੈਸਲੇ ਦੀ ਖਬਰ ਜਿਵੇਂ ਹੀ ਪਿੰਡ ਪੁੱਜੀ ਤਾਂ ਲੋਕ ਆਪੋ ਆਪਣੇ ਘਰਾਂ ਵਿਚ ਚਲੇ ਗਏ। ਗੁਰੂਸਰ ਮੋਡੀਆ ਵਿਚ ਬਣੇ ਡੇਰੇ ਵਿਚ ਦੋ ਦਰਜਨ ਪੈਰੋਕਾਰ ਹਾਜ਼ਰ ਸਨ ਜਿਨ੍ਹਾਂ ਵੱਲੋਂ ਟੀਵੀ ਦੀਆਂ ਖਬਰਾਂ 'ਤੇ ਨਜ਼ਰ ਰੱਖੀ ਜਾ ਰਹੀ ਸੀ। ਡੇਰਾ ਮੁਖੀ ਦਾ ਜੋ ਜੱਦੀ ਘਰ ਹੈ, ਉਹ ਹੁਣ ਡੇਰੇ ਵਿਚ ਤਬਦੀਲ ਕੀਤਾ ਹੋਇਆ ਹੈ ਅਤੇ ਉਨ੍ਹਾਂ ਦਾ ਵੱਖਰਾ ਘਰ ਖੇਤ ਵਿਚ ਵੀ ਹੈ। ਡੇਰਾ ਮੁਖੀ ਦਾ ਪੂਰਾ ਪਰਿਵਾਰ ਹੁਣ ਸਿਰਸਾ ਡੇਰਾ ਵਿਚ ਰਹਿ ਰਿਹਾ ਹੈ। ਜੱਦੀ ਪਿੰਡ ਵਿਚ ਡੇਰਾ ਮੁਖੀ ਦਾ ਪਰਿਵਾਰ ਆਖਰੀ ਵਾਰ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਵੋਟਾਂ ਪਾਉਣ ਵਾਸਤੇ ਆਇਆ ਸੀ।

ਗੁਰੂਸਰ ਮੋਡੀਆ ਦੇ ਡੇਰਾ ਦੇ ਇੰਚਾਰਜ ਨਵਜੋਤ ਸਿੰਘ ਦਾ ਕਹਿਣਾ ਸੀ ਕਿ ਅਸਲ ਵਿਚ ਇਹ ਮਾਮਲਾ ਹੁਣ ਸਿਆਸੀ ਰੰਗਤ ਲੈ ਚੁੱਕਾ ਹੈ ਅਤੇ ਮਾਮਲੇ ਵਿੱਚ ਕੋਈ ਸਚਾਈ ਨਹੀਂ ਹੈ। ਉਨ੍ਹਾਂ ਆਖਿਆ ਕਿ ਆਖਰ ਸੱਚ ਸਾਹਮਣੇ ਆ ਜਾਵੇਗਾ। ਡੇਰਾ ਮੁਖੀ ਦੇ ਘਰਾਂ ਨੇੜਲੇ ਬਜ਼ੁਰਗ ਸਰਦੂਲ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਵਿਚ ਕਦੇ ਵੀ ਕੋਈ ਅਜਿਹੀ ਗੱਲ ਨਹੀਂ ਦਿਖੀ ਅਤੇ ਸਚਾਈ ਉਸ ਮਾਲਕ ਨੂੰ ਪਤਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਨੂੰ ਅੱਜ ਦੂਜੀ ਵਾਰ ਵੱਡਾ ਸਦਮਾ ਲੱਗਾ ਹੈ। ਉਨ੍ਹਾਂ ਦੱਸਿਆ ਕਿ ਪੈਰੋਕਾਰਾਂ ਕੋਲ ਹੁਣ ਘਰਾਂ ਵਿਚ ਬੈਠਣ ਤੋਂ ਸਿਵਾਏ ਹੋਰ ਕੀ ਬਚਿਆ ਹੈ। ਸੁਣਨ ਵਿਚ ਆਇਆ ਕਿ ਲੋਕਾਂ ਨੇ ਇਸ ਮਾਮਲੇ 'ਤੇ ਚੁੱਪ ਹੀ ਵੱਟੀ ਰੱਖੀ। ਹਨੂਮਾਨਗੜ੍ਹ ਦੀ ਪੁਲਿਸ ਪਾਰਟੀ ਨੇ ਦੁਪਹਿਰ ਵਕਤ ਪਿੰਡ ਵਿਚ ਗਸ਼ਤ ਕੀਤੀ ਪਰ ਪਿੰਡ ਵਿਚ ਕਿਧਰੇ ਵੀ ਕੋਈ ਪੁਲਿਸ ਪਹਿਰਾ ਨਹੀਂ ਸੀ।

ਪਤਾ ਲੱਗਾ ਹੈ ਕਿ ਗੁਰੂਸਰ ਮੋਡੀਆ ਦੇ ਡੇਰੇ ਵਿਚ ਪੰਜ ਜਨਵਰੀ ਤੋਂ ਨਾਮ ਚਰਚਾ ਬੰਦ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ ਡੇਰਾ ਸਿਰਸਾ ਦੇ ਪੰਜਾਬ ਵਿਚਲੇ ਸਲਾਬਤਪੁਰਾ ਡੇਰੇ ਵਿਚ ਵੀ ਸੁੰਨਸਾਨ ਹੀ ਪਸਰੀ ਰਹੀ। ਡੇਰਾ ਆਗੂਆਂ ਨੇ ਪਹਿਲਾਂ ਹੀ ਪੈਰੋਕਾਰਾਂ ਨੂੰ ਡੇਰੇ ਵਿਚ ਆਉਣ ਤੋਂ ਰੋਕਿਆ ਹੋਇਆ ਸੀ। ਬਠਿੰਡਾ ਪੁਲਿਸ ਨੇ ਜ਼ਿਲ੍ਹੇ ਵਿਚਲੇ ਡੇਰਿਆਂ ਵਿਚ ਪੁਲਿਸ ਪਹਿਰਾ ਲਾਇਆ ਹੋਇਆ ਸੀ ਅਤੇ ਸਲਾਬਤਪੁਰਾ ਵਿਚ ਵੀ ਕਰੀਬ ਦੋ ਦਰਜਨ ਪੁਲਿਸ ਮੁਲਾਜ਼ਮ ਤਾਇਨਾਤ ਸਨ।

## ਧਾਰਮਿਕ ਤਸਵੀਰ ਵਾਲੇ ਕੱਪ 'ਚ ਚਾਹ ਪੀ ਕੇ ਫਸੇ ਸਾਂਪਲਾ

**ਹੁਸ਼ਿਆਰਪੁਰ:** ਕੇਂਦਰੀ ਮੰਤਰੀ ਅਤੇ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਵਿਜੈ ਸਾਂਪਲਾ ਕਸੂਤੀ ਸਥਿਤੀ ਵਿਚ ਫਸ ਗਏ, ਜਦੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਗੁਰਦੁਆਰੇ ਦੀ ਫੋਟੋ ਵਾਲੇ ਕੱਪ ਵਿਚ ਚਾਹ ਪੀਂਦਿਆਂ ਦੀ ਉਨ੍ਹਾਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਫੋਟੋ ਵਿਚ ਸ੍ਰੀ ਸਾਂਪਲਾ ਆਪਣੇ ਘਰ ਕਿਸੇ ਨਾਲ ਗੱਲਬਾਤ ਕਰਦਿਆਂ ਇਸ ਵਿਵਾਦਤ ਕੱਪ ਨਾਲ ਚਾਹ ਪੀਂਦੇ ਨਜ਼ਰ ਆ ਰਹੇ ਹਨ।

ਸ੍ਰੀ ਸਾਂਪਲਾ ਨੇ ਇਸ ਨੂੰ ਬੇਧਿਆਨੀ ਨਾਲ ਹੋਈ ਘਟਨਾ ਦੱਸਦਿਆਂ ਇਸ ਨੂੰ ਤੂਲ ਨਾ ਦਿੱਤੇ ਜਾਣ ਦੀ ਗੱਲ ਆਖੀ ਹੈ ਪਰ ਵਿਰੋਧੀ ਇਸ ਅਣਗਹਿਲੀ ਲਈ ਉਨ੍ਹਾਂ ਦੀ ਕਾਫੀ ਨੁਕਤਾਚੀਨੀ ਕਰ ਰਹੇ ਹਨ। ਇਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂਆਂ ਨੇ ਵੀ ਨਾਮ ਨਾ ਛਾਪਣ ਦੀ ਸ਼ਰਤ 'ਤੇ ਇਸ ਗੱਲ ਦੀ ਨਿੰਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਸਾਂਪਲਾ ਇਕ ਵਾਰ ਫਿਰ ਹੁਸ਼ਿਆਰਪੁਰ ਹਲਕੇ ਤੋਂ ਭਾਜਪਾ ਦੀ ਟਿਕਟ ਦੇ ਦਾਅਵੇਦਾਰ ਮੰਨੇ ਜਾ ਰਹੇ ਹਨ।

ਕਾਂਗਰਸ ਦੀ ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਚੌਧਰੀ ਨੇ ਕਿਹਾ ਕਿ ਆਗੂਆਂ ਨੂੰ ਅਜਿਹੀਆਂ ਗੱਲਾਂ ਪ੍ਰਤੀ ਵਧੇਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਅਜਿਹੀ ਕਿਸੇ ਵੀ ਕਾਰਵਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੇ। ਸ੍ਰੀ ਸਾਂਪਲਾ ਦੇ ਕਰੀਬੀ ਭਾਜਪਾ ਆਗੂ ਸੰਜੀਵ ਤਲਵਾੜ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਕਿ ਸਬੰਧਤ ਕੱਪ ਕਿਸੇ ਵੱਲੋਂ ਉਨ੍ਹਾਂ ਨੂੰ ਤੋਹਫਾ ਦਿੱਤਾ ਗਿਆ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਉਹ ਇਹ ਫੋਟੋ ਦੇਖ ਲੈਂਦੇ ਤਾਂ ਕਦੀ ਵੀ ਇਸ ਦੀ ਵਰਤੋਂ ਨਾ ਕਰਦੇ।

## ਧੋਖੇਬਾਜ਼ ਐਨ.ਆਰ.ਆਈ. ਲਾੜਿਆਂ ਬਾਰੇ ਕੈਨੇਡਾ ਸਰਕਾਰ ਤੋਂ ਮਦਦ ਮੰਗੀ

**ਜਲੰਧਰ:** ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਕੈਨੇਡਾ ਸਰਕਾਰ ਤੋਂ ਐਨ.ਆਰ.ਆਈ. ਲਾੜਿਆਂ ਦੇ ਧੋਖੇ ਦਾ ਸ਼ਿਕਾਰ ਹੋਈਆਂ ਔਰਤਾਂ ਦੇ ਹਿੱਤਾਂ ਦੀ ਰਾਖੀ ਲਈ ਸਹਾਇਤਾ ਮੰਗੀ ਹੈ। ਕੈਨੇਡਾ ਦੀ ਕੌਂਸਲ ਜਨਰਲ ਮੀਆ ਯੇਨ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਐਨ.ਆਰ.ਆਈ. ਲਾੜਿਆਂ ਵੱਲੋਂ ਧੋਖੇ ਦਾ ਸ਼ਿਕਾਰ ਹੋਈਆਂ ਪਤਨੀਆਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਮੁਹੱਈਆ ਕਰਵਾਈ ਗਈ।

ਉਨ੍ਹਾਂ ਕਿਹਾ ਕਿ ਅਜਿਹੀਆਂ ਔਰਤਾਂ ਨੂੰ ਇਕ ਸਰਗਰਮ ਮੰਚ ਅਤੇ ਵਿਵਸਥਾ ਪ੍ਰਦਾਨ ਕਰਨੀ ਚਾਹੀਦੀ ਹੈ ਜਿਥੇ ਉਹ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਣ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਇਨਸਾਫ ਮਿਲ ਸਕੇ। ਸ੍ਰੀ ਸ਼ਰਮਾ ਵੱਲੋਂ ਗੈਰਕਾਨੂੰਨੀ ਟਰੈਵਲ ਏਜੰਟਾਂ ਬਾਰੇ ਵੀ ਦੱਸਿਆ ਗਿਆ ਜੋ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਖਿਲਾਫ ਪਹਿਲਾਂ ਹੀ ਸਖਤ ਕਾਰਵਾਈ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਧੋਖਾਧੜੀ ਦੇ ਕੇਸਾਂ ਦੀ ਰੋਕਥਾਮ ਲਈ ਹੁਣ ਪੰਜਾਬ ਸਰਕਾਰ ਵੱਲੋਂ ਟਰੈਵਲ ਏਜੰਟਾਂ ਨੂੰ ਰਜਿਸਟਰਡ ਕੀਤਾ ਜਾ ਰਿਹਾ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 2014 ਦੀਆਂ ਆਮ ਚੋਣਾਂ ਵਿਚ ਹੋਈ ਸੀ ਗੜਬੜ

**ਲੰਡਨ:** ਅਮਰੀਕਾ ਵਿਚ ਸਿਆਸੀ ਪਨਾਹ ਲੈਣ ਦੇ ਇੱਛੁਕ ਭਾਰਤੀ ਸਾਈਬਰ ਮਾਹਿਰ ਨੇ ਦਾਅਵਾ ਕੀਤਾ ਹੈ ਕਿ 2014 ਦੀਆਂ ਆਮ ਚੋਣਾਂ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼.) ਵਿਚ ਗੜਬੜ ਹੋਈ ਸੀ। ਸਾਈਬਰ ਮਾਹਿਰ ਨੇ ਕਿਹਾ ਕਿ ਈ.ਵੀ.ਐਮਜ਼. ਨਾਲ ਛੇੜਛਾੜ ਸੰਭਵ ਹੈ।

ਇਥੇ ਸਕਾਈਪ ਰਾਹੀਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਸ ਮਾਹਿਰ, ਜਿਸ ਦੀ ਪਛਾਣ ਸੱਈਅਦ ਸੁਜਾ ਵਜੋਂ ਦੱਸੀ ਗਈ ਹੈ, ਨੇ ਕਿਹਾ ਕਿ ਉਹ 2014 ਵਿਚ ਭਾਰਤ ਤੋਂ ਇਸ ਲਈ ਭੱਜ ਆਇਆ ਸੀ ਕਿਉਂਕਿ ਉਥੇ ਉਹਦੀ ਟੀਮ ਦੇ ਕੁਝ ਮੈਂਬਰਾਂ ਦੀਆਂ ਹੱਤਿਆਵਾਂ ਮਗਰੋਂ ਉਹ ਡਰ ਗਿਆ ਸੀ। ਉਹਨੇ ਦਾਅਵਾ ਕੀਤਾ ਕਿ ਟੈਲੀਕਾਮ ਜਾਇੰਟ ਰਿਲਾਇੰਸ ਜੀਓ ਨੇ ਈ.ਵੀ.ਐਮਜ਼. ਨੂੰ ਹੈਕ ਕਰਨ ਲਈ ਸਿਗਨਲ ਦੀ ਫ੍ਰੀਕੁਐਂਸੀ ਘਟਾਉਣ ਵਿਚ ਭਾਜਪਾ ਦੀ ਮਦਦ ਕੀਤੀ ਸੀ। ਸੁਜਾ ਨੇ ਕਿਹਾ ਕਿ ਜੇਕਰ ਉਹਦੀ ਟੀਮ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਭਾਜਪਾ ਦੀਆਂ ਟਰਾਂਸਮਿਸ਼ਨਾਂ ਨੂੰ ਹੈਕ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾ ਡੱਕਦੀ ਤਾਂ ਸ਼ਾਇਦ ਭਾਜਪਾ ਇਨ੍ਹਾਂ ਤਿੰਨਾਂ ਰਾਜਾਂ ਵਿਚ ਜਿੱਤ ਜਾਂਦੀ।

ਸੁਜਾ ਦੇ ਇਨ੍ਹਾਂ ਦਾਅਵਿਆਂ ਦੀ ਭਾਵੇਂ ਅਜੇ ਪੁਸ਼ਟੀ ਨਹੀਂ ਹੋ ਸਕੀ, ਪਰ ਉਹਨੇ ਦਾਅਵਾ ਕੀਤਾ ਹੈ ਕਿ ਉਹ ਸਰਕਾਰੀ ਮਾਲਕੀ ਵਾਲੇ ਸੈਕਟਰ ਇਲੈਕਟ੍ਰਾਨਿਕ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ (ਈ.ਸੀ.ਆਈ.ਐਲ.) ਦੀ ਟੀਮ ਦਾ ਹਿੱਸਾ ਸੀ, ਜਿਸ ਨੇ ਈ.ਵੀ.ਐਮਜ਼. ਦਾ ਡਿਜ਼ਾਈਨ ਤਿਆਰ ਕਰਨ ਦੇ ਨਾਲ ਇਸ ਨੂੰ ਵਿਕਸਤ ਕੀਤਾ ਸੀ। ਸੁਜਾ ਨੇ ਕਿਹਾ ਕਿ ਉਹ ਭਾਰਤੀ ਪੱਤਰਕਾਰ ਐਸੋਸੀਏਸ਼ਨ (ਯੂਰਪ) ਵੱਲੋਂ ਵਿਉਂਤੀ ਪ੍ਰੈਸ ਕਾਨਫਰੰਸ ਵਿਚ ਵੀ ਮੌਜੂਦ ਸੀ। ਵਿੱਤ ਮੰਤਰੀ ਅਰੁਣ ਜੇਤਲੀ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਦਾ ਪਾਗਲਪਣ ਇਸ ਕਦਰ ਵਧ ਗਿਆ ਹੈ ਕਿ ਇਹ ਲਾਗ ਦਾ ਰੂਪ ਲੈਣ ਲੱਗਾ ਹੈ।

# ਭਾਰਤੀ ਅਰਬਪਤੀਆਂ ਦੀ ਦੌਲਤ ਪਿਛਲੇ ਸਾਲ 39 ਫੀਸਦੀ ਵਧੀ

**ਦਾਵੋਸ:** ਭਾਰਤੀ ਅਰਬਪਤੀਆਂ ਦੀ ਸੰਪਤੀ 'ਚ 2018 ਵਿਚ ਰੋਜ਼ਾਨਾ 2200 ਕਰੋੜ ਰੁਪਏ ਦਾ ਇਜ਼ਾਫਾ ਹੋਇਆ ਹੈ। ਇਸ ਦੌਰਾਨ ਮੁਲਕ ਦੇ ਮੋਹਰੀ ਇਕ ਫੀਸਦੀ ਅਮੀਰਾਂ ਦੀ ਸੰਪਤੀ ਵਿਚ 39 ਫੀਸਦੀ ਦਾ ਵਾਧਾ ਹੋਇਆ ਜਦਕਿ 50 ਫੀਸਦੀ ਗਰੀਬ ਆਬਾਦੀ ਦੀ ਸੰਪਤੀ ਮਹਿਜ਼ ਤਿੰਨ ਫੀਸਦੀ ਵਧੀ। ਔਕਸਫੈਮ ਨੇ ਆਪਣੇ ਅਧਿਐਨ 'ਚ ਕਿਹਾ ਕਿ ਭਾਰਤ ਦੇ ਮੋਹਰੀ 9 ਅਮੀਰਾਂ ਦੀ ਸੰਪਤੀ 50 ਫੀਸਦੀ ਗਰੀਬ ਆਬਾਦੀ ਦੀ ਸੰਪਤੀ ਦੇ ਬਰਾਬਰ ਹੈ।

ਦਾਵੋਸ 'ਚ ਵਿਸ਼ਵ ਆਰਥਿਕ ਫੋਰਮ ਦੀ ਪੰਜ ਦਿਨੀਂ ਸਾਲਾਨਾ ਬੈਠਕ ਤੋਂ ਪਹਿਲਾਂ ਜਾਰੀ ਅਧਿਐਨ ਵਿਚ ਕਿਹਾ ਗਿਆ ਕਿ ਦੁਨੀਆਂ ਭਰ ਦੇ ਅਰਬਪਤੀਆਂ ਦੀ ਸੰਪਤੀ ਵਿਚ ਪਿਛਲੇ ਸਾਲ ਰੋਜ਼ਾਨਾ 12 ਫੀਸਦੀ ਯਾਨੀ ਢਾਈ ਅਰਬ ਡਾਲਰ ਦਾ ਇਜ਼ਾਫਾ ਹੋਇਆ। ਰਿਪੋਰਟ ਮੁਤਾਬਕ ਕੇਂਦਰ ਅਤੇ ਸੂਬਿਆਂ ਵੱਲੋਂ ਮੈਡੀਕਲ, ਜਨ ਸਿਹਤ, ਸਾਫ-ਸਫਾਈ ਅਤੇ ਜਲ ਸਪਲਾਈ ਦਾ ਕੁੱਲ ਬਜਟ 2,08,166 ਕਰੋੜ ਰੁਪਏ ਹੈ ਜੋ ਮੁਲਕ ਦੇ ਸਭ ਤੋਂ ਅਮੀਰ ਮੁਕੇਸ਼ ਅੰਬਾਨੀ ਦੀ ਸੰਪਤੀ 2.8 ਲੱਖ ਕਰੋੜ ਤੋਂ ਵੀ ਘੱਟ ਹੈ।

ਉਧਰ, ਦੁਨੀਆਂ ਭਰ ਦੇ ਗ਼ਰੀਬ ਵਿਅਕਤੀਆਂ ਦੀ 50 ਫੀਸਦੀ ਆਬਾਦੀ ਦੀ ਸੰਪਤੀ 'ਚ 11 ਫੀਸਦੀ ਦੀ ਗਿਰਾਵਟ ਦਰਜ ਹੋਈ। ਰਿਪੋਰਟ ਮੁਤਾਬਕ ਭਾਰਤ 'ਚ ਰਹਿਣ ਵਾਲੇ 13.6 ਕਰੋੜ ਲੋਕ ਸਾਲ 2004 ਤੋਂ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਇਹ ਦੇਸ਼ ਦੀ ਸਭ ਤੋਂ ਗ਼ਰੀਬ 10 ਫੀਸਦੀ ਆਬਾਦੀ ਹੈ।

ਔਕਸਫੈਮ ਨੇ ਦਾਵੋਸ 'ਚ ਜੁੜੇ ਸਿਆਸੀ ਅਤੇ ਕਾਰੋਬਾਰੀ ਆਗੂਆਂ ਨੂੰ ਕਿਹਾ ਕਿ ਉਹ ਦੁਨੀਆਂ ਵਿਚ ਅਮੀਰਾਂ ਅਤੇ ਗ਼ਰੀਬਾਂ 'ਚ ਵੱਧ ਰਹੇ ਪਾੜੇ ਨੂੰ ਦੂਰ ਕਰਨ ਲਈ ਇਹਤਿਆਤੀ ਕਦਮ ਉਠਾਉਣ। ਔਕਸਫੈਮ ਇੰਟਰਨੈਸ਼ਨਲ ਦੀ ਐਗਜ਼ੀਕਿਊਟਿਵ ਡਾਇਰੈਕਟਰ ਵਿੰਨੀ ਬਾਇਐਨਿਮਾ ਨੇ ਕਿਹਾ ਕਿ ਅਮੀਰਾਂ ਅਤੇ ਗ਼ਰੀਬਾਂ ਦੇ ਵੱਧ ਰਹੇ ਪਾੜੇ ਕਾਰਨ ਅਰਥਚਾਰਿਆਂ ਨੂੰ ਨੁਕਸਾਨ ਪਹੁੰਚ ਰਿਹਾ ਹੈ ਅਤੇ ਦੁਨੀਆਂ ਭਰ 'ਚ ਲੋਕ ਰੋਹ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਅਮੀਰ ਵਿਅਕਤੀਆਂ ਕੋਲ ਭਾਰਤ ਦੀ ਸੰਪਤੀ ਜਮਾਂ ਹੋ ਰਹੀ ਹੈ ਜਦਕਿ ਗਰੀਬਾਂ ਨੂੰ ਦੋ ਜੂਨ ਦੀ ਰੋਟੀ ਜਾਂ ਬੱਚਿਆਂ ਦੀਆਂ ਦਵਾਈਆਂ ਲਈ ਸੰਘਰਸ਼ ਕਰਨਾ ਪੈਂਦਾ ਹੈ। ਰਿਪੋਰਟ ਮੁਤਾਬਕ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਐਮਾਜ਼ੋਨ ਦੇ ਬਾਨੀ ਜੈੱਫ ਬੇਜ਼ੋਸ ਦੀ ਸੰਪਤੀ ਵੱਧ ਕੇ 112 ਅਰਬ ਡਾਲਰ ਹੋ ਗਈ ਹੈ ਜਦਕਿ ਉਨ੍ਹਾਂ ਦੀ ਇਕ ਫੀਸਦੀ ਸੰਪਤੀ ਦੇ ਬਰਾਬਰ ਇਥੋਪੀਆ ਦਾ ਸਿਹਤ ਬਜਟ ਹੈ। ਔਕਸਫੈਮ ਦਾ ਮੰਨਣਾ ਹੈ ਕਿ 2018 ਤੋਂ 2022 ਦਰਮਿਆਨ ਭਾਰਤ 'ਚ ਰੋਜ਼ਾਨਾ ਅੰਦਾਜ਼ਨ 70 ਲਖਪਤੀ ਬਣਨਗੇ।

# ਚਿੜੀਆਘਰ 'ਚ ਸ਼ੇਰਾਂ ਨੇ ਨੌਜਵਾਨ ਦਬੋਚਿਆ

**ਜ਼ੀਰਕਪੁਰ:** ਛੱਤਬੀੜ ਚਿੜੀਆਘਰ ਵਿਚ ਦੁਪਹਿਰੇ ਘੱਗਰ ਦੇ ਵਹਾਅ ਵਾਲੇ ਪਿਛਲੇ ਇਲਾਕੇ ਵਿਚੋਂ ਸ਼ੇਰ ਸਫਾਰੀ 'ਚ ਸੁਰੱਖਿਆ ਜਾਲੀ ਟੱਪ ਕੇ ਦਾਖਲ ਹੋਏ ਨੌਜਵਾਨ ਨੂੰ ਸ਼ੇਰਾਂ ਨੇ ਮਾਰ ਦਿੱਤਾ। ਵੇਰਵਿਆਂ ਮੁਤਾਬਕ ਸਫਾਰੀ ਵਿਚ ਦੋ ਸ਼ੇਰ (ਇਕ ਸ਼ੇਰ ਤੇ ਇਕ ਸ਼ੇਰਨੀ) ਖੁੱਲ੍ਹੇ ਛੱਡੇ ਹੋਏ ਸਨ। ਇਨ੍ਹਾਂ ਵਿਚੋਂ ਅੱਠ ਸਾਲਾਂ ਦੀ ਸ਼ੇਰਨੀ 'ਸ਼ਿਲਪਾ' ਨੇ ਨੌਜਵਾਨ ਦੀ ਗਰਦਨ ਉਤੇ ਹਮਲਾ ਕਰ ਕੇ ਉਸ ਨੂੰ ਮਾਰ ਦਿੱਤਾ। ਘਟਨਾ ਵਾਪਰਨ ਤੋਂ ਬਾਅਦ ਚਿੜੀਆਘਰ ਘੁੰਮਣ ਆਏ ਸੈਲਾਨੀਆਂ ਵਿਚ ਦਹਿਸ਼ਤ ਪੈਦਾ ਹੋ ਗਈ। ਇਸ ਦੌਰਾਨ ਸ਼ੇਰ ਸਫਾਰੀ ਵਿਚ ਬੱਸ ਰਾਹੀਂ ਗਏ ਸੈਲਾਨੀਆਂ ਨੂੰ ਭਾਰੀ ਸੁਰੱਖਿਆ 'ਚ ਬਾਹਰ ਕੱਢਿਆ ਗਿਆ। ਹਿੰਸਕ ਹੋਏ ਬੱਬਰ ਸ਼ੇਰਾਂ ਦੇ ਇਸ ਜੋੜੇ ਨੂੰ ਕਾਬੂ ਕਰਨ ਵਿਚ ਤਕਰੀਬਨ ਇਕ ਘੰਟਾ ਲੱਗ ਗਿਆ ਤੇ ਮਗਰੋਂ ਪਿੰਜਰੇ ਵਿਚ ਬੰਦ ਕੀਤਾ ਗਿਆ।

ਪ੍ਰਾਪਤ ਜਾਣਕਾਰੀ ਮੁਤਾਬਕ ਸਫਾਰੀ ਵਿਚ ਚਾਰ ਸ਼ੇਰ ਛੱਡੇ ਗਏ ਹਨ। ਇਨ੍ਹਾਂ ਵਿਚ ਦੋ ਨਰ ਤੇ ਦੋ ਮਾਦਾ ਹਨ। ਪ੍ਰਬੰਧਕਾਂ ਵੱਲੋਂ ਇਕ ਦਿਨ ਇਕ ਜੋੜੇ ਨੂੰ ਤੇ ਦੂਜੇ ਦਿਨ ਦੂਜੇ ਜੋੜੇ ਨੂੰ ਖੁੱਲ੍ਹਾ ਛੱਡਿਆ ਜਾਂਦਾ ਹੈ। ਅੱਠ ਸਾਲਾ 'ਯੁਵਰਾਜ' ਤੇ 'ਸ਼ਿਲਪਾ' ਦੋਵਾਂ ਨੂੰ ਸਫਾਰੀ ਵਿਚ ਛੱਡਿਆ ਹੋਇਆ ਸੀ। ਦੁਪਹਿਰੇ ਕਰੀਬ ਦੋ ਵੱਜ ਕੇ 20 ਮਿੰਟ 'ਤੇ ਇਕ ਨੌਜਵਾਨ ਛੱਤਬੀੜ 'ਚ ਘੱਗਰ ਨਦੀ ਵਾਲੇ ਪਾਸਿਉਂ ਤਕਰੀਬਨ 30 ਫੁੱਟ ਉੱਚੀ ਲੋਹੇ ਦੀ ਜਾਲੀ ਟੱਪ ਕੇ ਅੰਦਰ ਦਾਖਲ ਹੋ ਗਿਆ। ਇਸ ਕੰਧ ਵਿਚ ਪੰਜ ਫੁੱਟ ਦੀ ਪੱਥਰਾਂ ਦੀ ਦੀਵਾਰ ਤੇ ਉਪਰ ਲੋਹੇ ਦੀ ਸੁਰੱਖਿਆ ਜਾਲੀ ਲਾਈ ਹੋਈ ਹੈ। ਜਾਲੀ ਵਿਚ ਛੱਡੀ ਖਾਲੀ ਥਾਂ 'ਤੇ ਪੈਰ ਰੱਖ ਕੇ ਨੌਜਵਾਨ ਅੰਦਰ ਦਾਖਲ ਹੋਇਆ। ਨੌਜਵਾਨ ਨੂੰ ਅੰਦਰ ਦਾਖਲ ਹੁੰਦੇ ਚਿੜੀਆਘਰ ਦੇ ਪੈਟਰੋਲਿੰਗ ਦਸਤੇ ਨੇ ਵੇਖ ਕੇ ਰੋਕਣ ਦਾ ਕਾਫੀ ਯਤਨ ਕੀਤਾ ਪਰ ਉਹ ਨਾ ਰੁਕਿਆ। ਪੈਟਰੋਲਿੰਗ ਦਸਤੇ ਨੇ ਅੰਦਰ ਬਚਾਅ ਦਸਤੇ ਨੂੰ ਇਸ ਦੀ ਜਾਣਕਾਰੀ ਦਿੱਤੀ।

# ਢੱਡਰੀਆਂਵਾਲੇ ਨੂੰ ਵਾਪਸ ਮਿਲੀ ਸਰਕਾਰੀ ਸੁਰੱਖਿਆ

**ਚੰਡੀਗੜ੍ਹ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਨੂੰ ਸਰਕਾਰੀ ਸੁਰੱਖਿਆ ਵਾਪਸ ਮਿਲ ਗਈ ਹੈ। ਢੱਡਰੀਆਂਵਾਲੇ ਨੇ ਆਪਣੀ ਸਰਕਾਰੀ ਸੁਰੱਖਿਆ ਨੂੰ ਲੈ ਕੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਪਾਈ ਸੀ। ਇਸ ਉਤੇ ਕੋਰਟ ਨੇ ਫੈਸਲਾ ਸੁਣਾਉਂਦਿਆਂ ਢੱਡਰੀਆਂਵਾਲੇ ਨੂੰ ਰਾਹਤ ਦਿੱਤੀ ਹੈ।

ਭਾਈ ਢੱਡਰੀਆਂਵਾਲੇ 'ਤੇ ਸਾਲ 2016 ਵਿਚ ਜਾਨਲੇਵਾ ਹਮਲਾ ਹੋਇਆ ਸੀ। ਇਸ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਢੱਡਰੀਆਂਵਾਲੇ ਨੂੰ ਇਸ ਹਮਲੇ ਪਿਛੋਂ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ। ਬਾਅਦ 'ਚ ਪੰਜਾਬ ਸਰਕਾਰ ਨੇ ਸੁਰੱਖਿਆ ਘਟਾ ਦਿੱਤੀ ਸੀ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਦੇ ਸਾਰੇ ਬਾਬਿਆਂ ਦੀ ਸੁਰੱਖਿਆ ਨੂੰ ਰਿਵੀਊ ਕਰਨ ਦੇ ਆਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਸਰਕਾਰ ਨੂੰ ਸੁਰੱਖਿਆ ਰੀਵਿਊ ਕਰ ਕੇ ਰਿਪੋਰਟ ਦਾਖਲ ਕਰਨ ਦਾ ਹੁਕਮ ਦਿਤਾ ਹੈ। ਰਿਵਿਊ ਰਿਪੋਰਟ ਮਗਰੋਂ ਪਤਾ ਲੱਗੇਗਾ ਕਿ ਕਿਸ ਦੀ ਸੁਰੱਖਿਆ 'ਚ ਕਟੌਤੀ ਹੁੰਦੀ ਹੈ ਤੇ ਕਿਸ ਦੀ ਨਹੀਂ। ਪਟੀਸ਼ਨਰ ਦੇ ਵਕੀਲ ਨੇ ਹਾਈ ਕੋਰਟ ਨੂੰ ਕਿਹਾ ਕਿ ਕਈ ਬਾਬਿਆਂ ਨੂੰ ਇਕ ਸੌ ਤੋਂ ਦੋ ਸੌ ਤੱਕ ਸੁਰੱਖਿਆ ਮੁਲਾਜ਼ਮ ਦਿੱਤੇ ਹੋਏ ਹਨ।

# ਕਰਤਾਰਪੁਰ ਲਾਂਘਾ: ਪਾਕਿਸਤਾਨ ਨੇ ਬਾਜ਼ੀ ਮਾਰੀ

*(ਸਫਾ ਇਕ ਦੀ ਬਾਕੀ)*

ਕਿ ਪਾਕਿਸਤਾਨ ਲਾਂਘਾ ਖੋਲ੍ਹਣ ਲਈ ਰਾਜ਼ੀ ਹੈ, ਪਰ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਫੌਜ ਮੁਖੀ ਨਾਲ ਜੱਫੀ ਨੂੰ ਵਿਰੋਧੀ ਸਿਆਸੀ ਧਿਰਾਂ ਨੇ ਵੱਡਾ ਮੁੱਦਾ ਬਣਾਇਆ ਗਿਆ। ਇਥੋਂ ਤੱਕ ਕਿ ਸਿੱਧੂ ਦੀ ਆਪਣੀ ਸਰਕਾਰ ਉਸ ਨਾਲ ਨਾ ਖੜ੍ਹੀ ਤੇ ਉਸ ਦੀ ਪਾਕਿਸਤਾਨ ਫੇਰੀ ਦੀ ਅਲੋਚਨਾ ਕੀਤੀ, ਪਰ ਪਾਕਿਸਤਾਨ ਵੱਲੋਂ ਲਾਂਘੇ ਵਾਲੇ ਪਾਸੇ ਵਿਖਾਈ ਪਹਿਲਕਦਮੀ ਕਾਰਨ ਭਾਰਤ ਨੂੰ ਵੀ ਅੱਗੇ ਆਉਣਾ ਪਿਆ ਤੇ ਕੈਬਨਿਟ ਮੀਟਿੰਗ ਵਿਚ ਲਾਂਘੇ ਬਾਰੇ ਐਲਾਨ ਕਰ ਦਿੱਤਾ। ਭਾਰਤ ਵੱਲੋਂ ਕੀਤੇ ਐਲਾਨ ਨੂੰ ਅਜੇ ਦੋ ਘੰਟੇ ਹੀ ਹੋਏ ਸਨ ਕਿ ਇਮਰਾਨ ਖਾਨ ਸਰਕਾਰ ਨੇ ਫਿਰ ਬਾਜ਼ੀ ਮਾਰ ਲਈ ਤੇ 28 ਨਵੰਬਰ ਨੂੰ ਲਾਂਘੇ ਦੇ ਉਦਘਾਟਨ ਦਾ ਐਲਾਨ ਕਰ ਦਿੱਤਾ।

ਇਸ ਪਿੱਛੋਂ ਮੋਦੀ ਸਰਕਾਰ ਨੂੰ ਵੀ 26 ਨਵੰਬਰ ਨੂੰ ਉਦਘਾਟਨ ਦਾ ਐਲਾਨ ਕਰਨਾ ਪਿਆ। ਹਾਲਾਂਕਿ ਇਹ ਉਦਘਾਟਨ ਵੀ ਸਿਆਸਤ ਦਾ ਸ਼ਿਕਾਰ ਹੋ ਗਿਆ ਤੇ ਇਸ ਮੌਕੇ ਰੱਖੇ ਗਏ ਸਮਾਗਮ ਵਿਚ ਅਕਾਲੀ ਤੇ ਕਾਂਗਰਸੀ ਖਹਿਬੜ ਪਏ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਦਘਾਟਨ ਮੌਕੇ ਪਾਕਿਸਤਾਨ ਦੀ ਤਰੀਫ ਕਰਨ ਦੀ ਥਾਂ ਉਸ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ। ਉਹ ਅੱਜ ਵੀ ਦਾਅਵਾ ਕਰ ਰਹੇ ਹਨ ਕਿ ਲਾਂਘੇ ਰਾਹੀਂ ਪਾਕਿਸਤਾਨ, ਭਾਰਤ ਵਿਚ



ਅਤਿਵਾਦੀ ਭੇਜੇਗਾ। ਕੁੱਲ ਮਿਲਾ ਕੇ ਭਾਰਤੀ ਸਿਆਸਤਦਾਨਾਂ ਦੀ ਲਾਂਘਾ ਖੋਲ੍ਹਣ ਵਿਚ ਭੂਮਿਕਾ ਨਾਂਹ ਪੱਖੀ ਰਹੀ ਹੈ। ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਇਹ ਮੰਗ ਭਾਰਤੀ ਲੋਕਾਂ (ਸਿੱਖਾਂ) ਦੀ ਸੀ ਤੇ ਮੋਦੀ ਸਰਕਾਰ ਨੂੰ ਇਸ ਪਾਸੇ ਫਰਾਖਦਿਲੀ ਵਿਖਾਉਣੀ ਚਾਹੀਦੀ ਸੀ, ਪਰ ਭਾਰਤੀ ਸਿਆਸਤਦਾਨ ਇਸ ਅਹਿਮ ਮੁੱਦੇ ਨਾਲੋਂ ਆਪਣੀ ਸਿਆਸਤ ਚਮਕਾਉਣ ਨੂੰ ਵੱਧ ਤਰਜੀਹ ਦੇ ਰਹੇ ਹਨ।

## ਵੀਜ਼ਾ ਰਹਿਤ ਲਾਂਘੇ ਦੀ ਮੰਗ ਨੇ ਜ਼ੋਰ ਫੜਿਆ

ਵੀਜ਼ਾ ਰਹਿਤ ਕਰਤਾਰਪੁਰ ਸਾਹਿਬ ਲਾਂਘੇ ਦੀ ਮੰਗ ਜ਼ੋਰ ਫੜਨ ਲੱਗੀ ਹੈ, ਜਿਸ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਪਾਸੇ ਵਿਚਾਰ ਕੀਤਾ ਜਾਵੇ। ਕੈਪਟਨ ਨੇ ਕੇਂਦਰ ਕੋਲ ਪਹੁੰਚ ਕਰ ਕੇ ਆਖਿਆ ਹੈ ਕਿ ਸਿੱਖ ਸੰਗਤ ਦੀ ਸਹੂਲਤ ਨੂੰ ਮੁੱਖ ਰੱਖ ਕੇ ਇਸ ਪਾਸੇ ਵਿਚਾਰ ਕੀਤਾ ਜਾਵੇ। ਦੱਸ ਦਈਏ ਕਿ ਪਾਕਿਸਤਾਨ ਸਰਕਾਰ ਵੱਲੋਂ ਵੀ ਇਸ ਪਾਸੇ ਚਰਚਾ ਕੀਤੀ ਜਾ ਰਹੀ ਹੈ। ਪਾਕਿਸਤਾਨ ਸਰਕਾਰ ਨੇ ਇਕ ਪੱਤਰ ਭੇਜ ਕੇ ਸਿੱਖ ਸੰਗਤਾਂ ਦੇ ਆਉਣ ਜਾਣ ਦੇ ਸਮੇਂ ਤੋਂ ਲੈ ਕੇ ਹੋਰ ਸ਼ਰਤਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਨਵਜੋਤ ਸਿੰਘ ਸਿੱਧੂ ਨੇ ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਥਾਂਵਾਂ ਦੀ ਪੁਰਾਤਨ ਅਤੇ ਵਿਰਾਸਤੀ ਦਿੱਖ ਨੂੰ ਬਹਾਲ ਰੱਖਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੂੰ ਪੱਤਰ ਲਿਖੇ ਹਨ। ਉਨ੍ਹਾਂ ਬੇਨਤੀ ਕੀਤੀ ਹੈ ਕਿ ਕਰਤਾਰਪੁਰ ਸਾਹਿਬ ਅਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਤੇ ਇਨ੍ਹਾਂ ਨੇੜਲੇ ਇਲਾਕੇ ਦੀ ਪਵਿੱਤਰਤਾ ਤੇ ਪੁਰਾਤਨ ਦਿੱਖ ਬਹਾਲ ਰੱਖੀ ਜਾਵੇ।

# ਵੱਟਸਐਪ ਮੈਸੇਜ 'ਤੇ ਪਾਬੰਦੀ ਆਲਮੀ ਪੱਧਰ 'ਤੇ ਲਾਗੂ

**ਨਵੀਂ ਦਿੱਲੀ:** ਮੈਸੇਜਿੰਗ ਐਪ ਵੱਟਸਐਪ ਨੇ ਇਕ ਸਮੇਂ ਵਿਚ ਪੰਜ ਤੋਂ ਵੱਧ ਵਿਅਕਤੀਆਂ ਨੂੰ ਮੈਸੇਜ ਅੱਗੇ ਭੇਜਣ (ਫਾਰਵਰਡ ਕਰਨ) ਦੀ ਪਾਬੰਦੀ ਆਲਮੀ ਪੱਧਰ 'ਤੇ ਆਇਦ ਕਰ ਦਿੱਤੀ ਹੈ। ਵੱਟਸਐਪ ਨੇ ਪਿਛਲੇ ਸਾਲ ਜੁਲਾਈ ਵਿਚ ਆਪਣੇ ਮੰਚ ਤੋਂ ਅਫਵਾਹਾਂ ਤੇ ਫਰਜ਼ੀ ਖਬਰਾਂ ਦੇ ਪ੍ਰਚਾਰ ਪਾਸਾਰ ਨੂੰ ਰੋਕਣ ਦੇ ਇਰਾਦੇ ਨਾਲ ਭਾਰਤ ਵਿਚ ਇਸ ਅਮਲ (ਸੁਨੇਹਾ ਅੱਗੇ ਪੰਜ ਵਿਅਕਤੀਆਂ ਤੱਕ ਹੀ ਭੇਜਣ ਦੀ ਪਾਬੰਦੀ) ਨੂੰ ਲਾਗੂ ਕਰ ਦਿੱਤਾ ਸੀ। ਵੱਟਸਐਪ ਨੇ ਆਪਣੇ ਬਲੌਗ ਨੂੰ ਅਪਡੇਟ ਕਰਨ ਮਗਰੋਂ ਕਿਹਾ ਕਿ ਇਸ ਪੇਸ਼ਕਦਮੀ ਨਾਲ 'ਵੱਟਸਐਪ ਨੂੰ ਆਪਣੇ ਨੇੜਲੇ ਸੰਪਰਕਾਂ (ਕੌਂਟੈਕਟਸ) ਨਾਲ ਨਿੱਜੀ ਸੁਨੇਹਿਆਂ ਦੌਰਾਨ ਕੇਂਦਰਤ' ਰਹਿਣ ਵਿਚ ਮਦਦ ਮਿਲੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਮੋਦੀ ਖਿਲਾਫ ਲਹਿਰ: ਇਕ ਮੰਚ 'ਤੇ ਆਈਆਂ 22 ਵਿਰੋਧੀ ਪਾਰਟੀਆਂ

**ਕੋਲਕਾਤਾ:** ਆਉਂਦੀਆਂ ਲੋਕ ਸਭਾ ਚੋਣਾਂ ਇਕੱਠਿਆਂ ਲੜਨ ਦਾ ਅਹਿਦ ਲੈਂਦਿਆਂ ਇਥੇ ਬ੍ਰਿਗੇਡ ਪਰੇਡ ਗਰਾਊਂਡ 'ਚ 22 ਵਿਰੋਧੀ ਪਾਰਟੀਆਂ ਦੇ ਆਗੂ ਇਕ ਮੰਚ ਉਤੇ ਇਕੱਠੇ ਹੋਏ। ਆਗੂਆਂ ਨੇ ਸੱਦਾ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਤ੍ਰਿਣਮੂਲ ਕਾਂਗਰਸ ਆਗੂ ਤੇ ਪੱਛਮੀ ਬੰਗਾਲ ਦੀ



ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਕੀਤੀ ਗਈ ਵੱਡੀ ਰੈਲੀ 'ਚ ਵਿਰੋਧੀ ਧਿਰ ਨੇ ਇਕਜੁੱਟਤਾ ਦਿਖਾਈ।

ਮਮਤਾ ਬੈਨਰਜੀ ਨੇ ਸਭ ਤੋਂ ਅਖੀਰ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਦੀ ਮਿਆਦ ਪੁੱਗ ਚੁੱਕੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ 'ਚ ਸਾਂਝੀ ਵਿਰੋਧੀ ਧਿਰ ਦੀ ਜਿੱਤ ਹੋਵੇਗੀ। ਮਮਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਹੁਦੇ ਦਾ ਮੁੱਦਾ ਕੋਈ ਸਮੱਸਿਆ ਨਹੀਂ ਹੈ।

ਵੱਖ ਵੱਖ ਆਗੂਆਂ ਨੇ ਪਾਰਟੀਆਂ ਵਿਚਕਾਰ ਮਤਭੇਦਾਂ ਨੂੰ ਦਰਕਿਨਾਰ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਅਹੁਦੇ ਦਾ ਮੁੱਦਾ ਚੋਣਾਂ ਮਗਰੋਂ ਵੀ ਨਿਬੇੜ ਸਕਦੇ ਹਨ। ਕੁਝ ਆਗੂਆਂ ਨੇ ਸੁਝਾਅ ਦਿੱਤਾ ਕਿ ਵਿਰੋਧੀ ਧਿਰ ਨੂੰ ਹਰੇਕ ਹਲਕੇ 'ਚ ਭਾਜਪਾ ਉਮੀਦਵਾਰ ਖ਼ਿਲਾਫ ਇਕੋ ਸਾਂਝਾ ਉਮੀਦਵਾਰ ਖੜ੍ਹਾ ਕਰਨਾ ਚਾਹੀਦਾ ਹੈ। ਉਨ੍ਹਾਂ ਚੋਣਾਂ ਤੋਂ ਪਹਿਲਾਂ ਹੋਰ ਸਾਂਝੀਆਂ ਰੈਲੀਆਂ ਕਰਨ ਦਾ ਫੈਸਲਾ ਵੀ ਲਿਆ। ਅਗਲੀਆਂ ਰੈਲੀਆਂ ਦਿੱਲੀ ਅਤੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਅਮਰਾਵਤੀ 'ਚ ਹੋਣਗੀਆਂ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਕੋਲਕਾਤਾ ਰੈਲੀ 'ਚੋਂ ਗ਼ੈਰਹਾਜ਼ਰ ਰਹੇ। ਉਂਜ ਮਲਿਕਾਰਜੁਨ ਖੜਗੇ ਅਤੇ ਅਭਿਸ਼ੇਕ ਮਨੂੰ ਸਿੰਘਵੀ ਪਾਰਟੀ ਵੱਲੋਂ ਰੈਲੀ 'ਚ ਮੌਜੂਦ ਸਨ। ਲੋਕ ਸਭਾ 'ਚ ਪਾਰਟੀ ਦੇ ਆਗੂ ਸ੍ਰੀ ਖੜਗੇ ਨੇ ਆਪਣੇ ਸੰਬੋਧਨ ਦੌਰਾਨ ਸੋਨੀਆ ਗਾਂਧੀ ਦਾ ਸੁਨੇਹਾ ਪੜ੍ਹ ਕੇ ਸੁਣਾਇਆ ਅਤੇ ਰੈਲੀ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪਾਰਟੀਆਂ ਵਿਚਕਾਰ ਮਤਭੇਦਾਂ ਦੇ ਸੰਦਰਭ 'ਚ ਉਨ੍ਹਾਂ ਦੋਹਾ ਸੁਣਾਇਆ ਜਿਸ ਦਾ ਮਤਲਬ ਸੀ ਕਿ ਜੇਕਰ ਉਨ੍ਹਾਂ ਦੇ ਦਿਲ ਨਹੀਂ ਜੁੜਦੇ ਤਾਂ ਵੀ ਉਨ੍ਹਾਂ ਨੂੰ ਇਕ-ਦੂਜੇ ਦੇ ਹੱਥ ਫੜਨੇ ਚਾਹੀਦੇ ਹਨ।

ਰੈਲੀ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੋੜਾ, ਕਰਨਾਟਕ ਦੇ ਮੁੱਖ ਮੰਤਰੀ ਐਚ ਡੀ ਕੁਮਾਰਾਸਵਾਮੀ (ਜਨਤਾ ਦਲ-ਸੈਕੁਲਰ), ਸ਼ਰਦ ਪਵਾਰ (ਐਨ.ਸੀ.ਪੀ.), ਅਖਿਲੇਸ਼ ਯਾਦਵ (ਸਮਾਜਵਾਦੀ ਪਾਰਟੀ), ਫਾਰੂਕ ਅਬਦੁੱਲਾ, ਐਮ ਕੇ ਸਟਾਲਿਨ (ਡੀ.ਐਮ.ਕੇ.), ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ (ਆਪ), ਸ਼ਰਦ ਯਾਦਵ, ਅਰੁਣ ਸ਼ੋਰੀ, ਯਸ਼ਵੰਤ ਸਿਨਹਾ, ਭਾਜਪਾ ਦੇ ਬਾਗ਼ੀ ਆਗੂ ਸ਼ਤਰੂਘਨ ਸਿਨਹਾ ਅਤੇ ਹੋਰ ਆਗੂ ਵੀ ਮੰਚ 'ਤੇ ਹਾਜ਼ਰ ਸਨ। ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਕੋਲਕਾਤਾ ਨਹੀਂ ਆਈ ਪਰ ਪਾਰਟੀ ਦੇ ਜਨਰਲ ਸਕੱਤਰ ਸਤੀਸ਼ ਚੰਦਰਾ ਮਿਸ਼ਰਾ ਨੇ ਆਪਣੇ ਸੰਬੋਧਨ 'ਚ ਉੱਤਰ ਪ੍ਰਦੇਸ਼ ਵਿਚ ਬਸਪਾ ਵੱਲੋਂ ਸਮਾਜਵਾਦੀ ਪਾਰਟੀ ਨਾਲ ਕੀਤੇ ਗਏ ਗੱਠਜੋੜ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੂਰਾ ਮੁਲਕ ਭਾਜਪਾ ਨੂੰ ਸੱਤਾ ਤੋਂ ਉਖਾੜਨ ਦੀ ਮੰਗ ਕਰ ਰਿਹਾ ਹੈ ਅਤੇ ਉਹ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਨੂੰ ਬਚਾਉਣ ਲਈ ਇਕੱਠੇ ਹੋਏ ਹਨ।

## ਭਾਜਪਾ ਦੇ ਆਪਣੇ ਆਗੂਆਂ ਵੱਲੋਂ ਸੱਤਾ ਤਬਦੀਲੀ ਦਾ ਸੱਦਾ

**ਕੋਲਕਾਤਾ:** ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇਂ ਮੰਤਰੀਆਂ ਦੇ ਅਹੁਦੇ ਉਤੇ ਰਹੇ ਭਾਜਪਾ ਆਗੂਆਂ ਅਰੁਣ ਸ਼ੋਰੀ, ਯਸ਼ਵੰਤ ਸਿਨ੍ਹਾ ਤੇ ਸ਼ਤਰੂਘਨ ਸਿਨ੍ਹਾ ਨੇ ਮਮਤਾ ਬੈਨਰਜੀ ਵੱਲੋਂ ਕਰਵਾਈ ਮੈਗਾ ਰੈਲੀ 'ਚ ਹਿੱਸਾ ਲੈਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਸੱਤਾ ਤੋਂ ਬਾਹਰ ਕਰਨ ਦਾ ਸੱਦਾ ਦਿੱਤਾ ਹੈ। ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ 'ਚ ਭਾਜਪਾ ਸਰਕਾਰ ਨੂੰ ਕੇਂਦਰ ਵਿਚੋਂ ਬਾਹਰ ਕਰਨ ਲਈ ਸਾਰੀਆਂ ਵਿਰੋਧੀ ਧਿਰਾਂ ਨੂੰ ਮਿਲ ਕੇ ਲੜਨਾ ਪਵੇਗਾ। ਉਨ੍ਹਾਂ ਕਿਹਾ ਕਿ ਇਸ 'ਚ ਦੋ ਰਾਵਾਂ ਨਹੀਂ ਹਨ ਕਿ ਭਾਜਪਾ ਨੂੰ ਬਾਹਰ ਕੱਢਣਾ ਜ਼ਰੂਰੀ ਹੈ ਤੇ ਸਾਡਾ ਸਾਰਿਆਂ ਦਾ ਇਕੋ ਇੱਕ ਟੀਚਾ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣਾ ਹੈ। ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਸਰਕਾਰ ਹੈ ਜਿਸ ਨੇ ਵਿਕਾਸ ਸਬੰਧੀ ਅੰਕੜਿਆਂ ਨਾਲ ਸ਼ਰਾਰਤ ਕੀਤੀ ਹੈ। ਇਸੇ ਤਰ੍ਹਾਂ ਸ਼ਤਰੂਘਨ ਵਿਰੋਧੀ ਧਿਰ ਨਾਲ ਮੰਚ ਸਾਂਝਾ ਕਰਦਿਆਂ ਭਾਜਪਾ ਤੋਂ ਖਫਾ ਆਗੂ ਸ਼ਤਰੂਘਨ ਸਿਨਹਾ ਨੇ 2019 ਵਿਚ ਕੇਂਦਰ 'ਚ ਸੱਤਾ ਬਦਲੀ ਦਾ ਸੱਦਾ ਦਿੱਤਾ ਹੈ।

## ਜਿਨ੍ਹਾਂ ਨੂੰ ਲੁੱਟਣ ਤੋਂ ਰੋਕਿਆ, ਉਨ੍ਹਾਂ ਬਣਾਇਆ ਮਹਾਗੱਠਜੋੜ: ਮੋਦੀ

**ਸਿਲਵਾਸਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਤਜਵੀਜ਼ਸ਼ੁਦਾ 'ਮਹਾਗੱਠਜੋੜ' ਉਨ੍ਹਾਂ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਨੂੰ ਉਨ੍ਹਾਂ ਦੇਸ਼ 'ਲੁੱਟਣ' ਤੋਂ ਰੋਕਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਹਾਗੱਠਜੋੜ ਉਨ੍ਹਾਂ ਖ਼ਿਲਾਫ ਨਹੀਂ ਪਰ ਦੇਸ਼ ਦੇ ਲੋਕਾਂ ਖ਼ਿਲਾਫ ਹੈ। ਕੋਲਕਾਤਾ ਵਿਚ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੀ ਰੈਲੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਨਾਂ ਲਏ ਬਗੈਰ ਉਨ੍ਹਾਂ ਕਿਹਾ ਕਿ ਸੂਬੇ ਵਿਚ ਭਾਜਪਾ ਦਾ ਸਿਰਫ ਇਕ ਵਿਧਾਇਕ ਹੈ, ਪਰ ਫੇਰ ਵੀ ਵਿਰੋਧੀ ਐਨੇ ਸਹਿਮੇ ਹੋਏ ਹਨ ਕਿ 'ਬਚਾਓ' ਦਾ ਰੌਲਾ ਪਾ ਰਹੇ ਹਨ।

# ਲੋਕ ਸਭਾ ਚੋਣਾਂ ਦਾ ਐਲਾਨ ਮਾਰਚ ਦੇ ਪਹਿਲੇ ਹਫਤੇ

**ਨਵੀਂ ਦਿੱਲੀ:** ਸੂਤਰਾਂ ਨੇ ਸੰਕੇਤ ਦਿੱਤਾ ਕਿ ਲੋਕ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਮਾਰਚ ਦੇ ਪਹਿਲੇ ਹਫਤੇ ਕੀਤੇ ਜਾਣ ਦੀ ਸੰਭਾਵਨਾ ਹੈ। ਮੌਜੂਦਾ ਲੋਕ ਸਭਾ ਦੀ ਮਿਆਦ 3 ਜੂਨ ਨੂੰ ਖਤਮ ਹੋਣੀ ਹੈ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਚੋਣ ਪੜਾਵਾਂ ਅਤੇ ਮਹੀਨਿਆਂ ਜਿਨ੍ਹਾਂ ਵਿਚ ਚੋਣਾਂ ਕਰਵਾਈਆਂ ਜਾਣੀਆਂ ਹਨ, ਦੀ ਗਿਣਤੀ ਬਾਰੇ ਫੈਸਲਾ ਕਰਨ ਵਿਚ ਲੱਗਾ ਹੋਇਆ ਹੈ। ਸੂਤਰਾਂ ਨੇ ਦੱਸਿਆ ਕਿ ਚੋਣਾਂ ਦੇ ਪੜਾਅ ਸੁਰੱਖਿਆ ਬਲਾਂ ਦੀ ਉਪਲੱਬਧਤਾ ਤੇ ਦੂਸਰੀਆਂ ਲੋੜਾਂ 'ਤੇ ਨਿਰਭਰ ਕਰਨਗੇ ਤੇ ਚੋਣਾਂ ਕਰਵਾਉਣ ਦਾ ਐਲਾਨ ਮਾਰਚ ਦੇ ਪਹਿਲੇ ਹਫਤੇ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਗੱਲ ਦੀ ਸੰਭਾਵਨਾ ਹੈ ਕਿ ਚੋਣ ਕਮਿਸ਼ਨ ਕੋਈ ਮਿਸਾਲ ਕਾਇਮ ਕਰੇ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਲੋਕ ਸਭਾ ਚੋਣਾਂ ਦੇ ਨਾਲ ਹੀ ਕਰਵਾ ਦੇਵੇ। ਜੰਮੂ ਤੇ ਕਸ਼ਮੀਰ ਦੀ ਵਿਧਾਨ ਸਭਾ ਭੰਗ ਕੀਤੇ ਜਾਣ ਕਾਰਨ ਉਥੇ ਵੀ 6 ਮਹੀਨਿਆਂ ਦੇ ਅੰਦਰ ਅੰਦਰ ਚੋਣਾਂ ਕਰਵਾਉਣਾ ਲਾਜ਼ਮੀ ਹੈ। ਇਹ ਵਿਧਾਨ ਸਭਾ ਨਵੰਬਰ 2018 ਵਿਚ ਭੰਗ ਕੀਤੀ ਗਈ ਸੀ ਅਤੇ ਇਸ ਦੀ ਸਮੇਂ ਦੀ ਹੱਦ ਮਈ ਵਿਚ ਖਤਮ ਹੋਣੀ ਹੈ। ਚੋਣ ਕਮਿਸ਼ਨ ਲੋਕ ਸਭਾ ਚੋਣਾਂ ਦੇ ਨਾਲ ਜੰਮੂ ਤੇ ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਵੀ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਵੀ ਕਰਵਾਈਆਂ ਜਾ ਸਕਦੀਆਂ ਹਨ ਪਰ ਬਹੁਤੀ ਗੱਲ ਗੁੰਝਲਦਾਰ ਸੁਰੱਖਿਆ ਸਥਿਤੀ 'ਤੇ ਨਿਰਭਰ ਕਰੇਗੀ। ਆਮ ਹਾਲਾਤ ਵਿਚ ਜੰਮੂ ਤੇ ਕਸ਼ਮੀਰ ਵਿਧਾਨ ਸਭਾ ਦੀ 6 ਸਾਲ ਦੀ ਮਿਆਦ 16 ਮਾਰਚ 2021 ਨੂੰ ਖਤਮ ਹੋਣੀ ਸੀ। ਦੂਸਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ।

ਸਿੱਕਮ ਵਿਧਾਨ ਸਭਾ ਦੀ ਮਿਆਦ 27 ਮਈ 2019, ਆਂਧਰਾ ਪ੍ਰਦੇਸ਼, ਉੜੀਸਾ ਅਤੇ ਅਰੁਣਾਚਲ ਪ੍ਰਦੇਸ਼ ਵਿਧਾਨ ਸਭਾਵਾਂ ਦੀ ਮਿਆਦ ਕ੍ਰਮਵਾਰ 18 ਜੂਨ, 11 ਜੂਨ ਅਤੇ ਇਕ ਜੂਨ ਨੂੰ ਖਤਮ ਹੋਣੀ ਹੈ। 2004 ਵਿਚ ਚੋਣ ਕਮਿਸ਼ਨ ਨੇ 29 ਫਰਵਰੀ ਨੂੰ ਚਾਰ ਪੜਾਵਾਂ ਵਿਚ ਲੋਕ ਸਭਾ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਸੀ। ਚੋਣਾਂ ਦੀ ਪਹਿਲੀ ਤਰੀਕ 20 ਅਪਰੈਲ ਅਤੇ ਆਖਰੀ 10 ਮਈ ਸੀ। 2009 ਵਿਚ ਚੋਣ ਕਮਿਸ਼ਨ ਨੇ 2 ਮਾਰਚ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਸੀ। ਪੰਜ ਪੜਾਵੀ ਚੋਣਾਂ 16 ਅਪਰੈਲ ਤੋਂ ਸ਼ੁਰੂ ਹੋ ਕੇ 13 ਮਈ ਨੂੰ ਖਤਮ ਹੋਈਆਂ ਸਨ। 2014 ਵਿਚ ਚੋਣਾਂ ਕਮਿਸ਼ਨ ਨੇ 5 ਮਾਰਚ ਨੂੰ ਚੋਣ ਤਰੀਕਾਂ ਦਾ ਐਲਾਨ ਕੀਤਾ ਸੀ ਅਤੇ 9 ਪੜਾਵੀ ਚੋਣਾਂ ਅਪਰੈਲ ਤੇ ਮਈ ਵਿਚ ਕਰਵਾਈਆਂ ਸਨ। ਚੋਣਾਂ ਦਾ ਪਹਿਲਾ ਪੜਾਅ 7 ਅਪਰੈਲ ਸੀ ਜਦਕਿ ਆਖਰੀ ਪੜਾਅ 12 ਮਈ ਸੀ।

## ਈ. ਵੀ. ਐਮ. ਹੈ 'ਚੋਰ ਮਸ਼ੀਨ': ਫਾਰੂਕ

**ਕੋਲਕਾਤਾ:** ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਨੇ ਈ.ਵੀ.ਐਮ. ਨੂੰ 'ਚੋਰ ਮਸ਼ੀਨ' ਦੱਸਦਿਆਂ ਮੰਗ ਕੀਤੀ ਕਿ ਬੈਲੇਟ ਪੇਪਰ ਦੀ ਪ੍ਰਕਿਰਿਆ ਮੁੜ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਵਿਰੋਧੀ ਪਾਰਟੀਆਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਇਹ ਸਿਰਫ ਕਿਸੇ ਇਕ ਵਿਅਕਤੀ (ਮੋਦੀ) ਨੂੰ ਬਾਹਰ ਕਰਨ ਦਾ ਸਵਾਲ ਨਹੀਂ ਹੈ ਬਲਕਿ ਇਹ ਦੇਸ਼ ਨੂੰ ਬਚਾਉਣ ਤੇ ਉਨ੍ਹਾਂ ਲੋਕਾਂ ਦਾ ਮਾਣ ਬਣਾਏ ਰੱਖਣ ਦਾ ਮਸਲਾ ਹੈ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ।"

# ਟਾਈਟਲਰ ਦੀ ਮੌਜੂਦਗੀ ਨਾਲ ਵਿਵਾਦਾਂ ਵਿਚ ਘਿਰੀ ਸ਼ੀਲਾ ਦੀਕਸ਼ਤ ਦੀ ਤਾਜਪੋਸ਼ੀ

**ਨਵੀਂ ਦਿੱਲੀ:** ਲਗਾਤਾਰ 15 ਸਾਲ ਤੱਕ ਦਿੱਲੀ ਦੇ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਨਿਭਾਉਣ ਵਾਲੀ ਕਾਂਗਰਸ ਦੀ ਸੀਨੀਅਰ ਆਗੂ ਸ਼ੀਲਾ ਦੀਕਸ਼ਤ ਨੇ ਦਿੱਲੀ ਕਾਂਗਰਸ ਦੇ ਪ੍ਰਧਾਨ ਵਜੋਂ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ, ਪਰ ਇਸ ਪ੍ਰੋਗਰਾਮ 'ਚ 1984 ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਮੰਨੇ ਜਾਣ ਵਾਲੇ ਜਗਦੀਸ਼ ਟਾਈਟਲਰ ਦੀ



ਮੌਜੂਦਗੀ ਕਾਰਨ ਸ਼ੀਲਾ ਦਾ ਤਾਜਪੋਸ਼ੀ ਸਮਾਗਮ ਵਿਵਾਦਾਂ 'ਚ ਘਿਰ ਗਿਆ।

ਇਸ ਮਸਲੇ 'ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਉਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਰਾਹੁਲ ਵੀ ਆਪਣੇ ਪਰਿਵਾਰ ਦੀ ਪਰੰਪਰਾ ਨੂੰ ਹੀ ਅੱਗੇ ਵਧਾ ਰਹੇ ਹਨ ਅਤੇ ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਸਿੱਖ ਪੀੜਤਾਂ ਲਈ ਕੋਈ ਭਾਵਨਾ ਨਹੀਂ ਹੈ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇੰਦਰਾ ਗਾਂਧੀ ਤੋਂ ਲੈ ਕੇ ਰਾਜੀਵ ਗਾਂਧੀ ਤੇ ਰਾਹੁਲ ਗਾਂਧੀ ਤੱਕ ਟਾਈਟਲਰ ਉਨ੍ਹਾਂ ਸਾਰਿਆਂ ਦਾ ਬੇਹੱਦ ਕਰੀਬੀ ਰਿਹਾ ਹੈ, ਇਹ ਸਿੱਖਾਂ ਦੇ ਲਈ ਸਪੱਸ਼ਟ ਸੰਕੇਤ ਹੈ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀ ਟਾਈਟਲਰ ਨੂੰ ਸ਼ੀਲਾ ਦੀਕਸ਼ਤ ਦੇ ਤਾਜਪੋਸ਼ੀ ਸਮਾਗਮ 'ਚ ਪਹਿਲੀ ਕਤਾਰ ਵਿਚ ਬਿਠਾ ਕੇ ਕਾਂਗਰਸ 1984 ਕਤਲੇਆਮ ਦੇ ਪੀੜਤਾਂ ਨੂੰ ਡਰਾਉਣਾ ਤੇ ਇਹ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਕੋਈ ਵੀ ਪੀੜਤ ਟਾਈਟਲਰ ਖ਼ਿਲਾਫ਼ ਗਵਾਹੀ ਦੇਣ ਦੀ ਜੁਰਅਤ ਨਾ ਕਰੇ ਅਤੇ ਨਾਲ ਹੀ ਜਾਂਚ ਏਜੰਸੀਆਂ ਨੂੰ ਵੀ ਦੱਸਣਾ ਚਾਹੁੰਦੀ ਹੈ ਕਿ ਕਾਂਗਰਸ ਪੂਰੀ ਤਰ੍ਹਾਂ ਟਾਈਟਲਰ ਦੇ ਨਾਲ ਖੜ੍ਹੀ ਹੈ।

ਸਿਰਸਾ ਨੇ ਇਹ ਵੀ ਕਿਹਾ ਕਿ ਕਾਂਗਰਸ ਟਾਈਟਲਰ ਨੂੰ ਬੇਸ਼ੱਕ ਜਿੰਨਾ ਮਰਜ਼ੀ ਬਚਾਉਣ ਦੀ ਕੋਸ਼ਿਸ਼ ਕਰੇ ਪਰ ਸੱਜਣ ਕੁਮਾਰ ਵਾਂਗ ਇਕ ਦਿਨ ਉਹ ਜੇਲ੍ਹ ਜ਼ਰੂਰ ਜਾਵੇਗਾ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਉਣ ਤੋਂ ਬਾਅਦ ਕਾਂਗਰਸ ਬੁਖਲਾ ਗਈ ਹੈ ਅਤੇ 1984 ਕਤਲੇਆਮ ਦੇ ਦੋਸ਼ੀਆਂ ਨੂੰ ਸਮਾਗਮਾਂ ਵਿਚ ਪਹਿਲ ਦੇ ਰਹੀ ਹੈ। ਉਧਰ, ਸ਼ੀਲਾ ਦੀਕਸ਼ਤ ਦੀ ਤਾਜਪੋਸ਼ੀ ਸਮਾਰੋਹ ਦੌਰਾਨ ਜਗਦੀਸ਼ ਟਾਈਟਲਰ ਦੇ ਮੋਹਰਲੀ ਕਤਾਰ 'ਚ ਸ਼ਾਮਲ ਹੋਣ ਉਤੇ ਛਿੜੇ ਵਿਵਾਦ 'ਤੇ ਸ਼ੀਲਾ ਦੀਕਸ਼ਤ ਨੇ ਇਹ ਕਹਿੰਦਿਆਂ ਟਾਈਟਲਰ ਦਾ ਸਮਰਥਨ ਕੀਤਾ ਕਿ ਉਹ ਇਕ ਕਾਂਗਰਸੀ ਹੈ।

ਉਸ ਨੇ ਕਿਹਾ ਕਿ ਇਹ ਵਸਤੂਆਂ ਨੂੰ ਦੇਖਣ ਦਾ ਬਹੁਤ ਤੰਗ ਨਜ਼ਰੀਆ ਹੈ। ਆਖਰ ਉਹ ਇਕ ਕਾਂਗਰਸੀ ਹੈ। ਕਾਂਗਰਸ ਨੇ ਉਸ ਨੂੰ ਕੱਢਿਆ ਨਹੀਂ ਹੈ ਅਤੇ ਉਹ ਪਾਰਟੀ ਤੋਂ ਦੂਰ ਨਹੀਂ ਗਿਆ ਹੈ। ਫਿਰ ਇਕ ਗ਼ੈਰ ਮੁੱਦੇ ਨੂੰ ਮੁੱਦਾ ਕਿਉਂ ਬਣਾਉਂਦੇ ਹੋ।

# ਪਿਛਲੇ ਦਸ ਸਾਲਾਂ 'ਚ 429 ਸ਼ੇਰਾਂ ਦਾ ਸ਼ਿਕਾਰ

**ਨੋਇਡਾ:** ਮੁਲਕ ਵਿਚ ਪਿਛਲੇ ਦਸ ਸਾਲਾਂ (2008 ਤੋਂ) ਵਿਚ 429 ਸ਼ੇਰਾਂ ਦਾ ਸ਼ਿਕਾਰ ਹੋਇਆ ਹੈ। ਇਸ ਅਰਸੇ ਦੌਰਾਨ ਸਭ ਤੋਂ ਵੱਧ ਸ਼ੇਰ (71 ਦੇ ਕਰੀਬ) ਮੱਧ ਪ੍ਰਦੇਸ਼ ਵਿਚ ਮਾਰੇ ਗਏ ਹਨ। ਇਹ ਖੁਲਾਸਾ ਸੂਚਨਾ ਦੇ ਅਧਿਕਾਰ ਐਕਟ ਤਹਿਤ ਹਾਸਲ ਜਾਣਕਾਰੀ ਤੋਂ ਹੋਇਆ ਹੈ।

ਸਾਲ ਦਰ ਸਾਲ ਅੰਕੜਿਆਂ ਦੀ ਗੱਲ ਕਰੀਏ ਤਾਂ ਸ਼ੇਰਾਂ ਦਾ ਸਭ ਤੋਂ ਵੱਧ ਸ਼ਿਕਾਰ ਸਾਲ 2011 ਵਿਚ ਹੋਇਆ। ਇਸ ਸਾਲ 80 ਸ਼ੇਰਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਵਾਤਾਵਰਨ ਤੇ ਜੰਗਲਾਤ ਮੰਤਰਾਲੇ ਅਧੀਨ ਜੰਗਲੀ ਜੀਵ ਅਪਰਾਧ ਕੰਟਰੋਲ ਬਿਊਰੋ (ਡਬਲਿਊਸੀਸੀਬੀ) ਦੇ ਅੰਕੜਿਆਂ ਮੁਤਾਬਕ ਸਾਲ 2015 ਵਿਚ ਸ਼ਿਕਾਰੀਆਂ ਹੱਥੋਂ ਸਭ ਤੋਂ ਘੱਟ 17 ਸ਼ੇਰ ਰੱਬ ਨੂੰ ਪਿਆਰੇ ਹੋਏ। ਡਬਲਿਊਸੀਸੀਬੀ ਸੰਵਿਧਾਨਕ ਸੰਸਥਾ ਹੈ, ਜੋ ਮੁਲਕ ਵਿਚ ਵਿਵਸਥਿਤ ਜੰਗਲੀ ਜੀਵ ਅਪਰਾਧਾਂ ਨੂੰ ਠੱਲ੍ਹਣ ਲਈ ਹੀ ਹੋਂਦ ਵਿਚ ਆਈ ਸੀ। ਬਿਊਰੋ ਨੇ ਇਕ ਲਿਖਤੀ ਜਵਾਬ 'ਚ ਕਿਹਾ ਕਿ ਸਾਲ 2018 ਵਿਚ ਸ਼ਿਕਾਰੀਆਂ ਨੇ 22 ਸ਼ੇਰਾਂ ਨੂੰ ਮਾਰ ਮੁਕਾਇਆ ਸੀ ਜਦਕਿ ਸਾਲ 2017 ਤੇ 2016 ਵਿਚ ਇਹ ਅੰਕੜਾ ਕ੍ਰਮਵਾਰ 25 ਤੇ 48 ਸੀ।

ਬਿਊਰੋ ਮੁਤਾਬਕ ਪਿਛਲੇ ਦੋ ਸਾਲਾਂ ਵਿਚ ਇਸ ਅੰਕੜੇ 'ਚ ਨਿਘਾਰ ਆਇਆ ਹੈ। ਨੋਇਡਾ ਅਧਾਰਿਤ ਵਕੀਲ ਰੰਜਨ ਤੋਮਰ ਵੱਲੋਂ ਦਾਇਰ ਇਸ ਆਰ.ਟੀ.ਆਈ. ਵਿਚ ਸਾਲ 2008 ਤੋਂ ਸ਼ਿਕਾਰੀਆਂ ਹੱਥੋਂ ਮਾਰੇ ਗਏ ਸ਼ੇਰਾਂ ਦੀ ਗਿਣਤੀ ਦਾ ਸੂਬੇ ਮੁਤਾਬਕ ਅੰਕੜਾ ਮੰਗਿਆ ਗਿਆ ਸੀ। ਇਸ ਡੇਟਾ ਮੁਤਾਬਕ ਸਭ ਤੋਂ ਵੱਧ ਸ਼ੇਰ (71) ਮੱਧ ਪ੍ਰਦੇਸ਼ 'ਚ ਮਾਰੇ ਗਏ ਹਨ। ਮਹਾਰਾਸ਼ਟਰ ਤੇ ਕਰਨਾਟਕ ਵਿਚ 46-46 ਜਦੋਂਕਿ ਅਸਾਮ ਤੇ ਛੱਤੀਸਗੜ੍ਹ ਵਿਚ 42-42 ਅਤੇ ਉੱਤਰਾਖੰਡ ਵਿਚ ਪਿਛਲੇ ਦਸ ਸਾਲਾਂ 'ਚ 35 ਸ਼ੇਰਾਂ ਦੀ ਜਾਨ ਜਾਂਦੀ ਰਹੀ।

# ਚੰਦੇ ਦੇ ਰੂਪ 'ਚ ਭਾਜਪਾ ਨੂੰ ਮਿਲੇ 437 ਕਰੋੜ

**ਨਵੀਂ ਦਿੱਲੀ:** ਲੰਘੇ ਵਿੱਤੀ ਵਰ੍ਹੇ ਵਿਚ ਭਾਜਪਾ ਨੂੰ 437 ਕਰੋੜ ਰੁਪਏ ਦਾਨ ਵਜੋਂ ਮਿਲੇ ਹਨ। ਭਾਜਪਾ ਨੂੰ ਮਿਲਿਆ ਦਾਨ ਬਾਕੀ ਸਾਰੀਆਂ ਕੌਮੀ ਪਾਰਟੀਆਂ ਨੂੰ ਮਿਲੇ ਕੁੱਲ ਦਾਨ ਤੋਂ ਵੀ 12 ਗੁਣਾ ਜ਼ਿਆਦਾ ਹੈ। ਚੋਣਾਂ ਸਬੰਧੀ ਇਕ ਥਿੰਕ ਟੈਂਕ ਨੇ ਅੰਕੜੇ ਜਾਰੀ ਕਰਦਿਆਂ ਕਿਹਾ ਹੈ ਕਿ ਭਾਜਪਾ ਤੇ ਕਾਂਗਰਸ ਨੂੰ ਦਾਨ ਦਾ ਵੱਡਾ ਹਿੱਸਾ ਪਰੂਡੈਂਟ ਇਲੈਕਟੋਰਲ ਟਰੱਸਟ ਤੋਂ ਹਾਸਲ ਹੋਇਆ ਹੈ। ਜਥੇਬੰਦੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਮੁਤਾਬਕ ਇਸ ਟਰੱਸਟ ਨੂੰ ਰੀਅਲ ਅਸਟੇਟ ਤੇ ਟੈਲੀਕਾਮ ਸੈਕਟਰ ਨਾਲ ਜੁੜੇ ਵੱਡੇ ਕਾਰਪੋਰੇਟ ਘਰਾਣੇ ਚਲਾਉਂਦੇ ਹਨ।

ਟਰੱਸਟ ਨੇ ਭਾਜਪਾ ਤੇ ਕਾਂਗਰਸ ਨੂੰ 164.30 ਕਰੋੜ ਰੁਪਏ ਦਿੱਤੇ ਹਨ ਜਿਸ ਵਿਚੋਂ ਭਾਜਪਾ ਇਕੱਲੀ 154.30 ਕਰੋੜ ਲੈ ਗਈ ਹੈ। ਕੌਮੀ ਪਾਰਟੀਆਂ ਨੂੰ 2017-18 ਵਿੱਤੀ ਵਰ੍ਹੇ ਵਿਚ ਕੁੱਲ 469.89 ਕਰੋੜ ਰੁਪਏ ਦਾਨ ਮਿਲਿਆ ਹੈ ਤੇ ਇਕੱਲੀ ਭਾਜਪਾ ਨੂੰ ਹੀ 437.04 ਕਰੋੜ ਰੁਪਏ ਮਿਲੇ ਹਨ। ਨੱਬੇ ਫ਼ੀਸਦੀ ਦਾਨ ਕਾਰਪੋਰੇਟ ਘਰਾਣਿਆਂ ਤੋਂ ਆਇਆ ਹੈ ਤੇ 10 ਫੀਸਦੀ ਨਿੱਜੀ ਤੌਰ 'ਤੇ ਦਿੱਤਾ ਗਿਆ ਹੈ।

ਕਾਰਪੋਰੇਟ ਘਰਾਣਿਆਂ ਨੇ ਵਿੱਤੀ ਵਰ੍ਹੇ ਵਿਚ 400.23 ਕਰੋੜ ਰੁਪਏ ਭਾਜਪਾ ਨੂੰ ਜਦਕਿ ਸਿਰਫ 19.29 ਕਰੋੜ ਰੁਪਏ ਕਾਂਗਰਸ ਨੂੰ ਦਾਨ ਦਿੱਤੇ ਹਨ। ਕਰੀਬ ਅੱਧਾ ਦਾਨ ਦਿੱਲੀ ਤੋਂ ਆਇਆ ਹੈ। ਭਾਜਪਾ ਨੇ ਕਰਨਾਟਕ ਵਿਧਾਨ ਸਭਾ ਚੋਣਾਂ ਲੜਨ ਲਈ 122 ਕਰੋੜ ਰੁਪਏ ਤੋਂ ਵੱਧ ਖਰਚ ਕੀਤਾ ਹੈ। ਇਸ ਤੋਂ ਇਲਾਵਾ ਪਾਰਟੀ ਨੇ 14 ਕਰੋੜ ਰੁਪਏ ਪਾਰਟੀ ਨੇ ਤਿੰਨ ਉੱਤਰ-ਪੂਰਬੀ ਰਾਜਾਂ ਵਿਚ ਖਰਚੇ ਹਨ।

# ਦਿੱਲੀ ਗੁਰਦੁਆਰਾ ਕਮੇਟੀ ਦੀ ਕਾਰਜਕਾਰਨੀ ਭੰਗ

**ਨਵੀਂ ਦਿੱਲੀ:** ਤੀਸ ਹਜ਼ਾਰੀ ਅਦਾਲਤ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਬੋਰਡ ਦੀ ਚੋਣ ਉਤੇ 20 ਫਰਵਰੀ ਤੱਕ ਰੋਕ ਲਾਉਣ ਮਗਰੋਂ ਕਮੇਟੀ ਦੇ ਜਰਨਲ ਹਾਊਸ ਨੇ ਕਾਰਜਕਾਰਨੀ ਬੋਰਡ ਦੇ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਦੇ ਅਸਤੀਫੇ ਮਨਜ਼ੂਰ ਕਰ ਲਏ। ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਅਦਾਲਤ ਨੂੰ ਅਪੀਲ ਕੀਤੀ ਜਾਵੇਗੀ ਕਿ ਹਾਊਸ ਦੀ ਨਵੀਂ ਕਾਰਜਕਾਰਨੀ ਬਣਾਉਣ ਦੀ ਮਨਜ਼ੂਰੀ ਦਿੱਤੀ ਜਾਵੇ ਕਿਉਂਕਿ ਫਰਵਰੀ-ਮਾਰਚ ਦੌਰਾਨ ਕਮੇਟੀ ਦੇ ਸਕੂਲਾਂ ਕਾਲਜਾਂ ਤੇ ਹੋਰ ਸਿੱਖਿਆ ਸੰਸਥਾਵਾਂ ਦੇ ਦਾਖ਼ਲਿਆਂ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਪੜ੍ਹਾਈ ਦੇ ਨੁਕਸਾਨ ਸਬੰਧੀ ਤਰਕ ਅਦਾਲਤ ਵਿਚ ਦਿੱਤਾ ਜਾਵੇਗਾ। ਕਾਰਜਕਾਰਨੀ ਬੋਰਡ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਸਤੀਫੇ ਸੌਂਪ ਕੇ ਗੁਰਦੁਆਰਾ ਚੋਣ ਬੋਰਡ ਨੂੰ ਨਵੇਂ ਅੰਤ੍ਰਿਮ ਹਾਊਸ ਦਾ ਗਠਨ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੇ ਚੋਣ 'ਤੇ ਰੋਕ ਲਾਈ ਸੀ। ਦੱਸ ਦਈਏ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 19 ਜਨਵਰੀ ਹੋਣ ਵਾਲੀ ਕਾਰਜਕਾਰੀ ਬੋਰਡ ਦੀ ਚੋਣ ਨੂੰ ਗ਼ੈਰਕਾਨੂੰਨੀ ਦੱਸਦੇ ਹੋਏ ਤੀਸ ਹਜ਼ਾਰੀ ਕੋਰਟ ਨੇ ਅਗਲੇ ਹੁਕਮਾਂ ਤੱਕ ਚੋਣ ਉੱਤੇ ਰੋਕ ਲਾ ਦਿੱਤੀ ਸੀ।

ਕਮੇਟੀ ਦੇ ਆਜ਼ਾਦ ਉਮੀਦਵਾਰ ਗੁਰਮੀਤ ਸਿੰਘ ਸ਼ੰਟੀ ਦੀ ਅਰਜ਼ੀ 'ਤੇ ਅਦਾਲਤ ਨੇ ਇਹ ਅੰਤ੍ਰਿਮ ਰੋਕ ਲਾਈ ਹੈ। ਗੁਰਮੀਤ ਸਿੰਘ ਸ਼ੰਟੀ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਇਹ ਚੋਣ ਸਮੇਂ ਤੋਂ ਪਹਿਲਾਂ ਕਰਵਾਈ ਜਾ ਰਹੀ ਹੈ ਤੇ ਗੁਰਦੁਆਰਾ ਚੋਣ ਬੋਰਡ ਵੱਲੋਂ ਬਿਨਾਂ ਮਨਜ਼ੂਰੀ ਕਰਵਾਈ ਜਾ ਰਹੀ ਹੈ। ਸਾਰੇ ਕਾਰਜਕਾਰੀ ਬੋਰਡ ਦੇ ਅਸਤੀਫੇ ਵੀ ਜਨਰਲ ਹਾਊਸ ਬੁਲਾ ਕੇ ਲਏ ਜਾਂਦੇ ਹਨ ਤੇ ਗੁਰਦੁਆਰਾ ਚੋਣ ਬੋਰਡ ਨੂੰ ਭੇਜੇ ਜਾਣ ਮਗਰੋਂ ਹੀ ਨਵੀਂ ਕਾਰਜਕਾਰਨੀ ਚੁਣੀ ਜਾਂਦੀ ਹੈ।

ਕਾਰਜਕਾਰੀ ਬੋਰਡ ਦੀ ਪਿਛਲੀ ਚੋਣ 30 ਮਾਰਚ 2017 ਨੂੰ ਹੋਈ ਸੀ, ਜਿਸ ਦਾ ਸਮਾਂ 29 ਮਾਰਚ 2019 ਤੱਕ ਹੈ। ਅਦਾਲਤ ਮੁਤਾਬਕ ਚੋਣ ਡਾਇਰੈਕਟੋਰੇਟ ਵੱਲੋਂ ਮਨਜ਼ੂਰੀ ਨਾ ਮਿਲਣ ਕਰ ਕੇ 19 ਜਨਵਰੀ ਨੂੰ ਹੋਣ ਵਾਲੀ ਚੋਣ ਗ਼ੈਰਕਾਨੂੰਨੀ ਹੈ ਤੇ ਮਾਮਲਾ 21 ਫਰਵਰੀ 'ਤੇ ਪਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਡਾਇਰੈਕਟਰ ਨੇ ਅਦਾਲਤ ਨੂੰ ਦੱਸਿਆ ਕਿ ਇਸ ਚੋਣ ਦੀ ਆਗਿਆ ਨਹੀਂ ਦਿੱਤੀ ਗਈ ਹੈ।



## ਅਹੁਦੇਦਾਰਾਂ ਖਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਮੰਗੀ

**ਅੰਮ੍ਰਿਤਸਰ:** ਸਰਨਾ ਧੜੇ ਨਾਲ ਸਬੰਧਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਮੰਗ ਪੱਤਰ ਸੌਂਪ ਕੇ ਦਿੱਲੀ ਕਮੇਟੀ ਦੇ ਮੌਜੂਦਾ ਆਗੂ, ਜੋ ਭ੍ਰਿਸ਼ਟਾਚਾਰ ਦੇ ਵਿਵਾਦ ਵਿਚ ਘਿਰੇ ਹੋਏ ਹਨ, ਖਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਹੈ। ਇਹ ਮੰਗ ਪੱਤਰ ਜਥੇਬੰਦੀ ਦੇ ਨੁਮਾਇੰਦੇ ਮਨਿੰਦਰ ਸਿੰਘ ਧੁੰਨਾ ਤੇ ਹੋਰਨਾਂ ਨੇ ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਸੌਂਪਿਆ ਹੈ। ਇਹ ਪੱਤਰ ਜਥੇਬੰਦੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਵੱਲੋਂ ਭੇਜਿਆ ਗਿਆ ਹੈ। ਮੰਗ ਪੱਤਰ ਦੇਣ ਮਗਰੋਂ ਸ੍ਰੀ ਧੁੰਨਾ ਨੇ ਆਖਿਆ ਕਿ ਭ੍ਰਿਸ਼ਟਾਚਾਰ ਦੇ ਕਥਿਤ ਦੋਸ਼ਾਂ ਦੇ ਕਾਰਨ ਵਿਵਾਦ ਵਿਚ ਘਿਰੇ ਬਾਦਲ ਦਲ ਨਾਲ ਸਬੰਧਤ ਦਿੱਲੀ ਕਮੇਟੀ ਦੇ ਆਗੂਆਂ, ਜਿਨ੍ਹਾਂ ਵਿਚ ਪ੍ਰਧਾਨ ਮਨਜੀਤ ਸਿੰਘ ਜੀਕੇ, ਅਮਰਜੀਤ ਸਿੰਘ, ਹਰਜੀਤ ਸਿੰਘ ਸੂਬੇਦਾਰ ਤੇ ਹੋਰਨਾਂ ਖਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕਰਦਿਆਂ ਪੰਥ ਵਿਚੋਂ ਛੇਕਿਆ ਜਾਣਾ ਚਾਹੀਦਾ ਹੈ।

## ਪੁਲਿਸ ਨੇ ਦਿੱਲੀ ਕਮੇਟੀ ਦਾ ਰਿਕਾਰਡ ਘੋਖਿਆ

**ਨਵੀਂ ਦਿੱਲੀ:** ਕਮੇਟੀ ਦੇ ਜਨਰਲ ਮੈਨੇਜਰ ਤੋਂ ਦਿੱਲੀ ਪੁਲਿਸ ਅਸਲ ਰਿਕਾਰਡ ਲੈ ਗਈ ਹੈ। ਇਹ ਰਿਕਾਰਡ ਮਨਜੀਤ ਸਿੰਘ ਜੀ.ਕੇ. ਤੇ ਸਾਥੀਆਂ ਨਾਲ ਸਬੰਧਤ ਮੁਕੱਦਮੇ ਲਈ ਲੋੜੀਂਦਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਵੱਲੋਂ ਨਾਰਥ ਐਵੇਨਿਊ ਥਾਣੇ ਦੇ ਜਾਂਚ ਅਧਿਕਾਰੀ ਨੂੰ ਹਲਕੀਆਂ ਧਾਰਾਵਾਂ ਲਾਉਣ ਕਰਕੇ ਗੁਰਮੀਤ ਸਿੰਘ ਸ਼ੰਟੀ ਦੀ ਅਰਜ਼ੀ 'ਤੇ ਤਲਬ ਕੀਤਾ ਗਿਆ ਸੀ। ਇਸ ਤੋਂ ਬਾਅਦ ਹੁਣ ਪੁਲਿਸ ਹਰਕਤ ਵਿਚ ਆਈ ਹੈ ਤੇ ਜਾਂਚ ਵਿਚ ਤੇਜ਼ੀ ਲਿਆਂਦੀ ਗਈ ਹੈ।

## ਸ੍ਰੀ ਹਰਿਮੰਦਰ ਸਾਹਿਬ ਨੇੜੇ ਨਾਜਾਇਜ਼ ਬਣੇ ਹੋਟਲਾਂ ਵਿਰੁਧ ਕਾਰਵਾਈ ਤੈਅ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਨਾਜਾਇਜ਼ ਤੌਰ 'ਤੇ ਬਣੇ ਹੋਟਲਾਂ ਉਤੇ ਕਾਰਵਾਈ ਤੈਅ ਹੈ, ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਉਪਰੋਕਤ ਹੋਟਲਾਂ ਨੂੰ 11 ਅਪਰੈਲ 2019 ਤੱਕ ਸੀਲ ਕਰਨ ਜਾਂ ਢਾਹੁਣ ਦੇ ਆਦੇਸ਼ ਜਾਰੀ ਕੀਤੇ ਤੇ ਨਾਲ ਹੀ ਅਜਿਹਾ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ



ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਛੋਟੀਆਂ-ਛੋਟੀਆਂ ਇਮਾਰਤਾਂ ਵਿਚ ਹੋਟਲ, ਸਰਾਵਾਂ ਅਤੇ ਗੈਸਟ ਹਾਊਸ ਖੁੱਲ ਰਹੇ ਹਨ।

ਹਾਈ ਕੋਰਟ ਨੇ ਸਰਬਜੀਤ ਸਿੰਘ ਵੇਰਕਾ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਨਗਰ ਨਿਗਮ 11 ਅਪਰੈਲ 2019 ਤੱਕ ਹੋਟਲਾਂ 'ਤੇ ਕਾਰਵਾਈ ਕਰਨ ਸਬੰਧੀ ਹਦਾਇਤਾਂ ਕੀਤੀਆਂ ਹਨ। ਹਾਈ ਕੋਰਟ ਦੇ ਸਖ਼ਤ ਰਵੱਈਏ ਨੂੰ ਦੇਖਦੇ ਹੋਏ ਨਿਗਮ ਅਧਿਕਾਰੀਆਂ ਵੱਲੋਂ ਨਾਜਾਇਜ਼ ਬਣੇ 214 ਹੋਟਲਾਂ ਨੂੰ ਸੀਲ ਕਰਨ ਲਈ ਤਿਆਰੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਨਾਜਾਇਜ਼ ਹੋਟਲਾਂ ਦੀ ਉਸਾਰੀ ਅਜੇ ਰੁਕਣ ਦਾ ਨਾਂ ਨਹੀਂ ਲੈ ਰਹੀ। ਪਹਿਲੀ ਰਿਪੋਰਟ ਵਿਚ 105 ਹੋਟਲ ਸਾਹਮਣੇ ਆਏ ਸਨ ਜੋ ਵਧ ਕੇ ਹੁਣ 400 ਤੋਂ ਵਧੇਰੇ ਹੋ ਗਏ ਹਨ।

# ਨਵੇਂ ਪੰਜਾਬ ਪੁਲਿਸ ਮੁਖੀ ਲਈ ਖਿੱਚੋਤਾਣ ਮੁੜ ਵਧੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਦਾ ਜਾਨਸ਼ੀਨ ਬਣਨ ਲਈ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀਆਂ ਦਰਮਿਆਨ ਚੱਲ ਰਹੀ ਖਿੱਚੋਤਾਣ ਕਾਰਨ ਪੁਲਿਸ ਵਿਭਾਗ ਅੰਦਰ ਗ੍ਰਹਿ ਯੁੱਧ ਵਾਲੀ ਸਥਿਤੀ ਬਣੀ ਹੋਈ ਹੈ।



ਸੂਤਰਾਂ ਮੁਤਾਬਕ ਸੀਨੀਅਰ ਪੁਲਿਸ ਅਧਿਕਾਰੀ ਯੂ.ਪੀ.ਐਸ.ਸੀ. ਵੱਲੋਂ ਰਾਜ ਸਰਕਾਰ ਨੂੰ ਭੇਜੇ ਜਾਣ ਵਾਲੇ ਮੌਤਵੇਂ ਪੈਨਲ ਵਿਚ ਨਾਮ ਪਵਾਉਣ ਲਈ ਹਰ ਤਰ੍ਹਾਂ ਦਾ ਦਾਅ ਖੇਡ ਰਹੇ ਹਨ।

ਸੂਬਾ ਸਰਕਾਰ ਵੱਲੋਂ 1984, 1985, 1986 ਅਤੇ 1987 ਬੈਚ ਵਿਚ ਸ਼ਾਮਲ ਡੀ.ਜੀ.ਪੀ. ਰੈਂਕ ਦੇ 9 ਅਧਿਕਾਰੀਆਂ ਅਤੇ 1988 ਬੈਚ ਨਾਲ ਸਬੰਧਤ ਵਧੀਕ ਡੀ.ਜੀ.ਪੀ. ਰੈਂਕ ਦੇ 3 ਅਧਿਕਾਰੀਆਂ ਦੇ ਨਾਮ ਸੰਘ ਲੋਕ ਸੇਵਾ ਕਮਿਸ਼ਨ ਨੂੰ ਭੇਜੇ ਗਏ ਹਨ। ਸੂਤਰਾਂ ਨੇ ਕਿਹਾ ਕਿ ਸੂਬਾ ਸਰਕਾਰ ਦੇ ਨੁਮਾਇੰਦੇ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਨਾਂਵਾਂ ਵਾਲਾ ਪੈਨਲ ਯੂ.ਪੀ.ਐਸ.ਸੀ. ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਹੈ ਅਤੇ ਪੰਜਾਬ ਦੇ ਡੀ.ਜੀ.ਪੀ. ਦੇ ਅਹੁਦੇ ਲਈ ਇਨ੍ਹਾਂ ਅਧਿਕਾਰੀਆਂ ਵਿਚੋਂ ਤਿੰਨ 'ਯੋਗ' ਅਧਿਕਾਰੀਆਂ ਦੇ ਨਾਮ ਸੁਝਾਉਣ ਲਈ ਕਮਿਸ਼ਨ ਵੱਲੋਂ ਇਸ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਮੀਟਿੰਗ ਕੀਤੇ ਜਾਣ ਦੇ ਆਸਾਰ ਹਨ। ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਕਮਿਸ਼ਨ ਵੱਲੋਂ ਸਮੇਂ ਸਿਰ ਮੀਟਿੰਗ ਕਰ ਕੇ ਅਫਸਰਾਂ ਦੇ ਨਾਮ ਭੇਜ ਦਿੱਤੇ ਜਾਂਦੇ ਹਨ ਤਾਂ ਫਰਵਰੀ 'ਚ ਨਵੇਂ ਪੁਲਿਸ ਮੁਖੀ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ।

ਗ੍ਰਹਿ ਵਿਭਾਗ ਨਾਲ ਸਬੰਧਤ ਸੂਤਰਾਂ ਨੇ ਇਹ ਵੀ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਸੁਰੇਸ਼ ਅਰੋੜਾ ਨੂੰ ਅਹੁਦੇ 'ਤੇ ਬਣਾਈ ਰੱਖਣ ਜਾਂ ਫਿਰ 1987 ਬੈਚ ਦੇ ਅਧਿਕਾਰੀ ਦਿਨਕਰ ਗੁਪਤਾ ਨੂੰ ਡੀ.ਜੀ.ਪੀ. ਲਾਉਣ ਲਈ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ। ਸ੍ਰੀ ਅਰੋੜਾ ਦਾ ਸੇਵਾਕਾਲ ਭਾਵੇਂ 30 ਸਤੰਬਰ ਤੱਕ ਵਧਾ ਦਿੱਤਾ ਗਿਆ ਹੈ ਪਰ ਸੂਤਰਾਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਾਜਸੀ ਤੌਰ 'ਤੇ ਲਏ ਗਏ ਕੇਂਦਰ ਸਰਕਾਰ ਦੇ ਇਸ ਫੈਸਲੇ ਤੋਂ ਖੁਸ਼ ਨਹੀਂ ਹਨ। ਜਾਣਕਾਰੀ ਅਨੁਸਾਰ ਰਾਜ ਸਰਕਾਰ ਵੱਲੋਂ ਪੈਨਲ ਦੇ ਨਾਲ ਸੁਰੇਸ਼ ਅਰੋੜਾ ਵੱਲੋਂ ਮੁੱਖ ਮੰਤਰੀ ਨੂੰ ਲਿਖੀ ਗਈ ਚਿੱਠੀ ਵੀ ਲਗਾ ਦਿੱਤੀ ਗਈ ਹੈ ਤਾਂ ਜੋ ਯੂ.ਪੀ.ਐਸ.ਸੀ. ਨੂੰ ਫੈਸਲਾ ਕਰਨ ਸਮੇਂ ਸਥਿਤੀ ਸਪੱਸ਼ਟ ਹੋ ਜਾਵੇ ਕਿ ਸ੍ਰੀ ਅਰੋੜਾ ਇਸ ਅਹੁਦੇ 'ਤੇ ਹੁਣ ਨਹੀਂ ਰਹਿਣਾ ਚਾਹੁੰਦੇ ਹਨ।

ਪੰਜਾਬ ਕਾਡਰ ਨਾਲ ਸਬੰਧਤ 1984 ਬੈਚ ਦੇ ਪੁਲਿਸ ਅਧਿਕਾਰੀ ਸਾਮੰਤ ਗੋਇਲ ਤਾਂ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਦੀ ਖੁਫੀਆ ਏਜੰਸੀ 'ਰਾਅ' ਵਿਚ ਤਾਇਨਾਤ ਹਨ। ਇਸ ਲਈ 1985 ਬੈਚ ਦੇ ਮੁਹੰਮਦ ਮੁਸਤਫ਼ਾ ਅਤੇ 1987 ਬੈਚ ਦੇ ਦਿਨਕਰ ਗੁਪਤਾ ਦਰਮਿਆਨ ਹੀ ਡੀ.ਜੀ.ਪੀ. ਅਹੁਦੇ ਦੀ ਦੌੜ ਲੱਗੀ ਹੋਈ ਹੈ। ਸ੍ਰੀ ਮੁਸਤਫ਼ਾ ਇਸ ਸਮੇਂ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਨ ਜਦਕਿ ਸ੍ਰੀ ਗੁਪਤਾ ਡੀ.ਜੀ.ਪੀ. (ਇੰਟੈਲੀਜੈਂਸ) ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਅਧਿਕਾਰੀ ਨੂੰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਕਰੀਬੀ ਵੀ ਮੰਨਿਆ ਜਾਂਦਾ ਹੈ। ਮੁਹੰਮਦ ਮੁਸਤਫਾ ਦੇ ਸਬੰਧ ਸੀਨੀਅਰ ਕਾਂਗਰਸੀ ਨੇਤਾਵਾਂ ਨਾਲ ਹੋਣ ਕਰ ਕੇ ਹੀ ਇਸ ਵੱਕਾਰੀ ਅਹੁਦੇ ਦੇ ਦਾਅਵੇਦਾਰਾਂ 'ਚ ਉਹ ਸ਼ਾਮਲ ਹਨ। ਸੂਤਰਾਂ ਅਨੁਸਾਰ ਮੁੱਖ ਮੰਤਰੀ ਸਾਮੰਤ ਗੋਇਲ ਨੂੰ ਡੀ. ਜੀ. ਪੀ. ਲਾਉਣਾ ਚਾਹੁੰਦੇ ਹਨ ਪਰ ਅਜੀਤ ਡੋਵਾਲ ਵੱਲੋਂ ਹਰੀ ਝੰਡੀ ਨਹੀਂ ਦਿੱਤੀ ਜਾ ਰਹੀ ਹੈ।

# ਜੱਗੀ ਜੌਹਲ ਅਤੇ ਤਲਜੀਤ ਸਿੰਘ ਨੂੰ ਮਿਲੀ ਜ਼ਮਾਨਤ

**ਫਰੀਦਕੋਟ:** ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਅੰਮ੍ਰਿਤਸਰ ਵੱਲੋਂ ਗ੍ਰਿਫਤਾਰ ਕੀਤੇ ਪਰਵਾਸੀ ਪੰਜਾਬੀ ਜਗਤਾਰ ਸਿੰਘ ਜੱਗੀ ਜੌਹਲ ਤੇ ਉਸ ਦੇ ਸਾਥੀ ਤਲਜੀਤ ਸਿੰਘ ਨੂੰ ਸਥਾਨਕ ਅਦਾਲਤ ਵੱਲੋਂ



ਜ਼ਮਾਨਤ 'ਤੇ ਰਿਹਾਅ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਆਪਰੇਸ਼ਨ ਸੈੱਲ ਵੱਲੋਂ 90 ਦਿਨਾਂ 'ਚ ਪੜਤਾਲ ਨੂੰ ਪੂਰੀ ਨਾ ਕੀਤੇ ਜਾਣ ਕਰ ਕੇ ਦੋਵਾਂ ਨੂੰ ਜ਼ਮਾਨਤ ਦਿੱਤੀ ਗਈ ਹੈ ਜਦਕਿ ਆਪਰੇਸ਼ਨ ਸੈੱਲ ਨੇ ਜਾਂਚ ਦਾ ਸਮਾਂ ਵਧਾਉਣ ਦੀ ਮੰਗ ਕੀਤੀ ਸੀ, ਪਰ ਵਧੀਕ ਸੈਸ਼ਨ ਜੱਜ ਵੱਲੋਂ ਸਮਾਂ ਵਧਾਉਣ ਤੋਂ ਇਨਕਾਰ ਕਰ ਦਿੱਤਾ ਗਿਆ।

ਜੁਡੀਸ਼ੀਅਲ ਮੈਜਿਸਟਰੇਟ ਚੇਤਨ ਸ਼ਰਮਾ ਨੇ ਬਾਜਾਖਾਨਾ ਥਾਣੇ ਵਿਚ ਮੁਲਜ਼ਮਾਂ ਖਿਲਾਫ ਦਰਜ ਹੋਏ ਮਾਮਲੇ ਵਿਚ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ।

ਅਦਾਲਤ ਦੇ ਇਸ ਫੈਸਲੇ ਨਾਲ ਤਲਜੀਤ ਸਿੰਘ ਦੀ ਰਿਹਾਈ ਯਕੀਨੀ ਹੋ ਗਈ ਹੈ ਜਦਕਿ ਜਗਤਾਰ ਸਿੰਘ ਉਰਫ ਜੱਗੀ ਜੌਹਲ ਖਿਲਾਫ ਕੁਝ ਹੋਰ ਮੁਕੱਦਮੇ ਦਰਜ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਅਜੇ ਤਕ ਜ਼ਮਾਨਤ ਨਹੀਂ ਮਿਲੀ। ਸਟੇਟ ਸਪੈਸ਼ਲ ਸੈੱਲ ਨੇ 26 ਜੂਨ 2017 ਨੂੰ ਬਾਜਾਖਾਨਾ ਥਾਣੇ ਵਿਚ ਜੱਗੀ ਜੌਹਲ ਖਿਲਾਫ ਅਸਲਾ ਐਕਟ ਤੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਦੋਸ਼ ਲਗਾਏ ਸਨ ਕਿ ਜੱਗੀ ਜੌਹਲ ਯੂ.ਕੇ. ਤੋਂ ਵੱਡੀ ਮਾਤਰਾ ਵਿਚ ਪੈਸਾ ਖਾੜਕੂ ਗਰੁੱਪਾਂ ਨੂੰ ਭੇਜਦਾ ਹੈ ਤੇ ਇਸ ਨੇ ਭਾਰਤ ਵਿਚ ਪੈਸੇ ਭੇਜਣ ਲਈ ਆਪਣੇ ਕਈ ਸਾਧਨ ਸਥਾਪਤ ਕੀਤੇ ਹੋਏ ਹਨ। ਜਿਨ੍ਹਾਂ ਰਾਹੀਂ ਪੰਜਾਬ ਵਿਚ ਖਾੜਕੂਵਾਦ ਨੂੰ ਮੁੜ ਸੁਰਜੀਤ ਕਰਨ ਲਈ ਫੰਡਿੰਗ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਅਦਾਲਤ 'ਚ ਲਿਖਤੀ ਤੌਰ 'ਤੇ ਕੁਝ ਹੋਰ ਵਿਅਕਤੀਆਂ ਵਿਰੁਧ ਇਹ ਗਤੀਵਿਧੀਆਂ ਫੈਲਾਉਣ ਦਾ ਦਾਅਵਾ ਵੀ ਕੀਤਾ ਗਿਆ ਹੈ, ਜਿਸ ਵਿਚ ਗੁਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਲਖਬੀਰ ਸਿੰਘ ਤੇ ਵਰਿੰਦਰ ਸਿੰਘ ਦੇ ਨਾਂ ਸ਼ਾਮਲ ਹਨ।

# ਸੁਪਰੀਮ ਕੋਰਟ ਨੇ ਡਾਂਸ ਬਾਰਾਂ ਤੋਂ ਪਾਬੰਦੀ ਹਟਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 2016 ਦੇ ਕਾਨੂੰਨ ਦੀਆਂ ਕੁਝ ਧਾਰਾਵਾਂ ਉਲੱਦਦਿਆਂ ਤੇ ਇਹ ਕਹਿੰਦਿਆਂ ਮਹਾਰਾਸ਼ਟਰ ਵਿਚ ਡਾਂਸ ਬਾਰ ਮੁੜ ਖੋਲ੍ਹਣ ਲਈ ਹਰੀ ਝੰਡੀ ਦੇ ਦਿੱਤੀ ਕਿ ਸਰਕਾਰ ਬਾਰਾਂ ਉਤੇ ਨੇਮਬੰਦੀ ਕਰ ਸਕਦੀ ਹੈ ਪਾਬੰਦੀ ਨਹੀਂ ਲਾ ਸਕਦੀ।

ਡਾਂਸ ਬਾਰਾਂ ਚਲਾਉਣ ਲਈ ਲਾਇਸੈਂਸ ਲੈਣ ਦਾ ਰਾਹ ਖੋਲ੍ਹਦਿਆਂ ਜਸਟਿਸ ਏ.ਕੇ. ਸੀਕਰੀ ਦੀ ਅਗਵਾਈ ਹੇਠਲੇ ਬੈਂਚ ਨੇ ਡਾਂਸ ਬਾਰ ਧਾਰਮਿਕ ਸਥਾਨਾਂ ਅਤੇ ਵਿਦਿਅਕ ਸੰਸਥਾਵਾਂ ਤੋਂ ਇਕ ਕਿਲੋਮੀਟਰ ਦੂਰ ਖੋਲ੍ਹਣ ਦੀ ਆਗਿਆ ਦੇ ਦਿੱਤੀ। ਅਦਾਲਤ ਨੇ ਕਿਹਾ ਕਿ ਬਾਰਾਂ ਵਿਚ ਨਾਚ ਦਿਖਾਉਣ ਦੀ ਖੁੱਲ੍ਹ ਹੈ ਪਰ ਨ੍ਰਤਕੀਆਂ ਉਤੇ ਪੈਸੇ ਵਾਰਨ ਦੀ ਨਹੀਂ।

ਇਸ ਦੇ ਨਾਲ ਹੀ ਅਦਾਲਤ ਨੇ ਮਹਾਰਾਸ਼ਟਰ ਪ੍ਰੋਹਿਬਸ਼ਨ ਆਫ ਓਬਸੀਨ ਡਾਂਸ ਇਨ ਹੋਟਲ, ਰੈਸਟੋਰੈਂਟਸ ਐਂਡ ਬਾਰ ਰੂਮਜ਼ ਐਂਡ ਪ੍ਰੋਟੈਕਸ਼ਨ ਆਫ ਡਿਗਨਿਟੀ ਆਫ ਵਿਮੈਨ (ਵਰਕਿੰਗ ਦੇਅਰਇਨ) ਐਕਟ, 2016 ਦੀਆਂ ਧਾਰਾਵਾਂ ਰੱਦ ਕਰ ਦਿੱਤੀਆਂ ਜਿਨ੍ਹਾਂ ਵਿਚ ਡਾਂਸ ਬਾਰਾਂ ਅੰਦਰ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਧਾਰਾ ਵੀ ਸ਼ਾਮਲ ਹੈ ਜਿਸ ਨੂੰ ਨਿਜਤਾ ਦੀ ਉਲੰਘਣਾ ਕਰਾਰ ਦਿੱਤਾ ਗਿਆ। ਉਂਜ ਬੈਂਚ ਨੇ ਡਾਂਸ ਬਾਰ ਸ਼ਾਮੀ 6 ਵਜੇ ਤੋਂ ਰਾਤੀਂ 11.30 ਵਜੇ ਤੱਕ ਖੋਲ੍ਹਣ ਦੀ ਮਦ ਨੂੰ ਸਹੀ ਕਰਾਰ ਦਿੱਤਾ। ਬੈਂਚ ਨੇ ਕਿਹਾ ਕਿ 2005 ਤੋਂ ਲੈ ਕੇ ਹੁਣ ਤੱਕ, ਕਿਸੇ ਇਕ ਵਿਅਕਤੀ ਨੂੰ ਵੀ ਲਾਇਸੈਂਸ (ਡਾਂਸ ਬਾਰ ਲਈ) ਨਹੀਂ ਦਿੱਤਾ ਗਿਆ। ਰੈਗੂਲੇਸ਼ਨ ਹੋ ਸਕਦੀ ਹੈ ਪਰ ਮੁਕੰਮਲ ਪਾਬੰਦੀ ਨਹੀਂ ਲਾਈ ਜਾ ਸਕਦੀ।" ਸਮਾਜਿਕ ਕਾਰਕੁਨਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਭਾਰਤੀ ਬਾਰ ਗਰਲਜ਼ ਯੂਨੀਅਨ ਦੀ ਪ੍ਰਧਾਨ ਵਰਸ਼ਾ ਕਾਲੇ ਨੇ ਇਸ ਨੂੰ ਬਾਰ ਡਾਂਸਰਾਂ ਦੀ ਵੱਡੀ ਜਿੱਤ ਕਰਾਰ ਦਿੱਤਾ।

## ਇਨੈਲੋ ਵਿਧਾਇਕ ਜਸਵਿੰਦਰ ਸਿੰਘ ਸੰਧੂ ਦਾ ਦੇਹਾਂਤ

**ਪਿਹੋਵਾ:** ਪਿਹੋਵਾ ਤੋਂ ਇਨੈਲੋ ਦੇ ਵਿਧਾਇਕ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਜਸਵਿੰਦਰ ਸਿੰਘ ਸੰਧੂ (63) ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਪੀ.ਜੀ.ਆਈ. ਚੰਡੀਗੜ੍ਹ ਵਿਚ ਅਖੀਰਲੇ ਸਾਹ ਲਏ। ਸ੍ਰੀ ਸੰਧੂ ਜਿਗਰ ਦੇ ਕੈਂਸਰ ਨਾਲ ਪੀੜਤ ਸਨ।

# ਭਾਰਤ ਨੇ ਆਸਟਰੇਲੀਆ 'ਚ ਪਹਿਲੀ ਵਾਰ ਜਿੱਤੀ ਇਕ ਦਿਨਾਂ ਲੜੀ

**ਮੈਲਬੋਰਨ:** ਮਹਿੰਦਰ ਸਿੰਘ ਧੋਨੀ ਦੇ ਲੜੀ 'ਚ ਲਗਾਤਾਰ ਤੀਸਰੇ ਅਰਧ ਸੈਂਕੜੇ ਅਤੇ ਕੇਦਾਰ ਯਾਧਵ ਦੀ ਉਨ੍ਹਾਂ ਨਾਲ 121 ਦੌੜਾਂ ਦੀ ਸਾਂਝੇਦਾਰੀ ਦੀ ਮਦਦ ਨਾਲ ਭਾਰਤ ਨੇ ਆਸਟਰੇਲੀਆ ਨੂੰ ਮੈਲਬੋਰਨ ਇਕ ਦਿਨਾਂ ਮੈਚ 'ਚ 7 ਵਿਕਟਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਲੜੀ 2-1 ਨਾਲ ਆਪਣੇ ਨਾਂ ਕਰ ਲਈ। ਇਸ ਤਰ੍ਹਾਂ ਭਾਰਤ ਨੇ ਪਹਿਲੀ ਵਾਰ ਆਸਟਰੇਲੀਆ 'ਚ ਦੁਵੱਲੀ ਇਕ ਦਿਨਾਂ ਲੜੀ ਜਿੱਤ ਕੇ 71 ਸਾਲ ਪੁਰਾਣਾ ਇੰਤਜ਼ਾਰ ਖਤਮ ਕਰ ਦਿੱਤਾ। ਇਸ ਤੋਂ ਇਲਾਵਾ ਭਾਰਤ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ ਜੋ ਆਸਟਰੇਲੀਆਈ ਜ਼ਮੀਨ 'ਤੇ ਕੋਈ ਵੀ ਲੜੀ ਹਾਰਨ ਤੋਂ ਬਗੈਰ ਵਤਨ ਪਰਤਿਆ ਹੈ। ਦੱਸਣਯੋਗ ਹੈ ਕਿ ਭਾਰਤ ਨੇ ਟੈਸਟ ਲੜੀ 2-1 ਨਾਲ ਜਿੱਤੀ ਸੀ ਜਦਕਿ ਟੀ-20 ਲੜੀ 1-1 ਨਾਲ ਬਰਾਬਰ ਰਹੀ ਸੀ।

ਤੀਸਰੇ ਤੇ ਆਖਰੀ ਇਕ ਦਿਨਾਂ ਮੈਚ 'ਚ ਭਾਰਤ ਨੇ ਟਾਸ ਜਿੱਤ ਕੇ ਆਸਟਰੇਲੀਆ ਨੂੰ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ। ਯੁਜਵੇਂਦਰ ਚਹਿਲ ਦੀਆਂ 6 ਵਿਕਟਾਂ ਦੀ ਬਦੌਲਤ ਭਾਰਤ ਨੇ ਮੇਜ਼ਬਾਨ ਟੀਮ ਨੂੰ 48.4 ਓਵਰਾਂ 'ਚ 230 ਦੌੜਾਂ 'ਤੇ ਆਲ ਆਊਟ ਕਰ ਦਿੱਤਾ। ਜਵਾਬ 'ਚ ਭਾਰਤੀ



ਟੀਮ ਨੇ 49.2 ਓਵਰਾਂ ਵਿਚ 231 ਦੌੜਾਂ ਬਣਾ ਕੇ ਮੈਚ ਅਤੇ ਲੜੀ ਆਪਣੇ ਨਾਂ ਕਰ ਲਈ। ਆਸਟਰੇਲੀਆਈ ਗੇਂਦਬਾਜ਼ਾਂ ਨੇ ਸ਼ੁਰੂ ਤੋਂ ਹੀ ਭਾਰਤ ਉਤੇ ਦਬਾਅ ਬਣਾਈ ਰੱਖਿਆ। ਰੋਹਿਤ ਸ਼ਰਮਾ 17 ਗੇਂਦਾਂ ਉਤੇ 9 ਦੌੜਾਂ ਬਣਾ ਕੇ ਆਊਟ ਹੋਣ ਵਾਲੇ ਪਹਿਲੇ ਬੱਲੇਬਾਜ਼ ਰਹੇ। ਇਸ ਤੋਂ ਬਾਅਦ ਬੱਲੇਬਾਜ਼ੀ ਕਰਨ ਉਤਰੇ ਕਪਤਾਨ ਵਿਰਾਟ ਕੋਹਲੀ ਨੇ ਸ਼ਿਖਰ ਧਵਨ ਨਾਲ ਮਿਲ ਕੇ ਭਾਰਤੀ ਟੀਮ ਨੂੰ ਪਟੜੀ ਉਤੇ ਲਿਆਉਣ ਦਾ ਕੰਮ ਕੀਤਾ। ਦੋਵਾਂ ਨੇ ਮਿਲ ਕੇ ਦੂਸਰੇ ਵਿਕਟ ਲਈ 45 ਦੌੜਾਂ ਜੋੜੀਆਂ। ਧਵਨ 46 ਗੇਂਦਾਂ ਖੇਡ ਕੇ 3 ਚੌਕੇ ਲਗਾਉਂਦਿਆਂ 23 ਦੌੜਾਂ ਬਣਾ ਕੇ ਮਾਰਕਸ ਸਟਾਇਨਸ ਦੀ ਗੇਂਦ 'ਤੇ ਆਊਟ ਹੋ ਗਏ।

ਕੋਹਲੀ ਦਾ ਸਾਥ ਦੇਣ ਮਹਿੰਦਰ ਸਿੰਘ ਧੋਨੀ ਆਏ। ਦੋਵਾਂ ਨੇ ਤੀਸਰੀ ਵਿਕਟ ਲਈ 54 ਦੌੜਾਂ ਦੀ ਸਾਂਝੇਦਾਰੀ ਕੀਤੀ, ਪਰ ਇਹ ਦੋਵੇਂ ਦੌੜਾਂ ਦੀ ਗਤੀ ਨਾ ਵਧਾ ਸਕੇ। ਆਸਟਰੇਲੀਆ ਨੇ ਭਾਰਤੀ ਬੱਲੇਬਾਜ਼ਾਂ 'ਤੇ ਦਬਾਅ ਬਣਾਈ ਰੱਖਿਆ। ਕੋਹਲੀ ਜੋਏ ਰਿਚਰਡਸਨ ਦੀ ਗੇਂਦ ਉਤੇ ਆਊਟ ਹੋ ਗਏ। ਉਨ੍ਹਾਂ 62 ਗੇਂਦਾਂ 'ਤੇ 3 ਚੌਕਿਆਂ ਦੀ ਮਦਦ ਨਾਲ 46 ਦੌੜਾਂ ਬਣਾਈਆਂ। ਧੋਨੀ ਨੂੰ ਅਜਿਹੇ ਵਿਚ ਕੇਦਾਰ ਯਾਧਵ ਦਾ ਸਾਥ ਮਿਲਿਆ। ਯਾਧਵ ਨੇ ਸ਼ੁਰੂਆਤ 'ਚ ਟਿਕ ਕੇ ਖੇਡਣਾ ਸ਼ੁਰੂ ਕੀਤਾ ਅਤੇ ਭਾਰਤ ਨੂੰ ਜਿੱਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਅਰਧ ਸੈਂਕੜਾ ਲਗਾਇਆ, ਜਦਕਿ ਧੋਨੀ ਨੇ 114 ਗੇਂਦਾਂ ਦਾ ਸਾਹਮਣਾ ਕਰਦਿਆਂ 6 ਚੌਕੇ ਲਗਾ ਕੇ ਸ਼ਾਨਦਾਰ 87 ਦੌੜਾਂ ਬਣਾਈਆਂ ਤੇ ਨਾਬਾਦ ਪਰਤੇ। ਉਨ੍ਹਾਂ ਨੂੰ ਸ਼ਾਨਦਾਰ ਬੱਲੇਬਾਜ਼ੀ ਲਈ 'ਮੈਨ ਆਫ ਦਾ ਸੀਰੀਜ਼' ਚੁਣਿਆ ਗਿਆ। ਇਸ ਤੋਂ ਪਹਿਲਾਂ ਫਿਰਕੀ ਗੇਂਦਬਾਜ਼ ਯੁਜਵੇਂਦਰ ਚਹਿਲ ਦੇ ਜਾਦੂ ਨਾਲ ਭਾਰਤ ਨੇ ਆਸਟਰੇਲੀਆ ਨੂੰ 48.4 ਓਵਰਾਂ 'ਚ 230 ਦੌੜਾਂ ਉਤੇ ਢੇਰ ਕਰ ਦਿੱਤਾ। ਲੜੀ 'ਚ ਆਪਣਾ ਪਹਿਲਾ ਮੈਚ ਖੇਡ ਰਹੇ ਚਹਿਲ ਨੇ ਕਰੀਅਰ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ 10 ਓਵਰਾਂ 'ਚ 42 ਦੌੜਾਂ ਦੇ ਕੇ 6 ਵਿਕਟਾਂ ਲਈਆਂ। ਚਹਿਲ ਨੂੰ 'ਮੈਨ ਆਫ ਦਾ ਮੈਚ' ਚੁਣਿਆ ਗਿਆ।

## ਪਾਕਿਸਤਾਨ ਦੇ 332 ਕਾਨੂੰਨਘਾੜੇ ਮੁਅੱਤਲ

**ਇਸਲਾਮਾਬਾਦ:** ਚੋਣ ਕਮਿਸ਼ਨ ਨੂੰ ਜਾਇਦਾਦ ਤੇ ਹੋਰ ਅਸਾਸਿਆਂ ਦੀ ਜਾਣਕਾਰੀ ਦੇਣ ਵਿਚ ਨਾਕਾਮ ਰਹਿਣ ਉਤੇ ਪਾਕਿਸਤਾਨ ਦੇ 332 ਐਮਪੀਜ਼ ਦੀ ਮੈਂਬਰਸ਼ਿਪ ਮੁਅੱਤਲ ਕਰ ਦਿੱਤੀ ਗਈ ਹੈ। ਇਨ੍ਹਾਂ ਕਾਨੂੰਨਘਾੜਿਆਂ 'ਚ ਮੁਲਕ ਦੇ ਸੂਚਨਾ ਮੰਤਰੀ ਫਵਾਦ ਚੌਧਰੀ, ਸਿੱਖਿਆ ਮੰਤਰੀ ਆਮਿਰ ਕਿਆਨੀ, ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਆਗੂ ਅਹਿਸਨ ਇਕਬਾਲ, ਮੁਸੱਦਿਕ ਮਲਿਕ ਆਦਿ ਵੀ ਸ਼ਾਮਲ ਹਨ।

ਮੀਡੀਆ ਰਿਪੋਰਟਾਂ ਮੁਤਾਬਕ ਕੁੱਲ 1174 ਕਾਨੂੰਨਘਾੜਿਆਂ ਵਿਚੋਂ 839 ਨੇ ਹੀ ਆਪਣੀ ਜਾਇਦਾਦ ਤੇ ਅਸਾਸਿਆਂ ਸਬੰਧੀ ਤਫਸੀਲ ਪਾਕਿਸਤਾਨ ਦੇ ਚੋਣ ਕਮਿਸ਼ਨ (ਈ.ਸੀ.ਪੀ.) ਨੂੰ ਦਿੱਤੀ ਸੀ। ਦੁਨੀਆਂ ਨਿਊਜ਼ ਦੀ ਰਿਪੋਰਟ ਮੁਤਾਬਕ ਮੁਅੱਤਲ ਕੀਤੇ ਗਏ ਕਾਨੂੰਨਘਾੜਿਆਂ ਵਿਚੋਂ 72 ਕੌਮੀ ਅਸੈਂਬਲੀ ਨਾਲ ਸਬੰਧਤ ਹਨ। ਹੋਰਨਾਂ ਵਿਚ ਸੈਨੇਟ ਦੇ 20 ਮੈਂਬਰ, ਪੰਜਾਬ ਅਸੈਂਬਲੀ ਦੇ 115, ਸਿੰਧ ਅਸੈਂਬਲੀ ਦੇ 52, ਖੈਬਰ ਪਖਤੂਨਖਵਾ ਦੇ 54 ਅਤੇ ਬਲੋਚਿਸਤਾਨ ਅਸੈਂਬਲੀ ਦੇ 19 ਮੈਂਬਰ ਸ਼ਾਮਲ ਹਨ।

## ਅਸਥਾਨਾ ਬੀ.ਸੀ.ਏ.ਐਸ. ਦੇ ਡਾਇਰੈਕਟਰ ਜਨਰਲ ਨਿਯੁਕਤ

**ਨਵੀਂ ਦਿੱਲੀ:** ਸੀ.ਬੀ.ਆਈ. ਦੇ ਸਾਬਕਾ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਨੂੰ ਸਿਵਲ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਦਾ ਨਵਾਂ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਹੈ। ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ ਰਾਕੇਸ਼ ਅਸਥਾਨਾ ਦੀ ਇਸ ਨਿਯੁਕਤੀ ਨੂੰ ਕੈਬਨਿਟ ਦੀ ਨਿਯੁਕਤੀਆਂ ਸਬੰਧੀ ਕਮੇਟੀ ਨੇ ਮਨਜ਼ੂਰੀ ਦਿੱਤੀ ਹੈ।

# ਕਬੱਡੀ ਬਹਾਨੇ ਕੈਨੇਡਾ ਦੇ ਨਜ਼ਾਰੇ ਲੁੱਟਣ ਵਾਲਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਕਬੱਡੀ ਸਿਰਫ ਖੇਡ ਹੀ ਨਹੀਂ ਰਹੀ, ਬਲਕਿ ਇਹ ਹੁਣ ਮੋਟਾ ਪੈਸਾ ਕਮਾਉਣ ਦਾ ਸਾਧਨ ਬਣ ਗਈ ਹੈ। ਇਸ ਦੇ ਨਾਲ ਹੀ ਕਬੱਡੀ ਨੇ ਪੰਜਾਬੀਆਂ ਲਈ ਵਿਦੇਸ਼ਾਂ ਦੇ ਬੂਹੇ ਵੀ ਖੋਲ੍ਹ ਦਿੱਤੇ, ਜਿਸ ਦਾ ਕਈਆਂ ਨੇ ਨਾਜਾਇਜ਼ ਫਾਇਦਾ ਵੀ ਚੁੱਕਿਆ ਹੈ। ਇਸ ਗੱਲ ਦਾ ਖੁਲਾਸਾ ਕੈਨੇਡਾ ਸਰਕਾਰ ਦੀ ਖੁਫੀਆ ਰਿਪੋਰਟ ਵਿਚ ਹੋਇਆ ਹੈ। ਕਬੱਡੀ ਬਹਾਨੇ ਉਨ੍ਹਾਂ ਦੇ ਦੇਸ਼ ਆਉਣ ਵਾਲੇ ਨੌਜਵਾਨਾਂ ਵਿਚੋਂ ਅੱਧੇ ਹੀ ਵਾਪਸ ਪਰਤਦੇ ਹਨ।



ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਤਕਰੀਬਨ 47 ਫੀਸਦੀ ਨੌਜਵਾਨ ਜੋ ਕੈਨੇਡਾ ਵਿਚ ਕਬੱਡੀ ਖੇਡਣ ਆਉਂਦੇ ਹਨ, ਵਾਪਸ ਨਹੀਂ ਪਰਤਦੇ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸਾਲ 2015, 2016 ਤੇ 2017 ਵਿਚ 261 ਕਬੱਡੀ ਖਿਡਾਰੀਆਂ ਨੂੰ ਵੀਜ਼ਾ ਜਾਰੀ ਹੋਏ, ਜਿਨ੍ਹਾਂ ਵਿਚੋਂ 47 ਫੀਸਦੀ ਨੇ ਵਾਪਸ ਭਾਰਤ ਪਰਤ ਕੇ ਚੰਡੀਗੜ੍ਹ ਸਥਿਤ ਪਰਵਾਸ ਕੇਂਦਰ 'ਚ ਸੂਚਿਤ ਨਹੀਂ ਕੀਤਾ। ਬਾਕੀਆਂ 'ਚੋਂ 26 ਫੀਸਦੀ ਨੇ ਕੈਨੇਡਾ ਵਿਚ ਕੰਮਕਾਜੀ ਵੀਜ਼ੇ (ਵਰਕ ਪਰਮਿਟ) ਤੇ ਇਕ ਫੀਸਦੀ ਨੇ ਰਿਫੀਊਜੀ ਹੋਣ ਦਾ ਦਾਅਵਾ ਕੀਤਾ। ਰਿਪੋਰਟ ਮੁਤਾਬਕ ਇਨ੍ਹਾਂ ਸਾਲਾਂ ਵਿਚ ਖਿਡਾਰੀਆਂ ਦੇ ਵਾਪਸ ਆਪਣੇ ਦੇਸ਼ ਪਰਤਣ ਦੀ ਦਰ ਵਧੀ ਹੈ ਯਾਨੀ ਸਾਲ 2015 'ਚ 42 ਫੀਸਦੀ ਖਿਡਾਰੀ ਹੀ ਭਾਰਤ ਪਰਤੇ ਸਨ ਪਰ ਸਾਲ 2017 'ਚ 62 ਫੀਸਦੀ ਖਿਡਾਰੀ ਕੈਨੇਡਾ ਛੱਡ ਗਏ। ਉਧਰ, ਆਪਣੇ ਪੇਸ਼ੇ ਦੇ ਉਲਟ ਕੰਮਕਾਜੀ ਵੀਜ਼ੇ ਹਾਸਲ ਕਰਨ ਵਾਲੇ ਖਿਡਾਰੀਆਂ ਦੀ ਗਿਣਤੀ ਵੀ 21 ਤੋਂ 30 ਫੀਸਦੀ ਤੱਕ ਵਧੀ ਹੈ।

ਕੈਨੇਡਾ ਅਧਾਰਤ ਚਾਰ ਵੱਡੀਆਂ ਕਬੱਡੀ ਫੈਡਰੇਸ਼ਨਜ਼ ਇਨ੍ਹਾਂ ਖਿਡਾਰੀਆਂ ਨੂੰ ਵੱਡੀ ਗਿਣਤੀ ਵਿਚ ਮੌਜੂਦ ਭਾਰਤੀ ਲੋਕਾਂ ਦੇ ਮਨੋਰੰਜਨ ਲਈ ਉੱਥੇ ਖੇਡਣ ਲਈ ਬੁਲਾਉਂਦੀਆਂ ਹਨ। ਅੰਕੜੇ ਦੱਸਦੇ ਹਨ ਕਿ ਚਾਰ ਵਿਚੋਂ ਦੋ ਕਬੱਡੀ ਫੈਡਰੇਸ਼ਨਜ਼ ਵੱਲੋਂ ਸੱਦੇ ਗਏ ਖਿਡਾਰੀਆਂ ਵਿਚੋਂ 29 ਫੀਸਦੀ ਹੀ ਵਾਪਸ ਜਾਂਦੇ ਹਨ। ਚੰਡੀਗੜ੍ਹ ਸਥਿਤ ਵੀਜ਼ਾ ਦਫਤਰ ਮੁਤਾਬਕ ਵੱਡੀ ਗਿਣਤੀ ਵਿਚ ਕਬੱਡੀ ਖਿਡਾਰੀ ਕੈਨੇਡਾ ਜਾਣ ਲਈ ਬਿਨੈ ਕਰਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬੇਰੁਜ਼ਗਾਰ ਅਣਵਿਆਹੇ ਪੁਰਸ਼ ਹੁੰਦੇ ਹਨ ਜਿਨ੍ਹਾਂ ਕੋਲ ਕੋਈ ਖਾਸ ਆਰਥਕ ਵਸੀਲੇ ਵੀ ਨਹੀਂ ਹੁੰਦੇ।

ਰਿਪੋਰਟ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਗ਼ਲਤਬਿਆਨੀ, ਧੋਖਾਧੜੀ ਤੇ ਜਾਅਲੀ ਦਸਤਾਵੇਜ਼ਾਂ ਜਿਵੇਂ ਕਿ ਟੂਰਨਾਮੈਂਟ ਦੇ ਜਾਅਲੀ ਸਬੂਤ ਤੇ ਫੋਟੋਗ੍ਰਾਫ ਆਦਿ ਨਾਲ ਕਬੱਡੀ ਖੇਡਣ ਲਈ ਵੀਜ਼ਾ ਹਾਸਲ ਕੀਤੇ ਜਾ ਰਹੇ ਹਨ। ਇਹ ਰਿਪੋਰਟ ਕੈਨੇਡਾ ਸਰਕਾਰ ਕੋਲ ਹੈ ਤੇ ਇਸ 'ਤੇ ਜਲਦ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ।

## ਰਾਜੇਸ਼ ਕਾਲੀਆ ਬਣੇ ਚੰਡੀਗੜ੍ਹ ਦੇ ਮੇਅਰ

**ਚੰਡੀਗੜ੍ਹ:** ਭਾਜਪਾ ਦੇ ਮੇਅਰ ਉਮੀਦਵਾਰ ਰਾਜ਼ੇਸ ਕਾਲੀਆ ਆਪਣੀ ਪਾਰਟੀ ਦੇ ਬਾਗੀ ਉਮੀਦਵਾਰ ਸਤੀਸ਼ ਕੈਂਥ ਨੂੰ 5 ਵੋਟਾਂ ਦੇ ਫਰਕ ਨਾਲ ਹਰਾ ਕੇ ਚੰਡੀਗੜ੍ਹ ਮੇਅਰ ਦੀ ਕੁਰਸੀ ਹਾਸਲ ਕਰਨ 'ਚ ਸਫਲ ਰਹੇ ਜਦਕਿ ਅਕਾਲੀ-ਭਾਜਪਾ ਦੇ ਸਾਂਝੇ ਸੀਨੀਅਰ ਡਿਪਟੀ ਮੇਅਰ ਹਰਦੀਪ ਸਿੰਘ 14 ਅਤੇ ਭਾਜਪਾ ਦੇ ਡਿਪਟੀ ਮੇਅਰ ਕਨਵਰਜੀਤ ਸਿੰਘ ਰਾਣਾ ਨੇ 15 ਵੋਟਾਂ ਦੇ ਫਰਕ ਨਾਲ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰਾਂ ਨੂੰ ਹਰਾ ਕੇ ਜਿੱਤ ਦਰਜ ਕੀਤੀ ਹੈ।

ਮੇਅਰ ਦੀ ਚੋਣ ਦੌਰਾਨ ਕਾਂਗਰਸ ਵੱਲੋਂ ਮੇਅਰ ਉਮੀਦਵਾਰ ਸ਼ੀਲਾ ਫੂਲ ਸਿੰਘ ਨੇ ਆਪਣਾ ਨਾਂ ਚੋਣ ਵਿਚੋਂ ਕੁਝ ਪਲ ਪਹਿਲਾਂ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਹ ਐਲਾਨ ਅਸਿੱਧੇ ਤੌਰ 'ਤੇ ਭਾਜਪਾ ਬਾਗੀ ਉਮੀਦਵਾਰ ਸਤੀਸ਼ ਕੈਂਥ ਦੇ ਹੱਕ 'ਚ ਕੀਤਾ ਗਿਆ ਸੀ। ਵੋਟਿੰਗ ਦੌਰਾਨ ਭਾਜਪਾ ਬਾਗੀ ਸਤੀਸ਼ ਕੈਂਥ 11 ਅਤੇ ਰਾਜੇਸ਼ ਕਾਲੀਆ 16 ਵੋਟਾਂ ਲੈਣ 'ਚ ਸਫਲ ਰਹੇ।

## ਮਨੀਲਾ ਵਿਚ ਪੰਜਾਬੀ ਨੌਜਵਾਨ ਕਤਲ

**ਬੰਗਾ:** ਮਨੀਲਾ ਵਿਚ ਲੁਟੇਰਿਆਂ ਨੇ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਨੌਜਵਾਨ ਦੀ ਪਛਾਣ ਪਿੰਡ ਕੁਲਥਮ ਵਾਸੀ ਗੁਰਪ੍ਰੀਤ ਸਿੰਘ ਉਰਫ ਗੋਪੀ (35) ਵਜੋਂ ਹੋਈ ਹੈ। ਉਹ 12 ਸਾਲ ਤੋਂ ਮਨੀਲਾ 'ਚ ਰਹਿ ਰਿਹਾ ਸੀ ਅਤੇ ਉਥੇ ਫਾਇਨਾਂਸ ਦਾ ਕੰਮ ਕਰਦਾ ਸੀ। ਜਾਣਕਾਰੀ ਅਨੁਸਾਰ ਲੁੱਟ ਦੀ ਨੀਅਤ ਨਾਲ ਆਏ ਵਿਅਕਤੀ ਉਸ ਨੂੰ ਮਾਰਨ ਮਗਰੋਂ ਨਗਦੀ ਤੇ ਉਹਦੀ ਸਕੂਟੀ ਵੀ ਲੈ ਗਏ। ਪੀੜਤ ਦੀ ਦਾਦੀ ਸੱਤਿਆ ਨੇ ਦੱਸਿਆ ਕਿ ਉਸ ਦਾ ਪੋਤਾ ਆਪਣੇ ਮਾਤਾ ਪਿਤਾ, ਪਤਨੀ ਤੇ ਦੋ ਲੜਕੀਆਂ ਨਾਲ ਉਥੇ ਰਹਿ ਰਿਹਾ ਸੀ। ਚਾਰ ਮਹੀਨੇ ਪਹਿਲਾਂ ਵੀ ਗੁਰਪ੍ਰੀਤ ਦੇ ਇਕ ਰਿਸ਼ਤੇਦਾਰ ਦੀ ਲੁਟੇਰਿਆਂ ਨੇ ਮਨੀਲਾ ਵਿਚ ਹੀ ਹੱਤਿਆ ਕਰ ਦਿੱਤੀ ਸੀ।


ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ

ਫੋਨ: 608-630-0287

3-6



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਕੈਪਟਨ ਸਰਕਾਰ ਵੱਲੋਂ ਹੁਣ ਪੇਂਡੂ ਹਸਪਤਾਲ ਵੇਚਣ ਦੀ ਤਿਆਰੀ

**ਚੰਡੀਗੜ੍ਹ:** ਅਕਾਲੀਆਂ ਨੇ ਆਪਣੀ ਸਰਕਾਰ ਦੇ ਦਸ ਸਾਲਾਂ ਦੌਰਾਨ ਜਿਥੇ ਸਰਕਾਰੀ ਕੰਮਕਾਜ ਚਲਾਉਣ ਲਈ ਹਸਪਤਾਲਾਂ ਤੇ ਜੇਲ੍ਹਾਂ ਅਧੀਨ ਜ਼ਮੀਨ ਵੇਚ ਕੇ ਡੰਗ ਸਾਰਿਆ, ਉਥੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੇ ਸਰਕਾਰੀ ਹਸਪਤਾਲ ਨਿੱਜੀ ਪਾਰਟੀਆਂ ਨੂੰ ਵੇਚਣ ਦੀ ਤਿਆਰੀ ਕਰ ਲਈ ਹੈ। ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿਚਲੀਆਂ ਸੈਂਕੜੇ ਸਰਕਾਰੀ ਸਿਹਤ ਸੰਭਾਲ ਸੰਸਥਾਵਾਂ ਨਿੱਜੀ ਹੱਥਾਂ ਵਿਚ ਦੇਣ ਦੇ ਰਾਹ ਪੈਣ ਲੱਗੀ ਹੈ।

ਵੱਖ-ਵੱਖ ਅਖਬਾਰਾਂ ਵਿਚ ਪ੍ਰਕਾਸ਼ਿਤ ਜਨਤਕ ਨੋਟਿਸ ਮੁਤਾਬਕ ਰਾਜ ਦੇ ਸਿਹਤ ਵਿਭਾਗ ਨੇ ਪ੍ਰਾਈਵੇਟ ਡਾਕਟਰਾਂ ਤੇ ਹਸਪਤਾਲਾਂ ਤੋਂ ਗ੍ਰਾਮੀਣ ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ ਤੇ ਅਰਬਨ ਕਮਿਊਨਿਟੀ ਸਿਹਤ ਕੇਂਦਰ ਚਲਾਉਣ ਲਈ ਅਰਜ਼ੀਆਂ ਮੰਗੀਆਂ ਹਨ। ਇਹੀ ਨਹੀਂ ਸਰਕਾਰ ਨੇ ਪ੍ਰਾਈਵੇਟ ਡਾਕਟਰਾਂ ਤੇ ਪ੍ਰਾਈਵੇਟ ਹਸਪਤਾਲਾਂ ਤੋਂ ਇਨ੍ਹਾਂ ਸੰਸਥਾਵਾਂ ਦੀ ਬੋਲੀ ਸਬੰਧੀ ਅਰਜ਼ੀਆਂ ਵੀ ਮੰਗੀਆਂ ਹਨ। ਸਿਹਤ ਵਿਭਾਗ ਨੂੰ ਹੁਣ ਅਜਿਹੀਆਂ ਨਿੱਜੀ ਪਾਰਟੀਆਂ ਦੀ ਤਲਾਸ਼ ਹੈ, ਜੋ ਇਨ੍ਹਾਂ ਵਿਚੋਂ ਕੁਝ ਸਿਹਤ ਸੰਸਥਾਵਾਂ ਨੂੰ ਪਬਲਿਕ-ਪ੍ਰਾਈਵੇਟ ਭਾਈਵਾਲੀ (ਪੀ.ਪੀ.ਪੀ.) ਤਹਿਤ ਚਲਾ ਸਕਨ। ਸਰਕਾਰ ਵੱਲੋਂ ਹਸਪਤਾਲ ਨਿੱਜੀ ਹੱਥਾਂ 'ਚ ਦੇਣ ਮੌਕੇ ਮੋਟਾ ਪੈਸਾ ਲਾ ਕੇ ਤਿਆਰ ਕੀਤੀਆਂ ਇਮਾਰਤਾਂ ਤੋਂ ਇਲਾਵਾ ਅੰਦਰ ਪਿਆ ਫਰਨੀਚਰ ਤੇ ਹੋਰ ਸਾਜ਼ੋ-ਸਾਮਾਨ ਵੀ ਨਿੱਜੀ ਪਾਰਟੀਆਂ ਨੂੰ ਸੌਂਪ ਦਿੱਤਾ ਜਾਵੇਗਾ। ਨੋਟਿਸ ਮੁਤਾਬਕ ਚੁਣੀਆਂ ਗਈਆਂ ਪਾਰਟੀਆਂ ਨੂੰ ਇਨ੍ਹਾਂ ਹਸਪਤਾਲਾਂ 'ਚ ਲੋੜੀਂਦੇ ਸਟਾਫ ਦੀ ਤਾਇਨਾਤੀ ਦੇ ਨਾਲ ਮਿਥੇ ਵਕਫੇ ਤਕ ਸੰਸਥਾ ਦੀ ਸਾਂਭ-ਸੰਭਾਲ ਵੀ ਕਰਨੀ ਹੋਵੇਗੀ।

ਸਰਕਾਰ ਵੱਲੋਂ ਵੱਖ-ਵੱਖ ਸੇਵਾਵਾਂ ਲਈ ਦਰਾਂ ਨਿਰਧਾਰਤ ਕੀਤੀਆਂ ਜਾਣਗੀਆਂ, ਜਿਸ ਦੀ ਪੂਰਤੀ ਮਰੀਜ਼ਾਂ ਕੋਲੋਂ ਕੀਤੀ ਜਾਵੇਗੀ। ਨਿੱਜੀ ਪਾਰਟੀਆਂ 'ਤੇ ਵਧੇਰੇ ਮਿਹਰਬਾਨ ਹੁੰਦਿਆਂ ਸਰਕਾਰ ਨੇ ਇਥੋਂ ਤੱਕ ਕਿਹਾ ਹੈ ਕਿ ਜੇਕਰ ਨਿੱਜੀ ਪਾਰਟੀਆਂ ਦੇ ਖਰਚੇ ਤੇ ਕਮਾਈ ਵਿਚਲਾ ਖੱਪਾ ਵਧਦਾ ਹੈ ਤਾਂ ਇਸ ਦੀ ਭਰਪਾਈ ਵੀ ਸਰਕਾਰ ਵੱਲੋਂ ਸਾਲਾਨਾ ਗ੍ਰਾਂਟ ਵਜੋਂ ਕੀਤੀ ਜਾਵੇਗੀ। ਜਿਹੜੀਆਂ ਪਾਰਟੀਆਂ ਜਾਂ ਡਾਕਟਰ, ਜਾਂ ਫਿਰ ਡਾਕਟਰਾਂ ਦੇ ਸਮੂਹ ਪਹਿਲਾਂ ਹੀ ਨਿੱਜੀ ਸਿਹਤ ਸੰਸਥਾਵਾਂ ਚਲਾ ਰਹੇ ਹਨ, ਉਹ ਇਨ੍ਹਾਂ ਪ੍ਰੋਜੈਕਟਾਂ ਲਈ ਬੋਲੀ ਦੇਣ ਦੇ ਯੋਗ ਹੋਣਗੇ।




ਸਰਕਾਰੀ ਡਾਕਟਰਾਂ ਦੀ ਐਸੋਸੀਏਸ਼ਨ, ਪੰਜਾਬ ਸਿਵਲ ਮੈਡੀਕਲ ਸਰਵਸਿਜ਼ ਐਸੋਸੀਏਸ਼ਨ ਨੇ ਸਰਕਾਰ ਦੀ ਇਸ ਪੇਸ਼ਕਦਮੀ ਦਾ ਵਿਰੋਧ ਕੀਤਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਡਾ.ਗਗਨਦੀਪ ਸਿੰਘ ਨੇ ਕਿਹਾ ਕਿ ਇਹ ਇਮਾਰਤਾਂ (ਹਸਪਤਾਲ ਦੀ) 1960ਵਿਆਂ ਤੇ 1970ਵਿਆਂ 'ਚ ਲੋਕਾਂ ਦੇ ਪੈਸੇ ਨਾਲ ਉਸਰੀਆਂ ਸਨ। ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਨਿੱਜੀ ਮਲਕੀਅਤ ਨਹੀਂ ਹਨ। ਸਰਕਾਰ ਪਿੰਡਾਂ ਦੇ ਗਰੀਬ ਗੁਰਬੇ ਨੂੰ ਲੁੱਟਣ ਲਈ ਨਿੱਜੀ ਲੁਟੇਰਿਆਂ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਹੈ।

### ਸਿਹਤ ਸੰਸਥਾਵਾਂ ਦੇ ਨਿੱਜੀਕਰਨ 'ਤੇ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਦਿਹਾਤੀ ਖੇਤਰਾਂ ਵਿਚ ਵੱਖ-ਵੱਖ ਸਿਹਤ ਸੰਸਥਾਵਾਂ ਦਾ ਨਿੱਜੀਕਰਨ ਕਰਨ ਲਈ ਜਨਤਕ ਨੋਟਿਸ ਜਾਰੀ ਕਰਨ ਤੋਂ ਬਾਅਦ ਹੁਣ ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਯੂ-ਟਰਨ ਲੈਂਦਿਆਂ ਕਿਹਾ ਕਿ ਇਹੋ ਜਿਹੀ ਕੋਈ ਪੇਸ਼ਕਦਮੀ ਨਹੀਂ ਕੀਤੀ ਜਾ ਰਹੀ। ਵੱਖ ਵੱਖ ਅਖ਼ਬਾਰਾਂ 'ਚ ਇਕ ਜਨਤਕ ਨੋਟਿਸ ਪ੍ਰਕਾਸ਼ਤ ਹੋਇਆ ਸੀ ਜਿਸ 'ਚ ਸਿਹਤ ਵਿਭਾਗ ਨੇ ਮੁਢਲੇ ਸਿਹਤ ਕੇਂਦਰ ਪੀ. ਐਚ. ਸੀ., ਕਮਿਊਨਿਟੀ ਸਿਹਤ ਕੇਂਦਰ ਅਤੇ ਅਰਬਨ ਕਮਿਊਨਿਟੀ ਸਿਹਤ ਕੇਂਦਰ ਪੀ.ਪੀ.ਪੀ. (ਸਰਕਾਰੀ ਪ੍ਰਾਈਵੇਟ ਭਿਆਲੀ) ਆਧਾਰ 'ਤੇ ਚਲਾਉਣ ਲਈ ਬੋਲੀਆਂ ਮੰਗੀਆਂ ਗਈਆਂ ਸਨ। ਉਧਰ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਆਖਿਆ ਕਿ ਮੌਜੂਦਾ ਸਰਕਾਰ ਦੀ ਮਨਸ਼ਾ ਜਨਤਕ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਦੀ ਹੈ। ਮੰਤਰੀ ਨੇ ਸਫ਼ਾਈ ਦਿੱਤੀ ਕਿ ਵੱਖ ਵੱਖ ਕਾਰਨਾਂ ਕਰ ਕੇ ਦੇਸ਼ ਭਰ ਵਿਚ ਰਾਜ ਸਰਕਾਰਾਂ ਨੂੰ ਲੋੜੀਂਦੇ ਮਾਹਿਰ ਡਾਕਟਰ ਨਹੀਂ ਮਿਲ ਰਹੇ।

## ਪੰਜਾਬ ਦੇ ਸਕੂਲੀ ਬੱਚੇ ਕਰਨਗੇ ਗੁਜਰਾਤੀ ਭਜਨ ਦਾ ਗਾਇਨ

**ਚੰਡੀਗੜ੍ਹ:** ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਦੇ ਬੱਚਿਆਂ ਲਈ ਸੋਮਵਾਰ ਸਵੇਰ ਦੀ ਸਭਾ ਵੇਲੇ ਗੁਜਰਾਤੀ ਭਜਨ 'ਵੈਸ਼ਨਵ ਜਨ ਤੋ' ਗਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਸਰਕਾਰੀ ਸਕੂਲਾਂ ਵਿਚ ਪ੍ਰਾਇਮਰੀ, ਮਿਡਲ, ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਦੇ ਸਾਰੇ ਬੱਚੇ ਸ਼ਾਮਲ ਹੋਣਗੇ। ਅਧਿਆਪਕਾਂ ਨੂੰ ਹਰੇਕ ਬੱਚੇ ਨੂੰ ਇਹ ਭਜਨ ਜ਼ੁਬਾਨੀ ਯਾਦ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਅਜਿਹਾ ਮਹਾਤਮਾ ਗਾਂਧੀ ਦੀ 150 ਵਰ੍ਹੇਗੰਢ ਮਨਾਉਣ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੇ ਮੱਦੇਨਜ਼ਰ ਕੀਤਾ ਗਿਆ ਹੈ। ਉਧਰ, ਇਕ ਖ਼ਬਰ ਮੁਤਾਬਕ ਵਿਰੋਧੀ ਪਾਰਟੀਆਂ ਨੇ ਸਰਕਾਰ ਦੇ ਇਸ ਕਦਮ 'ਤੇ ਤਿੱਖੀ ਪ੍ਰਤੀਕ੍ਰਿਆ ਜ਼ਾਹਰ ਕੀਤੀ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਸਿਰਫ ਵਿਦਿਆਰਥੀਆਂ ਨੂੰ ਉਲਝਣ ਵਿਚ ਪਾਇਗਾ। ਯਾਦ ਰਹੇ, 'ਵੈਸ਼ਨਵ ਜਨ ਤੋ' ਮਹਾਤਮਾ ਗਾਂਧੀ ਦਾ ਮਨਪਸੰਦੀਦਾ ਭਜਨ ਸੀ। ਇਹ ਭਜਨ 15ਵੀਂ ਸਦੀ ਵਿਚ ਨਰਸਿੰਘ ਮਹਿਤਾ ਨੇ ਲਿਖਿਆ ਸੀ। ਇਸ ਵਿਚ ਭਗਵਾਨ ਵਿਸ਼ਨੂ ਦੇ ਜੀਵਨ ਤੇ ਵਿਚਾਰਾਂ ਬਾਰੇ ਗੱਲ ਕੀਤੀ ਗਈ ਹੈ। ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ ਦੇ ਨਿਰਦੇਸ਼ਕ ਨੇ ਦੱਸਿਆ ਕਿ ਇਹ ਨੋਟਿਸ ਕੇਂਦਰੀ ਮੰਤਰਾਲੇ ਦੇ ਮਨੁੱਖੀ ਸਰੋਤ ਵਿਭਾਗ ਦੇ ਹੁਕਮ 'ਤੇ ਜਾਰੀ ਕੀਤਾ ਗਿਆ ਹੈ।

# ਪੰਜਾਬੀ ਭਾਸ਼ਾ 'ਚ ਸੂਬੇ ਦੇ ਸਰਕਾਰੀ ਸਕੂਲਾਂ ਨੇ ਮੱਲਾਂ ਮਾਰੀਆਂ

**ਮੋਹਾਲੀ:** ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਮਾਤ ਭਾਸ਼ਾ ਵਿਚ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵਧੀਆ ਪ੍ਰਦਰਸ਼ਨ ਕੀਤਾ ਹੈ। ਇਸ ਦਾ ਖੁਲਾਸਾ ਸਿੱਖਿਆ ਦੇ ਖੇਤਰ ਵਿਚ ਵਿਸ਼ਲੇਸ਼ਣ ਕਰਦੀ ਰਿਪੋਰਟ ਐਨੂਅਲ ਸਟੇਟਸ ਆਫ ਐਜੂਕੇਸ਼ਨ ਰਿਪੋਰਟ (ਅਸਰ)-2018 ਵਿਚ ਹੋਇਆ ਹੈ। ਰਿਪੋਰਟ ਮੁਤਾਬਕ ਲਗਭਗ 3.55 ਲੱਖ ਸਕੂਲੀ ਬੱਚਿਆਂ ਦੇ ਘਰੋ-ਘਰੀ ਕੀਤੇ ਸਰਵੇਖਣ ਨੂੰ ਪਿਛਲੇ ਦਿਨੀਂ ਜਨਤਕ ਕੀਤਾ ਗਿਆ ਹੈ। ਦੇਸ਼ ਦੇ 596 ਜ਼ਿਲ੍ਹਿਆਂ ਵਿਚ ਇਹ ਸਰਵੇਖਣ ਕੀਤਾ ਗਿਆ। ਇਸ ਵਿਚ ਪੰਜਾਬ ਦੇ 20 ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ ਸੀ ਅਤੇ ਕਰੀਬ 1200 ਵਾਲੰਟੀਅਰਾਂ ਨੇ ਇਹ ਸਰਵੇਖਣ 'ਪ੍ਰਥਮ' ਗੈਰ ਸਰਕਾਰੀ ਸੰਸਥਾ ਵੱਲੋਂ ਕਰਕੇ ਰਿਪੋਰਟ ਤਿਆਰ ਕੀਤੀ ਗਈ।

ਪੰਜਾਬ ਦੇ 3 ਤੋਂ 16 ਸਾਲ ਤੱਕ ਦੇ 13 ਹਜ਼ਾਰ ਤੋਂ ਵੱਧ ਸਕੂਲੀ ਬੱਚਿਆਂ ਨੂੰ ਪੰਜਾਬੀ ਪੜ੍ਹਨ ਦੇ ਰੁਝਾਨ ਦੀ ਪੜਚੋਲ ਕੀਤੀ ਗਈ ਹੈ। ਜਾਂਚ ਪੱਤਰ ਵਿਚ ਅੱਖਰ ਪਛਾਣ (ਪੈਂਤੀ ਅੱਖਰੀ), ਦੋ ਅੱਖਰੀ ਸ਼ਬਦ ਮਾਤਰਾਵਾਂ ਵਾਲੇ, ਚਾਰ ਵਾਕਾਂ ਦਾ ਸਧਾਰਨ ਪੈਰ੍ਹਾ ਤੇ ਸਧਾਰਨ ਕਹਾਣੀ (ਦੂਜੀ ਜਮਾਤ ਦੇ ਪੱਧਰ ਵਾਲੀ) ਪੜ੍ਹਨ ਨੂੰ ਦਿੱਤੀ ਗਈ। ਸਰਵੇ ਅਨੁਸਾਰ ਪੰਜਾਬ ਨੇ ਤੀਜੀ, ਪੰਜਵੀਂ ਤੇ ਅੱਠਵੀਂ ਕਲਾਸ ਦੇ ਸਮੂਹ ਅੰਕੜਿਆਂ ਵਿੱਚ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਵੱਧ ਚੰਗਾ ਪ੍ਰਦਰਸ਼ਨ ਕੀਤਾ। ਅਸਰ-2018 ਦੀ ਰਿਪੋਰਟ ਅਨੁਸਾਰ ਤੀਜੀ ਜਮਾਤ ਵਿਚ ਪੰਜਾਬ ਦਾ ਇਹ ਅੰਕੜਾ 39.4 ਫੀਸਦੀ ਰਿਹਾ ਜਦਕਿ ਦੇਸ਼ ਭਰ 'ਚ ਤੀਜੀ ਜਮਾਤ ਦਾ ਭਾਸ਼ਾ ਨੂੰ ਪੜ੍ਹਨ ਦਾ ਅੰਕੜਾ 27.2 ਫੀਸਦੀ ਸਾਹਮਣੇ ਆਇਆ ਹੈ। ਪੰਜਵੀਂ ਜਮਾਤ ਵਿਚ ਪੰਜਾਬ ਦਾ ਅੰਕੜਾ ਭਾਰਤ ਦੇ ਅੰਕੜੇ ਤੋਂ 20.7 ਫੀਸਦੀ ਵੱਧ ਰਿਹਾ ਹੈ, ਜਿਸ ਵਿਚ ਪੰਜਾਬ ਦਾ 71.6 ਅਤੇ ਦੇਸ਼ ਦਾ 50.3 ਫੀਸਦੀ ਹੈ। ਭਾਰਤ ਵਿਚ ਅੱਠਵੀਂ ਜਮਾਤ ਦੇ ਪੰਜਾਬੀ ਭਾਸ਼ਾ ਨੂੰ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ 728 ਫੀਸਦੀ ਰਹੀ ਜਦਕਿ ਪੰਜਾਬ ਦੇ ਬੱਚੇ 12.3 ਫੀਸਦੀ ਵੱਧ ਭਾਵ 85.1 ਫੀਸਦੀ ਰਹੀ ਹੈ। ਤਾਜ਼ਾ ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਤੀਜੀ ਅਤੇ ਪੰਜਵੀਂ ਦੇ ਬੱਚਿਆਂ ਦਾ ਵੀ ਪੜ੍ਹਨ ਦਾ ਪੱਧਰ ਲਗਾਤਾਰ ਵਧ ਰਿਹਾ ਹੈ।

### ਵਾਤਾਵਰਨ ਅਨੁਕੂਲ ਕਾਗਜ਼ 'ਤੇ ਕਿਤਾਬਾਂ ਛਾਪੇਗਾ ਪੰਜਾਬ ਸਕੂਲ ਸਿੱਖਿਆ ਬੋਰਡ

**ਮੋਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਨੇ ਦੋ ਸਾਲ ਦੇ ਵਕਫੇ ਮਗਰੋਂ ਮੁੜ ਵਾਤਾਵਰਣ ਅਨੁਕੂਲ ਕਾਗਜ਼ ਦੀ ਵਰਤੋਂ ਵੱਲ ਮੁਹਾਰਾਂ ਮੋੜ ਲਈਆਂ ਹਨ ਅਤੇ ਕੇਂਦਰੀ ਗ੍ਰੀਨ ਟ੍ਰਿਬਿਊਨਲ ਨੇ ਬੋਰਡ ਦੇ ਇਸ ਫੈਸਲੇ ਦਾ ਸਵਾਗਤ ਵੀ ਕੀਤਾ ਹੈ। ਇਸ ਸਬੰਧੀ ਬੋਰਡ ਦੇ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਵੀ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਪਾਠ ਪੁਸਤਕਾਂ ਛਪਾਉਣ ਲਈ ਵਰਤਿਆ ਜਾਣ ਵਾਲਾ ਕਾਗਜ਼ ਵਿਦਿਆਰਥੀਆਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੱਸਿਆ ਕਿ ਬੋਰਡ ਵਲੋਂ ਸਕੂਲ ਮੁਖੀਆਂ ਨੂੰ ਇਸ ਗੱਲ ਲਈ ਉਤਸ਼ਾਹਿਤ ਕਰਨ 'ਤੇ ਵਿਚਾਰ ਕੀਤੀ ਜਾ ਰਹੀ ਹੈ ਕਿ ਉਹ ਇਸ ਵਰ੍ਹੇ ਪਾਸ ਹੋ ਰਹੇ ਵਿਦਿਆਰਥੀਆਂ ਦੀਆਂ ਚੰਗੀ ਹਾਲਤ ਵਾਲੀਆਂ ਪਾਠ-ਪੁਸਤਕਾਂ ਅਗਲੇ ਵਰ੍ਹੇ ਦੇ ਵਿਦਿਆਰਥੀਆਂ ਨੂੰ ਦੇਣ ਲਈ ਰਖਵਾ ਲੈਣ, ਜਿਸ ਨਾਲ ਨਵੀਆਂ ਕਿਤਾਬਾਂ ਦੀ ਮੰਗ ਘਟ ਸਕੇਗੀ। ਕਲੋਹੀਆ ਨੇ ਕਿਹਾ ਕਿ ਇਹ ਕਾਰਵਾਈ ਨਾ ਸਿਰਫ ਕਾਗਜ਼ ਦੀ ਖਪਤ ਘਟਾਏਗੀ, ਸਗੋਂ ਕੌਮੀ ਨੁਕਸਾਨ ਘਟ ਕਰਨ 'ਚ ਵੀ ਸਹਾਈ ਸਿੱਧ ਹੋਵੇਗੀ।

## ਉਤਰਾਖੰਡ ਸਰਕਾਰ ਵੱਲੋਂ ਗੁਰਦੁਆਰਾ ਗਿਆਨ ਗੋਦੜੀ ਲਈ ਜ਼ਮੀਨ ਬਾਰੇ ਫੈਸਲੇ ਤੋਂ ਟਾਲਾ

**ਅੰਮ੍ਰਿਤਸਰ:** ਉੱਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਰਾਵਤ ਨੇ ਹਰਿਦੁਆਰ ਸਥਿਤ ਗੰਗਾ ਕੰਢੇ ਗੁਰਦੁਆਰਾ ਗਿਆਨ ਗੋਦੜੀ ਬਾਰੇ ਜ਼ਮੀਨ ਦੇਣ ਸਬੰਧੀ ਸਿੱਖ ਭਾਈਚਾਰੇ ਦੀ ਮੰਗ 'ਤੇ ਫਿਲਹਾਲ ਸਹਿਮਤੀ ਨਹੀਂ ਦਿੱਤੀ ਹੈ। ਉਨ੍ਹਾਂ ਇਸ ਸਬੰਧੀ ਆਖਿਆ ਕਿ ਜਦੋਂ ਸਿੱਖ ਇਕਮੱਤ ਹੋਣਗੇ ਤਾਂ ਹੀ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ। ਉਹ ਇਥੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਆਏ ਸਨ।



ਮੁੱਖ ਮੰਤਰੀ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਉੱਤਰਾਖੰਡ ਸਰਕਾਰ ਵੱਲੋਂ ਗੁਰਦੁਆਰਾ ਨਾਨਕ ਮੱਤਾ ਵਿਖੇ ਗੁਰਮਤਿ ਸਮਾਗਮ ਕਰਾਏ ਜਾਣਗੇ। ਸਿੱਖ ਇਤਿਹਾਸ ਬਾਰੇ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਉੱਤਰਾਖੰਡ ਦੀ ਧਰਤੀ 'ਤੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਕਈ ਇਤਿਹਾਸਕ ਗੁਰਦੁਆਰੇ ਹਨ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਦੀ ਉਨ੍ਹਾਂ ਦੀ ਚਿਰੋਕਣੀ ਇੱਛਾ ਸੀ, ਜੋ ਅੱਜ ਪੂਰੀ ਹੋਈ ਹੈ। ਉਨ੍ਹਾਂ ਇਥੇ ਗੁਰੂ ਘਰ ਵਿਚ ਮੱਥਾ ਟੇਕਿਆ ਅਤੇ ਭਾਈਚਾਰਕ ਸਾਂਝ ਮਜ਼ਬੂਤ ਬਣਾਉਣ ਦੀ ਅਰਦਾਸ ਕੀਤੀ ਹੈ। ਅਯੁੱਧਿਆ 'ਚ ਰਾਮ ਮੰਦਿਰ ਦੀ ਉਸਾਰੀ ਬਾਰੇ ਉਨ੍ਹਾਂ ਆਖਿਆ ਕਿ ਰਾਮ ਮੰਦਿਰ ਭਾਜਪਾ ਵੱਲੋਂ ਹੀ ਬਣਾਇਆ ਜਾਵੇਗਾ। ਉਨ੍ਹਾਂ 2019 ਦੀਆਂ ਸੰਸਦੀ ਚੋਣਾਂ ਵਿਚ ਭਾਜਪਾ ਦੀ ਜਿੱਤ ਦਾ ਦਾਅਵਾ ਕੀਤਾ। ਉੱਤਰਾਖੰਡ ਦੇ ਕਾਸ਼ੀਪੁਰ 'ਚ ਸਿੱਖ ਕਿਸਾਨਾਂ ਦੀਆਂ ਜ਼ਮੀਨਾਂ ਦੇ ਮਾਮਲੇ ਬਾਰੇ ਉਨ੍ਹਾਂ ਆਖਿਆ ਕਿ ਸਿੱਖਾਂ ਨੂੰ ਉਥੇ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਨਾਲ ਉੱਤਰਾਖੰਡ ਦੇ ਵਿਧਾਇਕ ਹਰਭਜਨ ਸਿੰਘ ਚੀਮਾ ਵੀ ਹਾਜ਼ਰ ਸਨ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਲੰਗਰ ਘਰ ਵਿਚ ਬਰਤਨ ਸਾਫ ਕਰਨ ਦੀ ਸੇਵਾ ਵੀ ਕੀਤੀ। ਉਨ੍ਹਾਂ ਇਥੇ ਲੰਗਰ ਵੀ ਛਕਿਆ।

## ਡਿਜੀਟਲ ਭੁਗਤਾਨ: ਦੇਸ਼ ਭਰ 'ਚ ਅੱਵਲ ਬਣਿਆ ਪਾਵਰਕੌਮ

**ਪਟਿਆਲਾ:** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ 'ਪਾਵਰਕੌਮ' ਆਲ ਇੰਡੀਆ ਪੱਧਰ 'ਤੇ ਦੇਸ਼ ਦੇ ਸਾਰੇ ਪਾਵਰ ਯੂਟੀਲਿਟੀਜ਼ ਵਿਚ ਡਿਜੀਟਲ ਟ੍ਰਾਂਜੈਕਸ਼ਨ ਦੇ ਖੇਤਰ



ਵਿਚ ਸਭ ਤੋਂ ਮੋਹਰੀ ਬਣਿਆ ਹੈ। ਇਹ ਜਾਣਕਾਰੀ ਭਾਰਤ ਸਰਕਾਰ ਦੇ ਊਰਜਾ ਮੰਤਰਾਲਾ ਦੇ ਊਰਜਾ ਪੋਰਟਲ 'ਤੇ ਅਪਲੋਡ ਕੀਤੀ ਗਈ ਹੈ।

ਪਾਵਰਕੌਮ ਦੇ ਸੀ.ਐਮ.ਡੀ. ਇੰਜੀ. ਬਲਦੇਵ ਸਿੰਘ ਸਰਾ ਨੇ ਦੱਸਿਆ ਕਿ ਪੰਜਾਬ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ ਕਿ ਰਾਜ ਦੇ 8 ਕਸਬੇ ਦੇਸ਼ ਦੇ ਪਹਿਲੇ 25 ਸ਼ਹਿਰਾਂ ਦੇ ਡਿਜੀਟਲ ਕੈਟੇਗਰੀ ਵਿਚ ਹਨ ਤੇ ਆਲ ਇੰਡੀਆ ਪੱਧਰ ਦੇ ਕੁੱਲ 1405 ਕਸਬੇ ਗਿਣਤੀ ਵਿਚੋਂ ਇਹ ਗਿਣਤੀ ਕੀਤੀ ਗਈ ਹੈ। ਸੀ.ਐਮ.ਡੀ. ਇੰਜੀ. ਸਰਾ ਨੇ ਇਹ ਵੀ ਦੱਸਿਆ ਕਿ ਡਿਜੀਟਲ ਸ਼੍ਰੇਣੀ ਵਿਚ ਅਜਿਹੀ ਪ੍ਰਾਪਤੀ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ ਜਦ ਪੰਜਾਬ ਨੂੰ ਇਕ ਖੇਤੀਬਾੜੀ ਰਾਜ ਮੰਨਿਆ ਜਾਂਦਾ ਹੈ। ਪਾਵਰਕੌਮ ਨੇ ਆਪਣੇ ਗਾਹਕਾਂ ਦੇ ਸਮਰਥਨ ਨਾਲ ਇਹ ਪ੍ਰਾਪਤੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਖਪਤਕਾਰਾਂ ਦੀਆਂ ਚਿੰਤਾਵਾਂ ਨੂੰ ਸੁਲਝਾਉਣ ਅਤੇ ਡਿਜੀਟਲ ਭੁਗਤਾਨ ਪ੍ਰਣਾਲੀ ਲਈ ਉਤਸ਼ਾਹਿਤ ਕਰਨ ਲਈ ਪਾਵਰਕੌਮ ਲਗਾਤਾਰ ਖਪਤਕਾਰਾਂ ਨਾਲ ਗੱਲਬਾਤ ਕਰ ਰਿਹਾ ਹੈ ਅਤੇ ਉਹ ਬਹੁਤ ਉਤਸ਼ਾਹ ਨਾਲ ਡਿਜੀਟਲ ਭੁਗਤਾਨਾਂ ਵਿਚ ਭਰੋਸਾ ਦਿਖਾ ਰਹੇ ਹਨ। ਪਾਵਰਕੌਮ ਨੇ ਅਪਰੈਲ ਤੋਂ ਦਸੰਬਰ, 2018 ਤੱਕ (ਲਗਭਗ 47 ਫੀਸਦੀ ਕੁੱਲ ਭੁਗਤਾਨ) ਅਤੇ ਦਸੰਬਰ 2018 ਵਿਚ ਕਰੀਬ 60 ਫ਼ੀਸਦੀ ਡਿਜੀਟਲ ਭੁਗਤਾਨ ਕੀਤਾ।

## ਹਵਾਰਾ 'ਤੇ ਹਮਲੇ ਦੀ ਕੋਸ਼ਿਸ਼ ਕਰਨ ਵਾਲੇ ਸ਼ਿਵ ਸੈਨਾ ਆਗੂ ਨੂੰ ਕੈਦ

**ਚੰਡੀਗੜ੍ਹ:** ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਸਿੰਘ ਭਿਓਰਾ ਨੂੰ ਜ਼ਿਲ੍ਹਾ ਅਦਾਲਤ 'ਚ ਪੇਸ਼ ਕਰਨ ਦੌਰਾਨ ਪੁਲਿਸ ਕਰਮੀਆਂ ਨਾਲ ਉਲਝਣ ਦੇ ਮਾਮਲੇ 'ਚ ਖੁਦ ਨੂੰ ਸ਼ਿਵ ਸੈਨਾ ਆਗੂ ਆਖਦੇ ਨਿਸ਼ਾਂਤ ਸ਼ਰਮਾ ਅਤੇ ਦੋ ਹੋਰ ਨੂੰ ਅਦਾਲਤ ਨੇ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ।

ਜੇਲ੍ਹ ਬ੍ਰੇਕ ਮਾਮਲੇ 'ਚ 2011 ਵਿਚ ਪੁਲਿਸ ਜਗਤਾਰ ਸਿੰਘ ਹਵਾਰਾ ਅਤੇ ਭਿਓਰਾ ਨੂੰ ਸੈਕਟਰ 17 ਜ਼ਿਲ੍ਹਾ ਅਦਾਲਤ 'ਚ ਪੇਸ਼ ਕਰਨ ਲਿਆਈ ਸੀ ਜਿਸ ਦੌਰਾਨ ਨਿਸ਼ਾਂਤ ਸ਼ਰਮਾ ਅਤੇ ਉਸ ਦੇ ਸਾਥੀਆਂ ਨੇ ਭਾਈ ਹਵਾਰਾ ਤੇ ਭਿਓਰਾ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੋਸ਼ੀਆਂ 'ਚ ਨਿਸ਼ਾਂਤ ਸ਼ਰਮਾ, ਆਸ਼ੂਤੋਸ਼ ਗੌਤਮ ਤੇ ਰਮੇਸ਼ ਕੁਮਾਰ ਦੱਤ ਸ਼ਾਮਲ ਹਨ, ਜਿਨ੍ਹਾਂ ਨੂੰ ਅਦਾਲਤ ਨੇ ਧਾਰਾ 186, 332, 353, 341 ਤੇ 34 ਤਹਿਤ ਦੋਸ਼ੀ ਕਰਾਰ ਦਿੱਤਾ। ਇਕ ਹੋਰ ਮੁਲਜ਼ਮ ਮਨੀਸ਼ ਸੂਦ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਸੀ। ਅਦਾਲਤ ਨੇ ਹਰ ਦੋਸ਼ੀ ਨੂੰ 5 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ।

## ਅੰਮ੍ਰਿਤਸਰ-ਜਲੰਧਰ ਵਿਚਾਲੇ ਨਵੀਂ ਯਾਤਰੀ ਰੇਲ ਗੱਡੀ ਦੀ ਸ਼ੁਰੂਆਤ

**ਅੰਮ੍ਰਿਤਸਰ:** ਭਾਰਤੀ ਰੇਲਵੇ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਜਲੰਧਰ ਸ਼ਹਿਰ ਲਈ ਚਲਾਈ ਗਈ ਵਿਸ਼ੇਸ਼ ਯਾਤਰੀ ਰੇਲ ਗੱਡੀ ਅੰਮ੍ਰਿਤਸਰ ਤੋਂ ਰਵਾਨਾ ਹੋ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਨਵੀਂ ਰੇਲ ਗੱਡੀ ਨੂੰ ਰਵਾਨਾ ਕਰਨ ਲਈ ਨਾ ਤਾਂ ਫਿਰੋਜ਼ਪੁਰ ਰੇਲਵੇ ਡਵੀਜ਼ਨ ਤੇ ਨਾ ਹੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਦਾ ਕੋਈ ਸਥਾਨਕ ਅਧਿਕਾਰੀ ਮੌਕੇ 'ਤੇ ਪਹੁੰਚਿਆ। ਅੰਮ੍ਰਿਤਸਰ ਤੋਂ ਰਵਾਨਾ ਹੋਣ ਵਾਲੀ ਇਹ ਵਿਸ਼ੇਸ਼ ਯਾਤਰੀ ਰੇਲ ਗੱਡੀ 54610 ਰੋਜ਼ਾਨਾ ਸਵਾ 12 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਅਤੇ 1:55 ਤੇ ਜਲੰਧਰ ਸ਼ਹਿਰ ਰੇਲਵੇ ਸਟੇਸ਼ਨ 'ਤੇ ਪਹੁੰਚੇਗੀ।

ਇਸ ਦੌਰਾਨ ਇਹ ਰੇਲ ਗੱਡੀ ਬਿਆਸ ਅਤੇ ਕਰਤਾਰਪੁਰ ਰੇਲਵੇ ਸਟੇਸ਼ਨਾਂ 'ਤੇ ਹੀ ਰੁਕੇਗੀ। ਰੇਲ ਗੱਡੀ ਦੇ ਚੱਲਣ ਨਾਲ ਉਨ੍ਹਾਂ ਯਾਤਰੀਆਂ ਨੂੰ ਸਹੂਲਤ ਹੋ ਗਈ ਹੈ ਜੋ ਦੁਪਹਿਰ ਦੇ ਸਮੇਂ ਜਲੰਧਰ ਜਾਣਾ ਚਾਹੁੰਦੇ ਹਨ, ਕਿਉਂਕਿ 11:55 'ਤੇ ਸ਼ਹੀਦ ਐਕਸਪ੍ਰੈਸ ਅਤੇ ਸਰਿਯੂਯਮੁਨਾ ਐਕਸਪ੍ਰੈਸ ਤੋਂ ਬਾਅਦ 1:30 ਵਜੇ ਨੰਗਲ ਡੈਮ ਐਕਸਪ੍ਰੈਸ ਹੀ ਚਲਦੀ ਸੀ ਅਤੇ ਇਸ ਪਿਛੋਂ ਜਲੰਧਰ ਲਈ ਸ਼ਾਮ ਸਵਾ 3 ਤੋਂ ਪਹਿਲਾਂ ਕੋਈ ਰੇਲ ਗੱਡੀ ਨਹੀਂ ਚਲਦੀ। ਇਸ ਰੇਲ ਗੱਡੀ 'ਚ ਕੁੱਲ 9 ਡੱਬੇ ਹਨ ਜਿਨ੍ਹਾਂ 'ਚ 7 ਜਨਰਲ ਸ਼੍ਰੇਣੀ ਅਤੇ ਦੋ ਡੱਬੇ ਜਨਰਲ ਕਮ ਪਾਰਸਲ ਰੱਖਣ ਲਈ ਹਨ।

# ਗਣਤੰਤਰ ਦਿਵਸ ਲੰਘਦੇ ਸਾਰ ਲੋਕਾਂ ਨੂੰ ਮੂਰਖ ਬਣਾਉਣ ਦਾ ਦੌਰ ਮੁੜ ਚੱਲੇਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ (ਸਨਿਚਰਵਾਰ) ਭਾਰਤ ਦਾ ਇੱਕ ਹੋਰ ਗਣਤੰਤਰ ਦਿਵਸ ਆਉਣ ਵਾਲਾ ਹੈ, ਉਸ ਦੇਸ਼ ਦਾ ਗਣਤੰਤਰ, ਜਿਸ ਨੂੰ ਵਿਦੇਸ਼ੀ ਰਾਜ ਦੇ ਜੂਲੇ ਤੋਂ ਛੁਡਾਉਣ ਲਈ ਦੇਸ਼ ਦੇ ਲੋਕਾਂ ਨੇ ਧਰਮਾਂ-ਜਾਤਾਂ ਤੋਂ ਉਪਰ ਉਠ ਕੇ ਕੁਰਬਾਨੀਆਂ ਦਿਤੀਆਂ, ਜਿਨ੍ਹਾਂ 'ਚ ਸਿਆਸੀ ਸੋਚਣੀ ਪੱਖੋਂ ਵੱਡੇ ਫਰਕ ਵਾਲੇ ਲੋਕ ਵੀ ਸ਼ਾਮਲ ਸਨ ਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਫਾਂਸੀ ਦੇ ਰੱਸੇ ਨਾਲ ਝੂਲ ਗਏ ਜਾਂ ਜੇਲ੍ਹਾਂ ਵਿਚ ਉਮਰਾਂ ਗਾਲਦੇ ਰਹੇ ਸਨ। ਜਦੋਂ ਦੇਸ਼ ਨੂੰ ਆਖਰ 'ਚ ਆਜ਼ਾਦੀ ਨਸੀਬ ਹੋਈ ਤਾਂ ਕੁਰਬਾਨੀਆਂ ਕਰਨ ਵਾਲੇ ਲੋਕ ਭੁਲਾ ਦਿੱਤੇ ਗਏ ਤੇ ਸਿਹਰਾ ਲੈਣ ਦੀ ਦੌੜ ਵਿਚ ਅਜਿਹੇ ਲੋਕ ਵੀ ਸ਼ਾਮਲ ਦਿੱਸਣ ਲੱਗ ਪਏ, ਜੋ ਅੰਗਰੇਜ਼ਾਂ ਨਾਲ ਮਿਲ ਕੇ ਮਜ਼ੇ ਕਰਦੇ ਰਹੇ ਸਨ।

ਆਜ਼ਾਦੀ ਦੇ ਮੁਢਲੇ ਕੁਝ ਸਾਲਾਂ ਦੌਰਾਨ ਫਿਰ ਵੀ ਉਹ ਆਗੂ ਚੋਖੇ ਸਨ, ਜੋ ਆਜ਼ਾਦੀ ਦੀ ਜੰਗ ਦੌਰਾਨ ਸੱਚੇ ਮਨੋਂ ਜੂਝਦੇ ਰਹੇ। ਉਨ੍ਹਾਂ ਸਾਲਾਂ ਦੌਰਾਨ ਹੀ ਭਾਰਤ ਦਾ ਸੰਵਿਧਾਨ ਘੜਿਆ ਗਿਆ ਤੇ ਇਸ ਨੂੰ ਗਣਤੰਤਰ ਐਲਾਨਿਆ ਗਿਆ ਸੀ।

ਜਦੋਂ ਇਸ ਨਵੇਂ-ਨਵੇਂ ਆਜ਼ਾਦ ਹੋਏ ਦੇਸ਼ ਨੂੰ ਗਣਤੰਤਰ, ਅਰਥਾਤ ਗਣ ਕਹੇ ਜਾਂਦੇ ਲੋਕਾਂ ਦਾ ਰਾਜ, ਐਲਾਨੇ ਜਾਣ ਲਈ ਇੱਕ ਸੰਵਿਧਾਨ ਮਨਜ਼ੂਰ ਕੀਤਾ ਗਿਆ ਤਾਂ ਉਸ ਦੇ ਪਹਿਲੇ ਸ਼ਬਦ 'ਹਮ ਭਾਰਤ ਕੇ ਲੋਗ' ਲਿਖ ਕੇ ਅੱਗੇ ਗੱਲ ਸ਼ੁਰੂ ਕੀਤੀ ਗਈ ਸੀ। ਪਿਛੋਂ 'ਹਮ ਭਾਰਤ ਕੇ ਲੋਗ' ਸਿਰਫ ਕਹਿਣ ਲਈ ਇੱਕ ਸ਼ਬਦ ਰਹਿ ਗਿਆ ਤੇ ਚੋਣਾਂ ਮੌਕੇ ਹਰ ਵਾਰ ਉਹ ਆਗੂ ਜਿੱਤਣ ਲੱਗੇ, ਜੋ ਲੋਕਾਂ ਦੇ ਨਾਂ 'ਤੇ ਨੌਟੰਕੀ ਕਰ ਕੇ ਵੋਟਾਂ ਦਾ ਬੋਹਲ ਹੂੰਝਣ ਵਿਚ ਬਾਕੀ ਸਭ ਤੋਂ ਵੱਧ ਚੁਸਤ ਸਨ। ਕਿਸੇ ਨੇ 'ਗਰੀਬੀ ਹਟਾਓ' ਦਾ ਨਾਅਰਾ ਦੇ ਦਿੱਤਾ, ਕਿਸੇ ਨੇ 'ਆਮ ਆਦਮੀ ਕੇ ਸਾਥ' ਦਾ ਵਾਅਦਾ ਕੀਤਾ ਤੇ ਕਿਸੇ ਹੋਰ ਨੇ 'ਸਬ ਕਾ ਸਾਥ, ਸਬ ਕਾ ਵਿਕਾਸ' ਦਾ ਨਾਅਰਾ ਪੇਸ਼ ਕਰ ਦਿੱਤਾ।

ਗਰੀਬੀ ਕਦੇ ਹਟਦੀ ਨਹੀਂ ਜਾਪਦੀ, ਆਮ ਆਦਮੀ ਮਰਦਾ ਮਰ ਵੀ ਜਾਵੇ ਤਾਂ ਕਿਸੇ ਨੇ ਸਾਥ ਦੇਣ ਲਈ ਨਹੀਂ ਬਹੁੜਨਾ ਤੇ ਜੋ 'ਸਬ ਕਾ ਵਿਕਾਸ' ਕਹਿੰਦੇ ਸਨ, ਉਹ ਸਿਰਫ ਚਹੇਤੇ ਘਰਾਣਿਆਂ ਦੇ ਵਿਕਾਸ ਵਾਸਤੇ ਭਾਰਤ ਤੋਂ ਲੈ ਕੇ ਆਸਟਰੇਲੀਆ ਤੇ ਫਰਾਂਸ ਤੱਕ ਉਡਾਰੀਆਂ ਲਾਈ ਜਾ ਰਹੇ ਹਨ। ਸੰਵਿਧਾਨ ਦੇ ਮੁੱਢ ਵਿਚ ਦਰਜ ਕੀਤਾ 'ਹਮ ਭਾਰਤ ਕੇ ਲੋਗ' ਦਾ ਨਾਅਰਾ ਵੀ ਲੀਡਰਾਂ ਦੀ ਜ਼ਬਾਨ 'ਤੇ ਚੜ੍ਹਨ ਲਈ ਚੋਣਾਂ ਦੀ ਸਮਾਂ ਸੂਚੀ ਉਡੀਕਣ ਲੱਗ ਪਿਆ ਹੈ।

ਰਾਜਾ ਵੀ. ਪੀ. ਸਿੰਘ ਨੇ ਪਹਿਲੀ ਵਾਰੀ ਇਹ ਨਾਅਰਾ ਦਿੱਤਾ ਸੀ ਕਿ ਮੇਰੀ ਸਰਕਾਰ ਆ ਗਈ ਤਾਂ ਹਰ ਨਾਗਰਿਕ ਦੇ ਕਰਜ਼ੇ 'ਤੇ ਕਾਟਾ ਮਾਰ ਦਿੱਤਾ ਜਾਵੇਗਾ। ਓਦੋਂ ਕਾਟਾ ਕਰਜ਼ੇ 'ਤੇ ਵੱਜਣ ਦੀ ਥਾਂ ਅੰਦਰੂਨੀ ਗੁੱਟਬੰਦੀ ਦੇ ਕਾਰਨ ਉਸ ਦੀ ਆਪਣੀ ਸਰਕਾਰ 'ਤੇ ਫੇਰ ਦਿੱਤਾ ਗਿਆ ਤੇ ਉਸ ਪਿਛੋਂ ਕਈ ਚਿਰ ਇਹ ਨਾਅਰਾ ਸਿਆਸੀ ਧੂੜ ਦੇ ਉਪਰ ਉਡਦੇ ਪਤੰਗਾਂ ਵਰਗੇ ਅਣਗਿਣਤ ਨਾਅਰਿਆਂ ਵਿਚ ਰੁਲ ਕੇ ਰਹਿ ਗਿਆ। ਪਿਛਲੇ ਸਾਲਾਂ ਵਿਚ ਇਹ ਫਿਰ ਉਭਰ ਪਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਤੇ ਪੂਰੇ ਨਾ ਸਹੀ, ਕੁਝ ਨਾ ਕੁਝ ਕਰਜ਼ੇ ਕਿਸਾਨਾਂ ਦੇ ਮੁਆਫ ਕਰਨ ਦਾ ਕੰਮ ਕੀਤਾ ਹੈ। ਉਸ ਦੇ ਬਾਅਦ ਕੁਝ ਹੋਰ ਰਾਜਾਂ ਵਿਚ ਕਿਸਾਨਾਂ ਨੂੰ ਇਹ ਸਹੂਲਤ ਮਿਲ ਗਈ। ਪੰਜਾਬ ਸਰਕਾਰ ਅੱਗੋਂ ਖੇਤ ਮਜ਼ਦੂਰਾਂ ਅਤੇ ਸ਼ਹਿਰੀ ਗਰੀਬਾਂ ਦੇ ਕਰਜ਼ੇ ਮੁਆਫ ਕਰਨ ਵਾਸਤੇ ਸੰਕੇਤ ਦੇ ਰਹੀ ਹੈ। ਲੋਕ ਖੁਸ਼ ਹੋ ਰਹੇ ਹਨ। ਇਸ ਵਿਚ ਖੁਸ਼ ਹੋਣ ਵਾਲੀ ਗੱਲ ਕਿਹੜੀ ਹੈ, ਸਾਨੂੰ ਸਮਝ ਨਹੀਂ ਆ ਰਹੀ।

ਗੱਲ ਇਕੱਲੇ ਪੰਜਾਬ ਦੀ ਨਹੀਂ, ਸਮੁੱਚੇ ਦੇਸ਼ ਦੀ ਹੈ ਤੇ ਇਸ ਪੱਖੋਂ ਇਹ ਗੱਲ ਸ਼ਰਮ ਵਾਲੀ ਹੈ ਕਿ ਆਜ਼ਾਦੀ ਦੇ 72 ਸਾਲ ਪਿਛੋਂ ਤੇ ਗਣਤੰਤਰ ਬਣਨ ਦੇ 69 ਸਾਲ ਪਿਛੋਂ ਵੀ ਲੋਕਾਂ ਨੂੰ ਖੁਦ ਕਮਾ ਕੇ ਖਾਣ ਜੋਗੇ ਨਹੀਂ ਕੀਤਾ ਜਾ ਸਕਿਆ, ਸਬਸਿਡੀਆਂ ਤੇ ਕਰਜ਼ਾ ਮੁਆਫੀਆਂ ਦਾ ਚੋਗਾ ਸੁੱਟ ਕੇ ਪਰਚਾਉਣ ਦੇ ਯਤਨ ਕਰਨੇ ਪੈ ਰਹੇ ਹਨ। ਸੰਵਿਧਾਨ 'ਚ ਜਿਨ੍ਹਾਂ ਨਾਗਰਿਕਾਂ ਦਾ ਮਾਣ ਵਧਾਉਣ ਲਈ ਲਿਖਿਆ ਗਿਆ ਸੀ ਕਿ 'ਹਮ ਭਾਰਤ ਕੇ ਲੋਗ' ਆਪਣੇ ਦੇਸ਼ ਦੇ ਨਸੀਬ ਦੇ ਮਾਲਕ ਬਣਨ ਲੱਗੇ ਹਾਂ, ਉਨ੍ਹਾਂ ਲੋਕਾਂ ਨੂੰ ਇਸ ਸੰਵਿਧਾਨ ਦੀ ਛਤਰੀ ਹੇਠ ਮੰਗਤੇ ਬਣਾਉਣ ਦਾ ਕੰਮ ਕੀਤਾ ਜਾਂਦਾ ਰਿਹਾ ਹੈ। ਅੱਗੋਂ ਲੋਕ ਸਭਾ ਚੋਣਾਂ ਸਿਰ 'ਤੇ ਆ ਜਾਣ ਕਾਰਨ ਹਰ ਪਾਰਟੀ ਇਹ ਦੱਸਣ ਦੀ ਦੌੜ ਵਿਚ ਹੈ ਕਿ ਅਸੀਂ ਲੋਕਾਂ ਦੀ ਝੋਲੀ ਵਿਚ ਵੱਧ ਖੈਰ ਪਾਈ ਹੈ। ਆਜ਼ਾਦੀ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਨ੍ਹਾਂ ਦੀ ਇਹ ਇੱਛਾ ਬਿਲਕੁਲ ਨਹੀਂ ਸੀ ਕਿ ਉਹ ਉਨ੍ਹਾਂ ਨਾਗਰਿਕਾਂ ਦਾ ਦੇਸ਼ ਸਿਰਜ ਦੇਣਗੇ, ਜਿੱਥੇ ਕਿਸੇ ਨਾਗਰਿਕ ਨੂੰ ਦੇਸ਼ ਦਾ ਮਾਲਕ ਨਹੀਂ, ਦੇਸ਼ ਦੀ ਕਮਾਨ ਸੰਭਾਲ ਰਹੇ ਆਗੂਆਂ ਦੇ ਹੱਥਾਂ ਵੱਲ ਨਿੱਤ ਨਵੇਂ ਦਿਨ ਕਿਸੇ ਨਵੀਂ ਖੈਰ ਦੀ ਝਾਕ ਵਿਚ ਝਾਕਦੇ ਰਹਿਣਾ ਪੈ ਜਾਵੇ।

ਅਸਲੀ ਅਰਥਾਂ ਵਿਚ ਜਿਨ੍ਹਾਂ ਦੇਸ਼ਾਂ ਵਿਚ ਲੋਕਤੰਤਰ ਹੈ, ਉਨ੍ਹਾਂ ਵਿਚ ਅਸੀਂ ਇਹ ਵੇਖਿਆ ਹੈ ਕਿ ਸਰਕਾਰਾਂ ਲਈ ਜੋ ਕੰਮ ਮਿਥੇ ਗਏ ਹਨ, ਉਹ ਚੋਣਾਂ ਦਾ ਦਿਨ ਆਉਣ ਤੋਂ ਪਹਿਲਾਂ ਵੀ ਲਗਾਤਾਰ ਹੁੰਦੇ ਹਨ। ਭਾਰਤ ਵਿਚ ਇਹੋ ਜਿਹੇ ਕਈ ਫੈਸਲੇ ਰੋਕ ਕੇ ਰੱਖੇ ਜਾਣ ਦਾ ਰਿਵਾਜ ਹੈ, ਜਿਨ੍ਹਾਂ ਨਾਲ ਆਮ ਲੋਕਾਂ ਦਾ ਹਿੱਤ ਜੁੜਿਆ ਹੁੰਦਾ ਹੈ ਤੇ ਇਨ੍ਹਾਂ ਫੈਸਲਿਆਂ ਨੂੰ ਇਸ ਲਈ ਰੋਕਿਆ ਜਾਂਦਾ ਹੈ ਕਿ ਜੇ ਪਹਿਲਾਂ ਇਹ ਕੰਮ ਕਰ ਦਿੱਤੇ ਤਾਂ ਚੋਣਾਂ ਤੱਕ ਆਮ ਲੋਕਾਂ ਨੂੰ ਯਾਦ ਨਹੀਂ ਰਹਿਣੇ, ਇਸ ਲਈ ਉਦੋਂ ਕੀਤੇ ਠੀਕ ਰਹਿਣਗੇ।

ਪਿਛਲੀਆਂ ਪਾਰਲੀਮੈਂਟ ਚੋਣਾਂ ਵੇਲੇ ਜਿਸ ਆਗੂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਸਿਆਸੀ ਪਾਰਟੀਆਂ ਚੋਣਾਂ ਨੇੜੇ ਜਾ ਕੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਦੇ ਐਲਾਨ ਸਮੇਤ ਕਈ ਕਿਸਮ ਦੇ ਐਲਾਨ ਕਰਦੀਆਂ ਹਨ, ਮੈਂ ਏਦਾਂ ਨਹੀਂ ਕਰਾਂਗਾ, ਉਸ ਨੇ ਇਸ ਵਾਰ ਚੋਣਾਂ ਨੇੜੇ ਆਈਆਂ ਵੇਖ ਕੇ ਇੱਕ ਦਿਨ ਮੰਤਰੀਆਂ ਦੀ ਮੀਟਿੰਗ ਲਾਈ ਤੇ ਉਚ ਜਾਤੀ ਮੰਨੇ ਜਾਣ ਵਾਲੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਪਾਸ ਕਰਵਾ ਲਿਆ। ਦੂਜੇ ਦਿਨ ਹੀ ਲੋਕ ਸਭਾ ਤੋਂ ਪਾਸ ਕਰਵਾ ਕੇ ਤੀਜੇ ਦਿਨ ਰਾਜ ਸਭਾ ਕੋਲੋਂ ਮੋਹਰ ਲਵਾ ਲਈ ਅਤੇ ਚੌਥੇ ਦਿਨ ਤੱਕ ਰਾਸ਼ਟਰਪਤੀ ਕੋਲ ਉਨ੍ਹਾਂ ਦੇ ਦਸਤਖਤ ਕਰਵਾਉਣ ਲਈ ਭੇਜ ਕੇ ਛੇਵੇਂ ਦਿਨ ਕੰਮ ਸਿਰੇ ਲਾ ਦਿੱਤਾ। ਬਿਨਾ ਬਰੇਕ ਲਾਏ ਚੱਲੀ ਇਹ ਗੱਡੀ ਛੇ ਦਿਨਾਂ ਵਿਚ ਏਨੇ ਪੜਾਅ ਪਾਰ ਕਰ ਕੇ ਸਭ ਤੋਂ ਪਹਿਲਾਂ ਗੁਜਰਾਤ ਪਹੁੰਚੀ ਅਤੇ ਅੱਠਵੇਂ ਦਿਨ ਉਥੋਂ ਦੀ ਸਰਕਾਰ ਨੇ ਇਹ ਕਾਨੂੰਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦੋ ਦਿਨਾਂ ਵਿਚ ਚਾਰ ਹੋਰ ਸਰਕਾਰਾਂ ਨੇ ਕਰ ਦਿੱਤਾ।

ਭਾਰਤ ਦੀਆਂ ਰਾਜ ਸਰਕਾਰਾਂ ਆਪਣੇ ਸਾਰੇ ਫੈਸਲੇ ਕਰਨ ਵਿਚ ਏਡੀ ਫੁਰਤੀ ਕਰਦੀਆਂ ਹੋਣ ਤਾਂ ਪਤਾ ਨਹੀਂ ਕਿੰਨਾ ਪੈਂਡਾ ਹੋ ਚੁਕਾ ਹੁੰਦਾ ਤੇ ਲੋਕ ਉਸ ਖੁਸ਼ਹਾਲੀ ਦਾ ਸੁਖ ਮਾਣਨ ਜੋਗੇ ਹੋ ਗਏ ਹੁੰਦੇ, ਜਿਸ ਬਾਰੇ ਸਿਰਫ ਲਾਰੇ ਸੁਣਦੇ ਰਹੇ ਸਨ, ਪਰ ਲੋਕ ਇਹ ਨਹੀਂ ਜਾਣਦੇ ਕਿ ਇਹ ਕੋਈ ਕੰਮ ਨਹੀਂ ਕੀਤਾ ਗਿਆ, ਤੇਜ਼ ਰਫਤਾਰੀ ਨਾਲ ਚੋਣਾਂ ਦਾ ਚੋਗਾ ਖਿਲਾਰਿਆ ਗਿਆ ਹੈ।

'ਤਾਏ ਦੀ ਧੀ ਚੱਲੀ ਤਾਂ ਮੈਂ ਕਿਉਂ ਰਹਾਂ ਇਕੱਲੀ' ਦੇ ਮੁਹਾਵਰੇ ਵਾਂਗ ਕੇਂਦਰ ਸਰਕਾਰ ਦੀ ਇਸ ਫੁਰਤੀ ਨੇ ਰਾਜ ਸਰਕਾਰਾਂ ਨੂੰ ਵੀ ਧਮਕੜੇ ਪਾ ਦਿੱਤਾ ਹੈ, ਕਿਉਂਕਿ ਸਾਫ ਹੋ ਗਿਆ ਹੈ ਕਿ ਜੋ ਕੁਝ ਕਰਨਾ ਹੈ, ਜਨਵਰੀ ਦੇ ਆਖਰੀ ਦਿਨ ਤੱਕ ਕਰਨਾ ਪੈਣਾ ਹੈ, ਫਰਵਰੀ ਦੇ ਪਹਿਲੇ ਪੰਜ ਦਿਨਾਂ ਵਿਚ ਏਸੇ ਫੁਰਤੀ ਨਾਲ ਬਜਟ ਪਾਸ ਕਰਵਾ ਲਏ ਜਾਣ ਪਿੱਛੋਂ ਛੇਵੇਂ ਦਿਨ ਤੱਕ ਲੋਕ ਸਭਾ ਚੋਣਾਂ ਦਾ ਐਲਾਨ ਕਰਨ ਦੀ ਤਿਆਰੀ ਵਿਚ ਚੋਣ ਕਮਿਸ਼ਨ ਫਾਈਲਾਂ ਫੜੀ ਬੈਠਾ ਹੈ, ਉਹੀ ਚੋਣ ਕਮਿਸ਼ਨ, ਜੋ ਕਹਿਣ ਨੂੰ ਆਜ਼ਾਦ ਹੈ, ਪਰ ਹਰ ਐਲਾਨ ਵੇਲੇ ਹੁਕਮਰਾਨਾਂ ਦੀ ਅੱਖ ਦਾ ਇਸ਼ਾਰਾ ਉਡੀਕਦਾ ਹੈ।

ਹਰ ਵਾਰੀ ਕਿਹਾ ਜਾਂਦਾ ਹੈ ਕਿ ਇਸ ਵਾਰ ਗਣਤੰਤਰ ਸਾਨੂੰ ਫਲਾਣਾ ਵਿਸ਼ੇਸ਼ ਸੱਦਾ ਦਿੰਦਾ ਹੈ, ਏਦਾਂ ਦੀ ਰਵਾਇਤ ਵੇਖੀ ਜਾਵੇ ਤਾਂ ਇਸ ਸਾਲ ਦਾ ਗਣਤੰਤਰ ਆਪਣੇ ਦੇਸ਼ ਦੇ ਲੋਕਾਂ ਨੂੰ ਇੱਕ ਵਾਰ ਹੋਰ ਮੂਰਖ ਬਣਨ ਦਾ ਸੱਦਾ ਦੇਣ ਦੀ ਤਿਆਰੀ ਕਰੀ ਬੈਠਾ ਜਾਪਦਾ ਹੈ। ਏਦਾਂ ਦੇ ਮੌਕੇ ਵਤਨ ਲਈ ਕੁਰਬਾਨੀਆਂ ਕਰਨ ਵਾਲਿਆਂ ਦੇ ਨਾਂਵਾਂ ਦਾ ਚੇਤਾ ਤਾਂ ਕਈ ਲੋਕਾਂ ਨੂੰ ਆਵੇਗਾ, ਪਰ ਉਨ੍ਹਾਂ ਦੀ ਕੁਰਬਾਨੀ ਦੇ ਪਿੱਛੇ ਛੁਪੀ ਭਾਵਨਾ ਦਾ ਚੇਤਾ ਕਰਨਾ ਕਿਸੇ ਨੇ ਠੀਕ ਨਹੀਂ ਸਮਝਣਾ।

---

# ਤਿਨਾ ਦਰੀਆਵਾ ਸਿਉ ਦੋਸਤੀ

***ਕਹਿਣ ਨੂੰ ਨਵੀਂ ਸਭਿਅਤਾ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਪਰ ਅਸਲ ਵਿਚ ਇਸ ਨੇ ਸਾਡੇ ਦਰਿਆਵਾਂ, ਸਾਡੇ ਵਾਤਾਵਰਣ ਤੇ ਸਾਡੀ ਜ਼ਿੰਦਗੀ ਨੂੰ ਪਲੀਤ ਹੀ ਕੀਤਾ ਹੈ। ਹਵਾ ਪਲੀਤ ਹੋ ਚੁਕੀ ਹੈ। ਇਸ ਹਾਲਾਤ ਉਤੇ ਰੁਦਨ ਕਰਦਿਆਂ ਅਵਤਾਰ ਸਿੰਘ ਨੇ ਇਸ ਲੇਖ ਵਿਚ ਸੱਦਾ ਦਿੱਤਾ ਹੈ, ਆਉ ਆਪਣੇ ਦਰਿਆਵਾਂ ਨਾਲ ਜ਼ਿੰਦਗੀ ਦਾ ਨਾਤਾ ਜੋੜੀਏ ਤੇ ਆਪਣੀ ਟੁੱਟੀ ਗੰਢੀਏ। ਦਰਿਆਵਾਂ ਬਾਝੋਂ ਜੀਣਾ, ਕਾਹਦਾ ਜੀਣਾ! -ਸੰਪਾਦਕ***

ਦਰਿਆ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਵਗਦਾ ਹੋਇਆ ਪਾਣੀ। ਖੜ੍ਹੇ ਪਾਣੀ ਦੀ ਨਿਸਬਤ ਵਗਦਾ ਪਾਣੀ ਸ਼ੁੱਧ ਹੁੰਦਾ ਹੈ।

ਦਰਿਆ ਸਾਡੀ ਸੱਭਿਅਤਾ ਹੈ। ਇਹ ਸਾਡੇ ਮੁਹਾਵਰਿਆਂ 'ਚ ਵੀ ਰਮਿਆ ਹੋਇਆ ਹੈ। 'ਦਰਿਆ-ਦਿਲ' ਹੋਣਾ ਬਹੁਤ ਮਹਾਨ ਅਤੇ ਵਿਸ਼ਾਲ-ਚਿੱਤ ਹੋਣਾ ਹੈ। ਦਰਿਆਵਾਂ ਨਾਲ ਮੁਹੱਬਤ ਕਰਨ ਵਾਲੇ ਦਰਿਆ-ਦਿਲ ਹੋਣ ਵੱਲ ਵਧਦੇ ਹਨ। ਦਰਿਆ ਜ਼ਿੰਦਗੀ ਦਾ ਪ੍ਰਤੀਕ ਹੈ। ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ:

ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ॥



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਰਾਤ ਦੇ ਚੌਥੇ ਪਹਿਰ ਸੁਰਤ ਵਾਲੇ ਲੋਕਾਂ ਦੇ ਮਨ ਵਿਚ ਚਾਅ ਉਪਜਦਾ ਹੈ। ਉਹ ਦਰਿਆਵਾਂ ਦੇ ਦੋਸਤ ਹੁੰਦੇ ਹਨ; ਉਨ੍ਹਾਂ ਦੇ ਮਨ ਵਿਚ ਪਿਆਰੇ ਦੀ ਯਾਦ ਅਤੇ ਮੁੱਖ 'ਤੇ ਉਸ ਦਾ ਨਾਮ ਹੁੰਦਾ ਹੈ।

ਇਸ਼ਨਾਨ ਕਰਨਾ ਸੱਭਿਅਕ ਹੋਣ ਦੀ ਨਿਸ਼ਾਨੀ ਹੈ। ਪੁਰਾਤਨ ਸੱਭਿਅਤਾਵਾਂ ਦਰਿਆਵਾਂ ਦੇ ਕੰਢਿਆਂ 'ਤੇ ਉਸਰੀਆਂ ਅਤੇ ਦਰਿਆਵਾਂ ਦੇ ਨਾਂ ਨਾਲ ਹੀ ਜਾਣੀਆਂ ਗਈਆਂ। ਦਰਿਆ ਕਿਸੇ ਵੇਲੇ ਮਨੁੱਖ ਦੇ ਭਲੇ ਦੋਸਤ ਹੁੰਦੇ ਸਨ।

ਪੰਜਾਬ ਦਾ ਅਰਥ ਹੈ, ਪੰਚ-ਅਪ, ਅਰਥਾਤ ਪੰਜ-ਆਬ, ਅਰਥਾਤ ਪੰਜ ਦਰਿਆ। ਅਸੀਂ ਪੰਜਾਬੀ ਪੰਜ ਦਰਿਆਵਾਂ ਦੇ ਦੋਸਤ ਹਾਂ। ਦਰਿਆ ਸਾਡੀ ਪਛਾਣ ਹਨ। ਵਿਦੇਸ਼ੀ ਹਮਲਾਵਰ ਵੀ ਸਾਨੂੰ ਦਰਿਆਵਾਂ ਨਾਲ ਜੋੜ ਕੇ ਦੇਖਦੇ ਸਨ। ਹਿੰਦੂ ਸ਼ਬਦ ਦਾ ਸਬੰਧ ਵੀ ਸਿੰਧ ਦਰਿਆ ਨਾਲ ਜੋੜਿਆ ਜਾਂਦਾ ਹੈ। ਸਿੰਧੀ ਲੋਕ ਆਪਣੇ ਆਪ ਨੂੰ ਅਸਲ ਪੰਜਾਬੀ ਮੰਨਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਪਵਣ ਨੂੰ ਗੁਰੂ ਕਿਹਾ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ। ਪਰ ਸਾਡੀ ਪ੍ਰੀਤ ਇਨ੍ਹਾਂ ਤਿੰਨਾਂ ਨਾਲ ਹੀ ਟੁੱਟ ਚੁਕੀ ਹੈ; ਤੜੱਕ ਕਰਕੇ ਨਹੀਂ; ਸਾਨੂੰ ਪਤਾ ਹੀ ਨਾ ਲੱਗਾ ਕਦੋਂ ਟੁੱਟ ਗਈ। ਪਵਣ, ਪਾਣੀ ਅਤੇ ਧਰਤੀ ਹੁਣ ਰਾਕਸ਼ਾਂ ਵਾਂਗ ਮੂੰਹ ਅੱਡੀ ਖਲੋਤੇ ਹਨ ਤੇ ਮਨੁੱਖ ਨੂੰ ਨਿਗਲ ਜਾਣ ਲਈ ਤਿਆਰ ਬਰ ਤਿਆਰ ਹਨ।

ਜਦੋਂ ਦਾ ਸਾਡੀ ਸੱਭਿਅਤਾ ਨੇ ਦਰਿਆਵਾਂ ਨਾਲੋਂ ਤੋੜ ਵਿਛੋੜਾ ਕੀਤਾ ਹੈ, ਅਸੀਂ ਉਦੋਂ ਦੀ ਦਰਿਆਵਾਂ ਪ੍ਰਤੀ ਬੇਰੁਖੀ ਅਪਨਾਈ ਹੋਈ ਹੈ। ਸਾਡੇ ਦਰਿਆ ਉਦਾਸ ਹਨ ਤੇ ਸਾਡੇ ਪਿਆਰ ਨੂੰ ਤਰਸਦੇ ਹਨ। ਉਹ ਸਾਨੂੰ ਖਾਣਾ ਨਹੀਂ ਚਾਹੁੰਦੇ; ਅਸੀਂ ਉਨ੍ਹਾਂ ਨੂੰ ਮਜਬੂਰ ਕਰ ਰਹੇ ਹਾਂ। ਅਸੀਂ ਨਾ ਗੁਰੂ ਦੇ ਸਕੇ ਰਹੇ ਹਾਂ, ਨਾ ਪਿਓ ਦੇ ਤੇ ਨਾ ਮਾਂ ਦੇ, "ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥"

ਪੱਛਮੀ ਸੱਭਿਅਤਾ ਨੇ ਸਾਨੂੰ ਸ਼ੁੱਧਤਾ ਦੀ ਬਿਮਾਰੀ ਚਮੇੜ ਦਿੱਤੀ ਹੈ। ਅਸੀਂ ਸ਼ੁੱਧ ਹੁੰਦੇ ਹੁੰਦੇ ਘੋਰ ਅਸ਼ੁੱਧਤਾ ਵਿਚ ਗਰਕ ਹੋ ਗਏ ਹਾਂ। ਅਸੀਂ ਆਪਣੀ ਤਰੱਕੀ ਦੀ ਸਾਰੀ ਮੈਲ ਦਰਿਆਵਾਂ ਦੇ ਹਵਾਲੇ ਕਰ ਦਿੱਤੀ ਹੈ। ਅੰਮ੍ਰਿਤ ਦੇ ਚਸ਼ਮਿਆਂ ਨੂੰ ਅਸੀਂ ਜ਼ਹਿਰੀਲੇ ਨਾਗ ਬਣਾ ਦਿੱਤਾ ਹੈ। ਸਾਡੇ ਜੀਵਨ ਸੋਮੇ ਸਾਡੀ ਮੌਤ ਦੇ ਕਾਰਨ ਬਣ ਗਏ ਹਨ। ਸਾਡੇ ਦਰਿਆ ਬੇਜ਼ੁਬਾਨ ਹਨ; ਉਹ ਦੱਸ ਨਹੀਂ ਸਕਦੇ, ਬੋਲ ਨਹੀਂ ਸਕਦੇ।

ਕਿਸੇ ਵਲੈਤੀਏ ਨੇ ਸ਼ਿਕਾਇਤ ਕੀਤੀ ਕਿ ਸਾਡੇ ਇੱਥੇ ਗੰਦਗੀ ਬਹੁਤ ਹੈ। ਮੇਰੇ ਦੋਸਤ ਨੇ ਉਸ ਨੂੰ ਆਖਿਆ ਕਿ ਇਹ ਗੰਦਗੀ ਤੁਹਾਡੀ ਦੇਣ ਹੈ। ਉਹ ਬੜਾ ਹੈਰਾਨ ਹੋਇਆ। ਮੇਰੇ ਦੋਸਤ ਨੇ ਦੱਸਿਆ ਕਿ ਵਲੈਤੀ ਹਾਈਜੀਨ ਨੇ ਸਾਡੇ ਵਾਤਾਵਰਣ ਨੂੰ ਕਿਵੇਂ ਭ੍ਰਿਸ਼ਟ ਅਤੇ ਨਸ਼ਟ ਕੀਤਾ ਹੈ; ਕਿਵੇਂ ਵਲੈਤੀ ਸ਼ੈਂਪੂ, ਸਰਫਾਂ, ਹੈਂਡਵਾਸ਼, ਫਾਸਟ ਫੂਡ ਅਤੇ ਫੀਡ ਦੇ ਰੁਝਾਨ ਨੇ ਸਾਡੀ ਪੌਸ਼ਟਿਕਤਾ ਹਰਨ ਕਰ ਲਈ ਹੈ।

ਸਾਨੂੰ ਮੱਛਰਦਾਨੀਆਂ ਜਾਂ ਸੁਰਮੇਦਾਨੀਆਂ ਦੀ ਤਹਿਜੀਬ ਨੇ ਨਹੀਂ ਮਾਰਿਆ। ਸਾਨੂੰ ਮਾਰਿਆ ਹੈ 'ਔਡੋਮਾਸ', 'ਗੁੱਡ ਨਾਈਟ', 'ਆਲ ਆਊਟ' ਤੇ 'ਫੇਅਰ ਐਂਡ ਲਵਲੀ' ਨੇ। ਸਾਨੂੰ ਗੱਡਿਆਂ ਦੀ ਨਹੀਂ, ਗੱਡੀਆਂ ਦੀ ਮਾਰ ਪਈ ਹੈ। ਅਗਿਆਨ ਨਹੀਂ, ਅਲਪ ਗਿਆਨ ਸਾਡੇ ਹੱਡੀਂ ਬਹਿ ਗਿਆ ਹੈ।

ਸਾਨੂੰ ਮਹਿੰਗਾਈ ਨੇ ਨਹੀਂ, ਅਮੀਰੀ ਨੇ ਮਾਰਿਆ; ਫੀਮ ਨੇ ਨਹੀਂ, ਚਿੱਟੇ ਨੇ ਖਾ ਲਿਆ; ਸ਼ਰਾਬ ਨੇ ਨਹੀਂ, ਕੋਕ ਨੇ ਪੀ ਲਿਆ; ਕੋਠਿਆਂ ਨੇ ਨਹੀਂ, ਸਾਨੂੰ ਕੋਠੀਆਂ ਨੇ ਠਾਰ ਕੇ ਅਤੇ ਸਾੜ ਕੇ ਰੱਖ ਦਿੱਤਾ ਹੈ। ਅਨਪੜ੍ਹਾਂ ਨੇ ਨਹੀਂ, ਪਾੜ੍ਹਿਆਂ ਨੇ ਸਾਡੀ ਸੁਰਤ ਮਾਰ ਦਿੱਤੀ ਹੈ; ਸਾਡੀ ਖਬਰਸਾਰ ਨੂੰ ਅਖਬਾਰ ਨੇ ਹੜੱਪ ਲਿਆ ਹੈ; ਰੁੱਖਾਂ ਨੂੰ ਪੱਖੇ ਖਾ ਗਏ ਹਨ ਤੇ ਪੱਖਿਆਂ ਨੂੰ ਏ. ਸੀ. ਨਿਗਲ ਗਿਆ ਹੈ। ਸਾਨੂੰ ਅੰਦਰਲੀ ਕਸਰ ਨੇ ਨਹੀਂ, ਬਾਹਰਲੇ ਝੋਰਿਆਂ ਨੇ ਖਤਮ ਕਰ ਦਿੱਤਾ ਹੈ; ਪੂਰਬੀ ਸੰਜਮ ਅਤੇ ਸਹਿਜ ਨੂੰ ਪੱਛਮੀ ਅਸਹਿਜ ਨੇ ਚਟਮ ਕਰ ਦਿੱਤਾ ਹੈ।



***ਲੁਧਿਆਣੇ ਨੇੜੇ ਵਗਦਾ ਬੁੱਢਾ ਦਰਿਆ, ਜੋ ਫੈਕਟਰੀਆਂ ਦੇ ਗੰਦ-ਮੰਦ ਨਾਲ ਪਲੀਤ ਹੋ ਚੁਕਾ ਹੈ ਅਤੇ ਜਿਸ ਨੂੰ ਸਾਫ ਕਰਨ ਲਈ 27 ਜਨਵਰੀ ਨੂੰ ਸਮਾਗਮ ਹੋ ਰਿਹਾ ਹੈ***

ਮੇਰੇ ਮਿੱਤਰ ਨੇ ਦੱਸਿਆ ਕਿ ਉਸ ਦਾ ਬਾਬਾ ਖੇਤਾਂ ਵਿਚ ਖਾਦ ਨਹੀਂ ਸੀ ਪਾਉਣ ਦਿੰਦਾ; ਅਖੇ ਇਹ ਖੇਤਾਂ ਨੂੰ ਲੱਗ ਜਾਵੇਗੀ; ਜਿਵੇਂ ਬੰਦੇ ਨੂੰ ਨਸ਼ਾ ਲੱਗ ਜਾਂਦਾ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਬਾਬੇ ਦੀਆਂ ਗੱਲਾਂ 'ਤੇ ਹੱਸ ਛੱਡਦੇ ਸਨ; ਸਮਝਦੇ ਸਨ ਕਿ ਇਹ ਬੂਝੜ ਗਿਆਨ ਹੈ। ਅਸਲ ਵਿਚ ਉਹ ਲੋਕ ਤਾਂ ਸੱਚੇ ਸਨ ਜੋ ਬੇਜ਼ੁਬਾਨ ਜਮੀਨ ਦੀ ਜ਼ੁਬਾਨ ਵੀ ਸਮਝਦੇ ਸਨ। ਅਸੀਂ ਤਾਂ ਜ਼ੁਬਾਨ ਵਾਲਿਆਂ ਦੀ ਜ਼ੁਬਾਨ ਵੀ ਨਹੀਂ ਸਮਝਦੇ।

ਵਰਦਾਨ ਸਮਝੀ ਜਾਂਦੀ ਤਕਨਾਲੋਜੀ ਨੇ ਨਵਾਂ ਕੂੜਾ ਈਜਾਦ ਕਰ ਦਿੱਤਾ ਹੈ, ਜਿਸ ਦਾ ਕੋਈ ਹੱਲ ਹੀ ਨਹੀਂ। ਸਾਡਾ ਕੂੜਾ ਤਾਂ ਪਸ਼ੂਆਂ ਦੀ ਖੁਰਾਕ ਬਣਦਾ ਸੀ ਤੇ ਰੂੜੀ ਬਣ ਫਸਲਾਂ ਦੇ ਕੰਮ ਆਉਂਦਾ ਸੀ। ਇਹ ਆਧੁਨਿਕ ਕੂੜਾ ਸਾਡੀ ਜਾਨ ਦਾ ਖਉ ਬਣ ਗਿਆ ਹੈ। ਕਿਸੇ ਵੇਲੇ ਸਾਡਾ ਵਾਤਾਵਰਣ ਹਾਲ-ਪਾਹਰਿਆ ਮਚਾ ਰਿਹਾ ਸੀ ਕਿ 'ਮੈਨੂੰ ਬਚਾਓ'; ਅਸੀਂ ਉਸ ਨੂੰ ਨਹੀਂ ਬਚਾਇਆ; ਹੁਣ ਉਹ ਗੁਹਾਰਾਂ ਪਾ ਰਿਹਾ ਹੈ ਕਿ 'ਮੈਥੋਂ ਬਚੋ।।

ਹੁਣ ਵੀ ਜੇ ਅਸੀਂ ਨਾ ਸੁਣੀਏ; ਫਿਰ ਮਰੀਏ ਖਪੀਏ! ਹਰਮਨ ਹੈਸ ਦੇ ਨਾਵਲ 'ਸਿਧਾਰਥ' ਵਿਚ ਦਰਿਆ ਬੋਲਦੇ ਹਨ, ਗੱਲਾਂ ਕਰਦੇ ਹਨ ਤੇ ਬੁੱਧ ਪੁਰਸ਼ ਉਨ੍ਹਾਂ ਨੂੰ ਸੁਣਦੇ ਹਨ। ਉਸ ਨਾਵਲ ਵਿਚ ਸਿਧਾਰਥ ਨੂੰ ਅਨਪੜ੍ਹ ਪਰ ਅਨੁਭਵੀ ਮਲਾਹ ਸਲਾਹ ਦਿੰਦਾ ਹੈ ਕਿ ਦਰਿਆ ਸਾਡੇ ਮਹਾਨ ਗੁਰੂ ਹਨ, ਇਨ੍ਹਾਂ ਨੂੰ ਸੁਣੋ, ਇਹ ਸਾਨੂੰ ਕੀ ਕਹਿੰਦੇ ਹਨ, "ਜੀਭੈ ਬਾਝਹੁ ਬੋਲਣਾ" ... "ਵਿਣੁ ਕੰਨਾ ਸੁਨਣਾ।"

ਦਰਿਆਵਾਂ ਤੋਂ ਦੂਰ ਹੋ ਕੇ, ਅਸੀਂ ਉਸ ਮੋੜ 'ਤੇ ਪੁੱਜ ਗਏ ਹਾਂ, ਜਿੱਥੋਂ ਸਾਨੂੰ ਹੁਣ ਸੋਚਣਾ ਪੈ ਰਿਹਾ ਹੈ ਕਿ ਜਾਈਏ ਤਾਂ ਜਾਈਏ ਕਿੱਥੇ! ਨਾ ਬੂਹਾ, ਨਾ ਬਾਰੀ, ਨਾ ਕੋਈ ਬਨੇਰਾ, ਦੀਵਾ ਜਗਾ ਕੇ ਵੀ ਰੱਖਾਂਗੇ ਕਿੱਥੇ!

ਕਹਿੰਦੇ ਹਨ, 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।' ਸੱਚਮੁਚ ਦਰਿਆਵਾਂ ਜਿਹੇ ਡੂੰਘੇ ਦਿਲਾਂ ਦੇ ਦਰਦ ਕੌਣ ਜਾਣ ਸਕਦਾ ਹੈ! ਕਵੀ ਮਨ ਹੀ ਦਰਿਆਵਾਂ ਦੇ ਦਰਦ ਜਾਣ ਸਕਦੇ ਹਨ; ਦਰਅਸਲ ਕਵਿਤਾ ਦਰਿਆਵਾਂ ਜਿਹੇ ਦਿਲਾਂ ਦੀ ਦਾਸਤਾਂ ਹੀ ਹੁੰਦੀ ਹੈ। ਇਸ ਵਾਰ ਲੁਧਿਆਣੇ ਦੇ ਬੁੱਢੇ ਦਰਿਆ ਦਾ ਦਰਦ ਵੀ ਕਵਿਤਾ ਨੇ ਸੁਣਿਆ ਹੈ ਤੇ ਇਸ ਦਾ ਗਮ ਦੂਰ ਕਰਨ ਦੀ ਗੁਹਾਰ ਪਾਈ ਹੈ। ਆਉ ਆਪਣੇ ਦਰਿਆਵਾਂ ਨਾਲ ਜ਼ਿੰਦਗੀ ਦਾ ਨਾਤਾ ਜੋੜੀਏ ਤੇ ਆਪਣੀ ਟੁੱਟੀ ਗੰਢੀਏ। ਦਰਿਆਵਾਂ ਬਾਝੋਂ ਜੀਣਾ, ਕਾਹਦਾ ਜੀਣਾ!

ਦਰਿਆ ਸਾਡੇ ਇਤਿਹਾਸ ਦੇ ਉਸਰੱਈਏ ਹਨ; ਸਾਡੀ ਸੱਭਿਅਤਾ ਦੇ ਪਾਲਣਹਾਰੇ ਹਨ; ਇਹ ਸਾਡੀ ਜਿੰਦ ਜਾਨ ਹਨ; ਸਾਡੇ 'ਤੇ ਇਨ੍ਹਾਂ ਦਾ ਮਣਾਂ ਮੂੰਹੀ ਕਰਜ਼ ਹੈ; ਅਸੀਂ ਇਨ੍ਹਾਂ ਦੇ ਦੇਣਦਾਰ ਹਾਂ; ਇਹ ਸਾਡੇ ਲਹਿਣੇਦਾਰ ਹਨ। ਗੁਰੂ ਨਾਨਕ ਪਾਤਸ਼ਾਹ ਦੇ ਲਹਿਣੇਦਾਰ ਭਾਈ ਲਹਿਣੇ ਦੇ ਵਾਰਿਸ ਅਤੇ ਦਰਿਆਵਾਂ ਦੇ ਦਰਦਮੰਦ ਇਹ ਗੁਹਾਰ ਸੁਣ ਰਹੇ ਹਨ।

ਪੰਜਾਂ ਦਰਿਆਵਾਂ ਦੇ ਧਰਮੀ ਪੁੱਤਰ ਆਪਣੇ ਪਿਤਰਾਂ ਜਿਹੇ ਦਰਿਆਵਾਂ ਦੀ ਸਾਰ ਜ਼ਰੂਰ ਲੈਣਗੇ। ਇਸ ਵਾਰ ਲੁਧਿਆਣੇ ਦੇ ਬੁੱਢੇ ਦਰਿਆ ਦਾ ਕਰਜ਼ ਉਤਾਰਨ ਦੀ ਵਾਰੀ ਹੈ। ਆਉ, 27 ਜਨਵਰੀ ਨੂੰ ਸੇਵਾ-ਸਦਭਾਵ ਦੇ ਇਸ ਮਹਾਂ ਕੁੰਭ ਵਿਚ ਹਾਜਰੀ ਭਰੀਏ ਅਤੇ ਬੁੱਢੇ ਦਰਿਆ ਨੂੰ ਮੁੜ ਉਸ ਦੀ ਜੁਆਨੀ 'ਚ ਲੈ ਆਈਏ। ਗੁਰਮੁਖਿ ਬੁੱਢੇ ਕਦੇ ਨਾਹੀ...।

ਪੰਜਾਬ ਟਾਈਮਜ਼

*ਸਨਿਚਰਵਾਰ, 26 ਜਨਵਰੀ 2019*

# ਸਰਕਾਰ ਦੀ ਨਾਅਹਿਲੀਅਤ

ਹੋਰ ਡੇਢ-ਦੋ ਮਹੀਨਿਆਂ ਨੂੰ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਬਣੀ ਨੂੰ ਦੋ ਸਾਲ ਹੋ ਜਾਣੇ ਹਨ। ਇਸ ਦੇ ਨਾਲ ਹੀ ਲੋਕ ਸਭਾ ਚੋਣਾਂ ਬਾਰੇ ਐਲਾਨ ਹੋ ਜਾਣਾ ਹੈ ਪਰ ਇਹ ਸਰਕਾਰ ਅਜੇ ਤੱਕ 'ਪੈਰਾਂ ਸਿਰ' ਵੀ ਨਹੀਂ ਹੋ ਸਕੀ ਹੈ। ਪੂਰਾ ਇਕ ਸਾਲ ਇਹ ਸਰਕਾਰ ਅਤੇ ਮੁੱਖ ਮੰਤਰੀ ਸਮੇਤ ਇਸ ਦੇ ਹੋਰ ਲੀਡਰ ਇਹ ਦੁਹਾਈ ਦਿੰਦੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੀ ਸਰਕਾਰ ਨੇ ਸੂਬੇ ਨੂੰ ਤਬਾਹ ਕਰਕੇ ਰੱਖ ਦਿੱਤਾ, ਖਜਾਨਾ ਖਾਲੀ ਹੈ ਪਰ ਸਾਲ ਬਾਅਦ ਜਦੋਂ ਲੋਕਾਂ ਅਤੇ ਮੀਡੀਆ ਨੇ ਇਹ ਸਵਾਲ ਖੜ੍ਹੇ ਕਰਨੇ ਸ਼ੁਰੂ ਕੀਤੇ ਕਿ ਤੁਸੀਂ ਇਕ ਸਾਲ ਦੇ ਅਰਸੇ ਦੌਰਾਨ ਖਜਾਨਾ ਕਿਉਂ ਨਾ ਭਰਿਆ ਤਾਂ ਇਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਇਹ ਸਰਕਾਰ ਅਜੇ ਤੱਕ ਇਕ ਵੀ ਸਕੀਮ ਸੂਬੇ ਅੰਦਰ ਲਾਗੂ ਨਹੀਂ ਕਰ ਸਕੀ ਹੈ। ਹੁਣ ਵੀ ਜਿਹੜੀ ਮਾੜੀ-ਮੋਟੀ ਸਰਗਰਮੀ ਚੱਲ ਰਹੀ ਹੈ, ਉਹ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਹੀ ਚਲਾਈ ਜਾ ਰਹੀ ਹੈ। ਨਹੀਂ ਤਾਂ ਹਾਲ ਇਹ ਹੈ ਕਿ ਅਕਾਲੀ-ਭਾਜਪਾ ਗੱਠਜੋੜ ਦੌਰਾਨ ਜੋ ਕੁਝ ਹੋ ਰਿਹਾ ਸੀ, ਉਹੀ ਕੁਝ ਦਸ ਵਰ੍ਹਿਆਂ ਬਾਅਦ ਅਮਰਿੰਦਰ ਸਿੰਘ ਸਰਕਾਰ ਵੇਲੇ ਹੋਈ ਜਾਂਦਾ ਹੈ। ਉਸ ਵਕਤ ਹਰ ਮੁਲਾਜ਼ਮ ਤਬਕੇ, ਖਾਸ ਕਰਕੇ ਅਧਿਆਪਕਾਂ ਉਤੇ ਜ਼ਿਆਦਤੀਆਂ ਸਾਹਮਣੇ ਆਉਂਦੀਆਂ ਰਹੀਆਂ। ਇਨ੍ਹਾਂ ਜ਼ਿਆਦਤੀਆਂ ਖਿਲਾਫ ਅਧਿਆਪਕ ਸੜਕਾਂ ਉਤੇ ਵੀ ਉਤਰੇ ਜਿਥੇ ਪੁਲਿਸ ਨੇ ਬਹੁਤ ਬੇਕਿਰਕ ਹੋ ਕੇ ਇਨ੍ਹਾਂ ਉਤੇ ਲਾਠੀਆਂ ਵਰ੍ਹਾਈਆਂ। ਪਿਛੇ ਜਿਹੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਂ 'ਤੇ ਜਿਸ ਤਰ੍ਹਾਂ ਨਾਲ ਅਧਿਆਪਕਾਂ ਦੀਆਂ ਤਨਖਾਹਾਂ ਘਟਾਉਣ ਦਾ ਐਲਾਨ ਕੀਤਾ ਗਿਆ, ਉਸ ਬਾਰੇ ਕੈਪਟਨ ਸਰਕਾਰ ਇਕ ਵੀ ਢੰਗ ਦੀ ਦਲੀਲ ਨਹੀਂ ਦੇ ਸਕੀ। ਇਹੀ ਨਹੀਂ, ਅਧਿਆਪਕਾਂ ਨੂੰ ਡਰਾਉਣ ਅਤੇ ਦਬਾਅ ਪਾਉਣ ਲਈ ਇਸ ਸਰਕਾਰ ਨੇ ਜੋ ਹੱਥਕੰਡੇ ਅਪਨਾਏ, ਉਸ ਨੇ ਸਭ ਨੂੰ ਮਾਤ ਪਾ ਦਿੱਤੀ। ਮੁਅੱਤਲੀਆਂ ਕੀਤੀਆਂ, ਲੀਡਰਾਂ ਨੂੰ ਬਰਖਾਸਤ ਤੱਕ ਕੀਤਾ ਗਿਆ ਅਤੇ ਵੱਡੇ ਪੱਧਰ ਉਤੇ ਦੂਰ-ਦੁਰਾਡੇ ਬਦਲੀਆਂ ਕਰ ਦਿੱਤੀਆਂ ਗਈਆਂ ਪਰ ਅਧਿਆਪਕਾਂ ਦਾ ਮੋਰਚਾ ਚੱਲਦਾ ਰਿਹਾ। ਫਿਰ ਆਖਰਕਾਰ ਸਰਕਾਰ ਇਹ ਮੋਰਚਾ ਤੋੜਨ ਵਿਚ ਸਫਲ ਹੋ ਗਈ ਅਤੇ ਕੁਝ ਸਮਾਂ ਪਾ ਕੇ ਪੰਜ ਹੋਰ ਲੀਡਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਇਹ ਤਾਂ ਹੋਇਆ ਸਿੱਖਿਆ ਖੇਤਰ ਦਾ ਹਾਲ, ਹੁਣ ਸਰਕਾਰ ਸਿਹਤ ਖੇਤਰ ਬਾਰੇ ਤੁਗਲਕੀ ਫੈਸਲਾ ਲੈ ਕੇ ਆਈ ਹੈ। ਨਿਘਰ ਰਹੀਆਂ ਸਿਹਤ ਸਹੂਲਤਾਂ ਲਈ ਲੋੜੀਂਦੇ ਮੁਲਾਜ਼ਮ ਤਾਇਨਾਤ ਕਰਨ ਜਾਂ ਕਾਰਗਰ ਢਾਂਚਾ ਮੁਹੱਈਆ ਕਰਵਾਉਣ ਦੀ ਥਾਂ ਹੁਣ ਸਰਕਾਰ ਸਿਹਤ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਰਾਹ ਤੁਰ ਪਈ ਹੈ। ਇਸ ਨੂੰ ਪਬਲਿਕ ਪ੍ਰਾਈਵੇਟ ਭਾਈਵਾਲੀ (ਪੀ.ਪੀ.ਪੀ.) ਦਾ ਨਾਂ ਦਿੱਤਾ ਗਿਆ ਹੈ। ਇਹੀ ਕੰਮ ਪਹਿਲਾਂ ਸਿਖਿਆ ਦੇ ਮਾਮਲੇ 'ਤੇ ਪੁਰਾਣੀ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਨੇ ਕੀਤਾ ਸੀ। ਉਸ ਵਕਤ ਇਸ ਸਕੀਮ ਦਾ ਜਿੰਨਾ ਵਿਰੋਧ ਹੋਇਆ ਸੀ, ਉਸ ਤੋਂ ਕਿਤੇ ਵੱਧ ਵਿਰੋਧ ਹੁਣ ਹੋ ਰਿਹਾ ਹੈ। ਇਸ ਤਿੱਖੇ ਵਿਰੋਧ ਕਾਰਨ ਸਰਕਾਰ ਇਸ ਮਾਮਲੇ 'ਤੇ ਕੁਝ ਕੁ ਕਦਮ ਪਿਛਾਂਹ ਤਾਂ ਹਟ ਗਈ ਹੈ ਪਰ ਇਸ ਨੇ ਇਸ ਸਕੀਮ ਨੂੰ ਪੂਰੀ ਤਰ੍ਹਾਂ ਦਰਨਿਕਾਰ ਨਹੀਂ ਕੀਤਾ ਹੈ। ਹੁਣ ਇਹ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਇਹ ਤਜਰਬਾ ਕੁਝ ਸਿਹਤ ਸੰਸਥਾਵਾਂ ਵਿਚ ਕੀਤਾ ਜਾਵੇਗਾ ਅਤੇ ਕਾਮਯਾਬੀ ਦੀ ਦਰ ਤੋਂ ਬਾਅਦ ਅਗਾਂਹ ਕਦਮ ਵਧਾਏ ਜਾਣਗੇ। ਇਸ ਫੈਸਲੇ ਦਾ ਵਿਰੋਧ ਕਰ ਰਹੀਆਂ ਧਿਰਾਂ ਸਾਫ ਕਹਿ ਰਹੀਆਂ ਹਨ ਕਿ ਸਰਕਾਰ ਸਿਹਤ ਖੇਤਰ ਦਾ ਸਮੁੱਚਾ ਢਾਂਚਾ ਪ੍ਰਾਈਵੇਟ ਕਾਰੋਬਾਰੀਆਂ ਨੂੰ ਸੌਂਪਣਾ ਚਾਹੁੰਦੀ ਹੈ। ਇਨ੍ਹਾਂ ਧਿਰਾਂ ਦੇ ਵਿਰੋਧ ਦੌਰਾਨ ਇਕ ਹੋਰ ਚੰਗੀ ਗੱਲ ਇਹ ਉਭਰ ਕੇ ਸਾਹਮਣੇ ਆਈ ਹੈ ਕਿ ਵੱਖ-ਵੱਖ ਸਰਕਾਰਾਂ ਨੇ ਸੂਬੇ ਦੇ ਪੇਂਡੂ ਖੇਤਰਾਂ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਹੈ। ਸਿਖਿਆ, ਸਿਹਤ ਅਤੇ ਹੋਰ ਅਹਿਮ ਖੇਤਰਾਂ ਨਾਲ ਸਬੰਧਤ ਸਾਰੀਆਂ ਸਹੂਲਤਾਂ ਸਿਰਫ ਸ਼ਹਿਰਾਂ ਵਿਚ ਹੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰਾਂ ਦੇ ਇਸ ਫੈਸਲੇ ਨਾਲ ਪਿੰਡ ਇਕ ਤਰ੍ਹਾਂ ਨਾਲ ਮਰ ਰਹੇ ਹਨ ਅਤੇ ਪਿੰਡਾਂ ਵਿਚ ਵੱਸਦੇ ਲੋਕ ਸਹੂਲਤਾਂ ਨਾ ਹੋਣ ਕਾਰਨ ਸ਼ਹਿਰਾਂ ਵੱਲ ਹਿਜਰਤ ਕਰਨ ਲਈ ਮਜਬੂਰ ਹਨ। ਉਂਜ, ਇਹ ਗੱਲ ਮੁੱਢ ਤੋਂ ਹੀ ਉਠਦੀ ਰਹੀ ਹੈ ਕਿ ਵਿਕਾਸ ਪਿੰਡ ਮੁਖੀ ਹੋਣਾ ਚਾਹੀਦਾ ਹੈ। ਸਾਲ 1947 'ਚ ਆਜ਼ਾਦੀ ਪਿਛੋਂ ਪਹਿਲਾਂ-ਪਹਿਲ ਕੁਝ ਲੀਡਰਾਂ ਨੇ ਇਸ ਬਾਰੇ ਵਿਸਥਾਰ ਸਹਿਤ ਗੱਲਾਂ ਵੀ ਕੀਤੀਆਂ ਪਰ ਹੌਲੀ-ਹੌਲੀ ਸਭ ਕੁਝ ਸ਼ਹਿਰਾਂ 'ਚ ਸਿਮਟਦਾ ਗਿਆ। 1991 'ਚ ਨਵੀਆਂ ਆਰਥਕ ਨੀਤੀਆਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚਕਾਰ ਪਾੜਾ ਹੋਰ ਵਧਾਇਆ। 'ਮੁਲਕ ਦੇ ਸਭ ਤੋਂ ਮਜ਼ਬੂਤ ਲੀਡਰ' ਵਜੋਂ ਪ੍ਰਚਾਰੇ ਜਾਂਦੇ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਦਿਆਂ ਜੋ ਅਹਿਮ ਫੈਸਲੇ ਕੀਤੇ, ਉਨ੍ਹਾਂ ਵਿਚ ਸਮਾਰਟ ਸਿਟੀ ਬਣਾਉਣ ਦਾ ਫੈਸਲਾ ਵੀ ਇਕ ਸੀ। ਜਾਹਰ ਹੈ, ਪਿੰਡ ਕਿਸੇ ਵੀ ਸਰਕਾਰ, ਇਹ ਭਾਵੇਂ ਸੂਬਾ ਸਰਕਾਰ ਹੈ ਜਾਂ ਕੇਂਦਰ ਸਰਕਾਰ, ਦੇ ਏਜੰਡੇ 'ਤੇ ਨਹੀਂ ਹੈ। ਹਾਲਾਂਕਿ ਤੱਥ ਇਹ ਹਨ ਕਿ ਮੁਲਕ ਦੀ ਬਹੁਤੀ ਆਬਾਦੀ ਅਜੇ ਵੀ ਪਿੰਡਾਂ ਵਿਚ ਵੱਸਦੀ ਹੈ।

ਅਸਲ ਵਿਚ ਵੱਖ-ਵੱਖ ਸਰਕਾਰਾਂ ਨੇ ਆਮ ਲੋਕਾਂ ਜਾਂ ਪਿੰਡਾਂ ਨੂੰ ਧਿਆਨ ਵਿਚ ਰੱਖ ਕੇ ਕਦੀ ਕੋਈ ਖਾਸ ਫੈਸਲੇ ਨਹੀਂ ਕੀਤੇ। ਹਰ ਸਰਕਾਰ ਚੋਣਾਂ ਦੌਰਾਨ ਵੋਟਾਂ ਲੈਣ ਦੀ ਝਾਕ ਵਿਚ ਹੀ ਅਜਿਹੇ ਫੈਸਲਿਆਂ ਦਾ ਚੋਗਾ ਲੋਕਾਂ ਅੱਗੇ ਸੁੱਟਦੀ ਹੈ ਅਤੇ ਲੋਕ ਲੀਡਰਾਂ ਦੀਆਂ ਗੱਲਾਂ ਵਿਚ ਆ ਕੇ ਆਪਣੀ ਗੱਲ ਰੱਖਣ ਦੀ ਥਾਂ, ਦਿੱਤੇ ਚੋਗੇ ਨਾਲ ਹੀ ਸੰਤੁਸ਼ਟ ਹੋ ਜਾਂਦੇ ਰਹੇ ਹਨ। ਇਸ ਲਈ ਜਿੰਨਾ ਚਿਰ ਲੋਕ ਆਪ ਸੁਚੇਤ ਹੋ ਕੇ ਸਰਕਾਰਾਂ ਅੱਗੇ ਸੁਆਲ ਨਹੀਂ ਸੁੱਟਦੇ, ਸਰਕਾਰਾਂ ਇਸੇ ਤਰ੍ਹਾਂ ਲੋਕ ਵਿਰੋਧੀ ਫੈਸਲੇ ਕਰਦੀਆਂ ਰਹਿਣਗੀਆਂ ਪਰ ਪੰਜਾਬ ਵਿਚ ਲੋਕਾਂ ਨੂੰ ਇਨ੍ਹਾਂ ਮਸਲਿਆਂ ਬਾਰੇ ਜਗਾਉਣ ਵਾਲੀਆਂ ਸਭ ਧਿਰਾਂ ਪਾਟੋ-ਧਾੜ ਦੀਆਂ ਸ਼ਿਕਾਰ ਹਨ। ਹੁਣ ਵੀ ਜਿਹੜੀ ਸਾਂਝ ਜਾਂ ਤਾਲਮੇਲ ਸਾਹਮਣੇ ਆ ਰਿਹਾ ਹੈ, ਉਹ ਸਿਰਫ ਲੋਕ ਸਭਾ ਚੋਣਾਂ ਵਿਚ ਵੱਧ ਤੋਂ ਵੱਧ ਵੋਟਾਂ ਬਟੋਰਨ ਜਾਂ ਵੱਧ ਤੋਂ ਵੱਧ ਮਾਇਆ ਇਕੱਠੀ ਕਰਨ ਦੇ ਹਿਸਾਬ ਨਾਲ ਹੀ ਕੀਤਾ ਜਾ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੱਕੀ ਬਾਬੇ ਦੀ!*

ਸ਼ਕਲ ਮੋਮਨਾਂ, ਕਾਰੇ ਨੇ ਕਾਫਰਾਂ ਦੇ, ਡੇਰੇ ਮੱਠਾਂ ਦੇ ਬਣੇ ਨੇ 'ਸੰਤ' ਦੇਖੋ।
ਜਤ-ਸਤ ਦਾ ਦੇਣ ਉਪਦੇਸ਼ ਓਦਾਂ, ਖੁਦ ਬਹੁਤੀਆਂ ਨਾਰਾਂ ਦੇ 'ਕੰਤ' ਦੇਖੋ।
ਖੂਨ ਦਾਨ ਤੇ ਅੱਖਾਂ ਦੇ ਕੈਂਪ ਲਾਉਂਦੇ, ਲੁੱਟਣ ਲਈ ਲੋਕਾਈ ਨੂੰ ਮੰਤ ਦੇਖੋ।
ਆਵੇ ਅੰਤ ਜਦ, ਹੱਥਕੜੀ ਪੁਲਿਸ ਲਾਵੇ, ਹੋਵੇ ਜੇਲ੍ਹ ਨੂੰ ਤੁਰਤ ਉਡੰਤ ਦੇਖੋ।
ਧਰਮੀ ਦਿਸਣ ਲਈ ਭੇਖ ਨੇ ਧਾਰ ਲੈਂਦੇ, ਫਿਰਦੇ ਰੱਬ ਦੇ ਬਣੇ ਸ਼ਰੀਕ ਭਾਈ।
ਚੱਕੀ ਬਾਬੇ ਦੀ ਚੱਲੇ ਬੇਸ਼ੱਕ ਹੌਲੀ, ਐਪਰ ਪੀਂਹਦੀ ਐ ਬਹੁਤ ਬਾਰੀਕ ਭਾਈ!

# ਰਾਜਧ੍ਰੋਹ ਦੇ ਮੁਕੱਦਮੇ ਤੇ ਭਗਵੇਂ ਸਿਆਸੀ ਹਿਤ

***ਸੱਤਾਧਾਰੀ ਧਿਰਾਂ ਆਪਣੇ ਵਿਰੋਧੀਆਂ ਨੂੰ ਪਛਾੜਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਦੀਆਂ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕਾਰਗਰ ਤਰੀਕਾ ਵਿਰੋਧੀਆਂ ਨੂੰ ਵੱਖ-ਵੱਖ ਕੇਸਾਂ ਵਿਚ ਉਲਝਾਉਣਾ ਸ਼ਾਮਿਲ ਰਿਹਾ ਹੈ। ਪਹਿਲੇ ਹਾਕਮਾਂ ਦੇ ਮੁਕਾਬਲੇ ਹੁਣ ਵਾਲੇ, ਨਿਰੋਲ ਹਿੰਦੂਵਾਦੀ ਹਾਕਮ ਇਸ ਮਾਮਲੇ ਵਿਚ ਕੁਝ ਵਧੇਰੇ ਹੀ ਖਤਰਨਾਕ ਸਾਬਤ ਹੋ ਰਹੇ ਹਨ। ਇਹ ਵਿਰੋਧੀਆਂ ਨੂੰ ਦੱਬਣ ਜਾਂ ਦਬਾਉਣ ਦੀ ਕੋਸ਼ਿਸ਼ ਤਾਂ ਕਰ ਹੀ ਰਹੇ ਹਨ, ਸਗੋਂ ਮੀਡੀਆ ਦੇ ਇਕ ਵੱਡੇ ਹਿੱਸੇ ਰਾਹੀਂ ਇਨ੍ਹਾਂ ਵਿਰੋਧੀਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਤਹਿਤ ਵੀ ਕਾਰਵਾਈ ਕਰ ਰਹੇ ਹਨ। ਭਗਵੇਂ ਸੱਤਾਧਾਰੀਆਂ ਦੀ ਇਸ ਸਿਆਸਤ ਬਾਰੇ ਟਿੱਪਣੀ ਆਪਣੇ ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤੀ ਹੈ। -ਸੰਪਾਦਕ***

ਬੂਟਾ ਸਿੰਘ
ਫੋਨ: +91-94634-74342

ਇਸ ਹਫਤੇ ਵਾਪਰੇ ਦੋ ਮਹੱਤਵਪੂਰਨ ਅਦਾਲਤੀ ਘਟਨਾ ਵਿਕਾਸ ਗ਼ੌਰਤਲਬ ਹਨ। 14 ਜਨਵਰੀ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਵਲੋਂ ਮਸ਼ਹੂਰ ਦਲਿਤ ਚਿੰਤਕ ਅਤੇ ਜਮਹੂਰੀ ਹੱਕਾਂ ਦੇ ਘੁਲਾਟੀਏ ਪ੍ਰੋਫੈਸਰ ਆਨੰਦ ਤੇਲਤੁੰਬੜੇ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਜਿਸ ਵਿਚ ਪੁਣੇ ਪੁਲਿਸ ਵਲੋਂ ਭੀਮਾ-ਕੋਰੇਗਾਓਂ ਮਾਮਲੇ ਵਿਚ ਸਿਰਕੱਢ ਸ਼ਖਸੀਅਤਾਂ ਵਿਰੁੱਧ ਦਰਜ ਕੀਤੀ ਝੂਠੀ ਐਫ. ਆਈ. ਆਰ. ਨੂੰ ਖਤਮ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਚੀਫ ਜਸਟਿਸ ਵਲੋਂ ਦਲੀਲ ਇਹ ਦਿੱਤੀ ਗਈ ਕਿ "ਜਾਂਚ ਹੋਰ ਤੋਂ ਹੋਰ ਲੰਮੀ-ਚੌੜੀ ਹੁੰਦੀ ਜਾ ਰਹੀ ਹੈ ਅਤੇ ਇਸ ਪੜਾਅ 'ਤੇ ਜਾਂਚ ਦੇ ਅਮਲ ਨੂੰ ਬੰਦ ਕਰਨਾ ਵਾਜਿਬ ਨਹੀਂ ਹੈ।" ਜਦਕਿ ਸੁਪਰੀਮ ਕੋਰਟ ਦੇ ਬੈਂਚ ਨੇ ਪੁਣੇ ਪੁਲਿਸ ਵਲੋਂ ਬਦਲ-ਬਦਲ ਕੇ ਐਫ.ਆਈ.ਆਰ. ਲਿਖਣ ਅਤੇ ਜਾਂਚ ਦੇ ਨਾਂ ਹੇਠ ਕੀਤੀਆਂ ਬੇਨਿਯਮੀਆਂ ਨੂੰ ਉਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਜਿਸ ਵਿਚ ਪੁਲਿਸ ਦੀ ਭੂਮਿਕਾ ਪੂਰੀ ਤਰ੍ਹਾਂ ਗ਼ੈਰਭਰੋਸੇਯੋਗ ਅਤੇ ਸਵਾਲਾਂ ਦੇ ਘੇਰੇ ਵਿਚ ਹੈ।

ਭੀਮਾ-ਕੋਰੇਗਾਓਂ ਮਾਮਲੇ ਵਿਚ ਨੌਂ ਬੁੱਧੀਜੀਵੀਆਂ/ਕਾਰਕੁਨਾਂ (ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ, ਰੋਨਾ ਵਿਲਸਨ, ਸੁਧੀਰ ਧਾਵਲੇ, ਪ੍ਰੋਫੈਸਰ ਵਰਾਵਰਾ ਰਾਓ, ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ, ਐਡਵੋਕੇਟ ਅਰੁਣ ਫਰੇਰਾ ਅਤੇ ਐਡਵੋਕੇਟ ਸੁਧਾ ਭਾਰਦਵਾਜ) ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕਿਆ ਗਿਆ ਹੈ ਜਦਕਿ ਇਸੇ ਮਾਮਲੇ ਵਿਚ ਗੌਤਮ ਨਵਲੱਖਾ, ਪ੍ਰੋਫੈਸਰ ਤੇਲਤੁੰਬੜੇ ਅਤੇ ਈਸਾਈ ਪਾਦਰੀ ਸਟੈਨ ਸਵਾਮੀ ਉਪਰ ਗ੍ਰਿਫਤਾਰੀ ਦੀ ਤਲਵਾਰ ਲਟਕ ਰਹੀ ਹੈ। ਇਨ੍ਹਾਂ ਸਾਰਿਆਂ ਉਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਇਹ ਸਾਰੇ ਜਨਵਰੀ 2018 'ਚ ਭੀਮਾ-ਕੋਰੇਗਾਓਂ ਵਿਚ ਹੋਈ ਹਿੰਸਾ ਦੇ 'ਯੋਜਨਾਘਾੜੇ ਸ਼ਹਿਰੀ ਨਕਸਲੀ' ਹਨ ਜੋ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਲਈ ਕੰਮ ਕਰ ਰਹੇ ਸਨ। ਇਸ ਤੋਂ ਪਹਿਲਾਂ 15 ਦਸੰਬਰ ਨੂੰ ਬੰਬੇ ਹਾਈਕੋਰਟ ਨੇ ਪ੍ਰੋਫੈਸਰ ਤੇਲਤੁੰਬੜੇ ਦੀ ਇਹੀ ਪਟੀਸ਼ਨ ਖਾਰਜ ਕਰਦੇ ਹੋਏ ਤਿੰਨ ਹਫਤੇ ਲਈ ਉਸ ਨੂੰ ਗ੍ਰਿਫਤਾਰ ਨਾ ਕਰਨ ਦਾ ਆਦੇਸ਼ ਦਿੱਤਾ ਸੀ। ਸੁਪਰੀਮ ਕੋਰਟ ਦੇ ਬੈਂਚ ਵਲੋਂ ਹੁਣ ਉਸ ਨੂੰ ਗ੍ਰਿਫਤਾਰੀ ਤੋਂ ਚਾਰ ਹੋਰ ਹਫਤੇ ਦੀ ਰਾਹਤ ਦਿੱਤੀ ਗਈ ਹੈ। ਇਸ ਦੌਰਾਨ ਉਹ ਸਥਾਨਕ ਅਦਾਲਤ ਤੋਂ ਜ਼ਮਾਨਤ ਲੈਣ ਦੀ ਕੋਸ਼ਿਸ਼ ਕਰ ਸਕਣਗੇ। ਇਹ ਮਹਿਜ਼ ਆਰਜ਼ੀ ਰਾਹਤ ਹੈ ਅਤੇ ਇਸ ਤੋਂ ਬਾਅਦ ਉਸ ਨੂੰ ਪੁਲਿਸ ਜਦੋਂ ਚਾਹੇ ਗ੍ਰਿਫਤਾਰ ਕਰ ਸਕਦੀ ਹੈ।

ਯਾਦ ਰਹੇ ਕਿ ਬੁੱਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ ਤੋਂ ਇਲਾਵਾ ਅਮਰੀਕਾ ਤੇ ਕੈਨੇਡਾ ਸਮੇਤ ਗਿਆਰਾਂ ਮੁਲਕਾਂ ਵਿਚ ਕੰਮ ਕਰ ਰਹੇ 'ਅੰਬੇਡਕਰ ਇੰਟਰਨੈਸ਼ਨਲ ਮਿਸ਼ਨ' ਅਤੇ ਕੌਮਾਂਤਰੀ ਪੱਧਰ 'ਤੇ ਸਰਗਰਮ 13 ਹੋਰ ਅੰਬੇਡਕਾਰਵਾਦੀ ਤੇ ਅਗਾਂਹਵਧੂ ਸੰਸਥਾਵਾਂ ਨੇ ਪ੍ਰੋਫੈਸਰ ਤੇਲਤੁੰਬੜੇ ਵਿਰੁੱਧ ਦਰਜ ਝੂਠਾ ਮਾਮਲਾ ਬੰਦ ਕੀਤੇ ਜਾਣ ਦੀ ਮੰਗ ਕੀਤੀ ਹੈ। ਇਹ ਜ਼ੋਰਦਾਰ ਆਵਾਜ਼ ਪ੍ਰੋਫੈਸਰ ਤੇਲਤੁੰਬੜੇ ਵਲੋਂ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ ਤੋਂ ਬਾਅਦ ਮਦਦ ਲਈ ਕੀਤੀ ਗਈ ਜਨਤਕ ਅਪੀਲ ਦੇ ਹੁੰਗਾਰੇ ਵਜੋਂ ਉਠੀ ਹੈ। ਇਸ ਤੋਂ ਪਹਿਲਾਂ, ਪ੍ਰੋਫੈਸਰ ਰੋਮਿਲਾ ਥਾਪਰ, ਪ੍ਰੋਫੈਸਰ ਪ੍ਰਭਾਤ ਪਟਨਾਇਕ ਸਮੇਤ ਕੁਝ ਪ੍ਰਮੁੱਖ ਬੁੱਧੀਜੀਵੀਆਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਭੀਮਾ-ਕੋਰੇਗਾਓਂ ਮਾਮਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਬਣਾ ਕੇ ਕਰਵਾਏ ਜਾਣ ਦੀ ਮੰਗ ਕੀਤੀ ਸੀ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਅਤੇ ਮਹਾਂਰਾਸ਼ਟਰ ਸਰਕਾਰ ਦੇਸ-ਵਿਦੇਸ਼ ਵਿਚ ਉਠ ਰਹੀ ਆਵਾਜ਼ ਨੂੰ ਸੁਣਨ ਲਈ ਤਿਆਰ ਨਹੀਂ ਅਤੇ ਸੁਪਰੀਮ ਕੋਰਟ ਚੋਟੀ ਦੇ ਬੁੱਧੀਜੀਵੀਆਂ ਦੀ ਮੰਗ 'ਤੇ ਵਿਸ਼ੇਸ਼ ਜਾਂਚ ਟੀਮ ਬਣਾ ਕੇ ਇਸ ਮਾਮਲੇ ਦੀ ਜਾਂਚ ਕਰਾਉਣ ਤੋਂ ਇਨਕਾਰੀ ਹੈ।

ਦੂਜੇ ਪਾਸੇ, 19 ਜਨਵਰੀ ਨੂੰ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਦੇ ਮੈਟਰੋਪਾਲੀਟਨ ਮੈਜਿਸਟਰੇਟ ਦੀਪਕ ਸ਼ੇਰਾਵਤ ਨੇ ਰਾਜ-ਧ੍ਰੋਹ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੂੰ ਫਿਟਕਾਰ ਪਾਉਂਦਿਆਂ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀਆਂ ਦੇ ਮਾਮਲੇ ਵਿਚ ਪੇਸ਼ ਕੀਤੀ ਚਾਰਜਸ਼ੀਟ ਦਾ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਚਾਰਜਸ਼ੀਟ ਦਿੱਲੀ ਸਰਕਾਰ ਦੀ ਮਨਜ਼ੂਰੀ ਲਏ ਬਿਨਾ ਹੀ ਪੇਸ਼ ਕੀਤੀ ਗਈ ਸੀ। ਇਹ ਚਾਰਜਸ਼ੀਟ ਤਿੰਨ ਸਾਲ ਪਹਿਲਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀ ਆਗੂਆਂ ਕਨ੍ਹੱਈਆ ਕੁਮਾਰ, ਉਮਰ ਖਾਲਿਦ ਅਤੇ ਅਨਿਰਬਾਨ ਭੱਟਾਚਾਰੀਆ ਅਤੇ ਹੋਰ ਅਣਪਛਾਤੇ ਵਿਦਿਆਰਥੀਆਂ ਖਿਲਾਫ ਕਥਿਤ ਤੌਰ 'ਤੇ ਦੇਸ਼ ਵਿਰੋਧੀ ਨਾਅਰੇ ਲਾਉਣ ਦੇ ਮਾਮਲੇ ਬਾਬਤ ਹੈ। ਫਰਵਰੀ 2016 ਵਿਚ ਇਨ੍ਹਾਂ ਤਿੰਨ ਆਗੂਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਪੂਰੇ ਮੁਲਕ ਵਿਚ ਪੁਰਜ਼ੋਰ ਵਿਰੋਧ ਹੋਇਆ ਸੀ ਅਤੇ ਇਸ ਵਿਰੋਧ ਨੂੰ ਦੇਖਦਿਆਂ ਸੰਘ ਪਰਿਵਾਰ ਨੂੰ ਜੇ.ਐਨ.ਯੂ. ਦੀ ਸੰਵਾਦ ਦੀ ਰਚਨਾਤਮਕ ਰਵਾਇਤ ਵਿਰੁੱਧ ਆਪਣੀ ਹਮਲਾਵਰ ਮੁਹਿੰਮ ਦੀ ਰਫਤਾਰ ਮੱਠੀ ਕਰਨੀ ਪਈ ਸੀ।



*ਆਨੰਦ ਤੇਲਤੁੰਬੜੇ*

ਮੈਜਿਸਟਰੇਟ ਨੇ ਸਾਫ ਕਿਹਾ ਹੈ ਕਿ ਜਦ ਇਸਤਗਾਸਾ ਧਿਰ ਕੋਲ ਸਰਕਾਰ ਦੇ ਕਾਨੂੰਨ ਵਿਭਾਗ ਦੀ ਮਨਜ਼ੂਰੀ ਨਹੀਂ ਹੈ, ਤਾਂ ਫਿਰ ਬਿਨਾਂ ਮਨਜ਼ੂਰੀ ਦੇ ਚਾਰਜਸ਼ੀਟ ਪੇਸ਼ ਕਿਉਂ ਕੀਤੀ? ਚਾਰਜਸ਼ੀਟ ਉਪਰ ਪਹਿਲਾਂ ਸਰਕਾਰ ਤੋਂ ਇਜਾਜ਼ਤ ਲੈਣੀ ਹੋਵੇਗੀ। ਇਸ 'ਤੇ ਪੁਲਿਸ ਨੂੰ ਆਪਣੇ ਬਚਾਓ ਦਾ ਪੈਂਤੜਾ ਲੈਂਦੇ ਹੋਏ ਇਹ ਮੰਨਣਾ ਪਿਆ ਕਿ ਦਸ ਦਿਨਾਂ ਦੇ ਅੰਦਰ ਮਨਜ਼ੂਰੀ ਲੈ ਲਈ ਜਾਵੇਗੀ। ਅਸਲ 'ਚ ਦੇਸ਼-ਧ੍ਰੋਹ ਦੇ ਮਾਮਲੇ 'ਚ ਸੀ.ਆਰ.ਪੀ.ਸੀ. ਦੇ ਸੈਕਸ਼ਨ 196 ਦੇ ਤਹਿਤ ਜਦ ਤੱਕ ਸਰਕਾਰ ਮਨਜ਼ੂਰੀ ਨਹੀਂ ਦਿੰਦੀ, ਉਦੋਂ ਤੱਕ ਅਦਾਲਤ ਚਾਰਜਸ਼ੀਟ 'ਤੇ ਨੋਟਿਸ ਨਹੀਂ ਲੈ ਸਕਦੀ। ਲੇਕਿਨ ਪੁਲਿਸ ਹੁਕਮਰਾਨ ਧਿਰ ਦੇ ਹਿਤ ਪੂਰਨ ਲਈ ਰਾਜਧ੍ਰੋਹ ਦੇ ਬਹੁਤ ਹੀ ਸੰਗੀਨ ਮਾਮਲਿਆਂ ਵਿਚ ਵੀ ਕਾਨੂੰਨ ਦੀਆਂ ਧੱਜੀਆਂ ਉਡਾਉਣ ਤੋਂ ਬਿਲਕੁਲ ਗੁਰੇਜ਼ ਨਹੀਂ ਕਰਦੀ। ਜੇ.ਐਨ.ਯੂ. ਅਤੇ ਭੀਮਾ-ਕੋਰੇਗਾਓਂ ਦੋਨਾਂ ਮਾਮਲਿਆਂ ਵਿਚ ਸ਼ਿਕਾਇਤਕਰਤਾ ਧਿਰ ਹਿੰਦੂਤਵ ਆਗੂ ਹਨ ਅਤੇ ਪੁਲਿਸ ਅਧਿਕਾਰੀ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ।

ਜੇ.ਐਨ.ਯੂ. ਅਤੇ ਭੀਮਾ-ਕੋਰੇਗਾਓਂ ਮਾਮਲਿਆਂ ਦੀ ਸਾਂਝੀ ਤੰਦ ਇਹ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਅਗਾਂਹਵਧੂ ਤਾਕਤਾਂ ਨੂੰ ਚੁਣ ਕੇ ਨਿਸ਼ਾਨਾ ਬਣਾਇਆ ਗਿਆ ਹੈ ਜਿਸ ਖਾਤਰ ਜਾਅਲੀ ਸਬੂਤ ਘੜੇ ਗਏ ਹਨ। ਇਹ ਭਗਵੀਂ ਸਾਜ਼ਿਸ਼ ਜੇ.ਐਨ.ਯੂ. ਮਾਮਲੇ ਵਿਚ ਪੂਰੀ ਤਰ੍ਹਾਂ ਬੇਪਰਦ ਹੋ ਚੁੱਕੀ ਹੈ ਜਦੋਂ ਫਾਰੈਂਸਿਕ ਲੈਬ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਕਿ ਵਿਦਿਆਰਥੀ ਆਗੂਆਂ ਦੇ ਕਥਿਤ ਭਾਸ਼ਣਾਂ ਦੀਆਂ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ। ਇਹ ਜਾਅਲਸਾਜ਼ੀ ਗ੍ਰਿਫਤਾਰ ਕੀਤੇ ਬੁੱਧੀਜੀਵੀਆਂ ਦੇ ਲੈਪਟਾਪ ਕੰਪਿਊਟਰਾਂ ਅਤੇ ਹੋਰ ਡੇਟਾ ਸਟੋਰੇਜ ਯੰਤਰਾਂ ਵਿਚੋਂ ਚਿੱਠੀਆਂ 'ਮਿਲਣ' ਦੇ ਅਮਲ ਵਿਚ ਵੀ ਸਾਫ ਨਜ਼ਰ ਆਉਂਦੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਨਾ ਹਿੰਦੂਤਵ ਅਨਸਰਾਂ ਦੀਆਂ ਦਹਿਸ਼ਤਵਾਦੀ ਵਾਰਦਾਤਾਂ ਦੇ ਮਾਮਲਿਆਂ ਦੀ ਛਾਣਬੀਣ ਕਰਨ ਲਈ ਇਸ ਤਰ੍ਹਾਂ ਫੁਰਤੀ ਦਿਖਾਉਂਦੀਆਂ ਹਨ, ਨਾ ਦਹਿਸ਼ਤਵਾਦ ਰੋਕੂ ਕਾਨੂੰਨ ਯੂ.ਏ.ਪੀ.ਏ. ਲਗਾਉਂਦੀਆਂ ਹਨ ਅਤੇ ਨਾ ਉਨ੍ਹਾਂ ਦੀ ਜ਼ਮਾਨਤ ਦਾ ਵਿਰੋਧ ਕਰਦੀਆਂ ਹਨ। ਦੱਬੇਕੁਚਲੇ ਹਿੱਸਿਆਂ ਵਿਰੁੱਧ ਹਿੰਸਾ ਨੂੰ ਸ਼ਰੇਆਮ ਅੰਜਾਮ ਦੇਣ ਵਾਲੇ ਸੰਘ ਪਰਿਵਾਰ ਦੇ ਅਨਸਰ ਪੁਲਿਸ ਤੇ ਹੋਰ ਰਾਜਕੀ ਸੰਸਥਾਵਾਂ ਦੀ ਮਿਲੀਭੁਗਤ ਨਾਲ ਆਜ਼ਾਦ ਘੁੰਮ ਰਹੇ ਹਨ ਅਤੇ ਦੇਸ਼ਭਗਤੀ ਦੇ ਵਾਹਦ ਦਾਅਵੇਦਾਰ ਬਣ ਕੇ ਇਕ ਪਿੱਛੋਂ ਇਕ ਅਗਾਂਹਵਧੂ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਜੇ.ਐਨ.ਯੂ. ਮਾਮਲਾ ਤਾਂ ਹੋਰ ਵੀ ਦਿਲਚਸਪ ਹੈ। ਤਕਰੀਬਨ ਤਿੰਨ ਸਾਲ ਤੋਂ ਦਿੱਲੀ ਪੁਲਿਸ ਮਾਮਲੇ ਨੂੰ ਦਬਾ ਕੇ ਬੈਠੀ ਰਹੀ ਜਦਕਿ ਕਾਨੂੰਨੀ ਤੌਰ 'ਤੇ ਪੁਲਿਸ ਮਾਮਲੇ ਦੀ ਜਾਂਚ ਕਰਕੇ ਤਿੰਨ ਮਹੀਨੇ ਦੇ ਅੰਦਰ ਚਾਰਜਸ਼ੀਟ ਪੇਸ਼ ਕਰਨ ਦੀ ਪਾਬੰਦ ਹੈ ਅਤੇ ਅਦਾਲਤ ਦੀ ਮਨਜ਼ੂਰੀ ਨਾਲ ਕੇਵਲ ਯੂ.ਏ.ਪੀ.ਏ. ਦੇ ਮਾਮਲਿਆਂ ਵਿਚ ਹੀ ਜਾਂਚ ਦੀ ਸਮਾਂ ਸੀਮਾ ਤਿੰਨ ਮਹੀਨੇ ਹੋਰ ਵਧਾਈ ਜਾ ਸਕਦੀ ਹੈ। ਇਥੇ ਪੁਲਿਸ ਚਾਰਜਸ਼ੀਟ ਉਦੋਂ ਪੇਸ਼ ਕਰ ਰਹੀ ਹੈ ਜਦੋਂ ਲੋਕ ਸਭਾ ਚੋਣਾਂ ਵਿਚ ਮਹਿਜ਼ ਤਿੰਨ ਮਹੀਨੇ ਬਾਕੀ ਹਨ ਅਤੇ ਰਾਜਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਇਹ ਮਾਮਲੇ ਹੁਣ ਚੋਣਾਂ ਮੌਕੇ ਰਾਜਧ੍ਰੋਹ ਨੂੰ ਮੁੱਦਾ ਬਣਾ ਕੇ ਸਿਆਸੀ ਲਾਹਾ ਲੈਣ ਅਤੇ ਆਲੋਚਕ ਆਵਾਜ਼ਾਂ ਨੂੰ ਦਬਾਉਣ ਲਈ ਉਛਾਲੇ ਜਾ ਰਹੇ ਹਨ, ਕਿਉਂਕਿ ਇਹ ਰਾਫਾਲ ਘੁਟਾਲੇ ਵਰਗੇ ਬੇਮਿਸਾਲ ਘੁਟਾਲਿਆਂ ਅਤੇ ਮੋਦੀ ਸਰਕਾਰ ਦੀਆਂ ਘੋਰ ਨਾਕਾਮੀਆਂ ਤੋਂ ਅਵਾਮ ਦਾ ਧਿਆਨ ਹਟਾਉਣ ਵਿਚ ਸੰਘ ਬ੍ਰਿਗੇਡ ਲਈ ਬਹੁਤ ਕਾਰਆਮਦ ਹੋਣਗੇ।

ਜੇ.ਐਨ.ਯੂ. ਅਤੇ ਭੀਮਾ-ਕੋਰੇਗਾਓਂ ਮਾਮਲਿਆਂ ਪਿੱਛੇ 'ਦੇਸ਼ ਵਿਰੋਧੀ ਸਾਜ਼ਿਸ਼' ਦੇ ਪੂਰੀ ਤਰ੍ਹਾਂ ਬੇਬੁਨਿਆਦ ਹੋਣ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਪ੍ਰੋਫੈਸਰ ਤੇਲਤੁੰਬੜੇ ਦੇ ਮਾਮਲੇ ਵਿਚ ਇਹ ਝੂਠ ਹੋਰ ਵੀ ਉਘੜਵਾਂ ਹੈ ਜੋ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਖੜਗਪੁਰ) ਵਿਚ ਪ੍ਰੋਫੈਸਰ ਰਹਿ ਚੁੱਕੇ ਹਨ ਅਤੇ ਇਸ ਵਕਤ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਵਿਖੇ ਸੀਨੀਅਰ ਪ੍ਰੋਫੈਸਰ ਹਨ। ਉਹ ਡਾ. ਅੰਬੇਡਕਰ, ਜਾਤਪਾਤ, ਜਮਹੂਰੀ ਹੱਕਾਂ ਅਤੇ ਸਮਾਜੀ ਨਿਆਂ ਦੇ ਵੱਖ-ਵੱਖ ਤਰ੍ਹਾਂ ਦੇ ਮੁੱਦਿਆਂ ਉਪਰ ਆਪਣੇ ਵਡਮੁੱਲੇ ਖੋਜ ਕਾਰਜਾਂ ਅਤੇ ਲੇਖਣੀ ਲਈ ਜਾਣੇ ਜਾਂਦੇ ਹਨ। ਇਸ ਪੱਧਰ ਦੇ ਜ਼ਹੀਨ ਬੁੱਧੀਜੀਵੀ ਨੂੰ 'ਹਿੰਸਾ ਦਾ ਯੋਜਨਾਘਾੜਾ' ਕਰਾਰ ਦੇਕੇ ਭਗਵੇਂ ਹੁਕਮਰਾਨਾਂ ਵਲੋਂ ਜੇਲ੍ਹ ਵਿਚ ਡੱਕਣ ਲਈ ਲਾਏ ਜਾ ਰਹੇ ਤਾਣ ਤੋਂ ਜ਼ਾਹਿਰ ਹੈ ਕਿ ਭਗਵਾਂ ਗਰੋਹ ਹਰ ਹੀਲਾ ਵਰਤ ਕੇ ਲੋਕਪੱਖੀ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਅਤੇ ਸਿਆਸੀ ਲਾਹਾ ਲੈਣ ਲਈ ਰਾਜਧ੍ਰੋਹ ਦਾ ਹੋ-ਹੱਲਾ ਮਚਾਉਣ 'ਤੇ ਤੁਲਿਆ ਹੋਇਆ ਹੈ।

# ਹਿੰਦੂਵਾਦੀ ਲੀਡਰਾਂ ਦੇ ਗੈਰ ਵਿਗਿਆਨਕ ਬਿਆਨ

**ਡਾ. ਮਨਜੀਤ ਸਿੰਘ ਬੱਲ**
ਫੋਨ: +91-83508-00237

ਭਾਰਤ ਕਈ ਭਾਸ਼ਾਵਾਂ, ਸੰਸਕ੍ਰਿਤੀਆਂ ਤੇ ਧਰਮਾਂ ਵਾਲਾ ਮੁਲਕ ਹੈ ਅਤੇ ਇਸ ਦੇ ਨੇਤਾਵਾਂ ਨੂੰ ਰੋਲ-ਮਾਡਲ ਹੋਣਾ ਚਾਹੀਦਾ ਹੈ ਪਰ ਆਪਣੇ ਮੁਲਕ ਦੇ ਸੰਵਿਧਾਨ ਨੂੰ ਮੰਨਣ ਵਾਲੇ ਅਤੇ ਇਸ ਦੀ ਸਹੁੰ ਚੁੱਕ ਕੇ ਆਹੁਦੇ ਪ੍ਰਾਪਤ ਕਰਨ ਵਾਲੇ ਹੀ ਸੰਵਿਧਾਨ ਨੂੰ ਨਹੀਂ ਮੰਨਦੇ। ਵੱਡੇ-ਵੱਡੇ ਮੰਚਾਂ ਉਤੇ ਆਪ-ਹੁਦਰੀਆਂ, ਗੈਰ ਵਾਜਬ ਤੇ ਗੈਰ ਵਿਗਿਆਨਕ ਗੱਲਾਂ ਕਰੀ ਜਾਂਦੇ ਹਨ।

ਕੈਂਸਰ ਦੇ ਇਲਾਜ ਸਬੰਧੀ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨਵੀਂ ਦਿਲੀ, ਨੈਸ਼ਨਲ ਕੈਂਸਰ ਰਜਿਸਟਰੀ ਬੰਗਲੌਰ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦਿੱਲੀ, ਜਿਪਮਰ ਪੁਡੂਚੇਰੀ ਤੇ ਭਾਰਤ ਦੀਆਂ ਹੋਰ ਸੰਸਥਾਵਾਂ ਸਮੇਤ ਪੂਰੀ ਦੁਨੀਆ ਵਿਚ, ਜਿਵੇਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਸਵਿਟਜ਼ਰਲੈਂਡ, ਅਮਰੀਕਾ, ਯੂਰੋਪ, ਆਸਟ੍ਰੇਲੀਆ, ਸਿੰਗਾਪੁਰ, ਮੱਧ ਪੂਰਬ ਆਦਿ ਮੁਲਕਾਂ ਵਿਚ ਖੋਜਾਂ ਹੋ ਰਹੀਆਂ ਹਨ ਜਿਸ 'ਤੇ ਅਰਬਾਂ-ਖਰਬਾਂ ਡਾਲਰ ਖਰਚ ਕੀਤੇ ਜਾ ਰਹੇ ਹਨ ਪਰ ਗੁਜਰਾਤ ਤੋਂ ਸੰਸਦ ਮੈਂਬਰ ਸ਼ੰਕਰ ਭਾਈ ਵੇਗਾਡ ਦਾ ਕਹਿਣਾ ਹੈ ਕਿ ਗਾਂ ਦੇ ਪਿਸ਼ਾਬ ਤੇ ਗੋਹੇ ਨਾਲ ਕੈਂਸਰ ਬਿਲਕੁਲ ਠੀਕ ਹੋ ਜਾਂਦਾ ਹੈ। ਉਨ੍ਹਾਂ ਨੇ ਪਤਾ ਨਹੀਂ ਕਿਹੜੀ ਖੋਜ ਦੇ ਆਧਾਰ 'ਤੇ ਇਹ ਬਿਆਨ ਦਿੱਤਾ ਹੈ? ਸਮਝ ਨਹੀਂ ਲਗਦੀ ਕਿ ਜਨਤਾ ਦੁਆਰਾ ਚੁਣੇ ਹੋਏ ਨੇਤਾ ਇਸ ਤਰ੍ਹਾਂ ਦੇ ਹਾਸੋ-ਹੀਣੇ ਬਿਆਨ ਦੇ ਕੇ ਸਾਰੀ ਦੁਨੀਆਂ 'ਚ ਭਾਰਤ ਦਾ ਮਖੌਲ ਕਿਉਂ ਉਡਾਉਂਦੇ ਹਨ? ਸਿਹਤ ਠੀਕ ਰੱਖਣ ਵਾਸਤੇ ਵਰਜ਼ਿਸ਼, ਯੋਗ, ਆਯੂਸ਼ ਵਗ਼ੈਰਾ ਪੂਰੀ ਦੁਨੀਆ ਵਿਚ ਪ੍ਰਚਲਿਤ ਹਨ। ਜਦ ਬਿਮਾਰੀ ਆਉਂਦੀ ਹੈ ਤਾਂ ਉਹ ਕਿਸੇ ਨੂੰ ਨਹੀਂ ਬਖਸ਼ਦੀ; ਅਰੁਣ ਜੇਤਲੀ ਹੋਵੇ, ਗੋਆ ਦਾ ਮੁੱਖ ਮੰਤਰੀ ਮਨੋਹਰ ਪਰੀਕਰ ਤੇ ਭਾਵੇਂ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ। ਇਲਾਜ ਵਾਸਤੇ ਸਭ ਏਮਜ਼ ਨਵੀਂ ਦਿੱਲੀ ਜਾਂ ਅਮਰੀਕਾ ਦੇ ਹਸਪਤਾਲਾਂ 'ਚ ਹੀ ਜਾਂਦੇ ਹਨ। ਕਦੀ ਨਹੀਂ ਸੁਣਿਆ ਕਿ ਕਿਸੇ ਨੇ ਗਾਂ ਦੇ ਗੋਹੇ ਜਾਂ ਪਿਸ਼ਾਬ ਨਾਲ ਜਾਂ ਬਾਬਾ ਰਾਮਦੇਵ ਦੇ ਫਾਰਮੂਲਿਆਂ ਨਾਲ ਇਲਾਜ ਕਰਵਾਇਆ ਹੋਵੇ!

ਮਿਥਿਹਾਸ ਨਾ ਤਾਂ ਇਤਿਹਾਸ ਹੁੰਦਾ ਹੈ ਤੇ ਨਾ ਹੀ ਵਿਗਿਆਨ। ਸਮੁੰਦਰਾਂ 'ਤੇ ਪੂਲ ਬਣਾਉਣ ਵਾਲੇ ਪਲੈਨਰਜ਼ ਤੇ ਇੰਜਨੀਅਰਾਂ ਨੂੰ ਪਤਾ ਹੈ ਕਿ ਇਹ ਕਿਵੇਂ ਬਣਦੇ ਹਨ। ਰਾਮੇਸ਼ਵਰਮ ਤੋਂ ਸ੍ਰੀਲੰਕਾ ਦੇ ਮਨਾੜ ਦਰਮਿਆਨ 'ਰਾਮ ਸੇਤੂ' ਜਾਂ 'ਐਡਮਜ਼ ਬ੍ਰਿਜ' ਮਿਥਿਹਾਸਕ ਕਥਾ ਅਨੁਸਾਰ ਰਾਮ ਦੀ ਸ਼ਕਤੀ ਨਾਲ ਹਨੂੰਮਾਨ ਦੀ ਵਾਨਰ ਸੈਨਾ ਨੇ ਬਣਾਇਆ ਸੀ। ਚਟਾਨਾਂ ਤੇ ਪੱਥਰਾਂ ਦਾ ਬਣਿਆ ਹੋਇਆ ਇਹ ਤਕਰੀਬਨ ਪੰਜਾਹ ਕਿਲੋਮੀਟਰ ਲੰਮਾ ਕੁਦਰਤੀ ਲਾਂਘਾ (ਪੁ.ਲ) ਹੈ। ਇਸ ਜਗ੍ਹਾ 'ਤੇ ਸਮੰਦਰ ਦੀ ਡੂੰਘਾਈ ਬਹੁਤ ਘੱਟ ਹੈ, ਸੋ ਜਹਾਜ਼ ਨਹੀਂ ਲੰਘ ਸਕਦੇ। ਜਹਾਜ਼ ਲੰਘਾਉਣ ਲਈ ਬਹੁ-ਕਰੋੜੀ 'ਸੇਤੂ ਸਮੁੰਦਰਮ' ਨਾਂ ਦਾ ਪ੍ਰਾਜੈਕਟ ਚੱਲ ਰਿਹਾ ਹੈ ਜਿਸ ਵਾਸਤੇ 'ਰਾਮ ਸੇਤੂ' ਦੇ ਰਸਤੇ 'ਚ ਤਬਦੀਲੀ ਕਰਕੇ ਇਸ ਨੂੰ ਡੂੰਘਾ ਕੀਤਾ ਜਾਣਾ ਹੈ ਪਰ ਕੁਝ ਧਾਰਮਿਕ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ।

ਭਾਰਤੀ ਪੁਰਾਤੱਤਵ ਨੇ ਸੁਪਰੀਮ ਕੋਰਟ ਵਿਚ ਹਲਫਨਾਮਾ ਦੇ ਕੇ ਕਿਹਾ ਹੈ ਕਿ ਇਹ ਪੁਲ ਕੁਦਰਤੀ ਤੌਰ 'ਤੇ ਹੀ ਚਟਾਨਾਂ ਤੇ ਪੱਥਰਾਂ ਨਾਲ ਬਣਿਆ ਹੋਇਆ ਹੈ। ਦੂਜੇ ਪਾਸੇ ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੂਪਾਣੀ ਕਹਿੰਦੇ ਹਨ, "ਜ਼ਰਾ ਸੋਚੋ, ਸ੍ਰੀ ਰਾਮ ਜੀ ਕੋਲ ਕਿੰਨੇ ਮਾਹਿਰ ਇੰਜਨੀਅਰ ਹੋਣਗੇ ਜਿਨ੍ਹਾਂ ਨੇ ਭਾਰਤ ਤੇ ਸ੍ਰੀਲੰਕਾ ਦਰਮਿਆਨ ਰਾਮ ਸੇਤੂ ਬਣਵਾਇਆ।"

ਕੇਂਦਰ ਸਰਕਾਰ ਵਿਚ ਮਨੁੱਖੀ ਸੋਮਿਆਂ ਦੇ ਰਾਜ ਮੰਤਰੀ ਸਤਿਆ ਪਾਲ ਸਿੰਘ ਨੇ ਇਸੇ ਸਾਲ ਜਨਵਰੀ ਵਿਚ ਮਹਾਰਾਸ਼ਟਰ ਦੀ ਵਿਗਿਆਨਕ ਕਾਨਫਰੰਸ ਦੇ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਆਪਣੇ ਭਾਸ਼ਨ ਵਿਚ ਕਿਹਾ: "ਮਨੁੱਖਾਂ ਦੀ ਉਤਪਤੀ ਬਾਰੇ ਡਾਰਵਿਨ ਦੀ ਥਿਊਰੀ ਵਿਗਿਆਨਿਕ ਤੌਰ 'ਤੇ ਗ਼ਲਤ ਹੈ, ਇਸ ਨੂੰ ਸਕੂਲਾਂ ਤੇ ਕਾਲਜਾਂ ਦੇ ਸਿਲੇਬਸ ਵਿਚੋਂ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਕਿਸੇ ਨੇ ਵੀ ਬਾਂਦਰ ਤੋਂ ਬੰਦਾ ਬਣਦਾ ਨਹੀਂ ਵੇਖਿਆ।" ਚਾਰਲਸ ਡਾਰਵਿਨ (1809-1882) ਬਾਰੇ ਮੰਤਰੀ ਦੇ ਇਸ ਕਥਨ ਦਾ ਸਾਇੰਸਦਾਨਾਂ ਤੇ ਖੋਜਕਾਰਾਂ ਨੇ ਗੰਭੀਰ ਨੋਟਿਸ ਲਿਆ ਸੀ। ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਨੇ ਇਹ ਕਹਿੰਦਿਆਂ ਰੋਸ ਵੀ ਜ਼ਾਹਿਰ ਕੀਤਾ ਸੀ ਤੇ ਪਟੀਸ਼ਨ ਵੀ ਪਾਈ ਸੀ ਕਿ ਇਸ ਮੰਤਰੀ ਨੇ ਭਾਰਤ ਦਾ ਅਕਸ ਖਰਾਬ ਕਰ ਦਿਤਾ ਹੈ।

ਇਹ ਗੱਲ ਜੱਗ ਜ਼ਾਹਿਰ ਹੈ ਕਿ ਭਾਰਤ ਨੇ 1974 ਤੇ ਬਾਅਦ ਵਿਚ 1998 ਵਿਚ ਪਰਮਾਣੂ ਟੈਸਟ ਕੀਤੇ ਪਰ ਸੰਸਦ ਮੈਂਬਰ ਰਮੇਸ਼ ਨਿਸ਼ਾਂਕ ਦਾ ਕਹਿਣਾ ਹੈ, "ਜਿਹੜੇ ਪਰਮਾਣੂ ਟੈਸਟ ਦੀ ਅਸੀਂ ਅੱਜ ਗੱਲ ਕਰਦੇ ਹਾਂ, ਰਿਸ਼ੀ ਕਨਾਡ ਨੇ ਇਹ ਟੈਸਟ ਬਹੁਤ ਵਰ੍ਹੇ ਪਹਿਲਾਂ ਕੀਤਾ ਸੀ।" ਕਨਾਡ ਰਿਸ਼ੀ ਦੂਜੀ ਸਦੀ 'ਚ ਹੋਇਆ ਦੱਸਿਆ ਜਾਂਦਾ ਹੈ। ਇਕ ਹੋਰ ਬਿਆਨ ਵਿਚ ਉਹ ਕਹਿੰਦੇ ਹਨ: "ਹਸਤ ਰੇਖਾ ਤੇ ਕੁੰਡਲੀਆਂ ਦੀ ਸਾਇੰਸ ਤੋਂ ਵੱਡੀ ਹੋਰ ਕੋਈ ਸਾਇੰਸ ਨਹੀਂ। ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਹੱਲਾਸ਼ੇਰੀ ਦੇਈਏ।"

ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਸਾਇੰਸ ਬਾਰੇ ਬੋਲਣ ਤੋਂ ਨਹੀਂ ਰਹਿ ਸਕੇ, ਕਹਿੰਦੇ ਹਨ, "ਅਮਰੀਕਾ ਦੇ ਖੋਜਕਾਰ ਸੂਰਜ ਤੇ ਚੰਦਰ ਗ੍ਰਹਿਣਾਂ ਦੀਆਂ ਤਰੀਕਾਂ ਬਾਰੇ ਦੱਸਦੇ ਹਨ ਪਰ ਆਪਣੇ ਭਾਰਤ 'ਚ ਕਿਸੇ ਵੀ ਪੰਡਿਤ ਨੂੰ ਪੁੱਛ ਲਓ, ਉਹ ਪਚਾਂਗ ਖੋਲ੍ਹੇਗਾ ਤੇ ਫੱਟ ਦੱਸ ਦੇਵੇਗਾ ਕਿ ਕਦੋਂ ਗ੍ਰਹਿਣ ਲਗਣਾ ਹੈ।" ਰਾਜਸਥਾਨ ਦੇ ਸਿਖਿਆ ਮੰਤਰੀ ਵਾਸੂਦੇਵ ਦੇਵਨਾਣੀ ਨੇ ਕਿਹਾ ਹੈ; "ਗਾਵਾਂ ਆਪਣੇ ਸਾਹ ਨਾਲ ਆਕਸੀਜਨ ਕੱਢਦੀਆਂ ਹਨ ਜਿਹਦੇ ਨਾਲ ਮਨੁੱਖ ਸਾਹ ਲੈਂਦਾ ਹੈ।" ਸਾਇੰਸਦਾਨਾਂ ਤੇ ਖੋਜਕਾਰਾਂ ਦੀ ਸਮਝ ਤੋਂ ਬਾਹਰ ਹੈ ਕਿ ਇਹ ਭਲਾ ਕਿਹੜੀ ਥਿਊਰੀ ਹੋਈ?

ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਕੁਮਾਰ ਦੇਬ ਨੇ ਆਧੁਨਿਕ ਟੈਕਨਾਲੋਜੀ ਤੇ ਸੰਚਾਰ-ਤੰਤਰ ਨੂੰ ਨਵੇਂ ਹੀ ਢੰਗ ਨਾਲ ਪੇਸ਼ ਕੀਤਾ ਅਤੇ ਕਿਹਾ ਕਿ 'ਇੰਟਰਨੈਟ ਮਹਾਂਭਾਰਤ ਵੇਲੇ ਵੀ ਸੀ।" ਇਸ ਦਾ ਵਿਸਥਾਰ ਸਹਿਤ ਵਰਨਣ ਕਰਦਿਆਂ ਉਨ੍ਹਾਂ ਕਿਹਾ, "ਕੁਰੂਕਸ਼ੇਤਰ ਦੇ ਅਠਾਰਾਂ ਦਿਨਾਂ ਦੇ ਯੁੱਧ ਨੂੰ ਸੰਜੈ ਨੇ ਇੰਟਰਨੈਟ ਰਾਹੀਂ ਹੀ ਤਾਂ 50 ਕਿਲੋਮੀਟਰ ਦੂਰ ਬੈਠੇ ਦ੍ਰਿਸ਼ਟੀਹੀਣ ਰਾਜੇ ਧ੍ਰਿਤਰਾਸ਼ਟਰ ਤੱਕ ਪਹੁੰਚਾਇਆ ਸੀ। ਇਹ ਟੈਕਨਾਲੋਜੀ ਤਾਂ ਹਜ਼ਾਰ ਤੋਂ ਵੀ ਵਧ ਸਾਲ ਪਹਿਲਾਂ ਖੋਜ ਲਈ ਗਈ ਸੀ।" ਬਾਰਡਰ ਤੋਂ ਚੀਨ ਦੀਆਂ ਫੌਜਾਂ ਭਜਾਉਣ ਬਾਰੇ ਰਾਸ਼ਟਰੀ ਸਵੈਮਸੇਵਕ ਸੰਘ ਨੇ ਕਿਹਾ ਹੈ: "ਜੇ ਸਾਰੇ ਭਾਰਤੀ ਰੋਜ਼ ਪੰਜ ਵਾਰ ਚੀਨ ਦੇ ਖਿਲਾਫ ਮੰਤਰ ਪੜ੍ਹਨ ਤਾਂ ਡਰੈਗਨ (ਚੀਨ) ਨੂੰ ਬਾਰਡਰ ਤੋਂ ਖਦੇੜਿਆ ਜਾ ਸਕਦਾ ਹੈ।

ਹੋਰ ਤਾਂ ਹੋਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਅਜਿਹੀਆਂ ਗੱਲਾਂ ਤੋਂ ਨਹੀਂ ਖੁੰਝਦੇ। ਮੈਡੀਕਲ ਸਾਇੰਸ ਦੇ ਅਤਿ ਮੁਹਾਰਤ ਵਾਲੇ ਵਿਸ਼ੇ ਪਲਾਸਟਿਕ ਸਰਜਰੀ ਬਾਰੇ ਉਹ ਕਹਿੰਦੇ ਹਨ, "ਪਲਾਸਟਿਕ ਸਰਜਰੀ ਦੀ ਸ਼ੁਰੂਆਤ ਸ੍ਰੀ ਗਣੇਸ਼ ਜੀ ਦੇ ਜ਼ਮਾਨੇ ਵਿਚ ਹੀ ਹੋਈ ਸੀ। ਉਸ ਸਮੇਂ ਵੀ ਕੋਈ ਐਸਾ ਮਾਹਿਰ ਪਲਾਸਟਿਕ ਸਰਜਨ ਹੋਵੇਗਾ ਜਿਸ ਨੇ ਮਨੁੱਖ ਦੇ ਧੜ 'ਤੇ ਹਾਥੀ ਦਾ ਸਿਰ ਲਗਾ ਦਿੱਤਾ ਸੀ।" ਐਡਵਾਂਸ ਜੈਨੇਟਿਕ ਇੰਜਨੀਅਰਿੰਗ ਬਾਰੇ ਐਸਾ ਹੀ ਗੈਰ ਵਿਗਿਆਨਕ ਬਿਆਨ ਹੈ, "ਮਹਾਂਭਾਰਤ ਬਾਰੇ ਸਾਨੂੰ ਪਤਾ ਹੈ ਕਿ ਕਰਨ ਮਾਂ ਦੇ ਪੇਟ 'ਚੋਂ ਨਹੀਂ ਸੀ ਜਨਮਿਆ; ਉਹਦਾ ਜਨਮ ਨਿਯੋਗਾ ਵਿਧੀ ਨਾਲ ਹੋਇਆ ਸੀ ਤੇ ਅਸਲ ਵਿਚ ਇਹ ਬੇਹੱਦ ਐਡਵਾਂਸ ਜੈਨੇਟਿਕ ਇੰਜਨੀਅਰਿੰਗ ਦੀ ਕਹਾਣੀ ਹੈ।" ਟੈਲੀਵਿਜ਼ਨ ਬਾਰੇ ਉਨ੍ਹਾਂ ਦਾ ਵਿਚਾਰ ਦੇਖੋ: "ਸਾਡੇ ਭਾਰਤ ਵਰਸ਼ ਦੇ ਰਿਸ਼ੀ ਮੁਨੀ, ਯੋਗ ਦੀ ਵਿਦਿਆ ਨਾਲ ਦਿਵਯਾ ਦ੍ਰਿਸ਼ਟੀ, ਯਾਨਿ ਦੂਰ-ਦ੍ਰਿਸ਼ਟੀ ਹਾਸਲ ਕਰ ਲੈਂਦੇ ਸੀ, ਸੋ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਟੈਲੀਵਿਜ਼ਨ ਦੀ ਕਾਢ ਪਿੱਛੇ ਇਸੇ ਦਾ ਹੀ ਹੱਥ ਹੈ।"

ਹੁਣੇ ਹੁਣੇ ਫਗਵਾੜੇ ਕੋਲ ਲਵਲੀ ਯੂਨੀਵਰਸਿਟੀ ਵਿਚ ਹੋਈ 106ਵੀਂ ਇੰਡੀਅਨ ਸਾਇੰਸ ਕਾਨਫਰੰਸ ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਨੇ ਕੀਤਾ ਸੀ, ਵਿਚ ਆਂਧਰਾ ਯਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ ਵੀ ਅਜਿਹੀਆਂ ਗੈਰ ਵਿਗਿਆਨਕ ਗੱਲਾਂ ਕਰ ਦਿੱਤੀਆਂ। ਉਸ ਨੇ ਕਿਹਾ, "ਕੌਰਵ 'ਟੈਸਟ ਟਿਊਬ ਬੇਬੀ' ਵਿਧੀ ਨਾਲ ਪੈਦਾ ਹੋਏ ਸਨ ਤੇ ਰਾਵਣ ਕੋਲ ਹਵਾਈ ਜਹਾਜ਼ ਸਨ।" ਹਾਜ਼ਰ ਸਾਇੰਸਦਾਨਾਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ ਇੰਡੀਅਨ ਨੈਸ਼ਨਲ ਸਾਇੰਸ ਦੀ ਕਾਰਜਕਾਰਨੀ, ਅਗ਼ਜ਼ੈਕਟਿਵ ਕੌਂਸਲ ਤੇ ਜਨਰਲ ਬਾਡੀ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਐਲਾਨ ਕੀਤਾ ਹੈ ਕਿ ਅਗਾਂਹ ਤੋਂ ਜਿਹੜਾ ਵੀ ਇਸ ਤਰ੍ਹਾਂ ਦੀ ਗੈਰ ਵਿਗਿਆਨਕ ਗੱਲ ਕਰੇਗਾ, ਉਹਨੂੰ ਸਟੇਜ ਤੋਂ ਲਾਹ ਦਿਤਾ ਜਾਵੇਗਾ। ਸੰਬੋਧਨ ਕਰਨ ਵਾਲੇ ਹਰ ਬੰਦੇ ਨੂੰ ਆਪਣੇ ਲੈਕਚਰ ਦੀ ਕਾਪੀ ਪ੍ਰਬੰਧਕਾਂ ਨੂੰ ਦੇਣੀ ਪਵੇਗੀ ਤਾਂ ਕਿ ਵਿਗਿਆਨਕ ਕਾਨਫਰੰਸ ਦੇ ਮੰਚ ਤੋਂ ਗੈਰ ਵਿਗਿਆਨਕ ਗੱਲਾਂ ਨਾ ਹੋਣ।" ਕਈ ਵਿਗਿਆਨੀਆਂ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਵਾਇਸ ਚਾਂਸਲਰ ਜੋ ਖੁਦ ਬਾਇਓਲੋਜਿਸਟ ਹੈ, ਐਸੀ ਗੈਰ ਵਿਗਿਆਨਕ ਤੇ ਬਿਲਕੁਲ ਹੀ ਨਾ-ਮੰਨਣਯੋਗ ਗੱਲ ਕਿਵੇਂ ਕਰ ਸਕਦਾ ਹੈ?

ਨੇਤਾਵਾਂ ਤੇ ਪੜ੍ਹੇ-ਲਿਖੇ ਬੰਦਿਆਂ ਨੂੰ ਆਪਣੀ ਬੁੱਧੀ ਅਨੁਸਾਰ ਤੱਥਾਂ ਅਤੇ ਵਿਗਿਆਨਕ ਖੋਜਾਂ ਦੇ ਆਧਾਰ 'ਤੇ ਬਿਆਨ ਦੇਣੇ ਚਾਹੀਦੇ ਹਨ। ਅੱਜ ਕਲ੍ਹ ਦੀ ਅਗਾਂਹ-ਵਧੂ ਟੈਕਨਾਲੋਜੀ ਨਾਲ ਵਿਸ਼ੇਸ਼ ਵਿਅਕਤੀਆਂ (ਨੇਤਾਵਾਂ) ਦੇ ਮੁਖਾਰਬਿੰਦ 'ਚੋਂ ਨਿਕਲੀ ਛੋਟੀ ਤੋਂ ਛੋਟੀ ਗੱਲ ਸਕਿੰਟਾਂ ਵਿਚ ਹੀ ਸਾਰੀ ਦੁਨੀਆਂ ਵਿਚ ਫੈਲ ਜਾਂਦੀ ਹੈ। ਗ਼ਲਤ ਤੇ ਗੈਰ ਵਿਗਿਆਨਕ ਬਿਆਨਾਂ ਨਾਲ ਨੇਤਾ ਅਤੇ ਮੁਲਕ ਦਾ ਸਾਰੀ ਦੁਨੀਆ ਵਿਚ ਮਖੌਲ ਬਣ ਜਾਂਦਾ ਹੈ। ਸਿਆਣੇ ਨੇਤਾਵਾਂ ਨੂੰ ਐਸੀਆਂ ਗੱਲਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।


# ਵਿਗਿਆਨ, ਵਿਗਿਆਨਕ ਸੋਚ ਤੇ ਫਰਜ਼ੀ ਦਾਅਵੇ

**ਅਰਵਿੰਦ**
ਫੋਨ: +91-98885-64456

ਭਾਰਤੀ ਵਿਗਿਆਨ ਕਾਂਗਰਸ ਐਸੋਸੀਏਸ਼ਨ ਦਾ ਮਕਸਦ ਭਾਰਤ ਵਿਚ ਵਿਗਿਆਨ ਨੂੰ ਅੱਗੇ ਵਧਾਉਣਾ ਅਤੇ ਉਤਸ਼ਾਹਿਤ ਕਰਨਾ ਹੈ। ਇਹ ਐਸੋਸੀਏਸ਼ਨ 1914 ਵਿਚ ਹੋਂਦ ਵਿਚ ਆਈ ਅਤੇ ਉਸੇ ਸਾਲ ਤੋਂ ਹੀ ਇਹ ਭਾਰਤੀ ਵਿਗਿਆਨ ਕਾਂਗਰਸ ਕਰ ਰਹੀ ਹੈ। 1947 ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸ ਐਸੋਸੀਏਸ਼ਨ ਦੇ ਕੰਮ ਨੂੰ ਵਿਗਿਆਨ ਆਧਾਰਿਤ ਕੌਮੀ ਏਜੰਡੇ ਅਤੇ ਭਾਰਤੀ ਸੰਵਿਧਾਨ ਦੀ ਵਿਗਿਆਨਕ ਸੋਚ ਪ੍ਰਤੀ ਵਚਨਬੱਧਤਾ ਨਾਲ ਜੋੜ ਕੇ ਇਸ ਮੁਹਾਜ਼ ਨੂੰ ਨਵਾਂ ਮੋੜ ਦਿੱਤਾ। 1976 ਵਿਚ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਕੌਮੀ ਮੁੱਦਿਆਂ ਬਾਰੇ ਚਰਚਾ ਨੂੰ ਵਿਗਿਆਨ ਕਾਂਗਰਸ ਦੇ ਮੁੱਖ ਏਜੰਡੇ ਵਿਚ ਲਿਆਂਦਾ ਗਿਆ। ਬਾਅਦ ਵਿਚ ਹੋਰ ਹਿੱਸੇ, ਜਿਵੇਂ ਵਿਗਿਆਨ ਸੰਚਾਰਕਾਂ ਦੀ ਗੋਸ਼ਟੀ, ਸਕੂਲੀ ਵਿਦਿਆਰਥੀਆਂ ਲਈ ਵਿਗਿਆਨ, ਵਿਗਿਆਨ ਵਿਚ ਔਰਤਾਂ ਦੀ ਸ਼ਮੂਲੀਅਤ ਆਦਿ ਵਿਗਿਆਨ ਕਾਂਗਰਸ ਦੇ ਪ੍ਰੋਗਰਾਮਾਂ ਵਿਚ ਜੋੜੇ ਗਏ। ਭਾਰਤੀ ਵਿਗਿਆਨੀਆਂ ਦੀਆਂ ਪ੍ਰਾਪਤੀਆਂ ਦਾ ਪ੍ਰਦਰਸ਼ਨ ਵੀ ਵਿਗਿਆਨ ਕਾਂਗਰਾਸ ਦੇ ਉਦੇਸ਼ਾਂ ਵਿਚ ਸ਼ਾਮਿਲ ਹੈ। ਪਿਛਲੇ ਸਾਲਾਂ ਵਿਚ ਉਘੇ ਕੌਮਾਂਤਰੀ ਵਿਗਿਆਨੀਆਂ ਨੂੰ ਕਾਂਗਰਸ ਵਿਚ ਸੱਦਿਆ ਜਾ ਰਿਹਾ ਹੈ। ਵਿਗਿਆਨ ਕਾਂਗਰਸ ਵਿਚ ਸਿਆਸੀ ਆਗੂਆਂ ਦੀ ਸ਼ਮੂਲੀਅਤ ਇਸ ਵਿਚਾਰ ਨਾਲ ਕੀਤੀ ਗਈ ਸੀ ਕਿ ਉਹ ਇਸ ਵਿਚਲੇ ਵਿਗਿਆਨਕ ਵਿਚਾਰ-ਵਟਾਂਦਰਿਆਂ ਤੋਂ ਦੇਸ਼ ਦੀ ਤਰੱਕੀ ਸਬੰਧੀ ਸੰਕੇਤ ਲੈਣਗੇ ਤਾਂ ਜੋ ਦੇਸ਼ ਵਿਗਿਆਨਕ ਲੀਹਾਂ ਉਤੇ ਅੱਗੇ ਵਧ ਸਕੇ।

ਪਿਛਲੇ ਸਾਲਾਂ ਦੌਰਾਨ ਜਿਸ ਢੰਗ ਨਾਲ ਵਿਗਿਆਨ ਕਾਂਗਰਸ ਕਰਵਾਈ ਜਾ ਰਹੀ ਹੈ, ਇਸ ਤੋਂ ਸਾਫ ਜ਼ਾਹਿਰ ਹੈ ਕਿ ਵਿਗਿਆਨ ਕਾਂਗਰਸ ਆਪਣੇ ਮਕਸਦ ਤੋਂ ਭਟਕ ਚੁੱਕੀ ਹੈ। ਆਜ਼ਾਦੀ ਤੋਂ ਬਾਅਦ ਦੇ ਸਾਲਾਂ ਵਿਚ ਸਿਆਸੀ ਆਗੂ ਵਿਗਿਆਨ ਕਾਂਗਰਸ ਵਿਚ ਵਿਗਿਆਨ ਤੋਂ ਦੇਸ਼ ਲਈ ਸੇਧ ਲੈਣ ਆਉਂਦੇ ਸਨ। ਹੁਣ ਉਲਟਾ ਹੋ ਰਿਹਾ ਹੈ। ਹੁਣ ਸਿਆਸੀ ਆਗੂ ਵਿਗਿਆਨ ਨੂੰ ਪ੍ਰਭਾਵਿਤ ਕਰਨ, ਵਿਗਿਆਨ ਬਾਰੇ ਦਾਅਵੇ ਕਰਨ ਅਤੇ ਵਿਗਿਆਨੀਆਂ ਨੂੰ ਵਿਗਿਆਨ ਦਾ ਏਜੰਡਾ ਦੱਸਣ ਆਉਂਦੇ ਜਾਪਦੇ ਹਨ। ਦੂਜੇ ਪਾਸੇ, ਦੇਸ਼ ਦੇ ਵਿਗਿਆਨੀ ਇਸ ਤੋਂ ਪਰਾਂ ਹਟਦੇ ਜਾ ਰਹੇ ਹਨ। ਬਹੁਤ ਸਾਰੇ ਵਿਗਿਆਨੀ ਤਾਂ ਇਸ ਵਿਚ ਸ਼ਾਮਿਲ ਹੋਣ ਤੋਂ ਵੀ ਕਤਰਾਉਂਦੇ ਹਨ। ਇਹ ਸਿਰਫ ਇਤਫਾਕ ਨਹੀਂ ਕਿ ਭਾਰਤੀ ਮੂਲ ਦੇ ਨੋਬੇਲ ਇਨਾਮ ਵਿਜੇਤਾ ਵੈਂਕਟਾਰਾਮਨ ਰਾਮਕ੍ਰਿਸ਼ਨਨ ਨੇ ਇਸ ਕਾਂਗਰਸ ਨੂੰ ਸਰਕਸ ਕਿਹਾ ਹੈ। ਬਹੁਤੇ ਵਿਗਿਆਨੀਆਂ ਨੂੰ ਲਗਦਾ ਹੈ ਕਿ ਜਿਸ ਢੰਗ ਨਾਲ ਇਹ ਕਾਂਗਰਸ ਕਰਵਾਈ ਜਾ ਰਹੀ ਹੈ, ਉਨ੍ਹਾਂ ਲਈ ਇਸ ਨਾਲ ਅਰਥਪੂਰਵਕ ਜੁੜਨਾ ਮੁਸ਼ਕਿਲ ਹੈ ਅਤੇ ਇਹ ਕਾਂਗਰਸ ਵਿਗਿਆਨਕ ਇਕੱਠ ਹੋਣ ਦੀ ਥਾਂ ਮਹਿਜ਼ ਸਰਕਾਰੀ ਪ੍ਰਦਰਸ਼ਨੀ ਬਣ ਕੇ ਰਹਿ ਗਈ ਹੈ। ਵੈਸੇ ਵੀ ਜ਼ਿਆਦਾਤਰ ਭਾਰਤੀ ਵਿਗਿਆਨੀਆਂ ਵਿਚ ਆਮ ਲੋਕਾਂ ਨਾਲ ਜੁੜਨ ਦਾ ਰੁਝਾਨ ਘੱਟ ਹੈ ਅਤੇ ਉਹ ਆਪਣੇ ਵਿਸ਼ੇ ਅਤੇ ਕਰੀਅਰ ਵੱਲ ਵਧੇਰੇ ਕੇਂਦਰਤ ਰਹਿੰਦੇ ਹਨ। ਬਹੁਤ ਘੱਟ ਭਾਰਤੀ ਵਿਗਿਆਨੀ ਆਮ ਲੋਕਾਂ ਨਾਲ ਜੁੜ ਕੇ, ਸਮਾਜ ਵਿਚ ਵਿਗਿਆਨ ਤੇ ਵਿਗਿਆਨਕ ਸੋਚ ਦੇ ਪ੍ਰਚਾਰ ਦੇ ਕੰਮ ਲਈ ਸਮਾਂ ਕੱਢਣ ਲਈ ਤਿਆਰ ਹੁੰਦੇ ਹਨ।

ਇਨ੍ਹਾਂ ਹਾਲਾਤ ਵਿਚ, ਵਿਗਿਆਨ ਕਾਂਗਰਸ ਦੁਆਰਾ ਮੁਹੱਈਆ ਕਰਵਾਏ ਮੰਚ ਨੂੰ ਗੈਰ ਵਿਗਿਆਨਕ ਲੋਕਾਂ ਨੇ ਵਰਤਣਾ ਸ਼ੁਰੂ ਕਰ ਦਿਤਾ ਹੈ। ਵਿਗਿਆਨ ਕਾਂਗਰਸ ਦੇ ਮੰਚ ਤੋਂ ਤੱਥਹੀਣ ਗੱਲਾਂ ਹੋਣ ਲਗੀਆਂ ਹਨ ਜਿਸ ਵਿਚ ਪੁਰਾਤਨ ਭਾਰਤ ਵਿਚ ਅਜੋਕਾ ਵਿਗਿਆਨ ਤੇ ਧਾਰਮਿਕ ਗ੍ਰੰਥਾਂ ਵਿਚ ਵਿਗਿਆਨ ਬਾਰੇ ਅਨੇਕਾਂ ਦਾਅਵੇ ਸ਼ਾਮਿਲ ਹਨ। ਇਨ੍ਹਾਂ ਦਾਅਵਿਆਂ ਤੇ ਵਿਗਿਅਨ ਬਾਰੇ ਗਲਤ ਧਾਰਨਾਵਾਂ ਦਾ ਸਿਲਸਿਲਾ ਦੇਸ਼ ਵਿਚ ਹੋਰ ਥਾਵਾਂ ਉਤੇ ਵੀ ਚੱਲ ਰਿਹਾ ਹੈ। ਫਰਜ਼ੀ ਵਿਗਿਆਨ ਦੇ ਦਾਅਵੇਦਾਰਾਂ ਵਾਸਤੇ ਵਿਗਿਆਨ ਕਾਂਗਰਸ ਆਪਣੇ ਵਿਚਾਰਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦਾ ਮਹਿਜ਼ ਇਕ ਹੋਰ ਮੰਚ ਹੈ। ਕਦੀ ਡਾਰਵਿਨ ਦੇ ਸਿਧਾਂਤ ਨੂੰ ਇਸ ਲਈ ਗਲਤ ਕਿਹਾ ਜਾ ਰਿਹਾ ਹੈ ਕਿ ਸਾਡੇ ਪੁਰਖਿਆਂ ਨੇ ਬਾਂਦਰ ਤੋਂ ਮਨੁੱਖ ਬਣਦਾ ਨਹੀਂ ਵੇਖਿਆ, ਕਦੀ ਨਿਊਟਨ ਤੇ ਆਇੰਸਟਾਈਨ ਦੇ ਸਿਧਾਂਤਾਂ ਨੂੰ ਗਲਤ ਦਸਿਆ ਜਾਂਦਾ ਹੈ। ਬਦਕਿਸਮਤੀ ਨਾਲ 106ਵੀਂ ਸਾਇੰਸ ਕਾਂਗਰਸ ਜੋ ਇਸ ਸਾਲ ਜਲੰਧਰ ਵਿਚ ਹੋਈ, ਵਿਚ ਗੈਰ ਵਿਗਿਆਨਕ ਗੱਲਾਂ ਸਕੂਲ ਦੇ ਵਿਦਿਆਰਥੀਆਂ ਲਈ ਕਰਵਾਏ ਪ੍ਰੋਗਰਾਮ ਵਿਚ ਹੋਈਆਂ ਜੋ ਵਿਦਿਆਰਥੀਆਂ ਨੂੰ ਵਿਗਿਆਨ ਬਾਰੇ ਗੁੰਮਰਾਹ ਕਰ ਸਕਦੀਆਂ ਹਨ।




ਮੁੱਢ ਕਦੀਮ ਤੋਂ ਹੀ ਸਭਿਆਤਾਵਾਂ ਨੇ ਗਿਆਨ ਬਣਾਇਆ ਹੈ ਤੇ ਇਸ ਨੂੰ ਸੂਤਰਬੱਧ ਵੀ ਕੀਤਾ ਹੈ। ਇਸ ਗਿਆਨ ਦੇ ਕਈ ਹਿਸਿਆਂ ਨੂੰ ਉਸ ਸਮੇਂ ਦਾ ਵਿਗਿਆਨ ਕਹਿਣਾ ਵੀ ਬਿਲਕੁਲ ਵਾਜਬ ਹੈ ਪਰ ਇਹ ਕਹਿਣਾ ਕਿ ਸਾਰਾ ਅਜੋਕਾ ਵਿਗਿਆਨ ਪੁਰਾਤਨ ਭਾਰਤੀ ਸਭਿਅਤਾ ਕੋਲ ਮੌਜੂਦ ਸੀ, ਐਨ ਵੱਖਰੀ ਗੱਲ ਹੈ। ਇੱਦਾਂ ਦੀ ਬਿਆਨਬਾਜ਼ੀ ਪੁਰਾਤਨ ਸਭਿਅਤਾ ਦੇ ਗਿਆਨ ਤੇ ਅਜੋਕੇ ਵਿਗਿਆਨ, ਦੋਹਾਂ ਨਾਲ ਜ਼ਿਆਦਤੀ ਹੈ। ਪੁਰਾਤਨ ਸਭਿਆਤਾਵਾਂ ਵਿਚਲੇ ਗਿਆਨ ਦੀ ਤਸਦੀਕ ਤੇ ਇਸ ਦੇ ਇਤਿਹਾਸ ਉਪਰ ਵਿਗਿਆਨ ਦੇ ਇਤਿਹਾਸਕਾਰ ਖੋਜ ਕਰਦੇ ਹਨ ਤੇ ਇਸ ਤਰ੍ਹਾਂ ਦੀ ਚੋਖੀ ਖੋਜ ਹੋ ਵੀ ਚੁੱਕੀ ਹੈ। ਇਹ ਵਿਸ਼ਾ ਵਿਗਿਆਨ ਦਾ ਨਹੀਂ, ਵਿਗਿਆਨ ਦੇ ਇਤਿਹਾਸ ਦਾ ਹੈ। ਇਤਿਹਾਸ ਦੀ ਖੋਜ ਦੇ ਸਥਾਪਤ ਤਰੀਕਾਕਾਰ ਮੌਜੂਦ ਹਨ ਜਿਨ੍ਹਾਂ ਦੁਆਰਾ ਅਸੀਂ ਪੁਰਾਤਨ ਸਭਿਆਤਾਵਾਂ ਵਿਚ ਅਜੋਕੇ ਵਿਗਿਆਨ ਦੇ ਮੌਜੂਦ ਹੋਣ ਬਾਰੇ ਦਾਅਵਿਆਂ ਦਾ ਵਿਗਿਆਨਕ ਤਰਕ ਨਾਲ ਨਰੀਖਣ ਕਰ ਸਕਦੇ ਹਾਂ ਤੇ ਜਾਣ ਸਕਦੇ ਹਾਂ ਕਿ ਇਨ੍ਹਾਂ ਵਿਚ ਕਿੰਨਾ ਕੁ ਸੱਚ ਹੈ। ਹੁਣ ਤੱਕ ਟੈਸਟ ਟਿਊਬ ਬੱਚੇ, ਮਿਜ਼ਾਈਲਾਂ, ਪਲਾਸਟਿਕ ਸਰਜਰੀ ਆਦਿ ਦੇ ਪੁਰਾਤਨ ਭਾਰਤ ਵਿਚ ਹੋਣ ਬਾਰੇ ਕੋਈ ਇਤਿਹਾਸਕ ਤੱਥ ਨਹੀਂ ਮਿਲਦੇ। ਫਿਰ ਵੀ ਇਨ੍ਹਾਂ ਦੇ ਪੁਰਾਤਨ ਭਾਰਤ ਵਿਚ ਮੌਜੂਦ ਹੋਣ ਦਾ ਜ਼ਿਕਰ ਵਿਗਿਆਨ ਕਾਗਰਸਾਂ ਤੇ ਹੋਰ ਮੰਚਾਂ ਉਤੇ ਵਾਰ ਵਾਰ ਹੋਇਆ ਹੈ।

ਇਸੇ ਤਰ੍ਹਾਂ ਜਦੋਂ ਧਾਰਮਿਕ ਗ੍ਰੰਥਾਂ ਵਿਚ ਅਜੋਕਾ ਵਿਗਿਆਨ ਦਰਜ ਹੋਣ ਬਾਰੇ ਕਿਹਾ ਜਾਂਦਾ ਹੈ ਤਾਂ ਇਹ ਦੱਸਣਾ ਜ਼ਰੂਰੀ ਹੈ ਕਿ ਅਸੀਂ ਕਿਸ ਵਿਗਿਆਨ ਦੀ ਗੱਲ ਕਰ ਰਹੇ ਹਾਂ? ਵਿਗਿਆਨ ਬਦਲਦਾ ਰਹਿੰਦਾ ਹੈ ਤੇ ਬਹੁਤ ਸਾਰੇ ਸਿਧਾਂਤ ਜੋ ਪਹਿਲਾਂ ਵਿਗਿਆਨ ਦੇ ਸਿਧਾਂਤ ਮੰਨੇ ਜਾਂਦੇ ਸਨ, ਹੁਣ ਨਵੇਂ ਵਿਗਿਆਨਕ ਸਿਧਾਂਤਾਂ ਨਾਲ ਬਦਲ ਦਿਤੇ ਗਏ ਹਨ। ਨਿਊਟਨ ਦੇ ਗਤੀ ਦੇ ਨਿਯਮ ਪਹਿਲਾਂ ਵਿਆਪਕ ਸਚਾਈ ਦੇ ਰੂਪ ਵਿਚ ਮੰਨੇ ਜਾਂਦੇ ਸਨ ਪਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਹ ਪਤਾ ਲੱਗਾ ਕਿ ਜਦੋਂ ਕੋਈ ਵਸਤੂ ਬਹੁਤ ਤੇਜ਼ ਚਲਦੀ ਹੈ ਤੇ ਉਸ ਦਾ ਵੇਗ ਪ੍ਰਕਾਸ਼ ਦੇ ਵੇਗ ਦੇ ਨੇੜੇ ਪਹੁੰਚ ਜਾਂਦਾ ਹੈ ਤਾਂ ਸਾਨੂੰ ਨਿਊਟਨ ਦੇ ਨਿਯਮਾਂ ਨੂੰ ਬਦਲਣਾ ਪੈਂਦਾ ਹੈ। ਜਿਵੇਂ-ਜਿਵੇਂ ਵਿਗਿਆਨਕ ਸਮਝ ਦਾ ਨਵੀਨੀਕਰਨ ਹੁੰਦਾ ਹੈ, ਵਿਗਿਆਨ ਦੀਆਂ ਧਾਰਨਾਵਾਂ ਵੀ ਬਦਲਦੀਆਂ ਰਹਿੰਦੀਆਂ ਹਨ। ਫਿਰ ਕਿਹੜਾ ਵਿਗਿਆਨ ਅਸੀਂ ਧਾਰਮਿਕ ਪੁਸਤਕਾਂ ਨਾਲ ਜੋੜਾਂਗੇ? ਕੀ ਅਸੀਂ ਪਵਿਤਰ ਗ੍ਰੰਥਾਂ ਨੂੰ ਵੀ ਤਬਦੀਲ ਕਰਾਂਗੇ? ਇਹ ਕੁਫਰ ਗਿਣਿਆ ਜਾਵੇਗਾ।

ਵਿਗਿਆਨਕ ਤੇ ਧਾਰਮਿਕ ਗਿਆਨ ਵਿਚਲਾ ਵਖਰੇਵਾਂ ਹੋਰ ਵੀ ਡੂੰਘਾ ਹੈ। ਵਿਗਿਆਨ ਮਨੁੱਖ ਦੁਆਰਾ ਵਿਗਿਆਨਕ ਤਰੀਕੇ ਵਰਤ ਕੇ ਬਣਾਇਆ ਗਿਆ ਗਿਆਨ ਹੈ ਜਿਸ ਦੀਆਂ ਧਾਰਨਾਵਾਂ ਸਮੇਂ ਨਾਲ ਬਦਲਦੀਆਂ ਰਹਿੰਦੀਆਂ ਹਨ। ਅਧਿਆਤਮਿਕ ਗਿਆਨ ਜੋ ਪਵਿਤਰ ਪੁਸਤਕਾਂ ਵਿਚ ਦਰਜ ਹੈ, ਮਨੁੱਖ ਦੁਆਰਾ ਬਣਾਇਆ ਨਹੀਂ ਮੰਨਿਆ ਜਾਂਦਾ। ਇਹ ਸੰਪੂਰਨ ਮੰਨਿਆ ਜਾਂਦਾ ਹੈ ਤੇ ਇਸ ਵਿਚ ਬਦਲਾਓ ਵੀ ਸੰਭਵ ਨਹੀਂ ਹੈ। ਇਸ ਲਈ ਇਨ੍ਹਾਂ ਦੋ ਕਿਸਮ ਦੇ ਗਿਆਨਾਂ ਦਾ ਸੁਮੇਲ ਸੰਭਵ ਨਹੀਂ।

ਵਿਗਿਆਨ ਨੂੰ ਸਹੂਲਤਾਂ ਪੈਦਾ ਕਰਨ ਲਈ ਵਸਤੂਆਂ ਦੇ ਨਿਰਮਾਣ ਦੇ ਸਾਧਨ ਤੱਕ ਸੀਮਿਤ ਰੱਖ ਕੇ ਹੀ ਨਹੀਂ ਵੇਖਣਾ ਚਾਹੀਦਾ ਸਗੋਂ ਇਸ ਨੂੰ ਸੋਚਣ ਤੇ ਜਿਊਣ ਦੇ ਤਰੀਕੇ ਦੇ ਤੌਰ 'ਤੇ ਸਮਝਣਾ ਚਾਹੀਦਾ ਹੈ। ਵਿਗਿਆਨ ਦਾ ਤਰੀਕਾ ਮਨੁੱਖ ਨੂੰ ਜ਼ਿੰਦਗੀ ਦੇ ਬਹੁਤ ਸਾਰੇ ਹਾਲਾਤ ਵਿਚ ਵਿਗਿਆਨਕ ਤਰਕ ਦੇ ਆਧਾਰ ਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਦਿੰਦਾ ਹੈ। ਵਿਗਿਆਨ ਦਾ ਇਹ ਅਹਿਮ ਪੱਖ ਵਿਗਿਆਨ ਦੀ ਸਿਖਿਆ, ਵਿਗਿਆਨ ਦੀ ਨੀਤੀ ਤੇ ਕਈ ਵਾਰ ਵਿਗਿਆਨੀਆਂ ਦੀ ਆਪਣੀ ਸੋਚ ਵਿਚ ਵੀ ਸਹੀ ਰੂਪ ਵਿਚ ਉਜਾਗਰ ਨਹੀਂ ਹੁੰਦਾ ਅਤੇ ਅਣਗੌਲਿਆ ਰਹਿ ਜਾਂਦਾ ਹੈ। ਅਸਲ ਵਿਚ ਇਹ ਕੰਮ ਲੋੜੀਂਦੀ ਸੰਜੀਦਗੀ ਨਾਲ ਨਹੀਂ ਹੋ ਰਿਹਾ। ਭਾਰਤ ਵਿਚ ਅੱਜ ਵੀ ਅੰਧ-ਵਿਸ਼ਵਾਸ ਤੇ ਗ਼ੈਰ-ਵਿਗਿਆਨਕ ਸੋਚ ਦਾ ਬੋਲਬਾਲਾ ਹੈ। ਇਨ੍ਹਾਂ ਹਾਲਾਤ ਨੂੰ ਬਦਲਣ ਦੀ ਲੋੜ ਹੈ।

ਵਿਗਿਆਨ ਕਾਂਗਰਸ ਦੇ ਪ੍ਰਬੰਧਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਗਿਆਨ ਕਾਂਗਰਸ ਸਹੀ ਵਿਗਿਆਨਕ ਸੋਚ ਨਾਲ ਜੁੜ ਕੇ ਚਲੇ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦੇਸ਼ ਦੇ ਉਘੇ ਵਿਗਿਆਨੀ ਇਸ ਵਿਚ ਸੰਜੀਦਗੀ ਨਾਲ ਭਾਗ ਲੈਣ। ਸਰਕਾਰ ਦੀ ਸ਼ਮੂਲੀਅਤ ਸਹੂਲਤਾਂ ਮੁਹੱਈਆ ਕਰਨ ਅਤੇ ਵਿਗਿਆਨ ਨੂੰ ਹੱਲਾਸ਼ੇਰੀ ਦੇਣ ਦੇ ਰੂਪ ਵਿਚ ਹੋਵੇ, ਨਾ ਕਿ ਸਰਕਾਰੀ ਏਜੰਡਾ ਕਾਂਗਰਸ ਉਪਰ ਲੱਦਣ ਦੀ ਮਨਸ਼ਾ ਨਾਲ। ਇਹ ਯਕੀਨੀ ਬਣਾਇਆ ਜਾਵੇ ਕਿ ਭਾਸ਼ਨ ਉਨ੍ਹਾਂ ਸ਼ਖ਼ਸਾਂ ਦੇ ਹੋਣ ਜਿਨ੍ਹਾਂ ਦੀ ਆਪਣੇ ਵਿਸ਼ੇ ਵਿਚ ਪਛਾਣ ਹੈ, ਤੇ ਉਹ ਆਪਣੇ ਵਿਸ਼ੇ ਬਾਰੇ ਹੀ ਚਰਚਾ ਕਰਨ। ਵਿਗਿਆਨ ਅਕਾਦਮੀਆਂ ਇਸ ਵਿਚ ਪ੍ਰਬੰਧਕਾਂ ਦੀ ਸਹਾਇਤਾ ਕਰ ਸਕਦੀਆਂ ਹਨ। ਵਿਗਿਆਨ ਦਾ ਇਤਿਹਾਸ ਤੇ ਪੁਰਾਤਨ ਭਾਰਤੀ ਸਭਿਅਤਾ ਦੀ ਵਿਗਿਆਨ ਨੂੰ ਦੇਣ, ਤੇ ਇਸ ਦੇ ਮੁਲੰਕਣ ਨੂੰ ਵਿਗਿਆਨ ਦੇ ਇਤਿਹਾਸਕਾਰਾਂ ਤੇ ਛੱਡ ਦਿੱਤਾ ਜਾਵੇ। ਇਉਂ ਵਿਗਿਆਨ ਕਾਂਗਰਸ ਨੂੰ ਵਾਪਿਸ ਲੀਹ ਉਤੇ ਲਿਆਂਦਾ ਜਾ ਸਕਦਾ ਹੈ ਤੇ ਇਹ ਵਿਗਿਆਨ ਨੂੰ ਆਮ ਲੋਕਾਂ ਨਾਲ ਜੋੜਨ ਦੇ ਕੰਮ ਵਿਚ ਅਹਿਮ ਯੋਗਦਾਨ ਪਾ ਸਕਦੀ ਹੈ।

ਹਾਲਾਤ-ਏ-ਹਾਜ਼ਰਾ

# ਪੰਜਾਬ: ਇਕ ਬਿਹਤਰ ਭਵਿੱਖ ਦੀ ਤਲਾਸ਼

ਸਤਨਾਮ ਸਿੰਘ ਮਾਣਕ

**ਜੇ ਪੰਜਾਬ ਨੂੰ ਦਰਪੇਸ਼ ਵਿਆਪਕ ਸੰਕਟ ਦੀ ਸੰਖੇਪ ਵਿਚ ਚਰਚਾ ਕਰੀਏ ਤਾਂ ਅਜਿਹੀਆਂ ਹਕੀਕਤਾਂ ਸਾਹਮਣੇ ਆਉਂਦੀਆਂ ਹਨ, ਜੋ ਗਹਿਰਾ ਰੰਜ ਪੈਦਾ ਕਰਦੀਆਂ ਹਨ। ਦੇਸ਼ ਲਈ ਹਮੇਸ਼ਾ ਅੱਗੇ ਹੋ ਕੇ ਕੁਰਬਾਨੀਆਂ ਕਰਨ ਵਾਲੇ ਪੰਜਾਬੀਆਂ ਦਾ ਵੱਡਾ ਹਿੱਸਾ ਅੱਜ ਰੋਜ਼ੀ-ਰੋਟੀ ਤੋਂ ਆਤੁਰ ਹੋ ਕੇ ਔਖੇ ਦਿਨ ਕੱਟ ਰਿਹਾ ਹੈ, ਵਿਦੇਸ਼ਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋ ਰਿਹਾ ਹੈ। ਕਿਸਾਨ ਭਾਈਚਾਰਾ ਖੁਦਕੁਸ਼ੀਆਂ ਕਰ ਰਿਹਾ ਹੈ। ਰਾਜ ਦੀਆਂ ਕੁਝ ਕੌੜੀਆਂ ਹਕੀਕਤਾਂ ਦੀ ਚਰਚਾ ਅਸੀਂ ਇਥੇ ਕਰਨੀ ਜ਼ਰੂਰੀ ਸਮਝਦੇ ਹਾਂ।**

ਆਪਣੀ ਵਿਸ਼ੇਸ਼ ਭੂਗੋਲਿਕ ਸਥਿਤੀ ਕਰਕੇ ਪੰਜਾਬ ਨੂੰ ਸਦੀਆਂ ਤੋਂ ਵੱਡੇ-ਵੱਡੇ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਕੇਂਦਰੀ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦੇ ਤਿੱਖੇ ਵਾਰ ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਹੀ ਸਹਿਣੇ ਪੈਂਦੇ ਸਨ। ਅਜਿਹੀਆਂ ਚੁਣੌਤੀਆਂ ਦਾ ਪੰਜਾਬੀ ਬੜੀ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਸਾਹਮਣਾ ਕਰਦੇ ਰਹੇ ਹਨ। ਮੁਗਲ ਸਾਮਰਾਜ ਅਤੇ ਬਰਤਾਨੀਆ ਸਾਮਰਾਜ ਖਿਲਾਫ ਸਭ ਤੋਂ ਵੱਡੀ ਲੜਾਈ ਪੰਜਾਬੀਆਂ ਨੇ ਹੀ ਲੜੀ ਹੈ। ਪੰਜਾਬੀਆਂ ਨੂੰ ਇਸ ਸਮਰੱਥ ਬਣਾਉਣ ਵਿਚ ਗੁਰੂ ਸਾਹਿਬਾਨ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਾਹਿਬਾਨ ਨੇ ਆਪਣੀ ਕਹਿਣੀ ਤੇ ਕਥਨੀ ਰਾਹੀਂ ਪੰਜਾਬ ਦੀ ਧਰਤੀ 'ਤੇ ਅਜਿਹੇ ਮਰਜੀਵੜਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਪੰਜਾਬੀਆਂ ਦੀਆਂ ਰਗਾਂ ਵਿਚ ਅਣਖ ਤੇ ਗੈਰਤ ਦਾ ਸੰਚਾਰ ਕੀਤਾ ਅਤੇ ਆਪਣੇ ਹੱਕਾਂ-ਹਿਤਾਂ ਦੀ ਲੜਾਈ ਅਜਿਹੇ ਢੰਗ ਨਾਲ ਲੜੀ ਕਿ ਇਤਿਹਾਸ ਵਿਚ ਪੰਜਾਬੀਆਂ ਦੀ ਬਹਾਦਰੀ ਦੇ ਅਨੇਕਾਂ ਕਾਰਨਾਮੇ ਦਰਜ ਹੋ ਗਏ।

ਪਰ ਅੱਜ ਪੰਜਾਬ ਇਕ ਵਾਰ ਫਿਰ ਵੱਡੇ ਸਿਆਸੀ, ਆਰਥਕ, ਧਾਰਮਕ ਤੇ ਸੱਭਿਆਚਾਰਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਅਤੇ ਇਨ੍ਹਾਂ ਸਭ ਖੇਤਰਾਂ ਵਿਚ ਇਸ ਨੂੰ ਯੋਗ ਅਗਵਾਈ ਦੀ ਵੱਡੀ ਲੋੜ ਹੈ, ਜੋ ਪੰਜਾਬੀਆਂ ਨੂੰ ਸਹੀ ਲੀਹਾਂ 'ਤੇ ਰਾਜਨੀਤਕ ਤੇ ਸਮਾਜਕ ਤੌਰ 'ਤੇ ਲਾਮਬੰਦ ਕਰ ਸਕੇ ਅਤੇ ਉਨ੍ਹਾਂ ਦੇ ਸੰਕਟ ਨਿਵਾਰਣ ਲਈ ਢੁਕਵੀਂ ਸੇਧ ਦੇ ਸਕੇ। ਪਰ ਅਜਿਹੀ ਅਗਵਾਈ ਅਜੇ ਦੂਰ-ਦੂਰ ਤੱਕ ਦਿਖਾਈ ਨਹੀਂ ਦੇ ਰਹੀ।

ਜੇ ਪੰਜਾਬ ਨੂੰ ਦਰਪੇਸ਼ ਵਿਆਪਕ ਸੰਕਟ ਦੀ ਸੰਖੇਪ ਵਿਚ ਚਰਚਾ ਕਰੀਏ ਤਾਂ ਅਜਿਹੀਆਂ ਹਕੀਕਤਾਂ ਸਾਹਮਣੇ ਆਉਂਦੀਆਂ ਹਨ, ਜੋ ਗਹਿਰਾ ਰੰਜ ਪੈਦਾ ਕਰਦੀਆਂ ਹਨ। ਦੇਸ਼ ਲਈ ਹਮੇਸ਼ਾ ਅੱਗੇ ਹੋ ਕੇ ਕੁਰਬਾਨੀਆਂ ਕਰਨ ਵਾਲੇ ਪੰਜਾਬੀਆਂ ਦਾ ਵੱਡਾ ਹਿੱਸਾ ਅੱਜ ਰੋਜ਼ੀ-ਰੋਟੀ ਤੋਂ ਆਤੁਰ ਹੋ ਕੇ ਔਖੇ ਦਿਨ ਕੱਟ ਰਿਹਾ ਹੈ, ਵਿਦੇਸ਼ਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋ ਰਿਹਾ ਹੈ। ਕਿਸਾਨ ਭਾਈਚਾਰਾ ਖੁਦਕੁਸ਼ੀਆਂ ਕਰ ਰਿਹਾ ਹੈ। ਰਾਜ ਦੀਆਂ ਕੁਝ ਕੌੜੀਆਂ ਹਕੀਕਤਾਂ ਦੀ ਚਰਚਾ ਅਸੀਂ ਇਥੇ ਕਰਨੀ ਜ਼ਰੂਰੀ ਸਮਝਦੇ ਹਾਂ।

1990 ਤੋਂ ਪੰਜਾਬ ਦੀ ਵਿਕਾਸ ਦਰ ਕੌਮੀ ਵਿਕਾਸ ਦਰ ਨਾਲੋਂ ਅਤੇ ਕਈ ਹੋਰ ਭਾਰਤੀ ਰਾਜਾਂ ਨਾਲੋਂ ਲਗਾਤਾਰ ਹੇਠਾਂ ਵੱਲ ਜਾ ਰਹੀ ਹੈ। ਇਸ ਸਮੇਂ ਪੰਜਾਬ ਦੀ ਪ੍ਰਤੀ ਜੀਅ ਆਮਦਨ ਵੀ 11 ਭਾਰਤੀ ਰਾਜਾਂ ਤੇ ਕੇਂਦਰ ਸ਼ਾਸਤ ਇਲਾਕਿਆਂ ਤੋਂ ਹੇਠਾਂ ਹੈ ਅਤੇ ਇਸ ਸਿਰ 2.11 ਲੱਖ ਕਰੋੜ ਦਾ ਕਰਜ਼ਾ ਹੈ। ਇਸ ਵਿਚ ਜੇ ਕੇਂਦਰੀ ਅਨਾਜ ਭੰਡਾਰ ਲਈ ਪੰਜਾਬ ਦੀਆਂ ਖਰੀਦ ਏਜੰਸੀਆਂ ਵਲੋਂ ਖਰੀਦੇ ਗਏ ਅਨਾਜ ਦੇ ਮਾਮਲੇ ਵਿਚ ਪੰਜਾਬ ਸਿਰ ਪਾਏ ਗਏ 31,000 ਕਰੋੜ ਦੇ ਕਸਾਰੇ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਕਰਜ਼ਾ ਹੋਰ ਵੀ ਵਧ ਜਾਂਦਾ ਹੈ। ਰਾਜ ਸਰਕਾਰ ਨੂੰ ਆਪਣੀਆਂ ਜ਼ਰੂਰੀ ਅਦਾਇਗੀਆਂ ਅਤੇ ਥੋੜ੍ਹੇ-ਬਹੁਤੇ ਵਿਕਾਸ ਕਾਰਜ ਜਾਰੀ ਰੱਖਣ ਲਈ ਹੋਰ ਕਰਜ਼ਾ ਉਠਾਉਣਾ ਪੈ ਰਿਹਾ ਹੈ। ਰਾਜ ਦੀ ਬਹੁਤੀ ਆਮਦਨ ਪਿਛਲੇ ਕਰਜ਼ੇ ਦਾ ਵਿਆਜ ਜਾਂ ਉਸ ਦੀਆਂ ਕਿਸ਼ਤਾਂ ਦੇਣ ਵਿਚ ਚਲੇ ਜਾਂਦੀ ਹੈ। ਸਿਹਤ, ਸਿੱਖਿਆ ਅਤੇ ਰੁਜ਼ਗਾਰ ਵਧਾਉਣ ਦੇ ਹੋਰ ਮੌਕੇ ਪੈਦਾ ਕਰਨ ਲਈ ਰਾਜ ਸਰਕਾਰ ਨੂੰ ਵਿੱਤੀ ਸਰੋਤਾਂ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਰਾਜ ਸਰਕਾਰ ਦੇ ਮੰਤਰੀ ਤੇ ਅਫਸਰਸ਼ਾਹੀ ਇਸ ਵਿੱਤੀ ਸੰਕਟ ਦੇ ਸੰਦਰਭ ਵਿਚ ਆਪਣੇ ਖਰਚੇ ਘਟਾਉਣ ਦੀ ਥਾਂ ਵਿੱਤੀ ਸੰਕਟ ਦਾ ਸਾਰਾ ਬੋਝ ਹੇਠਲੇ ਦਰਜੇ ਦੇ ਮੁਲਾਜ਼ਮਾਂ ਜਾਂ ਆਮ ਲੋਕਾਂ 'ਤੇ ਹੀ ਪਾਈ ਜਾ ਰਹੀ ਹੈ, ਜਿਸ ਕਾਰਨ ਸਿੱਖਿਆ ਅਤੇ ਸਿਹਤ ਜਿਹੀਆਂ ਜ਼ਰੂਰੀ ਸਹੂਲਤਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਖੇਤੀਬਾੜੀ ਦੀ ਸਥਿਤੀ ਇਹ ਹੈ ਕਿ 2000 ਤੋਂ ਲੈ ਕੇ ਹੁਣ ਤੱਕ 16,600 ਦੇ ਲਗਪਗ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁਕੇ ਹਨ ਅਤੇ ਇਨ੍ਹਾਂ ਖੁਦਕੁਸ਼ੀਆਂ ਦਾ ਵੱਡਾ ਕਾਰਨ ਖੇਤੀ ਕਰਜ਼ਾ ਤੇ ਕਿਸਾਨਾਂ ਨੂੰ ਖੇਤੀ ਜਿਣਸਾਂ ਦੇ ਲਾਭਕਾਰੀ ਭਾਅ ਨਾ ਮਿਲਣ ਕਾਰਨ ਪਿਆ ਵਿੱਤੀ ਘਾਟਾ ਹੀ ਹੈ।

ਖਾੜਕੂਵਾਦ ਦੇ ਦੌਰ ਵਿਚ ਆਰਥਕਤਾ ਦੇ ਹੋਰ ਖੇਤਰਾਂ ਦੇ ਨਾਲ-ਨਾਲ ਰਾਜ ਦੀ ਸਨਅਤ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ। ਅਸੁਰੱਖਿਆ ਦਾ ਵਾਤਾਵਰਣ ਪੈਦਾ ਹੋਣ ਕਾਰਨ ਕਈ ਸਨਅਤਾਂ ਰਾਜ ਤੋਂ ਬਾਹਰ ਚਲੇ ਗਈਆਂ। ਅਟਲ ਬਿਹਾਰੀ ਵਾਜਪਾਈ ਦੇ ਸਮੇਂ ਪਹਾੜੀ ਰਾਜਾਂ ਨੂੰ ਸਨਅਤੀ ਵਿਕਾਸ ਲਈ ਦਿੱਤੀਆਂ ਗਈਆਂ ਵਿਸ਼ੇਸ਼ ਸਹੂਲਤਾਂ ਕਾਰਨ ਰਾਜ ਵਿਚੋਂ ਸਨਅਤੀ ਹਿਜਰਤ ਹੋਰ ਵੀ ਤੇਜ਼ ਹੋ ਗਈ। ਸਨਅਤਾਂ ਨੂੰ ਵਿਕਾਸ ਲਈ ਲੋੜੀਂਦਾ ਮਾਹੌਲ ਤੇ ਹੋਰ ਸਾਧਨ ਮੁਹੱਈਆ ਕਰਨ ਦੇ ਮਾਮਲੇ ਵਿਚ ਕੇਂਦਰ ਅਤੇ ਰਾਜ ਸਰਕਾਰਾਂ-ਦੋਵਾਂ ਦੀ ਨਾਕਾਮੀ ਵਿਚੋਂ ਉਪਜੇ ਹਾਲਾਤ ਕਾਰਨ 2007 ਤੋਂ ਲੈ ਕੇ 2014 ਤੱਕ ਲਗਪਗ 18,770 ਸਨਅਤੀ ਯੂਨਿਟ ਰਾਜ ਵਿਚ ਬੰਦ ਹੋ ਗਏ ਹਨ। ਸਨਅਤੀ ਖੇਤਰ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਲਗਾਤਾਰ ਸੁੰਗੜ ਰਹੀਆਂ ਹਨ।

ਰਾਜ ਵਿਚ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਸਭ ਤੋਂ ਵਧ ਸੰਭਾਵਨਾ ਇਹ ਸੀ ਕਿ ਇਥੇ ਖੇਤੀਬਾੜੀ ਆਧਾਰਤ ਸਨਅਤਾਂ ਲਾਈਆਂ ਜਾਂਦੀਆਂ। ਖੇਤੀਬਾੜੀ ਜੋ ਵੀ ਕੱਚਾ ਮਾਲ ਪੈਦਾ ਕਰਦੀ, ਉਸ ਨੂੰ ਤਿਆਰ ਕਰਕੇ ਸਨਅਤੀ ਉਤਪਾਦਨਾਂ ਵਿਚ ਬਦਲਿਆ ਜਾਂਦਾ। ਇਸ ਨਾਲ ਖੇਤੀਬਾੜੀ ਦਾ ਸੰਕਟ ਵੀ ਹੱਲ ਹੋ ਸਕਦਾ ਸੀ ਅਤੇ ਨਾਲ-ਨਾਲ ਸਨਅਤੀ ਵਿਕਾਸ ਵੀ ਹੋ ਸਕਦਾ ਸੀ। ਜੇ ਕੇਂਦਰੀ ਅਤੇ ਰਾਜ ਸਰਕਾਰਾਂ ਪਹਾੜੀ ਰਾਜਾਂ ਵਾਂਗ ਹੀ 2-3 ਦਹਾਕਿਆਂ ਲਈ ਪੰਜਾਬ ਵਿਚ ਸਨਅਤਾਂ ਨੂੰ ਟੈਕਸਾਂ ਪੱਖੋਂ ਰਿਆਇਤਾਂ ਮੁਹੱਈਆ ਕਰਕੇ ਇਸ ਤਰ੍ਹਾਂ ਦੀ ਪਹਿਲਕਦਮੀ ਕਰਦੀਆਂ ਤਾਂ ਹੋ ਸਕਦਾ ਸੀ ਕਿ ਰੁਜ਼ਗਾਰ ਪੱਖੋਂ ਅੱਜ ਸਥਿਤੀਆਂ ਕੁਝ ਵੱਖਰੀਆਂ ਹੁੰਦੀਆਂ। ਇਸ ਸਮੇਂ ਹਕੀਕਤ ਇਹ ਹੈ ਕਿ ਰਾਜ ਵਿਚ 22 ਤੋਂ ਲੈ ਕੇ 25 ਲੱਖ ਨੌਜਵਾਨ ਬੇਰੁਜ਼ਗਾਰ ਹਨ। ਇਥੇ ਰੁਜ਼ਗਾਰ ਦੀਆਂ ਕੋਈ ਸੰਭਾਵਨਾਵਾਂ ਨਾ ਦੇਖ ਕੇ ਨੌਜਵਾਨਾਂ ਦਾ ਇਕ ਵੱਡਾ ਹਿੱਸਾ +2 ਤੋਂ ਬਾਅਦ ਹੀ ਔਖਾ-ਸੌਖਾ ਹੋ ਕੇ ਵਿਦੇਸ਼ਾਂ ਵੱਲ ਮੂੰਹ ਕਰ ਰਿਹਾ ਹੈ ਤੇ ਜਿਨ੍ਹਾਂ ਕੋਲ ਅਜਿਹੇ ਸਾਧਨ ਨਹੀਂ ਹਨ, ਉਹ ਇਥੇ ਛੋਟਾ-ਮੋਟਾ ਕੰਮ-ਧੰਦਾ ਕਰਕੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਬੇਰੁਜ਼ਗਾਰੀ ਕਾਰਨ ਹੀ ਨੌਜਵਾਨਾਂ ਦਾ ਇਕ ਚੋਖਾ ਹਿੱਸਾ ਨਸ਼ਿਆਂ ਅਤੇ ਜੁਰਮਾਂ ਦੀ ਦੁਨੀਆਂ ਵਿਚ ਵੀ ਪ੍ਰਵੇਸ਼ ਕਰਦਾ ਜਾ ਰਿਹਾ ਹੈ, ਜੋ ਰਾਜ ਲਈ ਬੇਹੱਦ ਚਿੰਤਾ ਦੀ ਗੱਲ ਹੈ।

ਰਾਜ ਵਿਚ ਗੰਭੀਰ ਆਰਥਕ ਸੰਕਟ ਹੋਣ ਕਾਰਨ ਇਸ ਦਾ ਪ੍ਰਗਟਾਵਾ ਹੁਣ ਸਿਆਸੀ, ਸਮਾਜਕ ਤੇ ਸੱਭਿਆਚਾਰਕ ਖੇਤਰਾਂ ਵਿਚ ਵੀ ਹੋਣ ਲੱਗਾ ਹੈ। ਕਹਿੰਦੇ ਹਨ, ਇਕ ਸਮੇਂ ਸੋਵੀਅਤ ਯੂਨੀਅਨ ਵਿਚ ਇਨਕਲਾਬ ਲਿਆਉਣ ਵਾਲੇ ਪ੍ਰਸਿੱਧ ਕਮਿਊਨਿਸਟ ਆਗੂ ਕਾਮਰੇਡ ਲੈਨਿਨ ਨੇ ਕਿਹਾ ਸੀ, "ਤੁਸੀਂ ਮੈਨੂੰ ਕਿਸੇ ਦੇਸ਼ ਦੇ ਨੌਜਵਾਨਾਂ ਬਾਰੇ ਇਹ ਦੱਸ ਦਿਓ ਕਿ ਉਨ੍ਹਾਂ ਦੇ ਮੂੰਹ 'ਤੇ ਕਿਹੋ ਜਿਹੇ ਗਾਣੇ ਚੜ੍ਹੇ ਹੋਏ ਹਨ, ਮੈਂ ਤੁਹਾਨੂੰ ਉਸ ਦੇਸ਼ ਦਾ ਭਵਿੱਖ ਦੱਸ ਦਿਆਂਗਾ।"

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਲੱਚਰ ਗਾਣੇ ਲਿਖੇ ਜਾ ਰਹੇ ਹਨ, ਲੱਚਰ ਗਾਣੇ ਗਾਏ ਜਾ ਰਹੇ ਹਨ ਅਤੇ ਇਹ ਲੱਚਰ ਗਾਣੇ ਸਾਡੇ ਨੌਜਵਾਨਾਂ ਦੇ ਮੂੰਹ 'ਤੇ ਚੜ੍ਹੇ ਹੋਏ ਹਨ। ਇਹ ਗਾਣੇ ਗੁੰਡਾਗਰਦੀ, ਲਾਕਾਨੂੰਨੀ ਤੇ ਨਸ਼ੇ ਕਰਨ ਲਈ ਨੌਜਵਾਨਾਂ ਨੂੰ ਉਤੇਜਿਤ ਕਰਦੇ ਹਨ। ਇਸ ਸੰਦਰਭ ਵਿਚ ਲੈਨਿਨ ਦੇ ਕਥਨ ਤੋਂ ਸਹਿਜੇ ਹੀ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਸਮਝਿਆ ਜਾ ਸਕਦਾ ਹੈ। ਸਮਾਜ ਵਿਚ ਨਸ਼ਿਆਂ ਕਾਰਨ ਵਧ ਰਹੇ ਅਪਰਾਧ, ਪਰਿਵਾਰਕ ਕਲਹਾ-ਕਲੇਸ਼ ਅਤੇ ਰਿਸ਼ਤਿਆਂ ਦੀ ਟੁੱਟ-ਭੱਜ-ਇਹ ਸਭ ਕੁਝ ਉਕਤ ਗੰਭੀਰ ਸੰਕਟ ਦਾ ਹੀ ਝਲਕਾਰਾ ਹੈ।

ਇਨ੍ਹਾਂ ਕੌੜੀਆਂ ਆਰਥਕ ਤੇ ਰਾਜਨੀਤਕ ਸਥਿਤੀਆਂ ਨੂੰ ਸਮਝਣ ਅਤੇ ਇਨ੍ਹਾਂ ਦੇ ਕੋਈ ਠੋਸ ਹੱਲ ਲੱਭਣ ਦੇ ਮਾਮਲੇ 'ਚ ਕੇਂਦਰੀ ਅਤੇ ਰਾਜ ਦੀ ਲੀਡਰਸ਼ਿਪ ਲਗਾਤਾਰ ਨਾਕਾਮ ਰਹੀ ਹੈ। ਰਾਜ ਦੇ ਲੋਕਾਂ ਨੂੰ ਬਿਹਤਰ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਕੇ ਅਤੇ ਰਾਜ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਉਨ੍ਹਾਂ ਨੂੰ ਇੱਜਤ ਦੀ ਰੋਟੀ ਤੇ ਗੈਰਤ ਵਾਲਾ ਜੀਵਨ ਮੁਹੱਈਆ ਕਰਨ ਦੀ ਥਾਂ ਨਿਗੂਣੀਆਂ ਸਹੂਲਤਾਂ ਵੰਡ ਕੇ ਲੋਕਾਂ ਦੀ ਅਣਖ ਤੇ ਗੈਰਤ ਮਾਰ ਕੇ, ਉਨ੍ਹਾਂ ਨੂੰ ਮੁਫਤਖੋਰੇ ਬਣਾ ਕੇ ਵੋਟਾਂ ਬਟੋਰਨ ਦਾ ਕੰਮ ਲਗਪਗ ਸੱਭੇ ਸਿਆਸੀ ਪਾਰਟੀਆਂ ਨੇ ਕੀਤਾ ਹੈ।

ਰਾਜ ਦੀਆਂ ਬਹੁਤੀਆਂ ਸਿਆਸੀ ਪਾਰਟੀਆਂ ਭਾਵੇਂ ਉਹ ਕੌਮੀ ਹੋਣ ਜਾਂ ਖੇਤਰੀ, ਉਨ੍ਹਾਂ ਪ੍ਰਤੀ ਰਾਜ ਦੇ ਲੋਕਾਂ ਵਿਚ ਗਹਿਰੀ ਬੇਵਿਸ਼ਵਾਸੀ ਪੈਦਾ ਹੋ ਗਈ ਹੈ। ਲੋਕਾਂ ਦੇ ਵੱਖ-ਵੱਖ ਵਰਗਾਂ ਵਲੋਂ ਇਕ ਪਾਸੇ ਆਪਣੇ ਹੱਕਾਂ-ਹਿੱਤਾਂ ਲਈ ਸੜਕਾਂ 'ਤੇ ਆ ਕੇ ਸੰਘਰਸ਼ ਲੜੇ ਜਾ ਰਹੇ ਹਨ ਅਤੇ ਦੂਜੇ ਪਾਸੇ ਨਿਰੰਤਰ ਢੁਕਵੇਂ ਰਾਜਨੀਤਕ ਬਦਲਾਂ ਦੀ ਤਲਾਸ਼ ਵੀ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਕਿਸਾਨਾਂ ਵਲੋਂ ਵੱਖ-ਵੱਖ ਪੱਧਰਾਂ 'ਤੇ ਕੀਤੇ ਗਏ ਸੰਘਰਸ਼ਾਂ, ਅਧਿਆਪਕਾਂ ਅਤੇ ਹੋਰ ਜਥੇਬੰਦੀਆਂ ਵਲੋਂ ਵੱਖ-ਵੱਖ ਥਾਂਵਾਂ 'ਤੇ ਕੱਢੀਆਂ ਗਈਆਂ ਰੈਲੀਆਂ ਤੇ ਧਰਨਿਆਂ ਨੂੰ ਇਸੇ ਸੰਦਰਭ ਵਿਚ ਦੇਖਿਆ-ਸਮਝਿਆ ਜਾ ਸਕਦਾ ਹੈ।

ਇਹ ਹੋਰ ਵੀ ਅਫਸੋਸ ਦੀ ਗੱਲ ਹੈ ਕਿ ਇਸ ਸਮੁੱਚੇ ਸੰਕਟ ਦੇ ਪ੍ਰਸੰਗ ਵਿਚ ਸਿਆਸੀ ਪਾਰਟੀਆਂ ਵਿਚੋਂ ਕੋਈ ਵੀ ਪਾਰਟੀ ਲੋਕਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਉਨ੍ਹਾਂ ਨੂੰ ਸਹੀ ਲੀਹਾਂ 'ਤੇ ਲਾਮਬੰਦ ਨਹੀਂ ਕਰ ਸਕੀ ਜਾਂ ਇਹ ਕਹਿ ਲਈਏ ਕਿ ਉਨ੍ਹਾਂ ਦਾ ਵਿਸ਼ਵਾਸ ਨਾ ਜਿੱਤ ਸਕੀ। ਇਸ ਕਰਕੇ ਲੋਕ ਆਪੋ-ਆਪਣੇ ਪੱਧਰ 'ਤੇ ਹੀ ਸੰਘਰਸ਼ ਲੜਨ ਲਈ ਮਜਬੂਰ ਹੋ ਰਹੇ ਹਨ। ਦੂਜੇ ਪਾਸੇ ਸਿਆਸੀ ਪਾਰਟੀਆਂ ਆਪਣੀ ਹੋਂਦ ਕਾਇਮ ਰੱਖਣ ਅਤੇ ਆਗਾਮੀ ਲੋਕ ਸਭਾ ਚੋਣਾਂ ਲੜਨ ਲਈ ਲੋਕਾਂ ਦਾ ਸਮਰਥਨ ਹਾਸਲ ਕਰਨ ਵਾਸਤੇ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲ ਰਹੀਆਂ ਹਨ।

ਕਾਂਗਰਸ ਪਾਰਟੀ ਬਹੁਤ ਸਾਰੇ ਵਾਅਦੇ ਕਰਕੇ ਸੱਤਾ ਵਿਚ ਆਈ ਸੀ, ਪਰ ਆਪਣੇ ਬਹੁਤੇ ਵਾਅਦੇ ਪੂਰੇ ਨਹੀਂ ਕਰ ਸਕੀ। ਭਾਵੇਂ ਇਸ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਅੱਧੇ-ਅਧੂਰੇ ਯਤਨ ਕੀਤੇ ਹਨ ਪਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਉਨ੍ਹਾਂ ਨੂੰ ਰੁਜ਼ਗਾਰ ਦੇ ਕੇ ਮੁਲਾਜ਼ਮਾਂ ਦੀ ਗਿਣਤੀ ਪੂਰੀ ਕਰਨ ਅਤੇ ਖੇਤੀ ਤੇ ਸਨਅਤੀ ਸੰਕਟ ਹੱਲ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

ਆਮ ਆਦਮੀ ਪਾਰਟੀ, ਜੋ ਪਿਛਲੇ ਲੰਮੇ ਸਮੇਂ ਤੋਂ ਫੁੱਟ ਦਾ ਸ਼ਿਕਾਰ ਚੱਲੀ ਆ ਰਹੀ ਹੈ ਅਤੇ ਦੋ ਧੜਿਆਂ ਵਿਚ ਵੰਡੀ ਜਾ ਚੁਕੀ ਹੈ, ਦਾ ਖਹਿਰਾ ਧੜਾ ਤਲਵੰਡੀ ਸਾਬੋ ਤੋਂ ਲੈ ਕੇ ਪਟਿਆਲੇ ਤੱਕ ਇਨਸਾਫ ਮਾਰਚ ਰਾਹੀਂ ਆਪਣੀ ਜ਼ਮੀਨ ਤਲਾਸ਼ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ, ਜੋ ਪਿਛਲੇ ਦਸ ਸਾਲਾਂ ਤੋਂ ਸੱਤਾ ਵਿਚ ਰਿਹਾ ਸੀ, ਇਸ ਸਮੇਂ ਵੀ ਆਪਣੇ ਕਾਰਜਕਾਲ ਸਮੇਂ ਹੋਈਆਂ ਰਾਜਨੀਤਕ, ਧਾਰਮਕ ਤੇ ਆਰਥਕ ਗਲਤੀਆਂ ਕਾਰਨ ਲੋਕਾਂ ਦੇ ਰੋਹ ਤੇ ਰੋਸ ਦਾ ਸ਼ਿਕਾਰ ਹੈ ਅਤੇ ਲੰਮਾ ਸਮਾਂ ਇਨ੍ਹਾਂ ਗਲਤੀਆਂ ਨੂੰ ਨਕਾਰਨ ਪਿਛੋਂ ਹੁਣ ਆਮ ਲੋਕਾਂ ਤੇ ਸਿੱਖ ਪੰਥ ਦੇ ਰੋਸ ਨੂੰ ਸ਼ਾਂਤ ਕਰਨ ਲਈ ਅਕਾਲ ਤਖਤ ਸਾਹਿਬ ਜਾ ਕੇ ਭੁੱਲ ਬਖਸ਼ਾਉਣ ਲਈ ਮਜਬੂਰ ਹੋਇਆ ਹੈ। ਇਸ ਨੂੰ ਸਿੱਖ ਪੰਥ ਤੇ ਪੰਜਾਬ ਦੇ ਲੋਕ ਕਿੱਥੋਂ ਤੱਕ ਮਾਫ ਕਰਦੇ ਹਨ, ਇਹ ਅਜੇ ਦੇਖਣ ਵਾਲੀ ਗੱਲ ਹੈ।

ਰਾਜ ਵਿਚ ਭਾਰਤੀ ਜਨਤਾ ਪਾਰਟੀ ਵੀ ਮੋਦੀ ਸਰਕਾਰ ਦੇ ਖਿਲਾਫ ਸਥਾਪਤੀ ਵਿਰੋਧੀ ਰੁਝਾਨ ਵਧਣ ਕਾਰਨ ਕਮਜ਼ੋਰ ਸਥਿਤੀ ਵਿਚ ਹੈ। ਉਕਤ ਸਿਆਸੀ ਧਿਰਾਂ ਤੋਂ ਇਲਾਵਾ ਰਾਜ ਦੇ ਹੋਰ ਸਿਆਸੀ ਤੇ ਸਮਾਜਕ ਸੰਗਠਨ ਵੀ ਅਜੇ ਤੱਕ ਰਾਜ ਨੂੰ ਕੋਈ ਬਦਲਵੀਂ ਲੀਡਰਸ਼ਿਪ ਮੁਹੱਈਆ ਕਰਨ ਦੇ ਸਮਰੱਥ ਹੋਏ ਨਜ਼ਰ ਨਹੀਂ ਆਉਂਦੇ।

ਇਨ੍ਹਾਂ ਸਿਆਸੀ ਸਥਿਤੀਆਂ ਦੀ ਘੁੰਮਣਘੇਰੀ ਵਿਚ ਫਸੇ ਰਾਜ ਦੇ ਲੋਕਾਂ ਲਈ ਢੁਕਵੇਂ ਸਿਆਸੀ ਬਦਲ ਦੀ ਤਲਾਸ਼ ਕਰਨਾ ਇਕ ਵੱਡੀ ਚੁਣੌਤੀ ਹੈ। ਇਸ ਨੂੰ ਪੰਜਾਬ ਦੇ ਲੋਕ ਕਿਵੇਂ ਸਰ ਕਰਦੇ ਹਨ, ਇਹ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ। ਇਸ ਮੌਕੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀਆਂ ਇਹ ਲਾਈਨਾਂ ਯਾਦ ਆ ਰਹੀਆਂ ਹਨ, "ਪੰਜਾਬ ਦਾ ਅਤੀਤ ਬਹੁਤ ਸ਼ਾਨਦਾਰ ਹੈ, ਪਰ ਇਸ ਦਾ ਭਵਿੱਖ ਬੇਹੱਦ ਮਾੜਾ ਹੈ।"

ਹੁਣ ਇਹ ਦੇਖਣਾ ਹੋਵੇਗਾ ਕਿ ਅਸੀਂ ਸਾਰੇ ਰਲ ਕੇ ਆਪਣੇ ਲਈ ਇਕ ਬਿਹਤਰ ਭਵਿੱਖ ਦੀ ਤਲਾਸ਼ ਕਿਵੇਂ ਕਰਦੇ ਹਾਂ? ਰਾਜ ਦੇ ਸਿਆਸਤਦਾਨ, ਜੋ ਅਜੇ ਵੀ ਪੰਜਾਬ ਤੇ ਪੰਜਾਬੀਆਂ ਲਈ ਦਰਦ ਰੱਖਦੇ ਹਨ; ਰਾਜ ਦੇ ਬੁੱਧੀਜੀਵੀ, ਜੋ ਅਜੇ ਵੀ ਪੰਜਾਬ ਦੇ ਹਾਲਾਤ ਨੂੰ ਦੇਖ ਕੇ ਚਿੰਤਾ ਵਿਚ ਡੁੱਬੇ ਰਹਿੰਦੇ ਹਨ ਅਤੇ ਰਾਜ ਦੇ ਜਾਗਰੂਕ ਲੋਕ, ਜੋ ਅਜੇ ਵੀ ਸਿਆਸੀ ਤੇ ਆਰਥਕ ਵਰਤਾਰਿਆਂ ਨੂੰ ਸਮਝ ਕੇ ਢੁਕਵਾਂ ਪ੍ਰਤੀਕਰਮ ਦੇਣ ਦੇ ਸਮਰੱਥ ਹਨ, ਸਭ ਲਈ ਮੌਜੂਦਾ ਚੁਣੌਤੀਆਂ ਇਕ ਵੱਡੇ ਇਮਤਿਹਾਨ ਵਾਂਗ ਹਨ। ਸਭ ਨੂੰ ਆਪੋ-ਆਪਣਾ ਰੋਲ ਅਦਾ ਕਰਨਾ ਪਵੇਗਾ।

# ਵਧ ਰਹੇ ਹਾਦਸੇ ਅਣਗਹਿਲੀ ਜਾਂ ਰੱਬ ਦੀ ਮਰਜੀ

ਕੁਲਦੀਪ ਸਿੰਘ ਢਿੱਲੋਂ
ਫੋਨ: 91-98559-64276

ਪੰਜਾਬ ਦੀਆਂ ਅਖਬਾਰਾਂ ਵਿਚ ਸਭ ਤੋਂ ਵੱਧ ਖਬਰਾਂ ਹਾਦਸਿਆਂ ਦੀਆਂ ਹੁੰਦੀਆਂ ਨੇ ਕਿ ਫਲਾਣੇ ਥਾਂ ਹੋਏ ਸੜਕ ਹਾਦਸੇ ਵਿਚ ਐਨੇ ਜ਼ਖਮੀ, ਐਨੇ ਹਲਾਕ। ਬਹੁਤੇ ਹਾਦਸੇ ਸ਼ਾਮ ਦੇ ਸਮੇਂ ਜਾਂ ਰਾਤ ਨੂੰ ਹੁੰਦੇ ਹਨ। ਕੀ ਕਾਰਨ ਹੈ, ਇਨ੍ਹਾਂ ਵਧ ਰਹੇ ਹਾਦਸਿਆਂ ਦਾ? ਕੀ ਸੱਚ ਹੀ ਕੋਈ ਕਾਰਨ ਹੁੰਦਾ ਜਾਂ ਰੱਬ ਦੀ ਮਰਜੀ ਐ? ਜਦ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਹਾਦਸੇ 'ਚ ਕਿਸੇ ਦੀ ਮੌਤ ਹੋ ਜਾਵੇ ਤਾਂ ਇਹ ਗੱਲ ਆਮ ਹੀ ਸੁਣਨ ਨੂੰ ਮਿਲਦੀ ਐ ਕਿ ਇਸ ਦੀ ਲਿਖੀ ਹੀ ਇਸ ਤਰ੍ਹਾਂ ਸੀ। ਰੱਬ ਦੀ ਮਰਜੀ ਨੂੰ ਕਿਹੜਾ ਬਦਲ ਸਕਦਾ?

ਰੱਬ ਦੀ ਰਜ਼ਾ ਕੀ ਹੈ? ਇਹ ਤਾਂ ਸੱਚ ਹੀ ਕਿਸੇ ਨੂੰ ਪਤਾ ਨਹੀਂ ਪਰ ਰੱਬ ਇਹ ਤਾਂ ਨਹੀਂ ਕਹਿੰਦਾ ਕਿ ਪਹਿਲਾਂ ਤਾਂ ਕਿਤੇ ਜਾਓ ਫਿਰ ਸਮੇਂ ਸਿਰ ਉਥੋਂ ਚੱਲੋ ਨਾ, ਜਦ ਲੇਟ ਹੋ ਕੇ ਚੱਲੋ ਤਾਂ ਫਿਰ ਗੱਡੀ ਚਲਾਉ ਹੱਦੋਂ ਵੱਧ ਰਫਤਾਰ ਉਤੇ। ਰਹਿੰਦੀ-ਖੂੰਹਦੀ ਕਸਰ ਗੱਡੀ ਚਲਾਉਣ ਵੇਲੇ ਕੀਤਾ ਨਸ਼ਾ ਪੂਰੀ ਕਰ ਦਿੰਦਾ ਹੈ। ਇਹ ਗੱਲ ਆਮ ਹੀ ਐ ਕਿ ਜਦੋਂ ਕੋਈ ਬੰਦਾ ਕਿਸੇ ਰਿਸ਼ਤੇਦਾਰੀ 'ਚ ਜਾਂਦਾ ਹੈ ਤਾਂ ਸਾਰਾ ਦਿਨ ਲੰਘ ਜਾਂਦਾ ਹੈ ਗੱਲਾਂ ਕਰਦਿਆਂ। ਉਸ ਵੇਲੇ ਤਾਂ ਕੋਈ ਜਲਦੀ ਨਹੀਂ ਹੁੰਦੀ ਤੇ ਫਿਰ ਸ਼ਾਮ ਨੂੰ ਅਕਸਰ ਦਾਰੂ (ਸ਼ਰਾਬ) ਦਾ ਦੌਰ ਚੱਲਣ ਲੱਗ ਪੈਂਦਾ ਹੈ। ਬੱਸ ਫੇਰ ਪੈਗ 'ਤੇ ਪੈਗ ਚਲਦਾ ਹੈ।

ਜਿਸ ਬੰਦੇ ਨੇ ਗੱਡੀ ਚਲਾ ਕੇ ਆਪਣੇ ਪਰਿਵਾਰ ਸਮੇਤ ਘਰ ਆਉਣਾ ਹੁੰਦਾ ਹੈ ਤਾਂ ਉਹ ਪਹਿਲਾਂ ਹੀ ਕੰਟਰੋਲ ਤੋਂ ਬਾਹਰ ਹੋਇਆ ਗੱਡੀ ਕੀ ਕੰਟਰੋਲ ਕਰੂ? ਜਦੋਂ ਉਹ ਆਪਣੀ ਰਿਸ਼ਤੇਦਾਰੀ ਜਾਂ ਕਿਸੇ ਦੋਸਤ ਦੇ ਘਰੋਂ ਚੱਲਣ ਲੱਗਦਾ ਹੈ ਤਾਂ ਫਿਰ ਗੱਡੀ ਦੀ ਡਰਾਈਵਿੰਗ ਸੀਟ 'ਤੇ ਬੈਠੇ ਨੂੰ ਉਸ ਦਾ ਰਿਸ਼ਤੇਦਾਰ ਕਹਿ ਰਿਹਾ ਹੁੰਦਾ ਹੈ, ਬੱਸ ਆਹ ਮੋਟਾ ਜਿਹਾ ਪੈਗ ਲਾ ਲੈ ਜਾਂਦੀ ਵਾਰੀ ਦਾ; ਤੇ ਉਹ ਮੋਟਾ ਜਿਹਾ ਪੈਗ ਕਈ ਵਾਰ ਸੱਚ ਹੀ ਜਾਂਦੀ ਵਾਰ ਦਾ ਹੋ ਨਿੱਬੜਦਾ ਹੈ। ਬੱਸ, ਫਿਰ ਕੀ ਹੁੰਦਾ ਹੈ, ਇਹ ਤਾਂ ਅਗਲੇ ਦਿਨ ਹੀ ਪਤਾ ਲੱਗਦੈ।



ਕਿਤੇ ਨਾ ਕਿਤੇ ਮੋਬਾਈਲ ਫੋਨ ਵੀ ਹਾਦਸੇ ਵਾਪਰਨ 'ਚ ਵੱਡਾ ਰੋਲ ਅਦਾ ਕਰਦਾ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਲੋਕ ਮੋਬਾਈਲ 'ਚ ਰੁੱਝੇ ਬੇਧਿਆਨ ਹੋ ਕੇ ਵਾਹਨ ਚਲਾਉਂਦੇ ਨੇ, ਜਿਸ ਕਰਕੇ ਜਿਥੇ ਉਹ ਆਪਣਾ ਨੁਕਸਾਨ ਕਰਦੇ ਹਨ, ਉਥੇ ਹੋਰ ਲੋਕਾਂ ਲਈ ਵੀ ਜਾਨ ਦਾ ਖੌਅ ਬਣ ਜਾਂਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਮੋਟਰਸਾਈਕਲ ਚਲਾਉਣ ਵਾਲਿਆਂ ਦੇ ਕੰਨਾਂ ਵਿਚ ਹੈਡ-ਫੋਨ ਲੱਗੇ ਹੁੰਦੇ ਹਨ ਤੇ ਜਾਂ ਇਕ ਹੱਥ ਨਾਲ ਫੋਨ ਫੜ੍ਹਿਆ ਹੁੰਦਾ ਹੈ ਅਤੇ ਦੂਜੇ ਹੱਥ ਨਾਲ ਮੋਟਰਸਾਈਕਲ ਦਾ ਹੈਂਡਲ, ਜਿਸ ਨਾਲ ਹਮੇਸ਼ਾ ਹੀ ਕੋਈ ਨਾ ਕੋਈ ਅਣਹੋਣੀ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਇਕ ਵਾਰ ਅਸੀਂ ਆਪਣੀ ਰਿਸ਼ਤੇਦਾਰੀ ਵਿਚ ਵਿਆਹ 'ਤੇ ਗਏ। ਮੁੰਡੇ ਦਾ ਵਿਆਹ ਸੀ। ਬਹੁਤ ਵਧੀਆ ਮਾਹੌਲ ਸੀ। ਸ਼ਗਨ ਵਾਲੇ ਦਿਨ ਬਹੁਤ ਖੁਸ਼ੀਆਂ ਮਨਾਈਆਂ, ਜਾਗੋ ਕੱਢੀ। ਰਾਤ ਦੇ ਨੌਂ ਕੁ ਵਜੇ ਸਾਡਾ ਇਕ ਰਿਸ਼ਤੇਦਾਰ ਸ਼ਰਾਬ ਦੇ ਨਸ਼ੇ ਵਿਚ ਜ਼ਿੱਦ ਕਰਨ ਲੱਗਾ, ਮੈਂ ਤਾਂ ਹੁਣੇ ਪਿੰਡ ਜਾਊਂ। ਉਹਨੂੰ ਬਥੇਰਾ ਸਮਝਾਇਆ ਪਰ ਨਾ ਮੰਨਿਆ। ਆਪਣੇ ਪੂਰੇ ਪਰਿਵਾਰ ਸਮੇਤ ਚੱਲ ਪਿਆ। ਪਤਾ ਉਸ ਵੇਲੇ ਲੱਗਾ, ਜਦੋਂ ਖੁਸ਼ੀ ਦਾ ਮਾਹੌਲ ਮਾਤਮ ਵਿਚ ਬਦਲ ਗਿਆ। ਜਾਂਦਿਆਂ ਉਸ ਦੀ ਗੱਡੀ ਕਿਸੇ ਟਰੱਕ ਨਾਲ ਜਾ ਵੱਜੀ। ਆਪ ਥਾਂ-ਥਾਂ ਤੋਂ ਟੁੱਟ-ਭੱਜ ਗਿਆ ਪਰ ਦੋ ਨਿੱਕੀਆਂ-ਨਿੱਕੀਆਂ ਮਾਸੂਮ ਜਾਨਾਂ-ਇਕ ਮੁੰਡਾ 12 ਸਾਲ ਦਾ ਤੇ ਕੁੜੀ 17 ਕੁ ਸਾਲ ਨੂੰ ਅਣ-ਆਈ ਮੌਤ ਹੀ ਮਾਰੇ ਗਏ। ਕੁਝ ਔਰਤਾਂ ਵੀ ਜ਼ਖਮੀ ਹੋ ਗਈਆਂ। ਮਗਰੋਂ ਕੀ ਰਹਿ ਗਿਆ? ਬੱਸ ਪਛਤਾਵਾ ਕਿ ਜੇ ਇਸ ਵੇਲੇ ਨਾ ਤੁਰਦੇ ਤਾਂ ਸ਼ਾਇਦ ਬਚ ਜਾਂਦੇ।

ਜੇ ਅਸੀਂ ਸਾਰਾ ਦੋਸ਼ ਇਕੱਲੇ ਰੱਬ ਦੇ ਸਿਰ ਮੜ੍ਹੀਏ ਤਾਂ ਕੀ ਇਹ ਠੀਕ ਐ? ਸ਼ਾਇਦ ਨਹੀਂ ਕਿਉਂਕਿ ਰੱਬ ਨੇ ਕਦੇ ਨਹੀਂ ਕਿਹਾ ਕਿ ਪਹਿਲਾਂ ਤਾਂ ਛੇਤੀ ਤੁਰੋ ਨਾ, ਫਿਰ ਗੱਡੀ ਤੋਰੋ ਹੱਦੋਂ ਵੱਧ ਰਫਤਾਰ 'ਤੇ, ਗੱਡੀ ਚਲਾਉਣ ਵੇਲੇ ਸ਼ਰਾਬ ਪੀ ਕੇ ਅੰਨ੍ਹੇ ਹੋ ਜੋ। ਹੁਣ ਕਸੂਰ ਕੀਹਦਾ?


ਇੱਕ ਦਿਨ ਆਥਣੇ ਮੈਂ ਲੁਧਿਆਣਿਓਂ ਆਇਆ। ਜਦ ਆਪਣੇ ਸ਼ਹਿਰ ਪੁੱਜਾ ਤਾਂ 8 ਵਜ ਗਏ ਹੋਣਗੇ। ਬੱਸ ਸ਼ਹਿਰੋਂ ਬਾਹਰ ਚੌਂਕ ਵਿਚ ਰੁਕੀ ਤਾਂ ਸਾਹਮਣੇ ਇੱਕ ਕਾਰ 'ਚ ਤਿੰਨ ਜਣੇ ਪੈਗ ਲਾਈ ਜਾਣ। ਬੱਸ ਉਥੇ ਪੰਜ ਮਿੰਟ ਰੁਕੀ ਹੋਊ ਤੇ ਇਨ੍ਹਾਂ ਪੰਜਾਂ ਮਿੰਟਾਂ ਵਿਚ ਉਨ੍ਹਾਂ ਪੂਰੀ ਬੋਤਲ ਖਾਲੀ ਕਰ ਦਿੱਤੀ। ਜਿਸ ਨੇ ਕਾਰ ਚਲਾਉਣੀ ਸੀ, ਉਹ ਬਰਾਬਰ ਪੀ ਰਿਹਾ ਸੀ। ਹੁਣ ਫਿਰ ਰੱਬ ਦੀ ਮਰਜੀ ਕੀ ਕਰੂ? ਇਹ ਗੱਲ ਠੀਕ ਐ ਕਿ ਉਸ ਨੀਲੀ ਛੱਤ ਵਾਲੇ ਦੀ ਮਰਜੀ ਦਾ ਕਿਸੇ ਨੂੰ ਨਹੀਂ ਪਤਾ ਪਰ ਆਪਣਾ ਬਚਾਅ ਥੋੜ੍ਹਾ-ਬਹੁਤਾ ਤਾਂ ਕਰਨਾ ਚਾਹੀਦਾ। ਰੱਬ ਨੂੰ ਮਾੜਾ ਕਹਿਣ ਤੋਂ ਪਹਿਲਾਂ ਥੋੜ੍ਹਾ ਜਿਹਾ ਆਪਣੇ ਵੱਲ ਵੀ ਝਾਤੀ ਮਾਰੀਏ।

# ਲੋਕ ਮਨਾਂ ਦਾ ਜੱਗਾ ਡਾਕੂ

ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਲੋਕ ਨਾਇਕ ਜੱਗਾ ਡਾਕੂ ਜਿਉਣਾ ਮੌੜ ਅਤੇ ਦੁੱਲਾ ਭੱਟੀ ਵਾਂਗ ਹੀ ਹਰਮਨ ਪਿਆਰਾ ਤੇ ਪ੍ਰਸਿੱਧ ਨਹੀਂ ਹੋਇਆ, ਪਰ ਕੌਮਾਂਤਰੀ ਪ੍ਰਸਿੱਧੀ ਵਾਲੇ ਰੌਬਿਨ ਹੁੱਡ ਦਾ ਸਾਨੀ ਹੋ ਗੁਜ਼ਰਿਆ। ਅਜਿਹੇ ਨਾਇਕ ਸਭ ਧਰਮਾਂ ਦੇ ਸਾਂਝੇ ਹੁੰਦੇ ਹਨ। ਜੱਗਾ ਬੁਰਜ ਰਣਸਿੰਘ ਵਾਲਾ (ਪਾਕਿਸਤਾਨ) ਦੇ ਵਸਨੀਕ ਮੱਖਣ ਸਿੰਘ ਸਿੱਧੂ ਦਾ ਪੁੱਤ ਸੀ। ਉਸ ਨੂੰ ਮੁਸਲਮਾਨ ਵੀ ਆਪਣਾ ਮੰਨਦੇ ਹਨ, ਹਿੰਦੂ ਤੇ ਸਿੱਖ ਵੀ।

ਜੱਗਾ ਡਾਕੂ (ਲੋਕ ਗੀਤ ਪ੍ਰਕਾਸ਼ਨ, ਮੁਹਾਲੀ, ਪੰਨੇ 135, ਮੁੱਲ 200 ਰੁਪਏ) ਦੇ ਲੇਖਕ ਧਰਮ ਸਿੰਘ ਗੋਰਾਇਆ ਦੀ ਖੋਜ ਅਨੁਸਾਰ ਜੱਗੇ ਦੇ ਚਾਚੇ ਦਾ ਨਾਂ ਸੁਲੱਖਣ ਸਿੰਘ ਸੀ, ਜਿਸ ਦੇ ਤਿੰਨੋ ਪੁੱਤਰ-ਕਸ਼ਮੀਰ ਸਿੰਘ, ਜੀਤ ਸਿੰਘ ਤੇ ਮਹਿੰਦਾ ਸਿੰਘ ਪਾਕਿਸਤਨ ਰਹਿ ਕੇ ਕ੍ਰਮਵਾਰ ਬਸ਼ੀਰ ਮੁਹੰਮਦ ਦੀਨ ਮੁਹੰਮਦ ਤੇ ਮੁਹੰਮਦ ਦੀਨ ਨਾਂਵਾਂ ਵਾਲੇ ਮੁਸਲਮਾਨ ਵੀ ਬਣੇ ਤੇ ਖਾੜਕੂ ਵੀ ਸਿੱਧ ਹੋਏ। ਉਨ੍ਹਾਂ ਵਿਚੋਂ ਸਭ ਤੋਂ ਛੋਟਾ ਮਹਿੰਦਰ ਸਿੰਘ, ਜੋ ਆਪਣੇ ਨਾਂ ਨਾਲ ਸੰਧੂ (ਸਿੱਧੂ ਨਹੀਂ) ਲਿਖਦਾ ਸੀ, ਓਧਰ ਮੰਨਾ ਜੱਟ ਵਜੋਂ ਵੀ ਜਾਣਿਆ ਜਾਂਦਾ ਹੈ, ਜਿਵੇਂ ਏਧਰ ਦੇ ਲੋਕ ਜਗਤ ਸਿੰਘ ਨੂੰ ਜੱਗਾ ਜੱਟ ਕਹਿੰਦੇ ਹਨ। ਲੇਖਕ ਨੇ ਜੱਗੇ ਬਾਰੇ ਬਹੁਤੀ ਜਾਣਕਾਰੀ ਮੰਨੇ ਜੱਟ ਅਤੇ ਜੱਗੇ ਦੀ ਧੀ ਗੁਲਾਬ ਕੌਰ ਉਰਫ ਗਾਬੋ ਕੋਲੋਂ ਪ੍ਰਾਪਤ ਕੀਤੀ ਹੈ। ਉਹ ਜੱਗੇ ਦੀ ਮੌਤ ਸਮੇਂ ਕੇਵਲ ਨੌਂ ਸਾਲ ਦੀ ਸੀ।

ਜੱਗੇ ਨੇ ਸਭ ਤੋਂ ਪਹਿਲਾਂ ਉਸ ਸ਼ਾਹੂਕਾਰ ਦਾ ਕਤਲ ਕੀਤਾ ਸੀ, ਜਿਸ ਨੇ ਉਸ ਦੇ ਬਾਪ ਨੂੰ ਦਿੱਤੇ ਕਰਜ਼ੇ ਬਦਲੇ ਉਸ ਦੇ ਘਰ ਦੀ ਕੁਰਕੀ ਕਰਵਾ ਕੇ ਉਸ ਦੀ ਬੇਇੱਜਤੀ ਕੀਤੀ ਸੀ। ਉਸ




ਤੋਂ ਪਿਛੋਂ ਉਸ ਨੇ ਇੱਕ ਗਰੀਬ ਕੁੜੀ ਨੂੰ ਚੁੱਕ ਕੇ ਲਿਜਾਣ ਵਾਲਿਆਂ ਦਾ ਕਤਲ ਕਰਕੇ ਕੁੜੀ ਨੂੰ ਛੁਡਾਉਣ ਤੋਂ ਬਿਨਾ ਕਈ ਸ਼ਾਹੂਕਾਰ ਵੀ ਸੋਧੇ ਅਤੇ ਇੱਕ ਪੜਾਅ ਉਤੇ ਲਾਇਲਪੁਰ ਡਾਕਾ ਮਾਰ ਕੇ ਆਪਣੀ ਵਰਤੋਂ ਲਈ ਹਥਿਆਰ ਵੀ ਇਕੱਠੇ ਕੀਤੇ। ਆਪਣੇ ਕਾਰਨਾਮਿਆਂ ਕਾਰਨ ਉਹ ਲੋਕ ਮਨਾਂ ਵਿਚ ਕਿਵੇਂ ਵਸਿਆ, ਹੇਠ ਲਿਖੇ ਟੱਪਿਆਂ ਵਿਚ ਦਰਜ ਹੈ। ਉਸ ਦਾ ਮੁਰਗੇ ਦੀ ਬਾਂਗ ਨਾਲ ਜੰਮ ਕੇ ਲੌਢੇ ਵੇਲੇ ਤੱਕ ਖੇਡਣ ਲੱਗ ਜਾਣ ਤੋਂ ਲੈ ਕੇ ਬੋਹੜ ਦੀ ਛਾਂਵੇਂ ਵੱਢੇ ਜਾਣ ਤੋਂ ਪਿਛੋਂ ਨੌਂ ਮਣ ਰੇਤ ਭਿੱਜਣ ਤੱਕ,

ਜੱਗਾ ਜੰਮਿਆ ਫਜਰ ਦੀ ਬਾਂਗੇ
ਲੌਢੇ ਵੇਲੇ ਖੇਡਦਾ ਫਿਰੇ।
ਜੱਗਾ ਜੰਮਿਆ ਤੇ ਮਿਲਣ ਵਧਾਈਆਂ
ਵੱਡਾ ਹੋ ਕੇ ਡਾਕੇ ਮਾਰਦਾ।
ਜੱਗੇ ਜੱਟ ਦੇ ਕਬੂਤਰ ਚੀਨੇ
ਨਦੀਓਂ ਪਾਰ ਚੁਗਦੇ।
ਕੱਚੇ ਪੁਲਾਂ 'ਤੇ ਲੜਾਈਆਂ ਹੋਈਆਂ
ਛਵੀਆਂ ਦੇ ਕਿੱਲੇ ਟੁੱਟ ਗਏ।
ਜੱਗੇ ਮਾਰਿਆ ਲਾਇਲਪੁਰ ਡਾਕਾ
ਤਾਰਾਂ ਖੜਕ ਗਈਆਂ।
ਜੱਗਾ ਮਾਰਿਆ ਬੋਹੜ ਦੀ ਛਾਂਵੇਂ
ਤੇ ਨੌਂ ਮਣ ਰੇਤ ਭਿੱਜ ਗਈ।

ਜੱਗੇ ਦੀ ਮਾਂ ਦੇ ਮੂੰਹੋਂ ਹੇਠ ਲਿਖਿਆ ਟੱਪਾ ਅਖਵਾਉਣਾ ਵੀ ਇਸੇ ਲੜੀ ਵਿਚ ਆਉਂਦਾ ਹੈ,

ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ
ਇਕ ਦੀ ਥਾਂ ਦੋ ਜੰਮਦੀ।

ਉਸ ਦੇ ਕੀਤੇ ਕਾਰਨਾਮਿਆਂ ਦੀਆਂ ਬਾਤਾਂ ਦਾ ਕੋਈ ਪਾਰ ਨਹੀਂ, ਇਨ੍ਹਾਂ ਨੇ ਜੱਗੇ ਦਾ ਕੱਦ ਇੰਨਾ ਉਚਾ ਕੀਤਾ ਕਿ ਉਹ ਅੱਜ ਵੀ ਲੋਕ ਮਨਾਂ 'ਤੇ ਰਾਜ ਕਰਦਾ ਹੈ। ਇੱਥੋਂ ਤੱਕ ਕਿ ਉਸ ਦੀ ਮੌਤ ਪਿਛੋਂ ਕਿੱਲੀ ਉਤੇ ਲਟਕਦੇ ਜਾਂਘੀਏ ਨੂੰ ਵੀ ਰੇਸ਼ਮ ਦਾ ਦੱਸਿਆ ਜਾਂਦਾ ਹੈ, ਸੂਤੀ ਨਹੀਂ,

ਜੱਗੇ ਜੱਟ ਦਾ ਜਾਂਘੀਆ ਪੱਟ ਦਾ
ਕਿੱਲੀ ਉਤੇ ਟੰਗਿਆ ਗਿਆ।

ਸਿਖਰ ਦੀ ਗੱਲ ਇਹ ਕਿ ਜੱਗੇ ਨੂੰ ਧੋਖੇ ਨਾਲ ਕਤਲ ਕਰਨ ਵਾਲੇ ਨਾਈ ਨੂੰ ਲੋਕ ਮਨੁੱਖ ਦੀ ਥਾਂ ਕੁੱਤਾ ਕਹਿ ਕੇ ਚੇਤੇ ਕਰਦੇ ਹਨ,

ਜੱਗਾ ਜੰਮਿਆ ਬੋਹੜ ਦਾ ਬੂਟਾ
ਤੇ ਕੁੱਤੇ ਨਾਈ ਵੱਢ ਸੁੱਟਿਆ।

ਕੇਵਲ ਭਾਰਤ ਵਿਚ ਹੀ ਨਹੀਂ, ਇਹਦੇ ਨਾਲੋਂ ਟੁੱਟੇ ਪਾਕਿਸਤਾਨੀ ਪੰਜਾਬੀ ਵੀ ਉਸ ਦਾ ਗੁਣ ਗਾਇਨ ਹੇਠ ਲਿਖੇ ਟੱਪੇ ਨਾਲ ਕਰਦੇ ਹਨ,


ਜੱਗਾ ਜੱਟ ਨਹੀਂ ਕਿਸੇ ਨੇ ਬਣ ਜਾਣਾ
ਘਰ ਘਰ ਪੁੱਤ ਜੰਮਦੇ।

**ਮੰਟੋ ਦੀ ਆਤਮਾ ਦੇ ਦੋਖੀ:** ਪਾਕਿਸਤਾਨ ਦੀ ਸਰਕਾਰੀ ਮਸ਼ੀਨਰੀ ਉਰਦੂ ਅਫਸਾਨਾ ਨਿਗਾਰ




ਸਆਦਤ ਹਸਨ ਮੰਟੋ ਦੀ ਰੂਹ ਨੂੰ ਵੀ ਚੈਨ ਨਹੀਂ ਲੈਣ ਦਿੰਦੀ। ਨੰਦਿਤਾ ਦਾਸ ਦੀ ਫਿਲਮ 'ਮੰਟੋ' ਜਾਰੀ ਕਰਨ ਉਤੇ ਪਾਬੰਦੀ ਲਾਉਣਾ ਗਮੋ ਹੀਣਾ ਨਹੀਂ ਤਾਂ ਹੋਰ ਕੀ ਹੈ? ਅਖੰਡ ਹਿੰਦੁਸਤਾਨ ਵਿਚ ਮੰਟੋ ਦੀਆਂ ਛੇ ਕਹਾਣੀਆਂ ਉਤੇ ਮੁਕੱਦਮੇ ਚੱਲੇ-ਉਸ ਦੇ 1936 ਤੋਂ 1948 ਤੱਕ ਮੁੰਬਈ ਰਹਿੰਦਿਆਂ ਤੇ 1948 ਤੋਂ ਪਿਛੋਂ ਲਾਹੌਰ ਦਾ ਵਸਨੀਕ ਹੋਣ ਤੱਕ। ਫੇਰ ਵੀ ਨਿੱਕੀ ਕਹਾਣੀ ਦੇ ਰੱਬ ਵਜੋਂ ਜਾਣਿਆ ਜਾਂਦਾ ਇਹ ਕਹਾਣੀਕਾਰ ਦੁਨੀਆਂ ਭਰ ਦੇ ਪੰਜਾਬੀ ਪਿਆਰਿਆਂ ਦੀ ਜ਼ੁਬਾਨ ਉਤੇ ਹੈ।

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪਾਕਿਸਤਾਨ ਦੇ ਅਦੀਬਾਂ, ਫਨਕਾਰਾਂ ਤੇ ਤਹਿਜੀਬ ਦੀ ਰਾਖੀ ਨਾਲ ਜੁੜੇ ਪਾਕਿਸਤਾਨੀਆਂ ਨੇ 15 ਜਨਵਰੀ 2019 ਦੇ ਦਿਨ ਲਾਹੌਰ, ਪੇਸ਼ਾਵਰ, ਕਰਾਚੀ ਤੇ ਮੁਲਤਾਨ ਵਿਚ ਸ਼ਾਮ ਦੇ ਚਾਰ ਵਜੇ ਇਸ ਪਾਬੰਦੀ ਦਾ ਸਰਬਵਿਆਪੀ ਵਿਰੋਧ ਕਰਕੇ ਇਮਰਾਨ ਖਾਨ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲੀਆਂ ਸਰਕਾਰਾਂ ਵਾਲੇ ਰਾਹ ਨਾ ਤੁਰੇ, ਜੋ 'ਰਾਜ਼ੀ', 'ਪਾਰੀ', 'ਵੀਰੇ ਦੀ ਸ਼ਾਦੀ', 'ਮੁਲਕ' ਆਦਿ ਅੱਧੀ ਦਰਜਨ ਫਿਲਮਾਂ ਉਤੇ ਪਾਬੰਦੀ ਲਾ ਚੁਕੀਆਂ ਹਨ। ਆਸ ਹੈ, ਇਮਰਾਨ ਖਾਨ ਦੀ ਸਰਕਾਰ ਜ਼ਰੂਰ ਗੌਰ ਕਰੇਗੀ। ਵੇਖੋ!

**ਅੰਤਿਕਾ: ਮੌਲਾਨਾ ਹਾਲੀ**

ਅਮਨ ਸੇ ਜ਼ਿੰਦਗੀ ਬਨਤੀ ਹੈ
ਜੱਨਤ ਭੀ ਔਰ ਜਹੱਨਮ ਭੀ,
ਯੇਹ ਖਾਕੀ ਅਪਨੀ ਫਿਤਰਤ ਸੇ
ਨਾ ਨੂਰੀ ਹੈ ਨਾ ਨਾਰੀ ਹੈ।

## ਖਾੜਕੂ ਨਰਾਇਣ ਸਿੰਘ ਚੌੜਾ ਸਬੂਤਾਂ ਦੀ ਘਾਟ ਕਾਰਨ ਬਰੀ

**ਰੂਪਨਗਰ:** ਅਦਾਲਤ ਨੇ ਖਾੜਕੂ ਨਰਾਇਣ ਸਿੰਘ ਚੌੜਾ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਦੱਸਣਯੋਗ ਹੈ ਕਿ ਸਾਲ 2013 ਵਿਚ ਕੁਰਾਲੀ ਪੁਲਿਸ ਵੱਲੋਂ ਨਰਾਇਣ ਸਿੰਘ ਚੌੜਾ ਕੋਲੋਂ ਪਿੰਡ ਬੰਨਮਾਜਰਾ 'ਚੋਂ ਵਿਸਫੋਟਕ ਪਦਾਰਥ ਅਤੇ ਹਥਿਆਰ ਬਰਾਮਦ ਕੀਤੇ ਗਏ ਸਨ, ਜਿਸ ਦੇ ਤਹਿਤ ਨਰਾਇਣ ਸਿੰਘ ਚੌੜਾ ਅਤੇ ਪਾਲ ਸਿੰਘ ਫਰਾਂਸ 'ਤੇ ਵਿਸਫੋਟਕ ਨਿਰੋਧਕ ਐਕਟ ਅਤੇ ਆਰਮਜ਼ ਐਕਟ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਪਾਲ ਸਿੰਘ ਫਰਾਂਸ ਨੂੰ ਪਹਿਲਾਂ ਹੀ ਦੋਸ਼ ਮੁਕਤ ਕੀਤਾ ਜਾ ਚੁੱਕਿਆ ਹੈ। ਅਦਾਲਤ ਨੇ ਨਰਾਇਣ ਸਿੰਘ ਚੌੜਾ ਨੂੰ ਵੀ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ।

## ਜ਼ਾਕਿਰ ਦੀ 16.40 ਕਰੋੜ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਈ.ਡੀ. ਨੇ ਵਿਵਾਦਪੂਰਨ ਇਸਲਾਮੀ ਪ੍ਰਚਾਰਕ ਜ਼ਾਕਿਰ ਨਾਇਕ ਖਿਲਾਫ਼ ਹਵਾਲਾ ਰਾਸ਼ੀ ਦੇ ਦੋਸ਼ਾਂ ਦੀ ਜਾਂਚ ਦੇ ਸਿਲਸਿਲੇ ਵਿਚ ਉਸ ਦੀ 16.40 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ। ਈ.ਡੀ. ਨੇ ਕਿਹਾ ਕਿ ਉਸ ਨੇ ਹਵਾਲਾ ਰਾਸ਼ੀ ਰੋਕੂ ਨਿਯਮ (ਪੀ.ਐਮ.ਐਲ.ਏ.) ਤਹਿਤ ਨਾਇਕ ਦੀ ਮੁੰਬਈ ਅਤੇ ਪੁਣੇ ਸਥਿਤ ਜਾਇਦਾਦਾਂ ਜ਼ਬਤ ਕਰਨ ਲਈ ਅਸਥਾਈ ਆਦੇਸ਼ ਜਾਰੀ ਕੀਤੇ ਸਨ।


Friends Of Punjab Foundation




'ਮੇਰਾ ਪਿੰਡ' ਦੇ ਵਾਸੀ ਤੁਹਾਨੂੰ ਹਾਕਾਂ ਮਾਰ ਰਹੇ ਹਨ

ਗੁਰੂਆਂ ਦੀ ਧਰਤੀ ਦੇ ਵਾਸੀਆਂ ਅਤੇ ਤੁਹਾਡੇ ਬਚਪਨ ਦੀਆਂ ਯਾਦਾਂ ਨੂੰ ਅੱਜ ਤੁਹਾਡੀ ਲੋੜ ਹੈ

ਮੇਰਾ ਪਿੰਡ

ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਮਨੁੱਖਤਾ ਦੀ ਸੇਵਾ ਕੀਤੀ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਾ ਸੁਨੇਹਾ ਸੀ, "ਨਾਮ ਜਪੋ, ਕਿਰਤ ਕਰੋ, ਵੰਡ ਛਕੋ।" ਸਿੱਖੀ ਇਥੋਂ ਹੀ ਸ਼ੁਰੂ ਹੁੰਦੀ ਹੈ। ਸਾਡੇ ਵਿਚੋਂ ਬਹੁਤੇ 'ਨਾਮ ਜਪੋ' ਅਤੇ 'ਕਿਰਤ ਕਰੋ' ਦੇ ਹੁਕਮ 'ਤੇ ਤਾਂ ਪਹਿਰਾ ਦਿੰਦੇ ਹਨ, ਪਰ ਗਰੀਬਾਂ ਦੀ ਮਦਦ, ਖਾਸ ਕਰ ਜੋ ਥੁੜ੍ਹਾਂ ਦੇ ਮਾਰੇ ਹੁੰਦੇ ਹਨ, ਲਈ 'ਵੰਡ ਛਕੋ' ਦੇ ਹੁਕਮ ਨੂੰ ਵਿਸਾਰ ਛੱਡਦੇ ਹਨ।

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਲ ਜੁੜੇ ਪਰਵਾਸੀ ਭਾਰਤੀ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਪਿੰਡਾਂ ਨੂੰ ਅਪਨਾ ਰਹੇ ਹਨ। ਬੇਔਲਾਦ ਗਰੀਬ ਬਜ਼ੁਰਗ, ਗਰੀਬ ਵਿਧਵਾਵਾਂ, ਅੰਗਹੀਣ ਅਤੇ ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਮਦਦ ਮਿਲ ਰਹੀ ਹੈ। ਇਸ ਦੀਆਂ ਕੁਝ ਅਸਲ ਮਿਸਾਲਾਂ ਇਸ ਤਰ੍ਹਾਂ ਹਨ:

*ਬੇਜਮੀਨ ਵਿਧਵਾ, ਤਿੰਨ ਮੁਟਿਆਰ ਧੀਆਂ (ਜਿਨ੍ਹਾਂ ਵਿਚੋਂ ਦੋ ਅੰਗਹੀਣ ਹਨ)।
*ਐਮ. ਏ. ਦੀ ਪੜ੍ਹਾਈ ਪੂਰੀ ਕਰ ਰਹੀ ਗਰੀਬ ਨੌਜਵਾਨ ਲੜਕੀ।
*ਗਰੀਬ ਕਿਸਾਨ ਦੀ ਅਪਾਹਜ ਵਿਧਵਾ ਅਤੇ ਉਸ ਦੇ ਦੋ ਬੱਚੇ।
*ਦੋ ਬੱਚਿਆਂ ਦਾ ਬੇਜਮੀਨਾ ਬਾਪ, ਜੋ ਬੁਰੀ ਤਰ੍ਹਾਂ ਜ਼ਖਮੀ ਹੋਈ ਲੱਤ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਕੰਮ ਨਹੀਂ ਕਰ ਸਕਦਾ।
*ਪਿੰਡ ਦੇ ਅਖੌਤੀ ਮੈਡੀਕਲ ਡਾਕਟਰ ਵਲੋਂ ਗਲਤ ਇਲਾਜ ਕੀਤੇ ਜਾਣ ਕਾਰਨ ਗਰੀਬ ਪਰਿਵਾਰ ਦਾ ਇਕ ਨੌਜਵਾਨ ਵਿਦਿਆਰਥੀ, ਜਿਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਚੁਕੇ ਹਨ।

ਇਨ੍ਹਾਂ ਅਤੇ ਕਈ ਹੋਰ ਪਿੰਡਾਂ ਦੇ ਸੈਂਕੜੇ ਲੋਕਾਂ ਦੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਕੀਤੀ ਜਾ ਰਹੀ ਹੈ। ਫਾਊਂਡੇਸ਼ਨ ਆਪ ਕੋਈ ਪੈਸਾ ਇਕੱਠਾ ਨਹੀਂ ਕਰਦੀ, ਸਿਰਫ ਪਰਵਾਸੀ ਭਾਰਤੀਆਂ ਦੀ 'ਮੇਰਾ ਪਿੰਡ' ਯਾਨਿ ਆਪਣਾ ਪਿੰਡ ਅਪਨਾਉਣ ਵਿਚ ਮਦਦ ਕਰਦੀ ਹੈ। ਪੂਰੇ ਵੇਰਵੇ ਸਾਡੀ ਵੈਬ ਸਾਈਟ www.friendsofpunjabfoundation.org ਤੋਂ ਹਾਸਲ ਕੀਤੇ ਜਾ ਸਕਦੇ ਹਨ।

ਸਾਡੇ ਨਾਲ ਫੋਨ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ:

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

E-mail: hundalb@yahoo.com




Best Truck Driving School

2641 S. Lynhurst Dr., Suite# 511, Indianapolis, IN 46241

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!

ਸਾਰੀਆਂ 48 ਸਟੇਟਾਂ ਵਿਚ ਮਨਜ਼ੂਰਸ਼ੁਦਾ

- ਆਪਣੀ ਸਟੇਟ ਤੋਂ CDL Learning Permit ਲੈ ਕੇ ਆਓ ਅਤੇ ਇੰਡੀਅਨਐਪੋਲਿਸ (ਇੰਡੀਆਨਾ) ਸਾਡੇ ਸਕੂਲ ਤੋਂ Class A CDL ਟਰੇਨਿੰਗ ਤੇ ਟੈਸਟਿੰਗ ਲਓ।
- CDL Road Test Exam ਪਾਸ ਕਰਨ ਤੋਂ ਬਾਅਦ ਆਪਣੀ ਸਟੇਟ ਤੋਂ ਜਾ ਕੇ CDL License ਦੀ ਫੋਟੋ ਲਵਾਓ ਅਤੇ CDL Class A License ਪਾਓ।
- ਇੰਡੀਅਨਐਪੋਲਿਸ ਵਾਸੀਆਂ ਨੂੰ ਜਾਬ ਛੱਡਣ ਦੀ ਲੋੜ ਨਹੀਂ, ਅਸੀਂ ਤੁਹਾਡੇ Work Schedule ਮੁਤਾਬਕ ਟਰੇਨਿੰਗ ਦੇਵਾਂਗੇ।

ਫੋਨ: 317-518-3388

3-

# ਦਸਤਾਰ ਲਈ ਜੂਝਣ ਵਾਲੇ ਗੁਰਿੰਦਰ ਸਿੰਘ ਖਾਲਸਾ ਨੂੰ ਵੱਕਾਰੀ ਸਨਮਾਨ

**ਇੰਡੀਅਨਐਪੋਲਿਸ, ਇੰਡੀਆਨਾ:** ਭਾਰਤੀ-ਅਮਰੀਕੀ ਉੱਦਮੀ ਤੇ ਸਮਾਜ ਸੇਵੀ ਗੁਰਿੰਦਰ ਸਿੰਘ ਖਾਲਸਾ ਨੂੰ ਵੱਕਾਰੀ 'ਰੋਸਾ ਪਾਰਕ ਟਰੇਲਬਲੇਜ਼ਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਖਾਲਸਾ ਵੱਲੋਂ ਦਸਤਾਰ ਬਾਰੇ ਚਲਾਈ ਮੁਹਿੰਮ ਨੇ ਅਮਰੀਕੀ ਅਥਾਰਿਟੀ ਨੂੰ ਇਸ ਸਬੰਧੀ ਆਪਣੀਆਂ ਨੀਤੀਆਂ ਬਦਲਣ ਲਈ ਮਜਬੂਰ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਇੰਡੀਅਨਐਪੋਲਿਸ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਖਾਲਸਾ (45) ਨੂੰ ਇਹ ਸਨਮਾਨ ਉਨ੍ਹਾਂ ਦੇ ਹੌਸਲੇ ਤੇ ਦ੍ਰਿੜ੍ਹ ਇਰਾਦੇ ਲਈ ਦਿੱਤਾ ਗਿਆ ਹੈ। ਸੰਨ 2007 ਵਿਚ ਖਾਲਸਾ ਨੇ ਹਵਾਈ ਜਹਾਜ 'ਚ ਸਵਾਰ ਹੋਣ ਤੋਂ ਪਹਿਲਾਂ ਜਾਂਚ ਲਈ ਦਸਤਾਰ ਲਾਹੁਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਧਾਰਮਿਕ ਅਕੀਦੇ ਦੀ ਆਜ਼ਾਦੀ ਸਬੰਧੀ ਪਟੀਸ਼ਨ ਮੁਹਿੰਮ ਚਲਾਈ ਤੇ ਅਮਰੀਕੀ ਸੰਸਦ ਨੂੰ ਨੇਮ ਬਦਲਣ ਲਈ ਮਜਬੂਰ ਕਰ ਦਿੱਤਾ।

ਹਵਾਈ ਅੱਡੇ ਦੇ ਅਧਿਕਾਰੀਆਂ ਨੇ ਖਾਲਸਾ ਨੂੰ ਜਹਾਜ 'ਤੇ ਚੜ੍ਹਨ ਤੋਂ ਪਹਿਲਾਂ ਦਸਤਾਰ ਉਤਾਰਨ ਲਈ ਕਿਹਾ ਸੀ ਪਰ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਹਵਾਈ ਅੱਡੇ 'ਤੇ ਮੌਜੂਦ ਸੁਰੱਖਿਆ ਮੁਲਾਜ਼ਮਾਂ ਨਾਲ ਹੱਥੋਪਾਈ ਵੀ ਹੋਈ ਸੀ। ਇਸ ਪਿੱਛੋਂ ਖਾਲਸਾ ਨੇ ਰਾਸ਼ਟਰਵਿਆਪੀ ਪਟੀਸ਼ਨ ਸ਼ੁਰੂ ਕੀਤੀ, ਜਿਸ ਨੂੰ



67 ਹਜ਼ਾਰ ਤੋਂ ਵੀ ਵੱਧ ਲੋਕਾਂ ਦਾ ਸਮਰਥਨ ਮਿਲਿਆ। ਅਮਰੀਕਾ ਵਿਚ ਕਿਸੇ ਪਟੀਸ਼ਨ ਨੂੰ ਆਨਲਾਈਨ 20 ਹਜ਼ਾਰ ਤੋਂ ਵੱਧ ਵਿਅਕਤੀਆਂ ਦਾ ਸਮਰਥਨ ਮਿਲਣ ਪਿੱਛੋਂ ਸਰਕਾਰ ਨੂੰ ਉਸ ਮੁੱਦੇ 'ਤੇ ਕੋਈ ਨਾ ਕੋਈ ਫੈਸਲਾ ਲੈਣਾ ਪੈਂਦਾ ਹੈ। ਇਸੇ ਤਰ੍ਹਾਂ ਖਾਲਸਾ ਦੀ ਪਟੀਸ਼ਨ ਨੂੰ ਲੋਕਾਂ ਦਾ ਸਮਰਥਨ ਮਿਲਣ ਪਿੱਛੋਂ ਮਾਮਲਾ ਅਮਰੀਕੀ ਕਾਂਗਰਸ ਕੋਲ ਗਿਆ ਜਿਸ ਨੇ ਟਰਾਂਸਪੋਰਟ ਅਤੇ ਸੁਰੱਖਿਆ ਪ੍ਰਸ਼ਾਸਨ ਨੂੰ ਸਿੱਖ ਭਾਈਚਾਰੇ ਦੀ ਦਸਤਾਰ ਪ੍ਰਤੀ ਆਪਣੀ ਨੀਤੀ ਵਿਚ ਤਬਦੀਲੀ ਕਰਨ ਲਈ ਮਜਬੂਰ ਕਰ ਦਿੱਤਾ।

ਇਸ ਤਬਦੀਲੀ ਦੇ ਸਿੱਟੇ ਵਜੋਂ ਹੁਣ ਸਿੱਖਾਂ ਨੂੰ ਅਮਰੀਕੀ ਹਵਾਈ ਅੱਡਿਆਂ 'ਤੇ ਸੁਰੱਖਿਆ ਚੈਕਿੰਗ ਸਮੇਂ ਦਸਤਾਰ ਉਤਾਰਨ ਦੀ ਲੋੜ ਨਹੀਂ। ਖਾਲਸਾ ਜਿਹੜੇ ਇੰਡੀਅਨ ਸਿੱਖ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਵੀ ਹਨ, ਨੇ ਕਿਹਾ ਕਿ ਉਨ੍ਹਾਂ ਨੂੰ ਜਹਾਜ 'ਤੇ ਸਵਾਰ ਹੋਣ ਤੋਂ ਰੋਕਿਆ ਗਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੀ ਦਸਤਾਰ ਉਤਾਰਨ ਤੋਂ ਇਨਕਾਰ ਕਰ ਦਿੱਤਾ ਸੀ।



ਉਨ੍ਹਾਂ ਨੇ ਉਨ੍ਹਾਂ ਲੋਕਾਂ ਲਈ ਸਟੈਂਡ ਲਿਆ, ਜੋ ਧਾਰਮਿਕ ਆਜ਼ਾਦੀ ਅਤੇ ਧਰਮ ਦੀ ਆਜ਼ਾਦੀ ਵਿਚ ਭਰੋਸਾ ਰੱਖਦੇ ਹਨ। ਖਾਲਸਾ ਨੇ ਪੁਰਸਕਾਰ ਸਿੱਖ ਭਾਈਚਾਰੇ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਭਾਈਚਾਰੇ ਦੇ ਸਮਰਥਨ ਬਿਨਾ ਇਹ ਤਬਦੀਲੀ ਸੰਭਵ ਨਹੀਂ ਸੀ। ਉਨ੍ਹਾਂ ਕਿਹਾ, "ਮੈਂ ਇਹ ਪੁਰਸਕਾਰ ਸਮੁੱਚੇ ਅਮਰੀਕਾ ਦੇ ਵੱਖ ਵੱਖ ਖੇਤਰਾਂ ਦੇ 67 ਹਜ਼ਾਰ ਤੋਂ ਵੀ ਵੱਧ ਵਿਅਕਤੀਆਂ ਨੂੰ ਸਮਰਪਿਤ ਕਰਦਾ ਹਾਂ, ਜਿਨ੍ਹਾਂ ਨੇ ਮੇਰੀ ਪਟੀਸ਼ਨ ਦਾ ਸਮਰਥਨ ਕੀਤਾ।" ਇਨ੍ਹਾਂ ਵਿਚੋਂ ਸਿੱਖਾਂ ਦੇ ਹੱਕਾਂ ਦੀ ਆਵਾਜ਼ ਉਠਾਉਣ ਵਾਲਾ ਇਕ ਗਰੁਪ ਸਿੱਖ ਕੁਲੀਸ਼ਨ ਹੈ।

# ਤਾਲਾਬੰਦੀ ਦੇ ਸਤਾਏ ਅਮਰੀਕੀਆਂ ਲਈ ਸਿੱਖਾਂ ਨੇ ਲਾਇਆ ਲੰਗਰ

**ਹਿਊਸਟਨ:** ਟੈਕਸਸ ਦੇ ਸੈਨ ਐਨਟੋਨੀਓ ਵਿਚ ਰਹਿੰਦੇ ਸਿੱਖ ਭਾਈਚਾਰੇ ਨੇ ਇਕ ਨਿਵੇਕਲੇ ਉੱਦਮ ਤਹਿਤ ਲੰਗਰ ਲਗਾ ਕੇ ਤਿੰਨ ਦਿਨ ਅਮਰੀਕੀ ਸਰਕਾਰ ਦੇ ਮੁਲਾਜ਼ਮਾਂ ਦਾ ਢਿੱਡ ਭਰਿਆ। ਇਹ ਸੈਂਕੜੇ ਮੁਲਾਜ਼ਮ, ਅਮਰੀਕੀ ਸਾਰੇ ਸੰਘੀ ਮੁਲਾਜ਼ਮਾਂ ਜਾਂ ਆਰਜ਼ੀ ਤਾਲਾਬੰਦੀ ਕਰ ਕੇ ਫਰਲੋ ਮਾਰਨ ਵਾਲੇ ਮੁਲਾਜ਼ਮਾਂ ਦਾ ਲੰਗਰਾਂ ਰਾਹੀਂ ਢਿੱਡ ਭਰਿਆ। ਸਿੱਖ ਭਾਈਚਾਰੇ ਨੇ ਲੰਗਰ ਲਈ ਗੁਰਦੁਆਰੇ ਦੇ ਮੀਨੂ ਮੁਤਾਬਕ ਵਸਤਾਂ ਜਿਵੇਂ ਮਸਰਾਂ ਦੀ ਦਾਲ, ਸਬਜ਼ੀਆਂ, ਚੌਲ ਤੇ ਪਰਸ਼ਾਦੇ



ਸਦਰ ਡੋਨਲਡ ਟਰੰਪ ਦੀ 'ਕੰਧ ਦੀ ਅੜੀ' ਨੂੰ ਲੈ ਕੇ ਫੰਡਾਂ ਦੀ ਘਾਟ ਦੇ ਚੱਲਦਿਆਂ ਸਰਕਾਰ ਦੀ ਆਰਜ਼ੀ ਤਾਲਾਬੰਦੀ (ਸ਼ੱਟਡਾਊਨ) ਮਗਰੋਂ ਬਿਨਾਂ ਤਨਖਾਹਾਂ ਤੋਂ ਕੰਮ ਕਰਨ ਲਈ ਮਜਬੂਰ ਹਨ। ਪਿਛਲੇ ਤਿੰਨ ਹਫਤਿਆਂ ਤੋਂ ਜਾਰੀ ਆਰਜ਼ੀ ਤਾਲਾਬੰਦੀ ਕਰ ਕੇ ਅਹਿਮ ਵਿਭਾਗਾਂ 'ਚ ਕੰਮ ਕਰਦੇ ਅੱਠ ਲੱਖ ਤੋਂ ਵੱਧ ਸੰਘੀ ਮੁਲਾਜ਼ਮ ਕੰਮ ਛੱਡਣ ਲਈ ਮਜਬੂਰ ਹੋ ਗਏ ਹਨ।

ਜਾਣਕਾਰੀ ਅਨੁਸਾਰ ਸਿੱਖ ਭਾਈਚਾਰੇ ਨੇ ਬਿਨਾਂ ਤਨਖਾਹਾਂ ਤੋਂ ਕੰਮ ਕਰਨ ਲਈ ਮਜਬੂਰ ਤਿਆਰ ਕੀਤੇ।

ਗੁਰਦੁਆਰਾ ਸੈਨ ਐਨਟੋਨੀਓ ਦੇ ਪ੍ਰਧਾਨ ਬਲਵਿੰਦਰ ਢਿੱਲੋਂ ਨੇ ਕਿਹਾ ਕਿ ਸਿੱਖ ਭਾਈਚਾਰਾ ਉਨ੍ਹਾਂ ਸੰਘੀ ਮੁਲਾਜ਼ਮਾਂ ਦੇ ਨਾਲ ਡਟ ਕੇ ਖੜ੍ਹਾ ਹੈ, ਜਿਨ੍ਹਾਂ ਨੂੰ ਅਜੇ ਤੱਕ ਤਨਖਾਹਾਂ ਨਹੀਂ ਮਿਲੀਆਂ। ਉਨ੍ਹਾਂ ਦੱਸਿਆ ਕਿ ਇਹ ਗੁਰਦੁਆਰਾ ਸਾਲ 2001 ਵਿਚ ਸਥਾਪਤ ਕੀਤਾ ਗਿਆ ਸੀ। ਗੁਰਦੁਆਰੇ ਵੱਲੋਂ ਨਵੇਂ ਪਰਵਾਸੀਆਂ ਨੂੰ ਉਨ੍ਹਾਂ ਦੀ ਲੋੜ ਮੁਤਾਬਕ ਖਾਣਾ, ਕੱਪੜੇ ਤੇ ਆਸਰਾ ਵੀ ਦਿੱਤਾ ਜਾਂਦਾ ਹੈ।

# ਜਦੋਂ ਬਰਗਰ ਲਈ ਕਤਾਰ 'ਚ ਲੱਗਾ ਬਿੱਲ ਗੇਟਸ

**ਵਾਸ਼ਿੰਗਟਨ:** ਦੁਨੀਆਂ ਦਾ ਦੂਜਾ ਸਭ ਤੋਂ ਅਮੀਰ ਵਿਅਕਤੀ ਬਿੱਲ ਗੇਟਸ ਦੀ ਸਾਦਗੀ ਦੇ ਕਿੱਸੇ ਸਾਹਮਣੇ ਆਉਂਦੇ ਰਹਿੰਦੇ ਹਨ। ਮਾਈਕ੍ਰੋਸਾਫਟ ਕੰਪਨੀ ਦੇ ਮੁਲਾਜ਼ਮ ਵੀ ਕਈ ਵਾਰ ਬਿੱਲ ਨੂੰ ਦੁਨੀਆਂ ਦਾ ਸਭ ਤੋਂ ਚੰਗਾ ਬੌਸ ਦੱਸ ਚੁੱਕੇ ਹਨ।

ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਬਿੱਲ ਗੇਟਸ ਦੀ ਤਾਜ਼ਾ ਤਸਵੀਰ ਉਨ੍ਹਾਂ ਦੀ ਸਾਦਗੀ ਦੇ ਦਾਅਵੇ ਸੱਚ ਸਾਬਤ ਕਰ ਰਹੀ ਹੈ। ਇਸ ਫੋਟੋ ਵਿਚ ਬਿੱਲ ਗੇਟਸ ਸਿਆਟਲ ਦੇ ਫਾਸਟ ਫੂਡ ਰੇਸਤਰਾਂ ਦੇ ਬਾਹਰ ਮਹਿਜ਼ 8 ਡਾਲਰ (500 ਰੁਪਏ) ਦੇ ਬਰਗਰ ਫ੍ਰਾਈ ਤੇ ਕੋਕ ਲੈਣ ਲਈ ਕਤਾਰ 'ਚ ਖੜ੍ਹੇ ਨਜ਼ਰ ਆ ਰਹੇ ਹਨ।

ਇਸ ਫੋਟੋ ਨੂੰ ਬਿੱਲ ਦੀ ਕੰਪਨੀ ਦੇ ਸਾਬਕਾ ਮੁਲਾਜ਼ਮ ਮਾਈਕ ਗੇਲੋਸ ਨੇ ਫੇਸਬੁੱਕ 'ਤੇ ਸ਼ੇਅਰ ਕੀਤਾ ਹੈ। ਇਸ ਵਿਚ ਲਾਲ ਰੰਗ ਦੀ ਸਵੈਟਰ ਪਾਈ ਹੋਏ ਬਿੱਲ ਟੋਪੀ ਵਾਲੇ ਮੁੰਡੇ ਪਿੱਛੇ ਖੜ੍ਹੇ ਦਿੱਸ ਰਹੇ ਹਨ। ਦੱਸਿਆ ਜਾਂਦਾ ਹੈ ਕਿ ਬਿੱਲ ਬਰਗਰ ਖਾਣ ਦੇ ਸ਼ੌਕੀਨ ਹਨ। ਇਕ ਖਾਸ ਦੁਕਾਨ



ਤੋਂ ਉਹ ਅੱਜ ਵੀ ਬਰਗਰ ਖਾਣ ਜਾਂਦੇ ਹਨ। ਬਿੱਲ ਗੇਟਸ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਖੁਦ ਨੂੰ ਖਾਸ ਆਦਮੀ ਵਜੋਂ ਦਿਖਾਉਣ ਦਾ ਸ਼ੌਕ ਨਹੀਂ। ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਦੇ ਤੌਰ 'ਤੇ ਉਹ ਕਿਸੇ ਵੀ ਵੱਡੇ ਰੇਸਤਰਾਂ ਵਿਚ ਖਾਣਾ ਖਾ ਸਕ ਦੇ ਹਨ, ਪਰ ਉਨ੍ਹਾਂ ਕਿਹਾ ਕਿ ਇਕ ਸਮੇਂ ਬਾਅਦ ਛੋਟਾ-ਵੱਡਾ ਸਭ ਇਕ ਸਮਾਨ ਹੋ ਜਾਂਦਾ ਹੈ।

# ਸਾਦੇ ਵਿਆਹ ਨਾਲ ਐਨ. ਆਰ. ਆਈ. ਜੋੜੇ ਨੇ ਕੀਤੀ ਮਿਸਾਲ ਕਾਇਮ

**ਨਵਾਂ ਸ਼ਹਿਰ:** ਪਿੰਡ ਭੀਣ ਦਾ ਇਕ ਨੌਜਵਾਨ ਰੋਡਵੇਜ਼ ਦੀ ਬੱਸ 'ਚ ਬਰਾਤ ਲਿਜਾਣ ਕਾਰਨ ਇਲਾਕੇ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਲਾੜੇ ਦੀ ਇਸ ਪਹਿਲਕਦਮੀ ਨੂੰ ਹੋਰ ਅੱਗੇ ਲਿਜਾਂਦਿਆਂ ਬਰਾਤੀਆਂ ਨੇ ਬੱਸ ਵਿਚ ਸਫਰ ਦੀਆਂ ਟਿਕਟਾਂ ਲੈ ਕੇ ਸਮਾਜ ਨੂੰ ਨਵੀਂ ਸੇਧ ਦਿੰਦਿਆਂ ਮਹਿੰਗਾਈ ਦੇ ਇਸ ਯੁੱਗ ਵਿਚ ਸੀਮਤ ਖਰਚੇ ਕਰਨ ਦਾ ਹੋਕਾ ਦਿੱਤਾ ਹੈ। ਬਰਾਤ ਨਵਾਂ ਸ਼ਹਿਰ ਤੋਂ ਲੁਧਿਆਣਾ ਲਈ ਰਵਾਨਾ ਹੋਈ ਅਤੇ ਮੁੜ ਸ਼ਾਮ ਨੂੰ ਨਵਾਂ ਸ਼ਹਿਰ ਪੁੱਜੀ। ਬਰਾਤੀਆਂ ਨੇ ਇਸ ਦੌਰਾਨ ਸਮਾਜ ਨੂੰ ਜਾਗਰੂਕਤਾ ਸੰਦੇਸ਼ ਦੇਣ ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ।

ਲਾੜੇ ਅਮਰਜੋਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਭੀਣ ਨੇ ਦੱਸਿਆ ਕਿ ਉਸ ਦੀ ਅਮਨ ਸਹੋਤਾ ਪੁੱਤਰੀ ਜਗਦੀਸ਼ ਸਿੰਘ ਪਿੰਡ ਮਾਣੂਕੇ ਲੁਧਿਆਣਾ ਜੋ ਕੈਨੇਡਾ ਦੀ ਵਸਨੀਕ ਹੈ, ਨਾਲ 2 ਸਾਲ ਪਹਿਲਾਂ ਮੰਗਣੀ ਹੋਈ ਸੀ। ਇਸ ਦੌਰਾਨ ਸਾਦਾ ਵਿਆਹ ਕਰਨ ਲਈ ਸਹਿਮਤੀ ਬਣੀ ਸੀ। ਉਸ ਨੇ ਕਿਹਾ ਕਿ ਅਮਨ ਹੁਣ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਵਰਕ ਪਰਮਿਟ ਲੈ ਕੇ ਪੰਜਾਬ ਆਈ ਹੈ। ਉਨ੍ਹਾਂ ਨੇ ਇਹ ਵਿਆਹ ਦਾਜ ਤੋਂ ਬਗੈਰ, ਬਿਨਾਂ ਕੋਈ ਹੋਰ ਖਰਚ ਕੀਤੇ ਅਤੇ ਸਾਦੇ ਕੱਪੜਿਆਂ 'ਚ ਕੀਤਾ ਹੈ। ਭਾਵੇਂ ਲੜਕੀ ਵਾਲਿਆਂ ਨੇ 5 ਵਿਅਕਤੀ ਬਰਾਤੀ ਬੁਲਾਏ ਸਨ ਪਰ ਉਹ 20 ਬਰਾਤੀ ਲੈ ਕੇ ਗਏ ਸਨ। ਉਸ ਨੇ ਦੱਸਿਆ ਕਿ ਲੜਕੀ ਦੇ ਪਰਿਵਾਰ ਵੱਲੋਂ ਘਰ ਦੇ 5 ਜੀਆਂ ਅਤੇ ਬਰਾਤੀਆਂ ਨੂੰ ਜਗਰਾਉਂ ਦੇ ਢਾਬੇ 'ਤੇ ਖਾਣਾ ਖੁਆਇਆ ਗਿਆ। ਉਸ ਨੇ ਕਿਹਾ ਕਿ ਉਹ ਲੋਕਾਂ ਨੂੰ ਸਾਦਾ ਵਿਆਹ ਕਰਨ ਦਾ ਸੁਨੇਹਾ ਦੇ ਰਹੇ ਹਨ ਤਾਂ ਜੋ ਕਿਸੇ ਵੀ ਲੜਕੀ ਦੇ ਪਿਤਾ ਨੂੰ ਕਰਜ਼ੇ ਹੇਠ ਆ ਕੇ ਖੁਦਕੁਸ਼ੀ ਨਾ ਕਰਨੀ ਪਵੇ। ਬਰਾਤ ਦੇਰ ਰਾਤ ਨਵਾਂ ਸ਼ਹਿਰ ਬੱਸ ਅੱਡੇ 'ਤੇ ਪੁੱਜੀ ਅਤੇ ਬਰਾਤੀ ਥ੍ਰੀ ਵੀਲ੍ਹਰ ਰਾਹੀਂ ਆਪਣੇ ਪਿੰਡ ਭੀਣ ਨੂੰ ਰਵਾਨਾ ਹੋ ਗਏ।



# ਟਰੰਪ ਵੱਲੋਂ ਤਿੰਨ ਭਾਰਤੀ ਅਹਿਮ ਪ੍ਰਸ਼ਾਸਕੀ ਅਹੁਦਿਆਂ ਲਈ ਨਾਮਜ਼ਦ

**ਵਾਸ਼ਿੰਗਟਨ:** ਅਮਰੀਕੀ ਸਦਰ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਤਿੰਨ ਅਮਰੀਕੀਆਂ ਨੂੰ ਅਹਿਮ ਪ੍ਰਸ਼ਾਸਨਿਕ ਅਹੁਦਿਆਂ ਲਈ ਨਾਮਜ਼ਦ ਕੀਤਾ ਹੈ। ਇਨ੍ਹਾਂ ਵਿਚ ਪਰਮਾਣੂ ਮਾਹਿਰ ਰੀਟਾ ਬਰਨਵਾਲ ਵੀ ਸ਼ਾਮਲ ਹੈਂ, ਜਿਸ ਨੂੰ ਊਰਜਾ(ਪਰਮਾਣੂ ਊਰਜਾ) ਬਾਰੇ ਸਹਾਇਕ ਸਕੱਤਰ ਦੇ ਅਹੁਦੇ ਲਈ ਮਨੋਨੀਤ ਕੀਤਾ ਗਿਆ ਹੈ। ਹੋਰਨਾਂ ਦੋ ਭਾਰਤੀ-ਅਮਰੀਕੀਆਂ ਵਿਚੋਂ ਆਦਿੱਤਿਆ ਬਾਮਜ਼ਈ ਨੂੰ ਪ੍ਰਾਈਵੇਸੀ ਤੇ ਸਿਵਲ ਲਿਬਰਟੀਜ਼ ਓਵਰਸਾਈਟ ਬੋਰਡ ਦੇ ਮੈਂਬਰ ਅਤੇ ਬਿਮਲ ਪਟੇਲ ਨੂੰ ਟਰੈਜ਼ਰੀ (ਖਜ਼ਾਨੇ) ਦੇ ਸਹਾਇਕ ਸਕੱਤਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਤਿੰਨੇ ਨਾਂ ਅਗਲੇਰੀ ਪ੍ਰਵਾਨਗੀ ਲਈ ਸੈਨੇਟ ਨੂੰ ਭੇਜ ਦਿੱਤੇ ਗਏ ਹਨ। ਟਰੰਪ ਹੁਣ ਤੱਕ ਤਿੰਨ ਦਰਜਨ ਭਾਰਤੀ-ਅਮਰੀਕੀਆਂ ਨੂੰ ਅਹਿਮ ਸਰਕਾਰੀ ਅਹੁਦਿਆਂ ਲਈ ਨਾਮਜ਼ਦ ਜਾਂ ਨਿਯੁਕਤ ਕਰ ਚੁੱਕੇ ਹਨ।

ਰੀਟਾ ਬਰਨਵਾਲ ਇਸ ਵੇਲੇ ਗੇਟਵੇਅ ਫਾਰ ਐਕਸਿਲੇਰੇਟਿਡ ਇਨੋਵੇਸ਼ਨ ਇਨ ਨਿਊਕਲੀਅਰ (ਗੇਨ) ਵਿਚ ਡਾਇਰੈਕਟਰ ਦੇ ਅਹੁਦੇ ਉਤੇ ਤਾਇਨਾਤ ਹੈ। ਜੇਕਰ ਸੈਨੇਟ ਉਨ੍ਹਾਂ ਦੇ ਨਾਂ ਉਤੇ ਮੋਹਰ ਲਾ ਦਿੰਦੀ ਹੈ ਤਾਂ ਉਨ੍ਹਾਂ ਹੱਥ ਸਭ ਤੋਂ ਸ਼ਕਤੀਸ਼ਾਲੀ ਪਰਮਾਣੂ ਊਰਜਾ ਬਾਰੇ ਦਫਤਰ ਦੀ ਕਮਾਨ ਆ ਜਾਏਗੀ।

ਉਧਰ, ਯੇਲ ਯੂਨੀਵਰਸਿਟੀ ਤੋਂ ਗਰੈਜੂਏਟ ਬਾਮਜ਼ਈ ਸਿਵਲ ਪ੍ਰੋਸੀਜ਼ਰ, ਪ੍ਰਸ਼ਾਸਨਿਕ ਕਾਨੂੰਨ, ਸੰਘੀ ਅਦਾਲਤਾਂ, ਕੌਮੀ ਸੁਰੱਖਿਆ ਕਾਨੂੰਨ ਤੇ ਕੰਪਿਊਟਰ ਅਪਰਾਧ ਬਾਰੇ ਪੜ੍ਹਾਉਣ ਦੇ ਨਾਲ ਇਨ੍ਹਾਂ ਬਾਰੇ ਲਿਖਦੇ ਹਨ। ਪਟੇਲ ਖਜ਼ਾਨਾ ਵਿਭਾਗ ਵਿਚ ਫਾਇਨਾਂਸ਼ੀਅਲ ਸਟੈਬਿਲਟੀ ਓਵਰਸਾਈਟ ਕੌਂਸਲ ਵਿਚ ਡਿਪਟੀ ਸਹਾਇਕ ਸਕੱਤਰ ਵਜੋਂ ਸੇਵਾਵਾਂ ਦੇ ਰਹੇ ਹਨ।

## ਵਿਨੀਪੈਗ 'ਚ ਪੰਜਾਬੀ ਨੌਜਵਾਨ ਦੀ ਮੌਤ

**ਵਿਨੀਪੈਗ:** ਮੈਨੀਟੋਬਾ ਦੇ ਸੂਬੇ ਵਿਨੀਪੈਗ ਵਿਚ ਧੂਰੀ (ਪੰਜਾਬ) ਦੇ ਰਹਿਣ ਵਾਲੇ 41 ਸਾਲਾ ਹਰਮਿੰਦਰ ਸਿੰਘ ਔਲਖ ਨਾਮੀ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 12 ਸਾਲ ਪਹਿਲਾਂ ਕੈਨੇਡਾ ਆਇਆ ਸੀ। ਉਸ ਦੇ ਦੋਸਤ ਨੇ ਦੱਸਿਆ ਕਿ ਹਰਮਿੰਦਰ ਸਿੰਘ ਉਸ ਦਿਨ ਆਪਣੀ ਟਰੱਕਿੰਗ ਕੰਪਨੀ ਅਲਟੋਬਾ ਫਰੇਟ 'ਤੇ ਕੀਨ ਟਰਾਂਸਪੋਰਟ ਦੇ ਸੋਮਵਾਰ ਦੇ ਰੁਝੇਵਿਆਂ ਨੂੰ ਨਿਪਟਾਉਣ ਵਾਸਤੇ ਦਫਤਰ ਵਿਚ ਕੰਮ ਕਰਨ ਲਈ ਆਇਆ ਸੀ। ਹਰਮਿੰਦਰ ਦੇ ਪਰਿਵਾਰ ਵਿਚ ਪਤਨੀ ਜਸਵਿੰਦਰ ਕੌਰ ਔਲਖ, 11 ਸਾਲਾ ਬੇਟਾ ਅਨੂਪ ਸਿੰਘ ਔਲਖ ਤੇ 8 ਸਾਲਾ ਬੇਟੀ ਯਸ਼ਦੀਪ ਕੌਰ ਔਲਖ ਹਨ।

# ਗੁਰਦੁਆਰਾ ਪੈਲਾਟਾਈਨ ਵਿਖੇ ਬੱਚਿਆਂ ਲਈ ਕਲਾ ਪ੍ਰੋਗਰਾਮ 'ਵੁਈ ਆਰ ਖਾਲਸਾ'

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਲਾਇਬ੍ਰੇਰੀ ਵਲੋਂ ਸਿੱਖ ਇਤਿਹਾਸ ਤੇ ਵਿਚਾਰਧਾਰਾ ਦੀ ਜਾਣਕਾਰੀ ਦੇਣ ਲਈ 'ਵੁਈ ਆਰ ਖਾਲਸਾ'














ਸਿਰਲੇਖ ਹੇਠ ਬੱਚਿਆਂ ਲਈ ਆਰਟ ਤੇ ਕਰਾਫਟ ਪ੍ਰੋਗਰਾਮ ਗੁਰਦੁਆਰਾ ਪੈਲਾਟਾਈਨ ਵਿਖੇ ਕਰਵਾਇਆ ਗਿਆ, ਜਿਸ ਵਿਚ ਸੌ ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ।

ਪ੍ਰੋਗਰਾਮ ਦੇ ਪਹਿਲੇ ਪੜਾਅ ਵਿਚ ਬੱਚਿਆਂ




ਨੂੰ ਸਿੱਖੀ ਨਾਲ ਸਬੰਧਤ ਵਿਸ਼ਿਆਂ, ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਸਬੰਧਤ ਪਲੇਨ ਕਰਾਫਟ ਸ਼ੀਟ ਨੁਮਾ ਸਕੈਚ ਦਿੱਤੇ ਗਏ। ਰੇਖਾਵਾਂ ਦੇ ਬਣੇ ਇਨ੍ਹਾਂ ਖਾਲੀ ਖਾਕਿਆਂ ਵਿਚ ਬੱਚਿਆਂ ਨੇ ਵੱਖ ਵੱਖ ਰੰਗਾਂ ਅਤੇ ਸ਼ਿੰਗਾਰ, ਹੋਰ ਵਸਤਾਂ ਤੇ ਚਿੰਨ੍ਹਾਂ ਨਾਲ ਮੀਨਾਕਾਰੀ ਰਾਹੀਂ ਸੁੰਦਰ ਚਿੱਤਰ ਤਿਆਰ ਕਰਕੇ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਖਾਕਿਆਂ ਵਿਚ ਸਿੱਖ ਫਲਸਫੇ, ਗੁਰਬਾਣੀ ਅਤੇ ਸਿੱਖ ਧਰਮ ਦੇ ਸ਼ਾਨਾਂਮੱਤੇ ਵਿਰਸੇ ਦੀ ਪਛਾਣ ਸਿੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਸਨ। ਨਮੂਨੇ ਦੇ ਤੌਰ 'ਤੇ ਇਨ੍ਹਾਂ ਖਾਲੀ ਸਕੈਚਾਂ ਵਿਚ 'ਵਾਹਿਗੁਰੂ', 'ਚੜ੍ਹਦੀ ਕਲਾ', 'ਸਿੰਘ', 'ਕੌਰ', 'ੴ' ਤੇ ਪਛਾਣ ਚਿੰਨ੍ਹ 'ਖੰਡਾ', 'ਪੰਜ ਕੱਕਾਰ', 'ਸਿਮਰਨਾ', 'ਕਲਗੀ', 'ਕੇਸਰੀ ਨਿਸ਼ਾਨ' ਅਤੇ ਸਿੱਖ ਇਤਿਹਾਸ ਦੇ ਸੂਰਮੇ 'ਬਾਬਾ ਬੰਦਾ ਸਿੰਘ ਬਹਾਦੁਰ', 'ਨਵਾਬ ਕਪੂਰ ਸਿੰਘ', 'ਮਹਾਰਾਜਾ ਰਣਜੀਤ ਸਿੰਘ' ਤੇ ਅਦੁੱਤੀ ਸ਼ਖਸੀਅਤ 'ਮਾਈ ਭਾਗੋ' ਦੇ ਰੇਖਾ ਚਿੱਤਰ ਅੰਕਿਤ ਸਨ।

ਬੱਚਿਆਂ ਨੇ ਬੜੀ ਰੀਝ ਨਾਲ ਰੰਗ-ਬਰੰਗੇ ਚਾਕਾਂ, ਸ਼ਿੰਗਾਰ ਵਸਤਾਂ, ਮੋਤੀਆਂ ਦੀਆਂ ਲੜੀਆਂ, ਕਲੀਆਂ ਤੇ ਹੋਰ ਸਾਜ਼ੋ-ਸਮਾਨ ਨਾਲ ਆਪਣੀਆਂ ਕਲਾ ਕ੍ਰਿਤਾਂ ਸਜਾਈਆਂ। ਕਈ ਬੱਚਿਆਂ ਨੇ ਇਸ ਤੋਂ ਵੀ ਅੱਗੇ ਜਾ ਕੇ ਆਪਣੇ ਚਿੱਤਰਾਂ ਨੂੰ ਚਾਰ ਚੰਨ ਲਾਉਣ ਲਈ ਭਿੰਨ ਭਿੰਨ ਦਾਲਾਂ, ਚੌਲ ਤੇ ਖਾਣ ਵਾਲੇ ਸੀਰੀਅਲ ਦੇ ਦਾਣੇ ਅਤੇ ਹੋਰ ਵੰਨ-ਸਵੰਨੇ ਤਰੀਕੇ ਨਾਲ ਇਹ ਚਿੱਤਰ ਸੁਹਜ ਭਰਪੂਰ, ਸੁੰਦਰ ਤੇ ਦਿਲਖਿੱਚਵੇਂ ਬਣਾ ਕੇ ਲਾਇਬ੍ਰੇਰੀ ਸਟਾਫ ਨੂੰ ਵਾਪਸ ਦਿੱਤੇ। ਬੱਚਿਆਂ ਦੀ ਰੰਗ ਯੋਜਨਾ ਕਮਾਲ ਦੀ ਸੀ।

ਬੱਚਿਆਂ ਨੂੰ ਪਲੇਨ ਕਰਾਫਟ ਸ਼ੀਟ 27 ਨਵੰਬਰ ਨੂੰ ਦਿੱਤੀ ਗਈ ਸੀ, ਜੋ ਤਿਆਰ ਕਰ ਕੇ ਸਬਮਿਟ ਕਰਨ ਦੀ ਤਰੀਕ 23 ਦਸੰਬਰ ਸੀ। ਹਰ ਚਿੱਤਰ 'ਤੇ ਕਲਾਕਾਰ ਬੱਚੇ ਦਾ ਨਾਂ ਤੇ ਉਮਰ ਲਿਖੀ ਹੋਈ ਸੀ। ਲਾਇਬ੍ਰੇਰੀ ਸਟਾਫ ਹਰ ਕਲਾਕਾਰ ਬੱਚੇ ਦੀ ਉਸ ਵਲੋਂ ਬਣਾਏ ਗਏ ਚਿੱਤਰ ਸਮੇਤ ਫੋਟੋ ਖਿਚਦਾ। ਬੱਚੇ ਬੜੇ ਚਾਅ ਨਾਲ ਤਸਵੀਰਾਂ ਖਿਚਵਾਉਂਦੇ ਖੁਸ਼ੀ ਵਿਚ ਬਾਗੋ ਬਾਗ ਸਨ। ਲਾਇਬ੍ਰੇਰੀ ਸੇਵਾਦਾਰਾਂ ਨੇ ਬੱਚਿਆਂ ਦਾ ਬਣਦੇ ਇਨਾਮ ਦੇ ਕੇ ਸਨਮਾਨ ਕੀਤਾ।

ਪ੍ਰੋਗਰਾਮ ਦੇ ਦੂਜੇ ਪੜਾਅ ਵਿਚ ਇਨ੍ਹਾਂ ਤਸਵੀਰਾਂ ਦੀ ਨੁਮਾਇਸ਼ ਗੁਰਦੁਆਰਾ ਲਾਇਬ੍ਰੇਰੀ ਦੇ ਸਾਹਮਣੇ ਲਾਬੀ ਵਿਚ ਲਾਈ ਗਈ। ਇਹ ਚਿੱਤਰ ਸੰਗਤ ਲਈ ਖਿੱਚ ਬਣੇ ਰਹੇ ਤੇ ਦਰਸ਼ਕ ਦੇਖ ਕੇ ਭਰਪੂਰ ਪ੍ਰਸ਼ੰਸਾ ਕਰਦੇ ਅਤੇ ਚਿੱਤਰਾਂ ਦੀਆਂ ਫੋਟੋਆਂ ਖਿੱਚਦੇ। ਬੱਚਿਆਂ ਦੀ ਰੰਗਾਂ ਦੀ ਚੋਣ, ਵਿਉਂਤਬੰਦੀ, ਰੇਖਾਵਾਂ ਦੀ ਲੈਅ ਤੇ ਰੰਗ ਮੂੰਹੋਂ ਬੋਲਦੇ ਸਨ। ਤਸਵੀਰਾਂ ਵਿਚ ਪਰੋਏ ਨਿੱਕੇ ਨਿੱਕੇ ਵੇਰਵੇ ਮਨਾਂ ਵਿਚ ਅਧਿਆਤਮਕ ਤੇ ਬੀਰ ਰਸ ਪੈਦਾ ਕਰ ਦਿੰਦੇ।

ਇਕ ਸੰਗਤ ਮੈਂਬਰ ਰਾਜ ਸਿੰਘ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦਾ ਸਿਰਲੇਖ 'ਵੁਈ ਆਰ ਖਾਲਸਾ' ਆਪਣੇ ਆਪ ਵਿਚ ਸਭ ਕੁਝ ਬਿਆਨ ਕਰਦਾ ਹੈ, ਭਗਤੀ ਤੇ ਸ਼ਕਤੀ ਵਾਲੇ ਚਿੱਤਰਾਂ ਵਿਚ ਰੰਗ ਭਰ ਕੇ ਬੱਚਾ ਆਪਣੇ ਅੰਤਰ ਮਨ ਨੂੰ ਹੋਰ ਵੀ ਬਲਵਾਨ ਬਣਾਉਂਦਾ ਹੈ। ਬੱਚੇ ਚਿੱਤਰ ਵਿਚ ਰੰਗ ਭਰਦਿਆਂ ਆਪਣੀ ਕਲਾਤਮਕ ਸ਼ਕਤੀ ਦਾ ਪ੍ਰਗਟਾਵਾ ਵੀ ਕਰਦੇ ਹਨ। ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਲਾਇਬ੍ਰੇਰੀ ਸੇਵਾਦਾਰਾਂ ਦਾ ਇਹ ਉਪਰਾਲਾ ਸੱਚਮੁੱਚ ਹੀ ਸਾਰਥਕ ਸੀ।

ਇਕ ਦਰਸ਼ਕ ਰਮਨਜੀਤ ਸਿੰਘ ਦਾ ਕਿੰਤੂ ਸੀ ਕਿ ਮਹਾਰਾਜਾ ਫਤਿਹ ਸਿੰਘ ਤੇ ਸ਼ਹੀਦ ਮਹਾਰਾਜ ਸਿੰਘ ਦੀ ਸ਼ਸਤਰਾਂ ਵਾਲੀ ਤਸਵੀਰ



ਥੱਲੇ ਕੋਈ ਨੋਟ ਜਾਂ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਪਤਾ ਨਹੀਂ ਲਗਦਾ ਕਿ ਇਹ ਤਸਵੀਰ ਰਾਜਾ ਫਤਿਹ ਸਿੰਘ ਆਹਲੂਵਾਲੀਏ ਦੀ ਹੈ ਜਾਂ ਕਿਸੇ ਹੋਰ ਰਾਜੇ ਦੀ ਹੈ? ਚੰਗਾ ਹੁੰਦਾ ਜੇ ਇਨ੍ਹਾਂ ਚਿੱਤਰਾਂ ਨਾਲ ਅਨੁਵਾਨ ਤੇ ਉਨ੍ਹਾਂ ਦਾ ਵੇਰਵਾ ਵੀ ਲਿਖਿਆ ਹੁੰਦਾ।

ਕੁਲ ਮਿਲਾ ਕੇ ਲਾਇਬ੍ਰੇਰੀ ਸਟਾਫ ਦਾ ਇਹ ਉਪਰਾਲਾ ਸ਼ਲਾਘਾਯੋਗ ਸੀ, ਜੋ ਅਜਿਹੇ ਪ੍ਰੋਗਰਾਮਾਂ ਨਾਲ ਬੱਚਿਆਂ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਨ ਦਾ ਯਤਨ ਕਰਦੇ ਰਹਿੰਦੇ ਹਨ। ਲਾਇਬ੍ਰੇਰੀ ਸੇਵਾਦਾਰਾਂ ਨੇ ਇਸ ਤੋਂ ਪਹਿਲਾਂ ਵੀ 'ਸਿੱਖੀ ਦਾ ਬੂਟਾ' ਤੇ 'ਸਮਰ ਰੀਡਿੰਗ' ਵਰਗੇ ਰੋਚਕ ਤੇ ਉਤਸ਼ਾਹੀ ਪ੍ਰੋਗਰਾਮ ਕੀਤੇ ਹਨ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਗੁਰੂਘਰ ਦੇ ਹੋਰ ਵਾਲੰਟੀਅਰਾਂ ਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਵੀ ਇਸ ਉਪਰਾਲੇ ਲਈ ਉਸਾਰੂ ਸਹਿਯੋਗ ਦਿੱਤਾ। ਲਾਇਬ੍ਰੇਰੀ ਹਰ ਐਤਵਾਰ ਸਵੇਰੇ 9 ਵਜੇ ਤੋਂ ਇਕ ਵਜੇ ਤੱਕ ਖੁਲ੍ਹਦੀ ਹੈ।




## ਨੇਪਾਲ 'ਚ ਭਾਰਤੀ ਕਰੰਸੀ ਨੋਟਾਂ 'ਤੇ ਪਾਬੰਦੀ

**ਕਾਠਮੰਡੂ:** ਨੇਪਾਲ ਦੇ ਕੇਂਦਰੀ ਬੈਂਕ ਨੇ ਮੁਲਕ ਵਿੱਚ ਦੋ ਹਜ਼ਾਰ ਰੁਪਏ, ਪੰਜ ਸੌ ਅਤੇ ਦੋ ਸੌ ਰੁਪਏ ਦੇ ਭਾਰਤੀ ਕਰੰਸੀ ਨੋਟਾਂ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਪਾਬੰਦੀ ਨਾਲ ਭਾਰਤੀ ਸੈਰ-ਸਪਾਟਾ ਅਸਰ ਅੰਦਾਜ਼ ਹੋਣ ਦੇ ਆਸਾਰ ਹਨ, ਕਿਉਂਕਿ ਵੱਡੀ ਗਿਣਤੀ ਭਾਰਤੀ ਇਸ ਹਿਮਾਲਿਆਈ ਮੁਲਕ ਦੀ ਯਾਤਰਾ ਲਈ ਜਾਂਦੇ ਹਨ, ਜਿਥੇ ਭਾਰਤੀ ਕਰੰਸੀ ਵੱਡੇ ਪੱਧਰ 'ਤੇ ਵਰਤੀ ਜਾਂਦੀ ਹੈ। ਕਾਠਮੰਡੂ ਪੋਸਟ ਦੀ ਰਿਪੋਰਟ ਮੁਤਾਬਕ ਨੇਪਾਲ ਰਾਸ਼ਟਰ ਬੈਂਕ ਨੇ ਇਕ ਸਰਕੂਲਰ ਜਾਰੀ ਕਰ ਕੇ ਨੇਪਾਲੀ ਯਾਤਰੀਆਂ, ਬੈਂਕਾਂ ਤੇ ਵਿੱਤੀ ਸੰਸਥਾਵਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਕੋਲ ਭਾਰਤੀ ਕਰੰਸੀ ਦੇ ਸੌ ਰੁਪਏ ਤੋਂ ਉਪਰ ਵਾਲੇ ਨੋਟ ਨਾ ਤਾਂ ਰੱਖਣ ਅਤੇ ਨਾ ਹੀ ਇਨ੍ਹਾਂ ਦਾ ਕੋਈ ਲੈਣ-ਦੇਣ ਕਰਨ।

ਟਰਾਈ ਸਟੇਟ ਟਰੱਕ ਰਿਪੇਅਰ ਐਂਡ ਟਾਇਰ ਸ਼ਾਪ

ਮਕੈਨਿਕ ਦੀ ਲੋੜ ਹੈ



ਸਿਨਸਿਨੈਟੀ, ਓਹਾਇਓ ਵਿਚ ਸੈਮੀ ਟਰੱਕ ਗੈਰਾਜ ਲਈ ਮਕੈਨਿਕ ਦੀ ਲੋੜ ਹੈ, ਜਿਸ ਨੂੰ ਪੀ. ਐਮ. ਸਰਵਿਸ, ਟਾਇਰ ਚੈਂਜ ਅਤੇ ਬਰੇਕਾਂ ਦਾ ਕੰਮ ਆਉਂਦਾ ਹੋਵੇ।
ਅਨੁਭਵੀ ਬੰਦੇ ਨੂੰ ਚੰਗੀ ਤਨਖਾਹ
ਰਿਹਾਇਸ਼ ਦੇ ਪ੍ਰਬੰਧ ਵਿਚ ਮਦਦ ਵੀ ਕਰਾਂਗੇ

ਸੰਪਰਕ ਕਰੋ
ਜਸਮਿੰਦਰ ਸਿੰਘ, ਫੋਨ: 513-765-0013
ਰਣਜੀਤ ਸਿੰਘ, ਫੋਨ: 513-804-0444

# ਸਾਰੰਗੀ ਦੇ ਸੁਰ

ਕਲਾ ਪਰਿਕਰਮਾ

## ਪੰਜਾਬ ਦਾ ਸਾਰੰਗੀ ਨਾਲ ਰਿਸ਼ਤਾ

ਮੈਂ ਲਾਹੌਰ ਵਿਚ ਗੁਜ਼ਾਰੇ ਦਿਨਾਂ ਦੀ ਗੱਲ ਕਰਨੀ ਚਾਹੁੰਦਾ ਹਾਂ। 1944 ਵਿਚ ਜਦੋਂ ਮੇਰੀ ਉਮਰ 16 ਸਾਲ ਦੀ ਸੀ, ਮੈਂ ਲਾਹੌਰ ਪੁੱਜਾ। ਮੇਰੇ ਗੁਰੂ ਮਰਹੂਮ ਮਹਾਦੇਵ ਪ੍ਰਸਾਦ ਨੇ ਸਲਾਹ ਦਿੱਤੀ ਕਿ ਲਾਹੌਰ ਜਾ ਕੇ ਉਸਤਾਦ ਅਬਦੁਲ ਵਹੀਦ ਖਾਨ ਤੋਂ ਤਾਲੀਮ ਹਾਸਲ ਕਰਾਂ। ਮੈਨੂੰ ਆਪਣੇ ਗੁਜ਼ਾਰੇ ਲਈ ਪੰਚੋਲੀ ਆਰਟਸ ਫਿਲਮ ਸਟੂਡੀਓ ਵਿਖੇ ਸਾਰੰਗੀ ਵਾਦਕ ਵਜੋਂ ਨੌਕਰੀ ਮਿਲਣ ਦੀ ਉਮੀਦ ਸੀ। ਦੋਵੇਂ ਕੰਮ ਹੀ ਸਿਰੇ ਨਹੀਂ ਚੜ੍ਹ ਰਹੇ ਸਨ, ਇਸ ਲਈ ਘਰ ਪਰਤਣ ਵਾਸਤੇ ਪੈਸੇ ਕਮਾਉਣ ਲਈ ਲਾਹੌਰ ਰੇਡੀਓ ਸਟੇਸ਼ਨ 'ਤੇ ਸੰਗੀਤ ਪ੍ਰੋਗਰਾਮ ਦੇਣ ਚਲਾ ਗਿਆ। ਉਸ ਸਮੇਂ ਪੰਡਤ ਜੀਵਨ ਲਾਲ ਮੱਟੂ ਸੰਗੀਤ ਦੇ ਇੰਚਾਰਜ ਸਨ ਅਤੇ ਛੈਲਾ ਪਟਿਆਲੇ

**ਪੰਡਿਤ ਰਾਮ ਨਾਰਾਇਣ**

ਵਾਲੇ ਅਤੇ ਨਿਆਜ਼ ਹੁਸੈਨ ਸ਼ਾਮੀ ਸ਼ਾਮ ਚੁਰਾਸੀ ਘਰਾਣੇ ਵਾਲੇ ਸੰਗੀਤ ਕੰਪੋਜ਼ਰ ਸਨ। ਪੰਡਤ ਮੱਟੂ ਨੇ ਮੈਨੂੰ ਗਾਉਂਦਿਆਂ ਥੋੜ੍ਹੀ ਦੇਰ ਲਈ ਸੁਣਿਆ ਅਤੇ ਉਨ੍ਹਾਂ ਬੜੀ ਹੁਸ਼ਿਆਰੀ ਨਾਲ ਮੇਰੇ ਨਹੁੰਆਂ ਵੱਲ ਵੇਖਿਆ ਜਿਨ੍ਹਾਂ ਤੋਂ ਪਤਾ ਲੱਗਦਾ ਸੀ ਕਿ ਮੈਂ ਸਾਰੰਗੀ ਦਾ ਬਹੁਤ ਰਿਆਜ਼ ਕਰਦਾ ਹਾਂ। ਜੀਵਨ ਲਾਲ ਨੇ ਮੈਨੂੰ ਉਥੇ ਪਈਆਂ 4-5 ਸਾਰੰਗੀਆਂ ਵਜਾਉਣ ਲਈ ਕਿਹਾ। ਮੈਂ ਤੁਰੰਤ ਸਮਝ ਗਿਆ ਕਿ ਮੇਰੀ ਗਾਇਕੀ ਪਸੰਦ ਨਹੀਂ ਆਈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਛੋਟੀ ਉਮਰ ਅਤੇ ਘੱਟ ਸਮਝ ਸਦਕਾ ਮੇਰਾ ਖਿਆਲ ਸੀ ਕਿ ਰੇਡੀਓ ਵਿਚ ਸਾਰੰਗੀ ਲਈ ਕੋਈ ਥਾਂ ਨਹੀਂ ਹੈ। ਮੈਂ ਸਾਰੰਗੀ ਫੜੀ ਅਤੇ ਸੋਚਿਆ ਕਿ ਚਲੋ ਬਿਨਾਂ ਕਿਸੇ ਸਾਜ਼ ਦੇ ਸਾਰੰਗੀ ਚੰਗੀ ਤਰ੍ਹਾਂ ਵਜਾਈ ਜਾਵੇ।

ਹੁਸੈਨ ਹੱਮਾ ਦੇ ਤਬਲਾ ਵਾਦਨ ਦੀ ਸੰਗਤ ਵਿਚ ਮੈਂ ਸਾਰੰਗੀ ਵਜਾਉਣੀ ਸ਼ੁਰੂ ਕੀਤੀ। ਉਹ ਕਮਾਲ ਦੇ ਤਬਲਾ ਵਾਦਕ ਸਨ ਅਤੇ ਹੌਲੀ-ਹੌਲੀ ਸਾਰੇ ਸਟਾਫ ਕਲਾਕਾਰ ਇਕੱਠੇ ਹੋ ਗਏ ਅਤੇ ਸੰਗੀਤ ਦਾ ਆਨੰਦ ਮਾਣਨ ਲੱਗੇ। ਮੈਨੂੰ ਲਗਾਤਾਰ ਪ੍ਰਸੰਸਾ ਮਿਲ ਰਹੀ ਸੀ, ਉਹ ਮੇਰੇ ਨਜ਼ਦੀਕ ਬੈਠ ਕੇ ਬੜੀ ਗਹੁ ਨਾਲ ਸੁਣ ਰਹੇ ਸਨ। 45 ਮਿੰਟ ਸਾਰੰਗੀ ਵਜਾਉਣ ਮਗਰੋਂ ਜਦੋਂ ਮੈਂ ਸਾਰੰਗੀ ਰੱਖੀ ਤਾਂ ਸਾਰਿਆਂ ਨੇ ਹੀ ਹੋਰ ਵਜਾਉਣ 'ਤੇ ਜ਼ੋਰ ਦਿੱਤਾ ਤਾਂ ਮੈਂ 15 ਮਿੰਟ ਹੋਰ ਪ੍ਰੋਗਰਾਮ ਪੇਸ਼ ਕੀਤਾ। ਫਿਰ ਮੈਂ ਉਠਿਆ ਅਤੇ ਜੀਵਨ ਲਾਲ ਤੋਂ ਜਾਣ ਦੀ ਇਜਾਜ਼ਤ ਮੰਗੀ। ਉਨ੍ਹਾਂ ਇਨਕਾਰ ਕਰ ਦਿੱਤਾ ਅਤੇ ਮੈਨੂੰ ਦਫਤਰ ਵਿਚ ਬੁਲਾ ਕੇ ਨੌਕਰੀ ਦੀ ਚਿੱਠੀ ਫੜਾ ਦਿੱਤੀ। ਇਸ ਤਰ੍ਹਾਂ ਉਹ ਮੇਰੇ ਸਰਪ੍ਰਸਤ ਬਣ ਗਏ। ਚੰਗੀ ਕਿਸਮਤ ਨਾਲ ਉਹ ਉਸਤਾਦ ਅਬਦੁਲ ਵਹੀਦ ਖਾਨ ਸਾਹਿਬ ਦੇ ਪ੍ਰਤਿਭਾਸ਼ਾਲੀ ਅਤੇ ਹੁਸ਼ਿਆਰ ਸ਼ਿਸ਼ ਸਨ। ਵਹੀਦ ਖਾਨ ਸਾਹਿਬ ਦੀ ਸ਼ੈਲੀ ਤੇ ਯੋਗਦਾਨ ਨੂੰ ਡੂੰਘੀ ਤਰ੍ਹਾਂ ਸਮਝਦੇ ਸਨ ਜਿਸ ਦਾ ਮੈਨੂੰ ਬਾਅਦ ਵਿਚ ਪਤਾ ਲੱਗਾ।

ਰੇਡੀਓ ਉਤੇ ਸਾਰੰਗੀ ਵਾਦਕ ਵਜੋਂ ਕੰਮ ਕਰਦਿਆਂ ਮੈਂ ਉਸ ਸਮੇਂ ਦੇ ਸਾਰੇ ਸੰਗੀਤਕਾਰਾਂ ਦੀ ਸੰਗਤ ਕੀਤੀ। ਆਸ਼ਿਕ ਅਲੀ ਖਾਨ, ਉਮੇਦ ਅਲੀ, ਬਿੱਬੇ ਖਾਨ, ਕਾਦਰ ਫਰੀਦੀ, ਭਾਈ ਲਾਲ, ਦਿਲੀਪ ਚੰਦਰ ਵੇਦੀ, ਬੜੇ ਗੁਲਾਮ ਅਲੀ ਖਾਨ ਦੇ ਵੱਡੇ ਭਰਾ ਮੁਬਾਰਕ ਅਲੀ, ਬਰਕਤ ਅਲੀ, ਨਿਆਜ਼ ਹੁਸੈਨ ਸ਼ਾਮੀ ਆਦਿ ਅਤੇ ਔਰਤਾਂ ਵਿਚ ਸ਼ਮਸ਼ਾਦ ਸੁੰਦਰ (ਉਮੇਦ ਅਲੀ ਦੀ ਸ਼ਾਗਿਰਦ) ਇਨਾਇਤੀ ਬਾਈ ਦੇਰੂਵਾਲੀ (ਜਿਸ ਦੀ ਬੜੇ ਗੁਲਾਮ ਅਲੀ ਖਾਨ ਸਾਰੰਗੀ ਨਾਲ ਸੰਗਤ ਕਰਦੇ ਸਨ) ਅਤੇ ਮੁਖਤਾਰ ਬੇਗਮ ਤੇ ਹੋਰ। ਉਥੇ ਆਉਣ ਵਾਲੇ ਹੋਰਨਾਂ ਸੰਗੀਤਕਾਰਾਂ ਦੀ ਵੀ ਮੈਂ ਸੰਗਤ ਕੀਤੀ ਹੈ, ਜਿਨ੍ਹਾਂ ਵਿਚ ਫਯਾਜ਼ ਖਾਨ, ਪੰਡਿਤ ਕ੍ਰਿਸ਼ਨ ਰਾਓ ਸ਼ੰਕਰ, ਪੰਡਿਤ ਨਾਰਾਇਣ ਰਾਓ ਵਿਆਸ, ਵਿਨਾਇਕਬੁਆ ਪਟਵਰਧਨ, ਗੰਗੂ ਬਾਈ, ਹੰਗਲ, ਹੀਰਾ ਬਾਈ ਬਰੋਡਕਰ, ਸੁਰੇਸ਼ ਮਣੀ, ਕਗਾਲਕਰਬੂਆ, ਪੰਡਿਤ ਓਮਕਾਰਨਾਥ ਠਾਕੁਰ, ਛੋਟੇ ਗੁਲਾਮ ਅਲੀ ਆਦਿ ਸ਼ਾਮਲ ਹਨ।

ਪੰਜਾਬ ਵਿਚ ਜਿਸ ਤਰ੍ਹਾਂ ਸਾਰੰਗੀ ਵਜਾਈ ਜਾਣੀ ਚਾਹੀਦੀ ਸੀ, ਉਹ ਮੈਂ ਹੀ ਸ਼ੁਰੂ ਕੀਤੀ। ਮੇਰੀ ਉਮਰ ਭਾਵੇਂ ਛੋਟੀ ਸੀ ਪਰ ਮੈਂ ਬਾਕੀਆਂ ਨਾਲੋਂ ਕਾਫੀ ਪਰਿਪੱਕ ਹੋ ਚੁੱਕਾ ਸੀ। ਮੈਨੂੰ ਪੰਜਾਬ ਤੋਂ ਲਗਾਤਾਰ ਪਿਆਰ ਮਿਲਿਆ। ਜਿਥੋਂ ਤਕ ਸ਼ਾਸਤਰੀ ਸੰਗੀਤ ਦਾ ਸਬੰਧ ਹੈ, ਪੰਜਾਬ ਵਿਚ ਸੰਗੀਤ ਰਾਗ ਵਿਸਤਾਰ, ਰਾਗ ਸਵਰੂਪ ਅਤੇ ਬੜ੍ਹਤ ਆਪਣੇ ਤਰੀਕੇ ਨਾਲ ਗਾਇਆ ਜਾਂਦਾ ਹੈ। ਉਂਜ, ਸਹੀ ਮਾਅਨਿਆਂ ਵਿਚ ਸ਼ਾਸਤਰੀ ਸੰਗੀਤ ਪੰਜਾਬ ਵਿਚ ਪੰਡਿਤ ਭਾਸਕਰਬੂਆ ਬਾਖਲੇ ਅਤੇ ਉਸਤਾਦ ਵਹੀਦ ਖਾਨ ਨੇ ਹੀ ਸ਼ੁਰੂ ਕੀਤਾ। ਲੋਕ ਵਹੀਦ ਖਾਨ ਸਾਹਿਬ ਦੀ ਉਸਤਾਦੀ ਤੋਂ ਬਹੁਤ ਪ੍ਰਭਾਵਿਤ ਸਨ; ਇਥੋਂ ਤਕ ਕਿ ਬੜੇ ਗੁਲਾਮ ਅਲੀ ਖਾਨ ਸਾਹਿਬ ਵੀ ਵਹੀਦ ਖਾਨ ਦੇ ਪੱਕੇ ਸ਼ਿਸ਼ ਬਣ ਗਏ। ਵਹੀਦ ਖਾਨ ਦੇ ਉਤਮ ਵਿਦਿਆਰਥੀਆਂ ਵਿਚ ਫਿਰੋਜ਼ ਨਿਜ਼ਾਮੀ, ਪ੍ਰਾਣਨਾਥ, ਪੰਡਿਤ ਜੀਵਨ ਲਾਲ ਮੱਟੂ, ਹੀਰਾਬਾਈ, ਬਰੋਦਕਰ, ਬੇਗ਼ਮ ਅਖਤਰ ਅਤੇ ਮੈਂ ਖੁਦ ਵੀ ਸ਼ਾਮਲ ਹਾਂ।

ਜਦੋਂ ਪੰਡਿਤ ਜੀਵਨ ਲਾਲ ਮੱਟੂ ਨੇ ਵਹੀਦ ਖਾਨ ਸਾਹਿਬ ਨੂੰ ਪੁੱਛਿਆ ਕਿ ਬੇਗ਼ਮ ਅਖਤਰ ਕਿੰਨੀ ਕੁ ਪ੍ਰਗਤੀ ਕਰ ਰਹੀ ਹੈ ਤਾਂ ਵਹੀਦ ਖਾਨ ਦਾ ਉਤਰ ਸੀ ਕਿ 'ਅਬ ਉਸ ਕੇ ਗਲੇ ਸੇ ਅਵਾਰਾਪਨ ਨਿਕਲਤਾ ਜਾ ਰਹਾ ਹੈ।' ਸਮਝਦਾਰ ਲੋਕ ਜਾਣਦੇ ਹਨ ਕਿ ਬੇਗ਼ਮ ਅਖਤਰ ਕਿਉਂ ਵੱਖਰੇ ਸਨ। ਸੰਤ ਹੋਣ ਦੇ ਨਾਤੇ ਵਹੀਦ ਖਾਨ ਸਾਹਿਬ



*ਪੰਡਿਤ ਰਾਮ ਨਾਰਾਇਣ*

ਕੋਲ ਸੰਗੀਤਕਾਰਾਂ ਦੀ ਕਾਇਆ ਕਲਪ ਕਰਨ ਦੀ ਸਮਰੱਥਾ ਸੀ। ਇਸੇ ਲਈ ਹੀ ਵਹੀਦ ਖਾਨ ਮੇਰੇ ਲਈ ਸਾਧਾਰਨ ਉਸਤਾਦ ਨਹੀਂ ਸਨ। ਉਹ ਸੂਫੀ ਸੰਤ ਸਨ ਅਤੇ ਇਸੇ ਤਰ੍ਹਾਂ ਹੀ ਸੰਗੀਤ ਵਿਚ ਖੁੱਭ ਜਾਂਦੇ ਸਨ। ਉਨ੍ਹਾਂ ਨੇ ਸੰਗੀਤ ਨੂੰ ਸ਼ਰਧਾ ਅਤੇ ਸਖਤ ਜ਼ਾਬਤੇ ਨਾਲ ਤਿਆਰ ਕੀਤਾ ਸੀ। ਉਹ ਵੈਦਿਕ ਗਿਆਨ ਦਾ ਪੂਰਾ ਸਨਮਾਨ ਕਰਦੇ ਸਨ ਜੋ ਸੰਗੀਤ ਦੀ ਸ਼ੁਰੂਆਤ ਹੈ ਅਤੇ ਜੋ ਸਾਮਵੇਦ ਤੋਂ ਸ਼ੁਰੂ ਹੁੰਦਾ ਹੈ। 13ਵੀਂ ਸਦੀ ਦੀ ਆਪਣੀ ਲਿਖਤ 'ਸੰਗੀਤ ਰਤਨਾਕਰ' ਵਿਚ ਜਿਵੇਂ ਸਰੰਗਦੇਵ ਨੇ ਕਿਹਾ ਕਿ ਸੰਗੀਤ ਦਾ ਵਿਗਿਆਨਕ ਸਿਲਸਿਲਾ ਹਜ਼ਾਰਾਂ ਸਾਲਾਂ ਤੋਂ ਮੌਜੂਦ ਹੈ ਅਤੇ ਜਿਨ੍ਹਾਂ ਨੇ ਇਸ ਨੂੰ ਅਧਿਆਤਮਕ ਤੌਰ 'ਤੇ ਲਿਆ ਹੋਵੇ, ਉਹ ਸੰਗੀਤ ਨੂੰ ਜਿੰਦਾ ਰੱਖਦੇ ਹਨ।

ਵਹੀਦ ਖਾਨ ਦੇ ਗੁਰੂ ਚਿਸ਼ਤੀ ਸਾਬਰੀ ਸਨ ਅਤੇ ਉਨ੍ਹਾਂ ਨੇ ਲਾਹੌਰ ਦੇ ਮੋਚੀ ਗੇਟ ਵਿਖੇ ਆਪਣੇ ਗੁਰੂ ਦੀ ਮਜ਼ਾਰ ਬਣਾਈ ਸੀ। ਉਨ੍ਹਾਂ ਨੂੰ ਆਪਣੇ ਗੁਰੂ ਪ੍ਰਤੀ ਸ਼ਰਧਾ ਸੀ।

ਵਹੀਦ ਖਾਨ ਸਾਹਿਬ ਧਰੁਪਦ-ਧਮਾਰ ਘਰਾਣਿਆਂ ਦੇ ਗਾਇਕਾਂ ਵਰਗੇ ਸੰਤ ਕਲਾਕਾਰ ਸਨ। ਧਰੁਪਦ ਦਾ ਸਭ ਤੋਂ ਵੱਡਾ ਸਕੂਲ ਉਦੈਪੁਰ ਆਲਾਬੰਦ-ਝਕਰੂਦੀਨ (ਡਾਗਰ ਘਰਾਣਾ) ਵਿਚ ਸੀ। ਦੋਹਾਂ ਭਰਾਵਾਂ ਦੇ ਦੋ-ਦੋ ਪੁੱਤਰ ਸਨ, ਜਿਨ੍ਹਾਂ ਨੂੰ ਸੰਸਕ੍ਰਿਤ ਸਿੱਖਣ ਲਈ ਬਨਾਰਸ ਭੇਜਿਆ ਗਿਆ ਤੇ ਇਨ੍ਹਾਂ ਨੇ ਡਿਗਰੀ ਹਾਸਲ ਕੀਤੀ। ਇਨ੍ਹਾਂ ਵਿਚੋਂ ਇਕ ਦਾ ਨਾਂ ਤਾਨਸੇਨ ਪਾਂਡੇ ਸੀ। ਪਾਂਡੇ ਦਾ ਖਿਤਾਬ ਉਨ੍ਹਾਂ ਨੂੰ ਦਿੱਤਾ ਗਿਆ ਸੀ। ਬਾਕੀ ਦੋ ਮਹਾਨ ਜਹਾਊਦੀਨ ਖਾਨ ਅਤੇ ਮਸੀਰੂਦੀਨ ਖਾਨ ਸਨ। ਮੈਂ ਖੁਸ਼ਕਿਸਮਤ ਹਾਂ ਕਿ ਮੈਂ ਜਹਾਊਦੀਨ ਖਾਨ ਸਾਹਿਬ ਤੋਂ ਕੁਝ ਸੁੰਦਰ ਬੰਦਸ਼ਾਂ ਸਿੱਖ ਸਕਿਆ ਹਾਂ, ਜਿਨ੍ਹਾਂ ਨੂੰ ਮੈਂ ਗਾ ਨਹੀਂ ਸਕਦਾ ਕਿਉਂਕਿ ਮੈਂ ਗਾਇਕ ਨਹੀਂ ਬਣ ਸਕਿਆ, ਪਰ ਮੈਂ ਸਾਰੰਗੀ ਦਾ ਵਾਦਨ ਜ਼ਰੂਰ ਕਰ ਸਕਦਾ ਹਾਂ।

ਧਰੁਪਦ ਦੇ ਸ਼ਾਮ ਚੌਰਾਸੀ ਘਰਾਣੇ ਦੀਆਂ ਕੁਝ ਸੁੰਦਰ ਬੰਦਸ਼ਾਂ ਸਨ, ਜਦੋਂ ਮੈਂ ਲਾਹੌਰ ਵਿਖੇ ਕੰਮ ਕਰਦਾ ਸੀ ਤਾਂ ਉਨ੍ਹਾਂ ਵਿਚੋਂ ਕੁਝ ਮੈਂ ਸਲਾਮਤ ਅਤੇ ਨਜ਼ਾਕਤ ਅਲੀ ਦੇ ਚਾਚੇ ਨਿਆਜ਼ ਹੁਸੈਨ ਸ਼ਾਮੀ ਤੋਂ ਸਿੱਖੀਆਂ। ਮਗਰੋਂ ਇਸ ਘਰਾਣੇ ਦੇ ਗਾਇਕਾਂ ਨੇ ਖਯਾਲ ਤੇ ਤਰਾਨਾ ਵੀ ਸ਼ੁਰੂ ਕੀਤਾ ਅਤੇ ਵੱਖਰੀ ਸ਼ੈਲੀ ਤਿਆਰ ਕੀਤੀ ਜੋ ਸਲਾਮਤ ਅਲੀ ਦੀ ਗਾਇਕੀ ਵਿਚ ਵੇਖੀ ਜਾ ਸਕਦੀ ਹੈ।

ਮੁਹੰਮਦ ਹੁਸੈਨ ਜੋ ਨਿਆਜ਼ ਹੁਸੈਨ ਸ਼ਾਮੀ ਦੇ ਵੱਡੇ ਭਰਾ ਸਨ, 1954 ਵਿਚ ਉਨ੍ਹਾਂ ਨਾਲ ਮੁੰਬਈ ਆ ਗਏ ਸਨ। ਉਹ ਉਮਰ ਦੇ ਕਾਫੀ ਵੱਡੇ ਸਨ ਤੇ ਵਹੀਦ ਖਾਨ ਸਾਹਿਬ ਤੋਂ ਸੀਨੀਅਰ ਸਨ। ਮੈਂ ਮੁਹੰਮਦ ਹੁਸੈਨ ਨੂੰ ਪੁੱਛਿਆ ਕਿ ਉਹ ਇਸ ਉਮਰ ਵਿਚ ਵਹੀਦ ਖਾਨ ਸਾਹਿਬ ਦੇ ਸ਼ਾਗਿਰਦ ਕਿਉਂ ਬਣੇ। ਉਨ੍ਹਾਂ ਉਤਰ ਦਿੱਤਾ: 'ਮੈਂ ਚਾਹੁੰਦਾ ਹਾਂ ਕਿ ਸਲਾਮਤ ਅਲੀ ਨੂੰ ਖਾਨ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਰਹੇ। ਇਸ ਲਈ ਮੈਂ ਇਨ੍ਹਾਂ ਦਾ ਸ਼ਾਗਿਰਦ ਬਣਿਆ ਹਾਂ।' ਉਨ੍ਹਾਂ ਦਾ ਪੁੱਤ ਗੁਲਾਮ ਹਸਨ ਸ਼ਗਨ ਲਾਹੌਰ ਰਹਿੰਦਾ ਹੈ।

ਭਾਸਕਰਬੂਆ ਬਾਖਲੇ ਦਾ ਪੰਜਾਬ ਵਿਚ ਯੋਗਦਾਨ ਕਾਫੀ ਪ੍ਰਭਾਵਸ਼ਾਲੀ ਰਿਹਾ ਹੈ। ਉਨ੍ਹਾਂ ਦੇ ਦੋ ਸ਼ਾਗਿਰਦ ਬੜੇ ਮਸ਼ਹੂਰ ਹੋਏ ਹਨ ਭਾਈ ਲਾਲ ਅਤੇ ਦਿਲੀਪ ਚੰਦਰਾ ਵੇਦੀ। ਜਦੋਂ ਲਾਹੌਰ ਵਿਚ ਫਿਰਕੂ ਦੰਗੇ ਸ਼ੁਰੂ ਹੋਏ ਤਾਂ ਬਾਕਾਇਦਾ ਆਉਣ ਵਾਲੇ ਕਲਾਕਾਰਾਂ ਨੇ ਰੇਡੀਓ ਆਉਣਾ ਬੰਦ ਕਰ ਦਿੱਤਾ। ਮੈਂ ਇਕੱਲਾ ਸੀ, ਇਸ ਕਰਕੇ ਲਾਹੌਰ ਰੇਡੀਓ ਸਟੇਸ਼ਨ ਦੇ ਅੰਦਰ ਹੀ ਰਿਹਾ ਕਿਉਂਕਿ ਬਰਤਾਨਵੀ ਪੁਲੀਸ ਇਸ ਦੀ ਸੁਰੱਖਿਆ ਕਰਦੀ ਸੀ। ਇਕ ਵਾਰੀ ਭਾਈ ਲਾਲ ਪ੍ਰਸਾਰਨ ਲਈ ਆਏ ਤਾਂ ਉਨ੍ਹਾਂ ਨਾਲ ਸੰਗੀਤ ਕਰਨ ਲਈ ਕੋਈ ਤਬਲਾ ਵਾਦਕ ਨਹੀਂ ਸੀ। ਇਸ ਲਈ ਉਨ੍ਹਾਂ ਨੇ ਮੈਨੂੰ ਠੇਕਾ ਦੇਣ ਦੀ ਪੇਸ਼ਕਸ਼ ਕੀਤੀ ਪਰ ਉਨ੍ਹਾਂ ਨੇ ਮੈਨੂੰ ਸਾਰੰਗੀ ਵਜਾਉਣ ਲਈ ਕਿਹਾ। ਉਨ੍ਹਾਂ ਨੇ ਆਪਣੇ ਬਯਾਨ ਨੂੰ ਇਸ ਤਰ੍ਹਾਂ ਸ਼ੁਰੂ ਕੀਤਾ ਕਿ ਪੂਰਾ ਗੀਤ ਹੀ ਅਲਾਪ, ਬਿਲੰਬਤ ਅਤੇ ਧਰੁੱਤ ਵਿਚ ਗਾਇਆ ਜੋ ਬਾਅਦ ਵਿਚ ਪ੍ਰਸਾਰਤ ਵੀ ਕੀਤੇ ਗਏ। ਇਹ ਉਨ੍ਹਾਂ ਦੀ ਯੋਗਤਾ ਦੀ ਇਕ ਮਿਸਾਲ ਹੈ। ਉਨ੍ਹਾਂ ਨੂੰ ਸ਼ਾਸਤਰੀ ਸੰਗੀਤ ਦੇ ਸਖਤ ਜ਼ਾਬਤੇ ਦੀ ਬੜੀ ਚਿੰਤਾ ਸੀ। ਭਾਈ ਲਾਲ ਸ਼ਬਦ ਕੀਰਤਨ ਦੀਆਂ ਸੁੰਦਰ ਬੰਦਸ਼ਾਂ ਗਾਉਣ ਲਈ ਪੰਜਾਬ ਵਿਚ ਜਾਣੇ ਜਾਣ ਲੱਗੇ।

ਪੰਡਤ ਕ੍ਰਿਸ਼ਨਾਰਾਓ ਸ਼ੰਕਰ ਪੰਡਤ ਦੇ ਯੋਗਦਾਨ ਨੂੰ ਵੀ ਪੰਜਾਬ ਦੇ ਲੋਕਾਂ ਨੇ ਬੜਾ ਸਲਾਹਿਆ। ਪਟਿਆਲਾ ਦੇ ਮਹਾਰਾਜਾ ਉਨ੍ਹਾਂ ਦੇ ਗਿਆਨ ਸੰਗੀਤ ਦੀ ਮੁਹਾਰਤ ਤੋਂ ਕਾਫੀ ਪ੍ਰਭਾਵਿਤ ਹੋਏ। ਅਮਾਨਤ ਅਲੀ ਅਤੇ ਫਤਹਿ ਅਲੀ ਪਟਿਆਲਾ ਘਰਾਣੇ ਦੇ ਪ੍ਰਸਿੱਧ ਗਾਇਕ ਸਨ। ਮਹਾਰਾਜਾ ਨੇ ਉਨ੍ਹਾਂ ਦੇ ਮਾਪਿਆਂ ਨੂੰ ਇਹ ਗੱਲ ਮੰਨਣ ਲਈ ਪ੍ਰੇਰਿਤ ਕੀਤਾ ਕਿ ਉਹ ਕ੍ਰਿਸ਼ਨਾਰਾਓ ਜੀ ਦੇ ਸ਼ਾਗਿਰਦ ਬਣ ਜਾਣ। ਲਾਹੌਰ ਦੇ ਕਈ ਸੰਗੀਤਕਾਰਾਂ ਨੇ ਉਨ੍ਹਾਂ ਦੀ ਇਸ ਗੱਲ ਨੂੰ ਪਸੰਦ ਨਹੀਂ ਕੀਤਾ। ਮੈਨੂੰ ਇਸ ਗੱਲ ਤੋਂ ਬਹੁਤ ਫਿਕਰ ਹੋਇਆ ਤੇ ਮੈਂ ਕਿਹਾ ਕਿ ਕ੍ਰਿਸ਼ਨਾਰਾਓ ਜੀ ਬਹੁਤ ਮਸ਼ਹੂਰ ਅਤੇ ਸੱਚੇ ਪੰਡਿਤ ਹਨ। ਇਹ ਦੋਵੇਂ ਨੌਜਵਾਨ ਬੱਚੇ ਉਨ੍ਹਾਂ ਤੋਂ ਹਰ ਰਾਗਵਾਦੀ ਅਤੇ ਸਾਮਵਾਦੀ ਦੀ ਤਾਲੀਮ ਹਾਸਲ ਕਰ ਸਕਦੇ ਹਨ।

ਮੈਂ ਇਸ ਗੱਲ ਦਾ ਕੋਈ ਹੰਕਾਰ ਨਹੀਂ ਕਰ ਰਿਹਾ, ਪਰ ਇਹ ਸੱਚ ਹੈ ਕਿ ਜਿਨ੍ਹਾਂ ਕਲਾਕਾਰਾਂ ਨੇ ਮੇਰੀ ਸਾਰੰਗੀ ਦੀ ਸੰਗਤ ਨਹੀਂ ਕੀਤੀ, ਉਹ ਦੁਬਾਰਾ ਕਦੇ ਵੀ ਪ੍ਰਸਿਧੀ ਹਾਸਲ ਨਾ ਕਰ ਸਕੇ। ਇਥੇ ਮੈਂ ਵਾਇਲਨ ਵਾਦਕ ਜਹੂਦੀ ਮੈਨੁਇਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਮੇਰੀ ਸਾਰੰਗੀ ਤੇ ਮੇਰੇ ਬਾਰੇ ਕੀ ਕਿਹਾ ਸੀ, "ਸਾਰੰਗੀ ਮੌਲਿਕ ਭਾਰਤੀ ਸਾਜ਼ ਹੀ ਨਹੀਂ, ਸਗੋਂ ਰਾਮ ਨਾਰਾਇਣ ਦੇ ਹੱਥਾਂ ਵਿਚ ਜਾ ਕੇ ਭਾਰਤੀ ਅਹਿਸਾਸ ਅਤੇ ਚਿੰਤਨ ਦੀ ਆਤਮਾ ਨੂੰ ਪੇਸ਼ ਕਰਦੀ ਹੈ। ਮੈਂ ਸਾਰੰਗੀ ਅਤੇ ਰਾਮ ਨਾਰਾਇਣ ਨੂੰ ਵੱਖੋ-ਵੱਖਰੇ ਤੌਰ 'ਤੇ ਨਹੀਂ ਵੇਖ ਸਕਦਾ ਕਿਉਂਕਿ ਇਹ ਮੇਰੀ ਯਾਦ ਵਿਚ ਬਹੁਤ ਘੁਲਮਿਲ ਗਏ ਹਨ, ਸਗੋਂ ਤੱਥ ਤਾਂ ਉਨ੍ਹਾਂ ਦਾ ਇਸ ਸਾਜ਼ ਪ੍ਰਤੀ ਸਮਰਪਣ ਬੇਮਿਸਾਲ ਹੈ। ਕਿਉਂਕਿ ਉਹ ਸਾਰੰਗੀ ਰਾਹੀਂ ਸ਼ਬਦ ਭਾਵਾਂ ਨੂੰ ਉਜਾਗਰ ਕਰਨ ਦੇ ਉਸਤਾਦ ਹਨ।"

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਫਰਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-362



*ਪਈਆਂ ਬੋਤਲਾਂ ਦੇਖ ਕੇ ਸਾਹਮਣੇ ਜੀ, ਚੜ੍ਹ ਜਾਂਦਾ ਨਸ਼ਾ ਸ਼ਰਾਬੀਆਂ ਨੂੰ!*
*ਮਿੱਠੇ ਹੋਰ ਪਦਾਰਥ ਨੇ ਬਹੁਤ ਭਾਵੇਂ, ਪਾਵੇ ਖਿੱਚ ਜਲੇਬੀ ਪੰਜਾਬੀਆਂ ਨੂੰ!*

## ਕੈਪਸ਼ਨ ਮੁਕਾਬਲਾ-360



ਬਚਪਨ ਵਿਚ ਹੀ ਸਾਂਭ ਲਏ ਜੁੱਸੇ
ਨਸ਼ੇ-ਪੱਤੇ ਦੇ ਨੇੜ ਨਾ ਜਾਈਏ।
ਇੱਕ ਦੂਜੇ ਸੰਗ ਜੁੜੀਏ ਐਸੇ
ਮੋਰਾਂ ਵਾਂਗੂੰ ਪੈਲਾਂ ਪਾਈਏ।
ਨਾਲ ਕਲਾ ਦੇ ਕਰ ਕਮਾਲਾਂ
ਲੋਕਾਂ ਦਾ ਵੀ ਮਨ ਪ੍ਰਚਾਈਏ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਪੇਂਡੂ ਸਭਿਆਚਾਰ ਦਾ ਇੱਕ ਪੱਖ
ਹੁੰਦੀ ਸੀ ਕਦੇ ਬਾਜ਼ੀ।
ਬਾਜ਼ੀਗਰ ਕਰਤੱਵ ਦਿਖਾ ਕੇ
ਚਿੱਤ ਕਰਦੇ ਸਨ ਰਾਜ਼ੀ।
ਢੋਲ ਵਜਾ ਕੇ ਸਾਂਝੀ ਸੱਥ 'ਚ
ਲੋਕ ਹੁੰਦੇ ਸਨ ਇਕੱਠੇ।
ਗੱਭਰੂਆਂ ਦੇ ਹੁਨਰ ਦੇਖਣੇ
ਨਾਲੇ ਆਪੂੰ ਕਰਨੇ ਠੱਠੇ।

**-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ**

---

ਖੇਡਾਂ, ਕਸਰਤਾਂ ਸਾਧੇ ਮੁੰਡੇ
ਵਿਚ ਮੈਦਾਨ ਅਜ਼ਮਾਇਆ ਜ਼ੋਰ।
ਮੌਰੀਂ ਚੜ੍ਹ, ਕਿਸੇ ਲੱਕ ਨੂੰ ਫੜਿਆ
ਸਿੱਧੇ, ਪੁੱਠੇ ਹੋ ਬਣ ਗਏ ਮੋਰ।
ਸਰਕਸ ਜਿਹਾ ਜੌਹਰ ਦਿਖਾਇਆ
ਦਿਲੋਂ ਦੁਆ, ਵਧਦੇ ਜਾਣ ਅੱਗੇ ਹੋਰ।

**-ਦਵਿੰਦਰ ਕੌਰ**

---

ਫੋਟੋ ਦੇਖ ਕੇ ਮਨ ਖੁਸ਼ ਹੋ ਗਿਆ
ਸੋਹਣੇ ਗਠੇ ਵੇਖ ਸਰੀਰ।
ਇਕ ਦਿਨ ਬਣਨਗੇ ਲੱਗਦਾ
ਸਾਡੇ ਦੇਸ਼ ਦੇ ਸੂਰਬੀਰ।
ਕਦੇ ਹੁੰਦਾ ਸੀ ਸਮਾਂ ਪੰਜਾਬ ਦਾ
ਮੱਲ ਮਾਰਦੇ ਸੀ, ਕੱਢਦੇ ਸੀ ਡੰਡ।
ਹੁਣ ਤਾਂ ਪੰਜਾਬ ਸਾਡਾ
ਨਸ਼ਿਆਂ ਨੇ ਲਿਆ ਝੰਬ।
ਛਿੰਜਾਂ 'ਤੇ ਹੁੰਦੀਆਂ ਸਨ ਕੁਸ਼ਤੀਆਂ
ਤੇ ਮੁੰਡੇ ਖੇਡਦੇ ਸੀ ਕਬੱਡੀ।
ਕਦੇ ਹੁੰਦਾ ਸੀ ਨੰਬਰ ਪਹਿਲਾ
ਹੁਣ ਪੰਜਾਬ ਖੇਡਾਂ 'ਚ ਫਾਡੀ।
ਖਾਹ ਲਿਆ ਨਸ਼ਿਆਂ ਪੰਜਾਬ ਸੋਹਣਾ
ਜਿਵੇਂ ਪੱਤਿਆਂ ਨੂੰ ਮਾਰਦੀ ਏ ਠੰਡ।
ਹਾਲਾਤ ਵੇਖ ਪੰਜਾਬ ਦੇ
ਰੂਹ ਜਾਂਦੀ ਏ ਕੰਬ।
ਚਿੱਟੇ ਤੇ ਕਾਲੇ ਖਾਹ ਲਿਆ
ਗੱਭਰੂ ਪੰਜਾਬ ਦਾ ਸੋਹਣਾ।
ਹੁਣ ਵੀ ਵੇਲਾ ਸਾਂਭ ਲਓ
ਲੰਘਿਆ ਹੱਥ ਨਹੀਂ ਆਉਣਾ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਕਰ ਕਸਰਤ ਸਾਂਭਿਆ ਸਰੀਰ ਜਿਨ੍ਹਾਂ
ਬਚ ਨਸ਼ਿਆਂ ਤੋਂ ਖਾਂਦੇ ਦੁੱਧ-ਘੀ
ਲੱਤਾਂ, ਪੈਰ, ਘਨੇੜੀ, ਲੱਕ ਦੀ ਜਕੜ
ਪਾ ਕਰੰਗੜੀਆਂ ਇਕ ਦੂਜੇ ਨਾਲ
ਸੰਗਲ ਦੀਆਂ ਅੜੀਆਂ ਵਾਂਗ
ਲਚਕ, ਸੁਡੌਲਤਾ ਸਰੀਰ ਦੀ ਦਿਖਾਈ।
ਪਾਵੇ ਮੋਰ ਪੈਲ ਜਿਵੇਂ
ਸਭ ਨੇ ਅਦਭੁਤ ਨਜ਼ਾਰਾ ਦਿਖਾ'ਤਾ।
ਖੁਦ ਤੰਦਰੁਸਤ, ਦੁਨੀਆਂ ਤੰਦਰੁਸਤ
ਮਰੀਜ ਕੋਈ ਵਿਰਲਾ ਹੀ ਨਜ਼ਰ ਆਊ
ਕਹਾਵਤ ਸੱਚ ਸਾਬਤ ਕਰ ਦਿਖਾ'ਤੀ।

**-ਦਰਸ਼ਨਪਾਲ ਦੋਸਾਂਝ**

# ਠੋਸ ਨੀਤੀ ਤੋਂ ਬਗੈਰ ਨਸ਼ਾ ਮੁਕਤੀ ਅਸੰਭਵ

**ਡਾ. ਸ਼ਿਆਮ ਸੁੰਦਰ ਦੀਪਤੀ**

ਨਸ਼ੇ ਲੈ ਰਹੇ ਨੌਜਵਾਨ ਅਤੇ ਵੇਚ ਰਹੇ ਸੌਦਾਗਰ, ਦੋਵੇਂ ਧਿਰਾਂ ਮਹੱਤਵਪੂਰਨ ਹਨ ਪਰ ਨਸ਼ੇ ਇੰਨੀ ਸਿੱਧ-ਪੱਧਰੀ ਸਮੱਸਿਆ ਨਹੀਂ ਹੈ ਕਿ ਵੇਚਣ ਵਾਲਿਆਂ ਨੂੰ ਕਾਨੂੰਨ ਦਾ ਡਰਾਵਾ ਦੇਈਏ ਤੇ ਨੌਜਵਾਨਾਂ ਨੂੰ ਤਾੜ ਕੇ, ਕੁੱਟ-ਮਾਰ ਕੇ ਜਾਂ ਬੇਇਜ਼ਤ ਕਰਕੇ ਸਰ ਜਾਵੇਗਾ; ਜਾਂ ਇਹ ਕਿ ਦੋਹਾਂ ਲਈ ਸੜਕਾਂ ਉਤੇ ਆ ਕੇ ਰੈਲੀਆਂ ਜਾਂ ਮਾਨਵੀ ਦੀਵਾਰਾਂ ਬਣਾਉਣ ਵਾਲੀ ਸਰਗਰਮੀ ਫੜੀ ਜਾਵੇ ਤਾਂ ਸਭ ਕੁਝ ਆਪੇ ਹੀ ਸਾਵਾਂ ਹੋ ਜਾਵੇਗਾ। ਇਹ ਪੇਚੀਦਾ ਅਤੇ ਬਹੁਪਸਾਰੀ ਸਮੱਸਿਆ ਹੈ। ਇਸ ਨੂੰ ਕੁਝ ਡੂੰਘਾਈ ਨਾਲ ਅਤੇ ਪਰਤ-ਦਰ-ਪਰਤ ਫਰੋਲ ਕੇ ਸਮਝਣ ਦੀ ਲੋੜ ਹੈ ਤਾਂ ਜੋ ਠੋਸ ਅਤੇ ਕਾਰਗਰ ਕਾਰਜ ਪ੍ਰਣਾਲੀ ਉਲੀਕੀ ਜਾ ਸਕੇ।

ਸਾਨੂੰ ਜੋ ਸਾਹਮਣੇ ਨਜ਼ਰ ਆ ਰਿਹਾ ਹੈ, ਉਹ ਨਸ਼ੇ ਵਿਚ ਡਿਗਿਆ ਨੌਜਵਾਨ ਹੈ। ਦੂਸਰਾ ਨਸ਼ਾ ਹੈ, ਜੋ ਸਾਡੇ ਬਾਜ਼ਾਰ ਵਿਚ ਸ਼ਰੇਆਮ ਮਿਲ ਰਿਹਾ ਹੈ। ਸ਼ਰਾਬ ਦੀ ਗੱਲ ਤਾਂ ਹੁਣ ਕੋਈ ਕਰਦਾ ਹੀ ਨਹੀਂ, ਭਾਵੇਂ ਇਸ ਨੂੰ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ। ਹੁਣ ਸਾਡੇ ਸਾਹਮਣੇ ਜਦੋਂ ਸਮੈਕ, ਹੈਰੋਇਨ ਅਤੇ ਅਜਿਹੇ ਹੋਰ ਘਾਤਕ ਨਸ਼ੇ ਹਨ ਤਾਂ ਸ਼ਰਾਬ ਖ਼ੁਦ-ਬਖ਼ੁਦ ਪਿੱਛੇ ਚਲੀ ਜਾਂਦੀ ਹੈ; ਜਾਂ ਨਸ਼ਿਆਂ ਦੀ ਸੂਚੀ ਵਿਚੋਂ ਨਿਕਲ ਜਾਂਦੀ ਹੈ। ਜਿਥੋਂ ਤਕ ਨਸ਼ੇ ਮਿਲਣ ਦੀ ਗੱਲ ਹੈ, ਸ਼ਰਾਬ ਦੀ ਬੋਤਲ ਲੈਣ ਲਈ ਕਿਸੇ ਨੂੰ ਘਰੋਂ ਉਠ ਕੇ ਬਾਹਰ ਸੜਕ ਤਕ ਕਿਲੋਮੀਟਰ-ਅੱਧਾ ਕਿਲੋਮੀਟਰ ਹੀ ਜਾਣਾ ਪੈਂਦਾ ਹੈ ਪਰ ਸਮੈਕ ਲੈਣ ਲਈ ਤਾਂ ਇੰਨੀ ਖੇਚਲ ਵੀ ਨਹੀਂ ਕਰਨੀ ਪੈਂਦੀ, ਇਹ ਇਕ ਫੋਨ ਨਾਲ ਘਰੇ ਪਹੁੰਚ ਜਾਂਦੀ ਹੈ।

ਤੀਸਰਾ ਸਭ ਤੋਂ ਅਹਿਮ ਤੇ ਸਭ ਤੋਂ ਅਣਗੌਲਿਆ ਪੱਖ ਜੋ ਨੌਜਵਾਨਾਂ ਨੂੰ ਨਸ਼ਿਆਂ ਨਾਲ ਸੰਪਰਕ ਸਥਾਪਿਤ ਕਰਨ ਵਿਚ ਸਹਾਈ ਹੁੰਦਾ ਹੈ, ਉਹ ਹੈ ਸਾਡਾ ਆਲਾ-ਦੁਆਲਾ। ਮਾਹੌਲ ਵੀ ਆਪਣੇ ਆਪ ਵਿਚ ਬਹੁਪਸਾਰੀ ਹੈ। ਘਰ, ਸਕੂਲ ਤੋਂ ਲੈ ਕੇ ਰੋਜ਼ਗਾਰ ਅਤੇ ਸਿਆਸਤ ਦੇ ਗਲਿਆਰਿਆਂ ਵਿਚ ਇਸ ਦੇ ਮਹੱਤਵਪੂਰਨ ਅੰਸ਼ ਪਏ ਹਨ ਜੋ ਨੌਜਵਾਨ ਨੂੰ ਬੇਚੈਨ, ਪ੍ਰੇਸ਼ਾਨ, ਨਿਰਾਸ਼ ਕਰਦੇ ਹਨ ਤੇ ਫਿਰ ਇਸ ਹਾਲਤ ਵਿਚ ਕੋਈ ਵੀ ਉਨ੍ਹਾਂ ਨੂੰ ਨਸ਼ੇ ਦੀ ਇਸ ਹਨੇਰੀ ਗਲੀ ਵਿਚ ਬੜੀ ਅਸਾਨੀ ਨਾਲ ਲੈ ਤੁਰਦਾ ਹੈ।

ਵਿਗਿਆਨ ਦਾ ਨਿਯਮ ਹੈ ਕਿ ਖਾਲੀਪਨ ਆਪਣੇ ਆਪ ਵਿਚ ਕੁਝ ਨਹੀਂ ਹੁੰਦਾ; ਜਾਂ ਕਿਵੇਂ ਵੀ ਇਹ ਵਾਪਰਦਾ ਹੈ, ਉਸੇ ਵੇਲੇ ਕੁਝ ਨਾ ਕੁਝ ਹੋਰ ਦਾਖਲ ਹੋ ਜਾਂਦਾ ਹੈ। ਅੱਜ ਜਦੋਂ ਨੌਜਵਾਨਾਂ ਨੂੰ ਪਰਿਵਾਰ ਤੋਂ ਪੜ੍ਹਾਈ ਅਤੇ ਕੰਮ-ਕਾਰ ਲਈ ਵਧੀਆ, ਉਸਾਰੂ ਮੌਕੇ ਨਹੀਂ ਮਿਲਦੇ, ਉਸ ਦੀ ਜ਼ਿੰਦਗੀ ਵਿਚ ਖਾਲੀਪਨ ਭਰ ਜਾਂਦਾ ਹੈ ਤੇ ਫਿਰ ਨਸ਼ਾ ਵੇਚਣ ਦੀ ਤਾਕ ਵਿਚ ਬੈਠਾ ਸੌਦਾਗਰ ਜਾਂ ਉਸ ਦੇ ਕਰਿੰਦੇ ਮਿੰਟ ਵੀ ਨਹੀਂ ਲਾਉਂਦੇ। ਉਹ ਪਹਿਲਾਂ-ਪਹਿਲ ਨਸ਼ਾ ਮੁਫਤ ਦੇ ਕੇ ਤਿਆਰ ਕਰਦੇ ਹਨ ਤੇ ਆਦਤ ਬਣ ਜਾਣ ਉਤੇ ਵੇਚਣ ਲਈ ਮਜਬੂਰ ਕਰਦੇ ਹਨ। ਇਉਂ ਇਹ ਜਾਲ ਵਿਛਾਇਆ ਜਾਂਦਾ ਹੈ। ਇਸ ਦੀ ਤੰਦ ਕਿਥੇ ਹੈ ਤੇ ਕਿਸ ਦੇ ਹੱਥ ਹੈ, ਕੋਈ ਨਹੀਂ ਜਾਣਦਾ ਜਾਂ ਜਾਣਨ ਦਾ ਇਛੁਕ ਹੀ ਨਹੀਂ ਹੈ। ਕਿਉਂ ਜੋ ਨਸ਼ਾ ਕਰਨ ਵਾਲੇ ਵੇਚ ਵੀ ਰਹੇ ਨੇ, ਇਸਤੇਮਾਲ ਵੀ ਕਰ ਰਹੇ ਨੇ, ਇਨ੍ਹਾਂ ਦਾ ਮੋਢੀ ਸਰਦਾਰ, ਕਿਤੇ ਬੈਠਾ ਅਨੰਦ ਮਾਣ ਰਿਹਾ ਹੈ। ਉਹ ਕਿਤੇ ਵੀ ਹਾਜ਼ਰ ਨਹੀਂ ਹੁੰਦਾ, ਭਾਵੇਂ ਉਸ ਦਾ ਪ੍ਰਛਾਵਾਂ ਸਾਰਿਆਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਨਸ਼ਿਆਂ ਬਾਬਤ ਫੜੋ-ਫੜਾਈ ਦੇ ਕੇਸਾਂ ਦੀ ਗਿਣਤੀ ਭਾਵੇਂ ਕਈ ਹਜ਼ਾਰਾਂ ਵਿਚ ਹੈ, 41 ਫੀਸਦੀ ਕੈਦੀ ਸਿਰਫ ਨਸ਼ਿਆਂ ਨਾਲ ਸਬੰਧਤ ਹੋਣ ਕਰਕੇ ਜੇਲ੍ਹਾਂ ਵਿਚ ਹਨ ਪਰ ਉਹ ਕੁਝ ਕੁ ਗਰਾਮ ਨਸ਼ੇ ਵਾਲੇ ਹਨ। ਕਿਲੋਆਂ ਵਾਲੇ ਕਿਤੇ ਵੀ ਫੜੇ ਨਹੀਂ ਜਾਂਦੇ।

ਮਾਹੌਲ ਦੇ ਪੱਖ ਤੋਂ ਪਰਿਵਾਰ ਦੀ ਜੋ ਭੂਮਿਕਾ ਹੈ, ਉਹ ਖ਼ੁਦ ਪਰੇਸ਼ਾਨ ਅਤੇ ਭੰਬਲਭੂਸੇ ਵਿਚ ਹਨ ਕਿ ਉਹ ਕੀ ਕਰਨ। ਉਹ ਸਭ ਕੁਝ ਦਾਅ ਉਤੇ ਲਾ ਕੇ ਬੱਚੇ ਨੂੰ ਪੜ੍ਹਨ ਭੇਜਦੇ ਹਨ ਅਤੇ ਉਥੋਂ ਨਿਕਲਦਾ ਹੈ, ਡਿਗਰੀ ਲੈ ਕੇ ਆਉਣ ਵਾਲੇ ਬੱਚੇ ਦੀ ਥਾਂ ਨਸ਼ਈ ਪੁੱਤ। ਮਾਂ ਪਿਉ ਦੇ ਪਾਲਣ-ਪੋਸ਼ਣ ਵਿਚ ਕਿਤੇ ਘਾਟ ਹੋ ਸਕਦੀ ਹੈ ਪਰ ਨਾ ਪੜ੍ਹਾਈ ਵਿਚ ਗੰਭੀਰਤਾ ਹੈ, ਨਾ ਉਨ੍ਹਾਂ ਨੂੰ ਅੱਗੇ ਕਿਤੇ ਕੰਮ ਵਿਚ ਲਗਾਉਣ ਦੀ। ਪੜ੍ਹਾਈ ਦੇ ਨਾਂ ਉਤੇ ਪੈਸਾ ਇਕੱਠੇ ਕਰਨ ਦਾ ਵਪਾਰ ਹੈ। ਰੁਜ਼ਗਾਰ ਦੇ ਨਾਂ ਉਤੇ ਮਜ਼ਾਕ ਹੈ। ਲੱਖਾਂ ਰੁਪਏ ਦੇ ਕੋਰਸ ਤੇ ਰੁਜ਼ਗਾਰ ਕੁਝ ਕੁ ਹਜ਼ਾਰਾਂ ਦੇ!

ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਕਾਨੂੰਨ ਬਣਾ ਦੇਣਾ ਹੀ ਕਾਫੀ ਨਹੀਂ ਹੁੰਦਾ। ਕਾਨੂੰਨ ਵਿਚ ਮੌਤ ਵਰਗੀ ਸਖ਼ਤ ਸਜ਼ਾ ਜੋੜ ਦੇਣਾ ਵੀ ਮਹੱਤਵਪੂਰਨ ਨਹੀਂ ਹੈ। ਇਹ ਕਦੇ ਵੀ ਹਾਲਾਤ ਨੂੰ ਸਾਵਾਂ ਨਹੀਂ ਕਰਦੇ। ਸਮੱਸਿਆ ਦੀ ਮੂਲ ਜੜ੍ਹ ਨੌਜਵਾਨਾਂ ਦੀ ਉਲਝੀ ਮਾਨਸਿਕਤਾ ਹੈ। ਇਹ ਉਹ ਉਮਰ ਹੈ ਜੋ ਸਪਨੇ ਲੈਣਾ ਵੀ ਜਾਣਦੀ ਹੈ ਤੇ ਸਪਨੇ ਪੂਰੇ ਕਰਨਾ ਵੀ ਪਰ ਉਨ੍ਹਾਂ ਨੂੰ ਸਾਰਥਕ ਮਾਹੌਲ ਚਾਹੀਦਾ ਹੁੰਦਾ ਹੈ ਜੋ ਗਾਇਬ ਹੈ।

ਕਿਸੇ ਵੀ ਵਿੱਦਿਅਕ ਅਦਾਰੇ ਉਤੇ ਸਰਕਾਰ ਦਾ ਕਾਬੂ ਨਹੀਂ ਹੈ। ਪੈਦਾਵਾਰੀ ਸਾਧਨਾਂ ਉਤੇ ਪ੍ਰਾਈਵੇਟ ਲੋਕਾਂ ਦਾ ਕਬਜ਼ਾ ਹੈ, ਉਹ ਵੀ ਸਰਕਾਰ ਦੀ ਨਿਗਰਾਨੀ ਤੋਂ ਆਜ਼ਾਦ ਨੇ। ਕਿਸੇ ਵੀ ਤਰ੍ਹਾਂ ਦੀ ਕੋਈ ਨੀਤੀ ਨਹੀਂ; ਨਾ ਯੂਨੀਵਰਸਿਟੀਆਂ-ਕਾਲਜਾਂ ਵਿਚ ਲੋੜ ਮੁਤਾਬਕ ਅਧਿਆਪਕ ਹਨ, ਨਾ ਹੀ ਰੁਜ਼ਗਾਰ ਦੇਣ ਦੇ ਮਸਲੇ ਵਿਚ ਕੋਈ ਨਿਯਮਾਵਲੀ ਹੈ ਜੋ ਪ੍ਰਾਈਵੇਟ ਅਦਾਰਿਆਂ ਨੂੰ ਨਿਰਦੇਸ਼ ਦੇਵੇ। ਨੌਜਵਾਨ ਪੜ੍ਹਨ ਜਾਂਦੇ ਹੋਏ ਵੀ ਵਿਹਲੇ ਹਨ, ਡਿਗਰੀ ਲੈਣ ਤੋਂ ਬਾਅਦ ਵੀ।



***ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਕਾਨੂੰਨ ਬਣਾ ਦੇਣਾ ਹੀ ਕਾਫੀ ਨਹੀਂ ਹੁੰਦਾ। ਕਾਨੂੰਨ ਵਿਚ ਮੌਤ ਵਰਗੀ ਸਖ਼ਤ ਸਜ਼ਾ ਜੋੜ ਦੇਣਾ ਵੀ ਮਹੱਤਵਪੂਰਨ ਨਹੀਂ ਹੈ। ਇਹ ਕਦੇ ਵੀ ਹਾਲਾਤ ਨੂੰ ਸਾਵਾਂ ਨਹੀਂ ਕਰਦੇ। ਸਮੱਸਿਆ ਦੀ ਮੂਲ ਜੜ੍ਹ ਨੌਜਵਾਨਾਂ ਦੀ ਉਲਝੀ ਮਾਨਸਿਕਤਾ ਹੈ। ਇਹ ਉਹ ਉਮਰ ਹੈ ਜੋ ਸਪਨੇ ਲੈਣਾ ਵੀ ਜਾਣਦੀ ਹੈ ਤੇ ਸਪਨੇ ਪੂਰੇ ਕਰਨਾ ਵੀ ਪਰ ਉਨ੍ਹਾਂ ਨੂੰ ਸਾਰਥਕ ਮਾਹੌਲ ਚਾਹੀਦਾ ਹੁੰਦਾ ਹੈ ਜੋ ਗਾਇਬ ਹੈ।***

ਇਸ ਉਮਰ ਦੀ ਖਾਸੀਅਤ ਹੈ ਨਵੀਂ ਸੋਚ ਅਤੇ ਤਜਰਬੇ। ਇਸ ਤਹਿਤ ਉਮਰ ਦਾ ਆਪਣਾ ਸਰਗਰਮ ਰਹਿਣ ਦਾ ਸੁਭਾਅ ਹੈ ਪਰ ਤਜਰਬਾ ਕਰਨ ਲਈ ਨਾ ਸਕੂਲ-ਕਾਲਜ ਵਿਚ ਲੈਬਾਰਟਰੀਆਂ ਹਨ ਤੇ ਨਾ ਹੀ ਖੇਡ ਦੇ ਮੈਦਾਨ ਜਾਂ ਕਲਾ ਦੇ ਖੇਤਰ ਵਿਚ ਕਿਸੇ ਰੁਝੇਵੇਂ ਲਈ ਕੋਸ਼ਿਸ਼ਾਂ।

ਵਿਦਿਆਰਥੀ ਆਪਣੀਆਂ ਇਨ੍ਹਾਂ ਖਾਸੀਅਤਾਂ ਨਸ਼ਿਆਂ ਨਾਲ, ਸੈਕਸ ਨਾਲ ਤਹਿਤ ਤਜਰਬੇ ਕਰਦੇ ਹਨ। ਇਸ ਉਮਰ 'ਤੇ ਸਾਥੀਆਂ ਦਾ ਪ੍ਰਭਾਵ ਵੀ ਹੁੰਦਾ ਹੈ। ਕੁਝ ਵਿਗੜੇ ਹੋਏ ਸਾਥੀ ਜਾਂ ਆਪਣਾ ਕੰਮਕਾਜ ਵਧਾਉਣ ਵਾਲੇ ਦੋਸਤ ਇਸ ਉਮਰ ਨੂੰ ਵੰਗਾਰਦੇ ਹਨ: "ਤਜਰਬਾ ਕਰਕੇ ਦੇਖ। ਹੁਣ ਨਹੀਂ ਕਰੇਂਗਾ, ਫਿਰ ਕਦੋਂ ਕਰੇਂਗਾ?" ਇਹ ਉਮਰ ਵੰਗਾਰ ਕਬੂਲ ਕਰਨ ਦੀ ਵੀ ਹੈ, ਫਿਰ ਉਹ ਫਸ ਜਾਂਦਾ ਹੈ। ਮਾਹੌਲ ਤਾਂ ਪਹਿਲਾਂ ਹੀ ਤਿਆਰ ਹੈ ਜੋ ਸਾਡੇ ਪਰਿਵਾਰਾਂ, ਸਕੂਲਾਂ ਤੇ ਸਰਕਾਰਾਂ ਕਰਕੇ ਬਣਿਆ ਹੈ।

ਸਰਕਾਰਾਂ ਇਕ ਪਾਸੇ ਕਾਨੂੰਨ ਨੂੰ ਬਹੁਤ ਵਧੀਆ ਸਮਝਦੀਆਂ ਹਨ, ਜਾਂ ਨਸ਼ਿਆਂ ਦੇ ਕੇਸ ਵਿਚ ਨਸ਼ਾ ਛੁਡਾਊ ਕੇਂਦਰਾਂ ਉਤੇ ਜ਼ੋਰ ਦਿੰਦੀਆਂ ਹਨ। ਇਕ ਤਾਂ ਨਸ਼ਾ ਛੁਡਾਊ ਕੇਂਦਰ ਬਹੁਤ ਵਧੀਆ, ਸੁਚਾਰੂ ਢੰਗ ਨਾਲ ਕੰਮ ਕਰਨ ਵਾਲੇ ਨਹੀਂ ਹਨ ਤੇ ਦੂਸਰਾ ਇਨ੍ਹਾਂ ਕੇਂਦਰਾਂ ਦੀ ਭੂਮਿਕਾ ਤਾਂ ਸਿਰਫ ਦਸ ਫੀਸਦੀ ਹੈ। ਨਸ਼ੱਈ ਨੇ ਵਾਪਸ ਉਸੇ ਘਰ ਅਤੇ ਸਮਾਜਿਕ ਮਾਹੌਲ ਵਿਚ ਆਉਣ ਹੁੰਦਾ ਹੈ। ਮਾਂ ਪਿਉ ਦੀ ਨਾ-ਸਮਝੀ ਇਸ ਗੱਲ ਵਿਚ ਝਲਕਦੀ ਹੈ ਕਿ ਉਹ ਚਾਹੁੰਦੇ ਹਨ ਕਿ ਕੋਈ ਬੱਚੇ ਨੂੰ ਲੈ ਜਾਵੇ ਤੇ ਠੀਕ ਕਰਕੇ ਮੋੜ ਜਾਵੇ। ਨਸ਼ਾ ਛੁਡਾਊ ਕੇਂਦਰ ਵਿਚ ਬੱਚੇ ਨੂੰ ਘਰ ਭੇਜਣ ਵੇਲੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਨੂੰ ਪਿਆਰ ਦੇਵੋ, ਮਨ ਦੀ ਗੱਲ ਸੁਣੋ, ਰੁਝੇਵਾਂ ਦੇਵੋ। ਇਸ ਨੂੰ ਜਿਵੇਂ ਹੈ, ਪਰਵਾਨ ਕਰੋ ਅਤੇ ਇਸ ਦੀ ਇਜ਼ਤ ਕਰੋ। ਇਸ ਦੀ ਗੱਲ ਨੂੰ ਧਿਆਨ ਨਾਲ ਸੁਣੋ। ਵੈਸੇ, ਸੋਚ ਕੇ ਦੇਖੋ, ਜੇ ਅਜਿਹਾ ਸਭ ਕੁਝ ਪਰਿਵਾਰ ਜਾਂ ਸਮਾਜ-ਸਕੂਲ ਤੋਂ ਪਹਿਲਾਂ ਹੀ ਮਿਲੇ ਤਾਂ ਬੱਚਾ ਇਸ ਦਿਸ਼ਾ ਵਿਚ ਜਾਣ ਤੋਂ ਬਚ ਸਕਦਾ ਹੈ। ਘਰ ਵਾਪਸੀ ਤੇ ਵੀ ਉਹ ਮਾਹੌਲ ਫਿਰ ਨਹੀਂ ਮਿਲਦਾ।

ਨੌਜਵਾਨ ਮਰ ਰਹੇ ਹਨ ਤੇ ਮੌਤ ਦੇ ਸੌਦਾਗਰ ਨਜ਼ਰ ਨਹੀਂ ਆ ਰਹੇ। ਸੜਕਾਂ ਉਤੇ ਉਠ ਰਹੀਆਂ ਆਵਾਜ਼ਾਂ, ਦੋਹਾਂ ਨੂੰ ਸੁਣਾਈ ਨਹੀਂ ਦੇ ਰਹੀਆਂ। ਮੁਹਿੰਮ ਦਾ ਅਸਰ ਮਾਹੌਲ ਸਿਰਜਣ ਲਈ ਹੁੰਦਾ ਹੈ। ਇਹ ਇਕ ਸੁਨੇਹਾ ਹੈ ਕਿ ਲੋਕ ਸਹਿਯੋਗ ਲਈ ਤਿਆਰ ਨੇ। ਇਹ ਦਰਸਾਉਂਦਾ ਹੈ ਕਿ ਸਾਰੇ ਹੀ ਫਿਕਰਮੰਦ ਹਨ। ਇਹ ਚਿੰਤਾ, ਸ਼ੁਰੂਆਤ ਹੁੰਦੀ ਹੈ। ਇਸ ਨੂੰ ਅਗਲੇ ਪੜਾਵਾਂ ਚਿੰਤਨ ਅਤੇ ਚੇਤਨਾ ਨਾਲ ਜੋੜਨ ਦੀ ਲੋੜ ਹੈ। ਪਰਿਵਾਰ, ਸਕੂਲ, ਸਮਾਜ ਅਤੇ ਸਭ ਤੋਂ ਵਧ ਸਰਕਾਰਾਂ ਦੀ ਭੂਮਿਕਾ ਹੈ।

---

# ਰਾਖਵੇਂਕਰਨ ਦਾ ਲਾਭ ਕਿਸ ਨੂੰ ਮਿਲੇਗਾ?

**ਅਭੈ ਕੁਮਾਰ ਦੂਬੇ**

ਉਚੀਆਂ ਜਾਤੀਆਂ ਨੂੰ 10 ਫੀਸਦੀ ਦਾ ਰਾਖਵਾਂਕਰਨ ਦੇਣ 'ਤੇ ਸੰਸਦ ਵਿਚ ਹੋਈ ਬਹਿਸ ਨੇ ਸਾਡੇ ਸਾਹਮਣੇ ਹੈਰਾਨ ਕਰ ਦੇਣ ਵਾਲਾ ਨਜ਼ਾਰਾ ਪੇਸ਼ ਕੀਤਾ: ਇਸ ਮਸਲੇ 'ਤੇ ਸੱਤਾਧਾਰੀ ਤੇ ਵਿਰੋਧੀ ਧਿਰਾਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਪਹਿਲੇ ਦਿਨ ਲੋਕ ਸਭਾ ਅਤੇ ਦੂਜੇ ਦਿਨ ਰਾਜ ਸਭਾ ਵਿਚ ਹੋਈ ਚਰਚਾ ਵਿਚ ਇਕ ਤੋਂ ਬਾਅਦ ਇਕ ਸੰਸਦ ਮੈਂਬਰ ਬੋਲਦੇ ਸਮੇਂ ਉਪਰੋਂ ਜਾਂ ਤਾਂ ਹਮਲਾਵਰ ਦਿਖ ਰਹੇ ਸਨ ਜਾਂ ਆਲੋਚਨਾਤਮਕ, ਪਰ ਅਸਲ 'ਚ ਉਨ੍ਹਾਂ ਦੀ ਹਾਲਤ ਇਹ ਸੀ ਕਿ ਉਹ ਅੰਦਰੋਂ ਬਹੁਤ ਡਰੇ ਹੋਏ ਸਨ। ਸੱਤਾ ਪੱਖ ਆਦਤ ਵਜੋਂ ਹਮਲਾਵਰ ਸੀ ਅਤੇ ਕ੍ਰਿਕਟ ਦੀ ਭਾਸ਼ਾ ਦੀ ਵਰਤੋਂ ਕਰਦਿਆਂ ਦਾਅਵਾ ਕਰ ਰਿਹਾ ਸੀ ਕਿ ਉਸ ਨੇ ਛੱਕਾ ਮਾਰ ਦਿੱਤਾ ਹੈ। ਵਿਰੋਧੀ ਧਿਰ ਦੇ ਨੇਤਾਵਾਂ ਕੋਲ ਸਰਕਾਰ ਨੂੰ ਸਖ਼ਤੀ ਨਾਲ ਲੈਣ ਲਈ ਬਹੁਤ ਸਾਰੇ ਤਰਕ ਸਨ ਅਤੇ ਉਹ ਉਨ੍ਹਾਂ ਨੂੰ ਭਰੋਸੇਯੋਗ ਢੰਗ ਨਾਲ ਰੱਖ ਵੀ ਰਹੇ ਸਨ ਪਰ ਉਹ ਜਿਸ ਗੱਲ ਦੇ ਵਿਰੁੱਧ ਤਰਕ ਦੇ ਰਹੇ ਸਨ, ਉਸੇ ਦਾ ਸਮਰਥਨ ਵੀ ਕਰ ਰਹੇ ਸਨ।

ਦੋਵੇਂ ਹੀ ਪੱਖ ਆਪਣੇ ਮਨ ਵਿਚ ਡਰੇ ਹੋਏ ਸਨ ਅਤੇ ਜੋ ਕੁਝ ਵੀ ਕਹਿ ਰਹੇ ਸਨ, ਕਰ ਰਹੇ ਸਨ, ਉਹ ਕਿਤੇ ਨਾ ਕਿਤੇ ਉਨ੍ਹਾਂ ਦੇ ਵਿਰੁੱਧ ਸੀ, ਜਿਸ ਨੂੰ ਉਹ ਸਹੀ ਮੰਨਦੇ ਸਨ। ਇਨ੍ਹਾਂ ਨੇਤਾਵਾਂ ਦੇ ਡਰ ਨੂੰ ਸਮਝਣ ਦੀ ਸ਼ੁਰੂਆਤ ਵਿਰੋਧੀ ਧਿਰ ਤੋਂ ਕੀਤੀ ਜਾ ਸਕਦੀ ਹੈ। ਵਿਰੋਧੀ ਧਿਰ ਦੇ ਸਾਰੇ ਹੀ ਨੇਤਾ ਇਹ ਸਮਝਾਉਣ ਵਿਚ ਕਾਮਯਾਬ ਹੋਏ ਸਨ ਕਿ ਇਹ 10 ਫੀਸਦੀ ਰਾਖਵਾਂਕਰਨ ਸੰਵਿਧਾਨ ਦੀ ਆਤਮਾ ਦੇ ਵਿਰੋਧ ਵਿਚ ਹੋਣ ਦੇ ਨਾਲ-ਨਾਲ ਚੁਣਾਵੀ ਹੱਥਕੰਡਾ ਵੀ ਹੈ। ਉਨ੍ਹਾਂ ਨੂੰ ਯਕੀਨ ਸੀ ਕਿ ਸੁਪਰੀਮ ਕੋਰਟ ਵਿਚ ਕੀਤੀ ਜਾਣ ਵਾਲੀ ਸਮੀਖਿਆ ਵਿਚ ਇਸ ਨੂੰ ਖਾਰਜ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਵਿਰੋਧੀ ਧਿਰ ਦੇ ਬੁਲਾਰਿਆਂ ਦਾ ਇਹ ਵੀ ਕਹਿਣਾ ਸੀ ਕਿ ਜਨਤਕ ਖੇਤਰ ਵਿਚ ਨੌਕਰੀਆਂ ਤਾਂ ਹੈ ਹੀ ਨਹੀਂ, ਇਸ ਲਈ ਰਾਖਵਾਂਕਰਨ ਤੋਂ ਉਨ੍ਹਾਂ ਲੋਕਾਂ ਨੂੰ ਲਾਭ ਨਹੀਂ ਮਿਲਣ ਵਾਲਾ, ਜਿਨ੍ਹਾਂ ਲਈ ਇਸ ਦਾ ਐਲਾਨ ਕੀਤਾ ਜਾ ਰਿਹਾ ਹੈ।

ਪਹਿਲੀ ਨਜ਼ਰ ਵਿਚ ਸਹੀ ਲੱਗਣ ਵਾਲੀਆਂ ਅਜਿਹੀਆਂ ਦਲੀਲਾਂ ਤੋਂ ਬਾਅਦ ਤਾਂ ਸੁਭਾਵਿਕ ਤੌਰ 'ਤੇ ਉਨ੍ਹਾਂ ਨੇਤਾਵਾਂ ਨੂੰ ਸਬੰਧਿਤ ਸੰਵਿਧਾਨ ਸੋਧ ਕਾਨੂੰਨ ਦਾ ਵਿਰੋਧ ਕਰਨਾ ਚਾਹੀਦਾ ਸੀ ਪਰ ਉਨ੍ਹਾਂ ਨੇ ਤਾਂ ਆਪਣੇ ਬਿਆਨ ਦੀ ਸ਼ੁਰੂਆਤ ਹੀ ਇਸ ਵਾਕ ਨਾਲ ਕੀਤੀ ਸੀ ਕਿ ਮੈਂ ਇਸ ਕਾਨੂੰਨ ਦੇ ਪੱਖ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਸ ਵਿਰੋਧਾਭਾਸ ਦੀ ਮੁੱਖ ਵਜ੍ਹਾ ਇਹ ਸੀ ਕਿ




ਉਹ ਉਚੀਆਂ ਜਾਤੀਆਂ ਦੇ ਵੋਟਰਾਂ ਦਾ ਵਿਸ਼ਵਾਸ ਖੋਹ ਦੇਣ ਦੇ ਖਦਸ਼ੇ ਤੋਂ ਸਹਿਮੇ ਹੋਏ ਸਨ। ਉਨ੍ਹਾਂ ਅੰਦਰ ਇਹ ਭਰੋਸਾ ਨਹੀਂ ਸੀ ਕਿ ਸੰਸਦ ਵਿਚ ਇਸ ਕਾਨੂੰਨ ਦਾ ਤਰਕਪੂਰਨ ਅਤੇ ਪ੍ਰਭਾਵੀ ਵਿਰੋਧ ਕਰਨ ਤੋਂ ਬਾਅਦ ਉਹ ਆਪਣੇ ਕਾਰਕੁਨਾਂ ਦੀ ਅਗਵਾਈ ਕਰਦੇ ਹੋਏ ਸੜਕਾਂ ਤੇ ਗਲੀਆਂ ਵਿਚ ਨਿਕਲ ਸਕਦੇ ਅਤੇ ਉਚੀਆਂ ਜਾਤੀਆਂ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ 10 ਫੀਸਦੀ ਰਾਖਵੇਂਕਰਨ ਦੇ ਧੋਖੇ ਦੇ ਵਿਰੋਧ ਵਿਚ ਜਾਗਰੂਕ ਕਰ ਸਕਦੇ। ਉਨ੍ਹਾਂ ਕੋਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਜਿਹਾ ਕਰਨ ਲਈ ਘੱਟੋ-ਘੱਟ ਤਿੰਨ ਮਹੀਨੇ ਦਾ ਸਮਾਂ ਸੀ। ਜੇਕਰ ਉਹ ਅਜਿਹਾ ਕਰਨ ਦਾ ਬੀੜਾ ਚੁੱਕਦੇ ਤਾਂ ਨਿਸਚਿਤ ਤੌਰ 'ਤੇ ਉਨ੍ਹਾਂ ਨੂੰ ਨਾ ਸਿਰਫ ਉਚੀਆਂ ਜਾਤੀਆਂ ਦੇ ਵਿਚਕਾਰ ਆਪਣੀ ਗੱਲ ਸਮਝਣ ਯੋਗ ਵੋਟਰ ਮਿਲਦੇ ਸਗੋਂ ਉਹ ਕਮਜ਼ੋਰ ਜਾਤੀਆਂ ਦੇ ਵਿਚਕਾਰ ਜਾ ਕੇ ਇਹ ਕਹਿ ਸਕਦੇ ਸਨ ਕਿ ਚੋਣਾਂ ਤੋਂ ਪਹਿਲਾਂ ਵੰਡੀਆਂ ਗਈਆਂ ਇਹ ਰਿਓੜੀਆਂ ਦਰਅਸਲ ਸਿਧਾਂਤਕ ਰਾਖਵੇਂਕਰਨ ਦੀ ਨੀਤੀ ਨੂੰ ਪ੍ਰਭਾਵਹੀਣ ਕਰਨ ਦਾ ਕਦਮ ਹੈ। ਉਨ੍ਹਾਂ ਨੂੰ ਧਿਆਨ ਰੱਖਣਾ ਚਾਹੀਦਾ ਸੀ ਕਿ ਚੋਣਾਂ ਤੋਂ ਠੀਕ ਪਹਿਲਾਂ ਲੋਕਾਂ ਵਿਚ ਸਰਕਾਰ ਪ੍ਰਤੀ ਸਭ ਤੋਂ ਜ਼ਿਆਦਾ ਆਲੋਚਨਾਤਮਕ ਨਜ਼ਰੀਆ ਪੈਦਾ ਹੁੰਦਾ ਹੈ। ਵਿਰੋਧੀ ਧਿਰ ਅਜਿਹਾ ਕਰਕੇ ਸਾਰੇ ਦੇਸ਼ ਵਿਚ ਸਰਕਾਰ ਵਿਰੁੱਧ ਇਕ ਛੋਟੀ ਜਿਹੀ ਲਹਿਰ ਪੈਦਾ ਕਰ ਸਕਦੀ ਸੀ।

ਹੁਣ ਗੱਲ ਕਰਦੇ ਹਾਂ ਸੱਤਾਧਾਰੀ ਪਾਰਟੀ ਦੇ ਡਰ ਬਾਰੇ। ਪਿਛਲੇ ਚਾਰ ਸਾਲਾਂ ਵਿਚ ਇਸ ਪਾਰਟੀ ਅਤੇ ਉਸ ਦੀ ਸਰਕਾਰ ਨੇ ਇਸ ਗੱਲ ਦੀ ਕੋਈ ਪਰਵਾਹ ਨਹੀਂ ਕੀਤੀ ਕਿ ਉਨ੍ਹਾਂ ਨੂੰ ਉਚੀਆਂ ਜਾਤੀਆਂ ਤੋਂ ਮਿਲਣ ਵਾਲਾ ਪਰੰਪਰਕ ਵੋਟ ਆਧਾਰ ਉਨ੍ਹਾਂ ਤੋਂ ਖੁਸ਼ ਹੈ ਜਾਂ ਨਹੀਂ। ਮੋਦੀ ਦੀ ਅਗਵਾਈ ਵਿਚ ਪਾਰਟੀ ਇਸ ਛੋਟੇ ਜਿਹੇ ਪਰ ਸਥਾਈ ਕਿਸਮ ਦੇ ਜਨ ਆਧਾਰ ਦੀਆਂ ਭਾਵਨਾਵਾਂ ਤੋਂ ਬੇਪਰਵਾਹ ਹੋ ਕੇ ਹੇਠਲੀਆਂ ਅਤੇ ਕਮਜ਼ੋਰ ਜਾਤੀਆਂ ਵਿਚ ਆਪਣਾ ਪ੍ਰਭਾਵ ਵਧਾਉਣ ਦੀ ਕਵਾਇਦ ਵਿਚ ਲੱਗੀ ਰਹੀ। ਪ੍ਰਧਾਨ ਮੰਤਰੀ ਨੇ ਖ਼ੁਦ ਆਪਣੀ ਪਛੜੀ ਜਾਤੀ ਨੂੰ ਛਾਤੀ ਉਤੇ ਤਮਗੇ ਦੀ ਤਰ੍ਹਾਂ ਪਾਈ ਰੱਖਿਆ। ਉਨ੍ਹਾਂ ਨੇ ਕਮਿਸ਼ਨ ਬਿਠਾਏ, ਕਮੇਟੀਆਂ ਬਣਾਈਆਂ, ਸੰਸਦ ਵਿਚ ਕਾਨੂੰਨ ਪੇਸ਼ ਕੀਤਾ ਅਤੇ ਦਲਿਤ ਆਗੂ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਠਾਇਆ ਅਤੇ ਹਰ ਢੰਗ-ਤਰੀਕੇ ਨਾਲ ਕੋਸ਼ਿਸ਼ ਕੀਤੀ ਕਿ ਪਾਰਟੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਬ੍ਰਾਹਮਣ-ਬਾਣੀਆਂ ਅਕਸ ਤੋਂ ਬਾਹਰ ਕੱਢਿਆ ਜਾਵੇ। ਦਲਿਤਾਂ ਤੋਂ ਲੈ ਕੇ ਯਾਦਵਾਂ ਤੱਕ ਦੇ ਘਰਾਂ ਵਿਚ ਪਾਰਟੀ ਦੇ ਸੀਨੀਅਰ ਨੇਤਾਵਾਂ ਨੇ ਵਾਰ-ਵਾਰ ਜਾ ਕੇ ਭੋਜਨ ਕੀਤਾ। ਇਹ ਪੂਰਾ ਉਦਮ ਸਮਾਜਿਕ ਰਣਨੀਤੀ ਦੀ ਅਗਵਾਈ ਕਰਦਾ ਸੀ, ਜਿਸ ਦੇ ਹਿੰਦੂਤਵ ਦੀ ਰਾਜਨੀਤੀ ਲਈ ਦੂਰਗਾਮੀ ਨਤੀਜੇ ਨਿਕਲ ਸਕਦੇ ਸਨ। ਇਸ ਦੌਰਾਨ ਛੱਤੀਸਗੜ੍ਹ ਨੂੰ ਛੱਡ ਕੇ ਪਾਰਟੀ ਨੂੰ ਕਿਤੇ ਵੀ ਵੱਡੀ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਪਾਰਟੀ ਨੇ ਇਹ ਵੀ ਦਿਖਾਇਆ ਕਿ ਉਹ ਇਕ ਵੱਡੀ ਹੱਦ ਤੱਕ ਦਾ ਸਥਾਪਤੀ ਵਿਰੋਧੀ ਲਹਿਰ ਦਾ ਸਾਹਮਣਾ ਕਰ ਸਕਦੀ ਹੈ ਪਰ ਜਨ ਆਧਾਰ ਦਾ ਵਿਸਥਾਰ ਕਰਨ ਦੇ ਵਿਰੁਧ ਜਦੋਂ ਪ੍ਰਤੀਕਰਮ ਹੋਣਾ ਸ਼ੁਰੂ ਹੋਇਆ ਤਾਂ ਪਾਰਟੀ ਅਤੇ ਸਰਕਾਰ ਡਰ ਗਈ। ਠੀਕ ਉਸ ਸਮੇਂ ਜਦੋਂ ਉਸ ਨੂੰ ਆਪਣੀ ਸਮਾਜਿਕ ਰਣਨੀਤੀ ਵਿਚ ਵਿਸ਼ਵਾਸ ਰੱਖਦੇ ਹੋਏ ਹੋਰ ਅੱਗੇ ਵਧਣਾ ਚਾਹੀਦਾ ਸੀ, ਉਸ ਨੇ ਆਪਣੇ ਕਦਮ ਪਿੱਛੇ ਖਿੱਚਦੇ ਹੋਏ ਉਚੀਆਂ ਜਾਤੀਆਂ ਨੂੰ ਰਾਖਵਾਂਕਰਨ ਦੇਣ ਦਾ ਫੈਸਲਾ ਕਰ ਲਿਆ ਜਿਸ ਨੂੰ ਸਰਕਾਰ ਦੇ ਕਾਰਕੁਨ ਸੰਸਦ ਵਿਚ ਛੱਕਾ ਦੱਸ ਰਹੇ ਹਨ, ਉਹ ਦਰਅਸਲ ਬਚਾਅ ਵਿਚ ਖੇਡੀ 'ਰੱਖਿਆਤਮਕ ਖੇਡ' ਨਿਕਲੀ। ਇਹ ਅਜਿਹੀ ਖੇਡ ਹੈ ਜਿਸ ਨੇ ਯੋਜਨਾਬੱਧ ਤਰੀਕੇ ਨਾਲ ਖੇਡੀ ਗਈ ਪੂਰੀ ਦੀ ਪੂਰੀ ਸਮਾਜਿਕ ਪਾਰੀ ਨੂੰ ਇਕ ਹੱਦ ਤੱਕ ਮਹੱਤਵਹੀਣ ਕਰ ਦਿੱਤਾ। ਇਹ ਦੇਖ ਕੇ ਥੋੜ੍ਹਾ ਹੈਰਾਨੀ ਹੁੰਦੀ ਹੈ ਕਿ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੇ ਅਜੇ ਕੁਝ ਦਿਨ ਪਹਿਲਾਂ ਹੀ ਸੰਘ ਪਰਿਵਾਰ ਅੰਦਰ ਚੱਲ ਰਹੇ ਸੰਘਰਸ਼ ਵਿਚ ਚੰਗੇ ਆਤਮ-ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਸੀ। ਜਿਸ ਸਮੇਂ ਸੰਘ ਦੇ ਪ੍ਰਧਾਨ ਮੋਹਨ ਭਾਗਵਤ ਨੇ ਰਾਮ ਮੰਦਰ ਦੇ ਮੁੱਦੇ ਨੂੰ ਕੇਂਦਰੀ ਚੁਣਾਵੀ ਰਣਨੀਤੀ ਬਣਾ ਕੇ ਮੋਦੀ ਨੂੰ ਦੇਣ ਦੀ ਕੋਸ਼ਿਸ਼ ਕੀਤੀ ਸੀ ਤਾਂ ਪ੍ਰਧਾਨ ਮੰਤਰੀ ਨੇ ਲੰਮੀ ਰਣਨੀਤਕ ਚੁੱਪ ਤੋਂ ਬਾਅਦ ਪਹਿਲੀ ਜਨਵਰੀ ਨੂੰ ਸਾਫ ਕਹਿ ਦਿੱਤਾ ਕਿ ਉਹ ਰਾਮ ਮੰਦਰ ਬਣਾਉਣ ਲਈ ਕੋਈ ਬਿੱਲ ਨਹੀਂ ਲਿਆਉਣ ਜਾ ਰਹੇ। ਉਨ੍ਹਾਂ ਦੇ ਇਸ ਕਦਮ ਪਿੱਛੇ ਮੁੱਖ ਤਰਕ ਇਹ ਕੰਮ ਕਰ ਰਿਹਾ ਸੀ ਕਿ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿਚ ਜਿਹੜੀਆਂ ਯੋਜਨਾਵਾਂ ਚਲਾਈਆਂ ਹਨ, ਉਨ੍ਹਾਂ ਦੇ ਲਾਭਪਾਤਰੀ ਮੋਦੀ ਦੇ ਨਵੇਂ ਵੋਟਰ ਹਨ। ਇਹ ਦਾਅਵਾ ਸਹੀ ਹੋਵੇ ਜਾਂ ਗ਼ਲਤ, ਘੱਟੋ-ਘੱਟ ਇਹ ਸਰਕਾਰ ਦੇ ਆਤਮ-ਵਿਸ਼ਵਾਸ ਨੂੰ ਤਾਂ ਦਰਸਾਉਂਦਾ ਹੀ ਸੀ ਕਿ ਉਹ ਆਪਣੇ ਕੀਤੇ ਹੋਏ ਕੰਮਾਂ 'ਤੇ ਚੋਣ ਲੜਨਾ ਚਾਹੁੰਦੀ ਹੈ। ਜ਼ਾਹਰ ਹੈ ਕਿ ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਂਦੀਆਂ ਜਾ ਰਹੀਆਂ ਹਨ, ਸਰਕਾਰ ਦਾ ਆਪਣੇ ਹੀ ਕੰਮਾਂ 'ਤੇ ਭਰੋਸਾ ਘਟਦਾ ਜਾ ਰਿਹਾ ਹੈ। ਉਹ ਸਸਤੇ ਅਤੇ ਲੋਕ-ਲੁਭਾਊ ਉਪਾਵਾਂ ਬਾਰੇ ਸੋਚ ਰਹੀ ਹੈ। ਇਹ ਕੋਸ਼ਿਸ਼ ਵੀ ਚੱਲ ਰਹੀ ਹੈ ਕਿ ਰਿਜ਼ਰਵ ਬੈਂਕ ਕੋਲ ਪਈ ਰਾਖਵੀਂ ਰਕਮ ਵਿਚੋਂ ਕੁਝ ਪ੍ਰਾਪਤ ਕੀਤਾ ਜਾਵੇ ਅਤੇ ਉਸ ਨੂੰ ਪ੍ਰਤੀ ਹੈਕਟੇਅਰ ਮਦਦ ਦੇ ਰੂਪ ਵਿਚ ਕਿਸਾਨਾਂ ਦੇ ਖਾਤਿਆਂ ਵਿਚ ਸਿੱਧਾ ਹੀ ਪਾਇਆ ਜਾਵੇ ਤਾਂ ਕਿ ਵੱਡੇ ਪੈਮਾਨੇ 'ਤੇ ਨਾਖੁਸ਼ ਕਿਸਾਨ ਸਰਕਾਰ ਦੇ ਨਾਲ ਜੁੜ ਜਾਣ। ਇਹ ਵੀ ਚਰਚਾ ਹੈ ਕਿ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦਾ ਐਲਾਨ ਵੀ ਕਰ ਸਕਦੀ ਹੈ। ਰਾਖਵਾਂਕਰਨ ਦੇ ਕੇ ਪਹਿਲਾਂ ਉਚੀਆਂ ਜਾਤੀਆਂ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼, ਫਿਰ ਵਸਤੂ ਤੇ ਸੇਵਾ ਕਰ (ਜੀ.ਐਸ.ਟੀ.) ਵਿਚ ਛੋਟ ਦੇ ਕੇ ਵਪਾਰੀ ਵਰਗ ਦੀ ਨਿਰਾਸ਼ਾ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਅਤੇ ਹੁਣ ਇਹ ਪੂਰੀ ਪੇਸ਼ਬੰਦੀ ਦੱਸਦੀ ਹੈ ਕਿ ਪਿਛਲੇ 30 ਸਾਲ ਵਿਚ ਉਭਰਿਆ ਦੇਸ਼ ਦਾ ਸਭ ਤੋਂ ਸ਼ਕਤੀਸ਼ਾਲੀ ਨੇਤਾ ਅਤੇ ਪਿਛਲੇ 5 ਸਾਲ ਵਿਚ ਵਿਸਤਾਰਤ ਸਭ ਤੋਂ ਤਾਕਤਵਰ ਪਾਰਟੀ ਆਪਣੇ ਅੰਦਰ ਕਿਸ ਹੱਦ ਤੱਕ ਅਸੁਰੱਖਿਅਤ ਹੈ।

# ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਲੇਖਾ-ਜੋਖਾ ਅਤੇ ਉਸ ਤੋਂ ਅੱਗੇ !

ਡਾ. ਗਿਆਨ ਸਿੰਘ
ਫੋਨ: 91-99156-82196

2018 'ਚ ਪੰਜ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਦੌਰਾਨ ਅਤੇ ਨਤੀਜੇ ਆਉਣ ਪਿਛੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਬਾਰੇ ਸੂਬਾ ਸਰਕਾਰਾਂ ਦੇ ਐਲਾਨ ਦੀਆਂ ਖਬਰਾਂ ਬਾਰੇ ਵਿਚਾਰ-ਚਰਚਾ ਨਿਰੰਤਰ ਜਾਰੀ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਸਬੰਧੀ ਇਸ ਵਰਤਾਰੇ ਤੋਂ ਲੱਗਦਾ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਿਸਾਨ ਮਸਲੇ ਅਤੇ ਉਨ੍ਹਾਂ ਦੇ ਹੱਲ ਲਈ ਵਚਨ, ਵਾਅਦੇ ਅਤੇ ਦਾਅਵੇ ਇੱਕ ਮੁੱਖ ਮੁੱਦਾ ਹੋਣਗੇ। ਕਿਸਾਨਾਂ ਦੀ ਕਰਜ਼ਾ ਮੁਆਫੀ ਨਾ ਤਾਂ ਕੋਈ ਨਵੀਂ ਗੱਲ ਹੈ ਅਤੇ ਨਾ ਹੀ ਆਖਰੀ ਹੋਵੇਗੀ। ਦੇਸ਼ ਵਿਚ ਕਿਸਾਨਾਂ ਦੀ ਪਹਿਲੀ 10,000 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਵੀ. ਪੀ. ਸਿੰਘ ਦੇ ਪ੍ਰਧਾਨ ਮੰਤਰੀ ਹੁੰਦਿਆਂ 1990 ਵਿਚ ਹੋਈ ਸੀ। ਇਸ ਕਰਜ਼ਾ ਮੁਆਫੀ ਦੀ ਕੁੱਝ ਕੁ ਨੁਕਤਾਚੀਨੀ ਵੀ ਹੋਈ।

ਯੂ. ਪੀ. ਏ.-1 ਦੀ ਹਕੂਮਤ ਦੌਰਾਨ 2008 ਵਿਚ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਸਾਨਾਂ ਲਈ 60,000 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਅਤੇ ਕੇਂਦਰ ਸਰਕਾਰ ਨੇ ਰਕਮ ਵਧਾ ਕੇ 71,680 ਕਰੋੜ ਰੁਪਏ ਕਰਨ ਦਾ ਵੀ ਐਲਾਨ ਕੀਤਾ, ਪਰ ਅਸਲ ਵਿਚ ਇਹ ਮੁਆਫੀ 52,516 ਕਰੋੜ ਰੁਪਏ ਦੀ ਹੋਈ। ਸਰਕਾਰ ਦੇ ਦਾਅਵਿਆਂ ਅਨੁਸਾਰ ਇਸ ਕਰਜ਼ਾ ਮੁਆਫੀ ਦਾ ਫਾਇਦਾ 2.9 ਕਰੋੜ ਤੋਂ ਵੱਧ ਕਿਸਾਨਾਂ ਨੂੰ ਹੋਇਆ।

ਕਰਜ਼ਾ ਮੁਆਫੀ ਦੇ ਐਲਾਨ ਪਿਛੋਂ ਕੁਝ ਰਾਜਸੀ ਨੇਤਾਵਾਂ ਅਤੇ ਅਖੌਤੀ ਬੁੱਧੀਜੀਵੀਆਂ ਨੇ ਤਿੱਖੇ ਪ੍ਰਤੀਕ੍ਰਮ ਦਿੱਤੇ। ਲੋਕ ਸਭਾ 'ਚ ਉਸ ਸਮੇਂ ਦੀ ਵਿਰੋਧੀ ਧਿਰ ਭਾਜਪਾ ਦੇ ਇਕ ਸਿਰਕੱਢ ਆਗੂ ਐਲ. ਕੇ. ਅਡਵਾਨੀ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਉਤੇ ਤਿੱਖਾ ਪ੍ਰਤੀਕ੍ਰਮ ਕਰਦਿਆਂ ਕੇਂਦਰ ਤੋਂ ਸਵਾਲ ਪੁੱਛਿਆ ਸੀ ਕਿ ਇੰਨਾ ਪੈਸਾ ਕਿੱਥੋਂ ਆਵੇਗਾ? ਡਾ. ਮਨਮੋਹਨ ਸਿੰਘ ਨੇ ਕਿਹਾ ਸੀ ਕਿ ਫਿਕਰ ਨਾ ਕਰੋ, ਜਦੋਂ ਤੱਕ ਕਿਸਾਨਾਂ ਦੀਆਂ ਅੱਖਾਂ ਵਿਚ ਅੱਥਰੂ ਹਨ, ਕੇਂਦਰ ਸਰਕਾਰ ਉਨ੍ਹਾਂ ਦਾ ਕਰਜ਼ਾ ਮੁਆਫ ਕਰਦੀ ਰਹੇਗੀ।

ਸਮੇਂ ਸਮੇਂ ਸੂਬਾ ਸਰਕਾਰਾਂ ਨੇ ਵੀ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਐਲਾਨ ਕੀਤੇ। 2013 ਵਿਚ ਕਰਨਾਟਕ ਸਰਕਾਰ ਨੇ 3600 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਕੀਤੀ। 2014 ਵਿਚ ਤਿਲੰਗਾਨਾ ਸਰਕਾਰ ਨੇ 17,000 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਤੇ ਇਸ ਲਈ 36 ਲੱਖ ਕਿਸਾਨ ਪਰਿਵਾਰਾਂ ਦੀ ਪਛਾਣ ਕੀਤੀ। ਕਰਜ਼ਾ ਮੁਆਫੀ ਇਕ ਲੱਖ ਰੁਪਏ ਤੱਕ ਦੀ ਸੀ। ਆਂਧਰਾ ਪ੍ਰਦੇਸ਼ ਸਰਕਾਰ ਨੇ 1.5 ਲੱਖ ਰੁਪਏ ਤੱਕ ਦੀ ਕਰਜ਼ਾ ਮੁਆਫੀ ਲਈ 49 ਲੱਖ ਕਿਸਾਨ ਪਰਿਵਾਰਾਂ ਦੀ ਪਛਾਣ ਕੀਤੀ ਅਤੇ ਬੈਂਕਾਂ ਨੂੰ 22,000 ਕਰੋੜ ਰੁਪਏ ਦੇਣੇ ਮੰਨੇ।

2016 ਵਿਚ ਤਾਮਿਲਨਾਡੂ ਸਰਕਾਰ ਨੇ 16.94 ਲੱਖ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ 5780 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਉਤਰ ਪ੍ਰਦੇਸ਼ ਨੇ 2017 ਵਿਚ 36,359 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦਾ ਐਲਾਨ ਕੀਤਾ, ਜਿਸ ਵਿਚ 2.15 ਕਰੋੜ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਇਕ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਦੀ ਮੁਆਫੀ ਸੀ, ਜਿਸ ਲਈ 30,729 ਕਰੋੜ ਅਤੇ ਬਾਕੀ ਦੇ 5630 ਕਰੋੜ ਰੁਪਏ 7 ਲੱਖ ਕਿਸਾਨਾਂ ਦੇ ਐਨ. ਪੀ. ਏ. ਦੇ ਨਿਪਟਾਰੇ ਲਈ ਸਨ।

2017 ਵਿਚ ਪੰਜਾਬ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ 2 ਲੱਖ ਰੁਪਏ ਤੱਕ ਕਰਜ਼ਾ ਮੁਆਫੀ ਦਾ ਐਲਾਨ ਕੀਤਾ। ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 3595 ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਹਨ। ਸਰਕਾਰੀ ਦਾਅਵਿਆਂ ਅਨੁਸਾਰ ਕੁੱਲ ਮੁਆਫੀ 10,000 ਕਰੋੜ ਰੁਪਏ ਦੀ ਹੋਵੇਗੀ। ਪੰਜਾਬ ਵਿਚ ਰਾਜ ਕਰ ਰਹੀ ਕਾਂਗਰਸ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਸਾਰੇ ਸੰਸਥਾਗਤ ਅਤੇ ਗੈਰ-ਸੰਸਥਾਗਤ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਇਹ ਕਰਜ਼ੇ 90,000 ਤੋਂ ਇਕ ਲੱਖ ਕਰੋੜ ਰੁਪਏ ਤੱਕ ਹੋਣ ਦਾ ਅੰਦਾਜ਼ਾ ਹੈ।

2017 ਵਿਚ ਕਰਨਾਟਕ ਸਰਕਾਰ ਨੇ 22.28 ਲੱਖ ਕਿਸਾਨਾਂ ਦੀ 50,000 ਰੁਪਏ ਤੱਕ ਦੀ ਕਰਜ਼ਾ ਮੁਆਫੀ ਲਈ 8,165 ਕਰੋੜ ਦੇਣ ਦਾ ਐਲਾਨ ਕੀਤਾ। ਮਹਾਰਾਸ਼ਟਰ ਸਰਕਾਰ ਨੇ 89 ਲੱਖ ਕਿਸਾਨਾਂ ਦੇ 1.5 ਲੱਖ ਰੁਪਏ ਤੋਂ ਘੱਟ ਤੱਕ ਦੇ ਕਰਜ਼ੇ ਮੁਆਫ ਕਰਨ ਲਈ 34,022 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। 2018 ਵਿਚ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿਚ ਕਾਂਗਰਸ ਦੀਆਂ ਸਰਕਾਰਾਂ ਬਣਨ ਪਿਛੋਂ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਅੰਸ਼ਕ ਕਰਜ਼ਾ ਮੁਆਫੀ ਦੇ ਐਲਾਨ ਕੀਤੇ ਗਏ।

ਵੱਖ-ਵੱਖ ਸਮਿਆਂ 'ਤੇ ਕੇਂਦਰ ਜਾਂ ਸੂਬਾ ਸਰਕਾਰਾਂ ਵਲੋਂ ਕਿਸਾਨਾਂ ਦੀ ਕੀਤੀ ਗਈ ਕਰਜ਼ਾ ਮੁਆਫੀ ਦੀ ਬੈਂਕਾਂ ਦੇ ਉਚ ਅਧਿਕਾਰੀਆਂ, ਕੁਝ ਰਾਜਸੀ ਪਾਰਟੀਆਂ, ਨੀਤੀ ਆਯੋਗ, ਸਰਮਾਏਦਾਰ-ਕਾਰਪੋਰੇਟ ਜਗਤ-ਪੱਖੀ ਅਰਥਸ਼ਾਸਤਰੀਆਂ ਅਤੇ ਹੋਰ ਲੋਕਾਂ ਨੇ ਸਖਤ ਨੁਕਤਾਚੀਨੀ ਕਰਦਿਆਂ ਇਸ ਨੂੰ ਬੈਂਕਾਂ ਨੂੰ ਫੇਲ੍ਹ ਕਰਨ ਵਾਲਾ, ਆਰਥਕ ਵਿਕਾਸ ਦਰ ਨੂੰ ਪਿਛਲਖੁਰੀ ਮੋੜਨ ਵਾਲਾ, ਕਰ ਦੇਣ ਵਾਲਿਆਂ 'ਤੇ ਬੋਝ ਲੱਦਣ ਵਾਲਾ ਆਦਿ ਦੱਸਿਆ। ਕਰਜ਼ਾ ਮੁਆਫੀ ਸਬੰਧੀ ਚੀਖ-ਚਿਹਾੜਾ ਪਾਉਣ ਵਾਲਿਆਂ ਨੂੰ ਇਹ ਪਤਾ ਹੀ ਹੋਣਾ ਹੈ ਕਿ ਇਹ ਮੁਆਫੀਆਂ ਰਾਜਸੀ ਗਿਣਤੀਆਂ-ਮਿਣਤੀਆਂ ਅਧੀਨ ਕੀਤੀਆਂ ਗਈਆਂ। ਚੋਣਾਂ ਜਿੱਤਣ ਲਈ ਵੱਡੇ ਵਾਅਦੇ ਕੀਤੇ ਗਏ, ਪਰ ਚੋਣਾਂ ਜਿੱਤਣ ਪਿਛੋਂ ਰਿਉੜੀਆਂ ਦੇ ਕੇ ਸਾਰ ਦਿੱਤਾ ਗਿਆ। ਕਿਸਾਨਾਂ ਦੀ ਬਹੁਤ ਥੋੜ੍ਹੀ ਕਰਜ਼ਾ ਮੁਆਫੀ ਸਮੇਂ ਵੀ ਉਨ੍ਹਾਂ ਨੂੰ ਸਟੇਜ ਉਤੇ ਬੁਲਾ ਕੇ ਵੱਡੇ ਵੱਡੇ (6 ਫੁੱਟ ਜਰਬ 3 ਫੁੱਟ) ਕਰਜ਼ਾ ਮੁਆਫੀ ਦੇ ਸਰਟੀਫਿਕੇਟ ਦੇ ਕੇ ਉਨ੍ਹਾਂ ਦੇ ਆਰਥਕ ਤੌਰ 'ਤੇ ਕਮਜ਼ੋਰ ਹੋਣ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ, ਜਦੋਂ ਕਿ ਅਜਿਹਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।

ਸਰਮਾਏਦਾਰ-ਕਾਰਪੋਰੇਟ ਜਗਤ ਨੂੰ ਦਿੱਤੀਆਂ ਗਈਆਂ/ਜਾਂਦੀਆਂ ਵੱਡੀਆਂ ਆਰਥਕ ਰਿਆਇਤਾਂ/ਕਰਜ਼ਾ ਮੁਆਫੀਆਂ ਬਾਰੇ ਕਦੇ ਵੀ ਇਨ੍ਹਾਂ ਸੰਸਥਾਵਾਂ ਜਾਂ ਅਰਥਸ਼ਾਸਤਰੀਆਂ ਤੇ ਹੋਰ ਲੋਕਾਂ ਨੇ ਨੁਕਤਾਚੀਨੀ ਕਰਦਿਆਂ ਉਨ੍ਹਾਂ ਨੂੰ ਬੈਂਕ ਫੇਲ੍ਹ ਕਰਨ ਵਾਲਾ, ਆਰਥਕ ਵਿਕਾਸ ਦਰ ਨੂੰ ਪਿਛਲਖੁਰੀ ਮੋੜਨ ਵਾਲਾ, ਕਰ ਦੇਣ ਵਾਲਿਆਂ 'ਤੇ ਬੋਝ ਲੱਦਣ ਵਾਲਾ ਆਦਿ ਨਹੀਂ ਕਿਹਾ। ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਮੇਂ ਦੀਆਂ ਸਰਕਾਰਾਂ ਸਮਰਾਏਦਾਰ-ਕਾਰਪੋਰੇਟ ਜਗਤ ਦੀ ਸੇਵਾ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੀਆਂ।

2008 'ਚ ਸ਼ੁਰੂ ਹੋਈ ਆਰਥਕ ਮੰਦੀ 'ਤੇ ਕਾਬੂ ਪਾਉਣ ਲਈ 1.86 ਕਰੋੜ ਰੁਪਏ ਸਾਲਾਨਾ ਦਾ ਆਰਥਕ ਉਤਸ਼ਾਹ ਦੇਣ ਦਾ ਪੈਕੇਜ ਸਰਮਾਏਦਾਰ-ਕਾਰਪੋਰੇਟ ਜਗਤ ਲਈ ਅੱਜ ਤੱਕ ਜਾਰੀ ਹੈ, ਜਿਸ 'ਤੇ 18,60,000 ਕਰੋੜ ਰੁਪਏ ਸਰਕਾਰ ਨੇ ਦਿੱਤੇ। ਇਸ ਤੋਂ ਬਿਨਾ ਇਸ ਸਮੇਂ ਇਸ ਜਗਤ ਦਾ 10 ਲੱਖ ਕਰੋੜ ਰੁਪਏ ਦਾ ਐਨ. ਪੀ. ਏ. ਹੈ, ਜਿਸ ਲਈ ਕਿਸੇ ਨੂੰ ਕੋਈ ਵੀ ਸਜ਼ਾ ਨਹੀਂ ਹੋਈ। ਬੈਂਕਾਂ ਦੇ ਲੱਖਾਂ ਕਰੋੜਾਂ ਰੁਪਏ ਡਕਾਰ ਕੇ ਕਿੰਨੇ ਹੀ ਸਰਮਾਏਦਾਰ ਵਿਦੇਸ਼ਾਂ ਵਿਚ ਬੈਠੇ ਹਨ। ਇਸ ਤੋਂ ਬਿਨਾ ਇਸ ਜਗਤ ਨੂੰ ਮੁਲਕ ਦੇ ਕੁਦਰਤੀ ਸਮਾਨਾਂ 'ਤੇ ਕੌਡੀਆਂ ਦੇ ਭਾਅ 'ਤੇ ਕਾਬਜ ਹੋਣ ਲਈ ਮਦਦ ਦਿੱਤੀ ਜਾ ਰਹੀ ਹੈ। ਨਤੀਜੇ ਵਜੋਂ ਦੇਸ਼ 'ਚ ਆਰਥਕ ਨਾਬਰਾਬਰੀ ਵਧ ਰਹੀ ਹੈ ਅਤੇ ਇਕ ਫੀਸਦੀ ਅੱਤ ਦੇ ਅਮੀਰ ਅਤੇ ਬਾਕੀ 99% ਲੋਕਾਂ ਵਿਚਲਾ ਖੱਪਾ ਲਗਾਤਾਰ ਵਧ ਰਿਹਾ ਹੈ।

ਕਿਸਾਨਾਂ ਵੱਲੋਂ ਸਮੇਂ ਸਿਰ ਥੋੜ੍ਹੇ ਥੋੜ੍ਹੇ ਕਰਜ਼ੇ ਵਾਪਿਸ ਨਾ ਕਰਨ ਕਾਰਨ ਉਨ੍ਹਾਂ ਦੀਆਂ ਜਮੀਨਾਂ ਦੀ ਨੀਲਾਮੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਂਦਾ ਰਿਹਾ ਹੈ। ਕੀ ਏਦਾਂ ਸਰਮਾਏਦਾਰਾਂ ਨਾਲ ਹੁੰਦਾ ਹੈ? ਕਿਸਾਨਾਂ ਦੀ ਕਰਜ਼ਾ ਮੁਆਫੀ ਸਬੰਧੀ ਕਰਾਂ 'ਤੇ ਬੋਝ ਲੱਦਣ ਵਾਲਾ ਵਿਚਾਰ ਤੱਥਾਂ ਤੋਂ ਸੱਖਣਾ ਹੈ। 1991 ਤੋਂ ਦੇਸ਼ 'ਚ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਕ ਨੀਤੀਆਂ' ਤੋਂ ਲੈ ਕੇ ਹੁਣ ਤੱਕ ਜਾਣ-ਬੁੱਝ ਕੇ ਖਪਤਕਾਰਾਂ ਨੂੰ ਫਾਇਦਾ ਪਹੁੰਚਾਉਣ ਲਈ ਕਿਸਾਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਪੈਦਾਵਾਰੀ ਲਾਗਤਾਂ ਤੋਂ ਵੀ ਘੱਟ ਰੱਖੀਆਂ ਗਈਆਂ ਅਤੇ ਖੇਤੀਬਾੜੀ ਉਤਪਾਦਨ ਲਈ ਲੋੜੀਂਦੇ ਸਾਧਨਾਂ ਦੀਆਂ ਕੀਮਤਾਂ ਤੈਅ ਕਰਨ ਨੂੰ ਬੇਲਗਾਮ ਮੰਡੀ ਦੇ ਹਵਾਲੇ ਕੀਤਾ ਗਿਆ ਤੇ ਕੀਤਾ ਜਾ ਰਿਹਾ ਹੈ। ਕੀ ਇਹ ਵਰਤਾਰਾ ਕਿਸਾਨਾਂ ਤੋਂ ਜਬਰੀ ਕਰ ਵਸੂਲੀ ਨਹੀਂ?

ਮੁਲਕ ਦੀ ਆਜ਼ਾਦੀ ਮੌਕੇ ਰਾਸ਼ਟਰੀ ਆਮਦਨ ਵਿਚੋਂ ਖੇਤੀਬਾੜੀ ਖੇਤਰ ਦਾ ਹਿੱਸਾ 50 ਫੀਸਦੀ ਦੇ ਕਰੀਬ ਸੀ, ਜੋ ਹੁਣ ਘਟਾ ਕੇ 13.9 ਫੀਸਦੀ ਕਰ ਦਿੱਤਾ ਗਿਆ ਹੈ ਅਤੇ ਜੇ ਪ੍ਰੋ. ਅਰੁਣ ਕੁਮਾਰ ਦੇ ਕਾਲੇ ਧਨ ਦੇ ਅਧਿਐਨ ਨੂੰ ਦੇਖਿਆ ਜਾਵੇ ਤਾਂ ਇਹ ਹਿੱਸਾ ਸਿਰਫ 8 ਫੀਸਦੀ ਹੀ ਰਹਿ ਜਾਂਦਾ ਹੈ ਕਿਉਂਕਿ ਕਿਸਾਨਾਂ ਕੋਲ ਕਾਲਾ ਧਨ ਕਿੱਥੋਂ ਹੋਣਾ ਹੈ, ਉਨ੍ਹਾਂ ਨੂੰ ਤਾਂ ਧਨ ਦੇ ਦਰਸ਼ਨ ਵੀ ਸਾਲ-ਛਿਮਾਹੀ ਹੀ ਹੁੰਦੇ ਹਨ, ਉਹ ਵੀ ਤਾਂ ਜੇ ਫਸਲਾਂ 'ਤੇ ਕੁਦਰਤ ਦੀ ਕੋਈ ਮਾਰ ਨਾ ਪਵੇ।

ਕਿਸਾਨਾਂ ਦੀ ਕਰਜ਼ਾ ਮੁਆਫੀ ਸਮੇਂ ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਣਗੌਲੇ ਛੱਡ ਦਿੱਤੇ ਜਾਂਦੇ ਹਨ, ਜਦੋਂ ਕਿ ਇਨ੍ਹਾਂ ਦੋ ਵਰਗਾਂ ਦੀ ਹਾਲਤ ਤਾਂ ਨਿਮਨ ਕਿਸਾਨਾਂ ਤੋਂ ਵੀ ਭੈੜੀ ਹੈ ਕਿਉਂਕਿ ਇਨ੍ਹਾਂ ਨੂੰ ਉਤਪਾਦਨ ਦੇ ਕੋਈ ਵੀ ਸਾਧਨ ਦਿੱਤੇ ਹੀ ਨਹੀਂ ਗਏ ਅਤੇ ਖੇਤੀਬਾੜੀ ਖੇਤਰ ਵਿਚ ਮਸ਼ੀਨੀਕਰਨ ਦੇ ਵਧਦੇ ਰੁਝਾਨ ਅਤੇ ਨਦੀਨ-ਨਾਸ਼ਕਾਂ ਦੀ ਵਰਤੋਂ ਨੇ ਇਨ੍ਹਾਂ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਵੀ ਬਹੁਤ ਹੀ ਸੀਮਿਤ ਕਰ ਦਿੱਤੇ ਹਨ।

ਮੁਲਕ ਦੇ ਵੱਖ-ਵੱਖ ਖੇਤਰਾਂ ਵਿਚ ਕੀਤੇ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਕੁਝ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਕਰਜ਼ੇ ਅਤੇ ਘੋਰ ਗਰੀਬੀ ਦੇ ਦੁੱਖ ਨਾ ਝੱਲਦਿਆਂ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਇਹ ਤੱਥ ਜਾਣਨਾ ਵੀ ਜ਼ਰੂਰੀ ਹੈ ਕਿ ਕਿਸਾਨਾਂ ਦੀਆਂ ਅੱਖਾਂ ਵਿਚ ਅੱਥਰੂ ਲਿਆਉਣ ਲਈ ਯੂ. ਪੀ. ਏ. ਅਤੇ ਐਨ. ਡੀ. ਏ. ਦੀਆਂ ਹਕੂਮਤਾਂ ਹੀ ਜ਼ਿੰਮੇਵਾਰ ਹਨ।

ਮੁਲਕ ਦੀ ਅਨਾਜ ਸੁਰੱਖਿਆ ਲਈ ਜ਼ਰੂਰੀ ਹੈ ਕਿ ਇਕੱਲੇ ਕਿਸਾਨਾਂ ਦੀ ਹੀ ਨਹੀਂ, ਸਗੋਂ ਉਨ੍ਹਾਂ ਦੇ ਨਾਲ ਨਾਲ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਕਰਜ਼ਾ ਮੁਆਫੀ ਦੀ ਜਗ੍ਹਾ ਕਰਜ਼ਾ ਮੁਕਤੀ ਕਰਨੀ ਬਣਦੀ ਹੈ। ਘਰੇਲੂ ਲੋੜਾਂ ਅਤੇ ਖੇਤੀਬਾੜੀ ਉਤਪਾਦਨ ਲਈ ਉਧਾਰ ਤਾਂ ਲਿਆ ਜਾ ਸਕਦਾ ਹੈ, ਪਰ ਉਹ ਕਰਜ਼ੇ ਵਿਚ ਨਾ ਬਦਲੇ। ਮੁਲਕ ਦੇ ਹੁਕਮਰਾਨਾਂ ਦਾ ਫਰਜ਼ ਬਣਦਾ ਹੈ ਕਿ ਅਜਿਹੀਆਂ ਆਰਥਕ ਨੀਤੀਆਂ ਬਣਾਈਆਂ ਤੇ ਅਮਲ ਵਿਚ ਲਿਆਂਦੀਆਂ ਜਾਣ, ਜਿਨ੍ਹਾਂ ਨਾਲ ਮਿੱਟੀ ਵਿਚ ਮਿੱਟੀ ਹੋ ਕੇ, ਹੱਡ-ਚੀਰਵੀਂ ਠੰਢ ਅਤੇ ਹੱਡ-ਪਿਘਲਾਉਂਦੀ ਗਰਮੀ ਵਿਚ ਕੰਮ ਕਰਕੇ ਮਨੁੱਖਤਾ ਦੀ ਜੀਵਨ-ਰੇਖਾ ਨੂੰ ਬਣਾਈ ਰੱਖਣ ਵਾਲੇ ਵਰਗਾਂ ਦੀਆਂ ਮੁੱਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਹੋ ਸਕਣ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਇਕ ਘੱਟੋ ਘੱਟ ਆਮਦਨ ਦੀ ਗਾਰੰਟੀ ਦਿੱਤੀ ਜਾਵੇ। ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਥਾਂ ਸਾਰੇ ਮੁਲਕ ਵਾਸਤੇ ਲਾਹੇਵੰਦ ਕੀਮਤਾਂ ਤੈਅ ਕੀਤੀਆਂ ਜਾਣ। ਖੇਤੀਬਾੜੀ ਉਤਪਾਦਨ ਲਈ ਉਧਾਰ ਦਾ ਪ੍ਰਬੰਧ ਸਮੇਂ-ਸਿਰ ਅਤੇ ਜਾਇਜ਼ ਵਿਆਜ ਦਰ 'ਤੇ ਕੀਤਾ ਜਾਵੇ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਵਿਆਜ-ਰਹਿਤ ਉਧਾਰ ਦਿੱਤਾ ਜਾਵੇ। ਖੇਤੀਬਾੜੀ ਨੂੰ ਕੁਦਰਤੀ ਮਾਰਾਂ ਕਾਰਨ ਹੋਏ ਨੁਕਸਾਨਾਂ ਦੀ ਪੂਰੀ ਭਰਪਾਈ ਸਮੇਂ-ਸਿਰ ਕੀਤੀ ਜਾਵੇ। ਖੇਤੀਬਾੜੀ ਖੇਤਰ ਨੂੰ ਸਬਸਿਡੀਆਂ ਦਿੱਤੀਆਂ ਜਾਣ। ਖੇਤੀਬਾੜੀ ਉਤਪਾਦਨ ਲਈ ਵਰਤੇ ਜਾਣ ਵਾਲੇ ਮੁੱਖ ਸਾਧਨਾਂ ਦੀਆਂ ਕੀਮਤਾਂ ਕੇਂਦਰ ਸਰਕਾਰ ਤੈਅ ਕਰੇ। ਸਰਕਾਰਾਂ ਸਰਮਾਏਦਾਰ-ਕਾਰਪੋਰੇਟ ਜਗਤ ਲਈ ਭੂਮੀ ਗ੍ਰਹਿਣ ਦੀ ਥਾਂ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਵਿਚ ਭੂਮੀ ਸੁਧਾਰ ਕਰਨੇ ਯਕੀਨੀ ਬਣਾਉਣ। ਸਹਿਕਾਰੀ ਅਦਾਰਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਬਣਦਾ ਹੈ। ਖੇਤੀਬਾੜੀ ਜਿਣਸਾਂ ਦੀ ਪ੍ਰੋਸੈਸਿੰਗ ਲਈ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਸਹਿਕਾਰੀ ਮਾਲਕੀ ਵਾਲੇ ਕਾਰਖਾਨੇ ਪਿੰਡਾਂ ਵਿਚ ਲਾਏ ਜਾਣ। ਇਨ੍ਹਾਂ ਵਰਗਾਂ ਦੇ ਬੱਚਿਆਂ ਲਈ ਮਿਆਰੀ ਵਿੱਦਿਆ ਅਤੇ ਸਿਹਤ-ਸੰਭਾਲ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਤਿਲੰਗਾਨਾ ਸਰਕਾਰ ਦੀ ਤਰ੍ਹਾਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਸਿੱਧੀ ਆਰਥਕ ਮਦਦ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਆਰਥਕ ਮਦਦ ਗਰੀਬਾਂ ਦੇ ਹੱਕ ਵਿਚ ਤਰਜੀਹੀ ਹੋਵੇ।

# ਕਿਵੇਂ ਹੁੰਦੀ ਐ ਇਸ਼ਤਿਹਾਰਾਂ ਰਾਹੀਂ ਪਾਠਕਾਂ ਦੀ ਲੁੱਟ

## ਕੁੱਝ ਸੱਚੀਆਂ



ਕੁਲਦੀਪ ਸਿੰਘ ਢਿੱਲੋਂ
ਫੋਨ: 91-98559-64276

ਰੋਜ਼ ਅਖਬਾਰਾਂ 'ਚ ਛਪਦੇ ਇਸ਼ਤਿਹਾਰਾਂ ਕਾਰਨ ਪਤਾ ਨਹੀਂ ਕਿੰਨੇ ਲੋਕ ਇਨ੍ਹਾਂ ਦਾ ਸ਼ਿਕਾਰ ਹੁੰਦੇ ਹਨ। ਜੇ ਕੋਈ ਸਭ ਤੋਂ ਵੱਧ ਸ਼ੋਸ਼ਿਤ ਹੋ ਰਿਹਾ ਹੈ ਤਾਂ ਉਹ ਹੈ, ਨੌਜਵਾਨ ਵਰਗ। ਵੱਧ ਰਹੀ ਬੇਰੁਜ਼ਗਾਰੀ ਕਾਰਨ ਅਕਸਰ ਨੌਜਵਾਨ ਕਈ ਗਲਤ ਫੈਸਲੇ ਕਰ ਬੈਠਦੇ ਹਨ। ਕਈਆਂ ਨਾਲ ਇਹ ਸਭ ਬੀਤ ਚੁਕਾ ਹੈ ਪਰ ਉਹ ਕਿਸੇ ਸਾਹਮਣੇ ਕੁਝ ਕਹਿਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਲੋਕ ਉਨ੍ਹਾਂ ਦਾ ਮਖੌਲ ਉਡਾਉਣਗੇ।

ਗੱਲ ਕਰੀਏ 'ਕਰਜੇ ਹੀ ਕਰਜੇ' ਵਾਲੇ ਇਸ਼ਤਿਹਾਰਾਂ ਦੀ। ਬੀਤੇ ਦਿਨੀਂ ਇਸੇ ਤਰ੍ਹਾਂ ਦੇ ਇੱਕ ਇਸ਼ਤਿਹਾਰ ਕਾਰਨ ਮੇਰੀ ਦੋਸਤ ਇੱਕ ਕੁੜੀ 35,000 ਰੁਪਏ ਦਾ ਨੁਕਸਾਨ ਕਰਵਾ ਬੈਠੀ। ਉਸ ਨੇ ਕਿਸੇ ਅਖਬਾਰ ਵਿਚ ਇਸ਼ਤਿਹਾਰ ਪੜ੍ਹਿਆ ਕਿ ਸਰਟੀਫਿਕੇਟ ਲੋਨ ਸਿਰਫ 7 ਦਿਨਾਂ ਅੰਦਰ, ਛੇਤੀ ਫੋਨ ਕਰੋ ਤੇ ਛੇਤੀ ਲੋਨ ਪਾਓ। ਉਸ ਨੇ ਉਸ ਇਸ਼ਤਿਹਾਰ ਦੇ ਹੇਠ ਦਿੱਤੇ ਨੰਬਰ 'ਤੇ ਫੋਨ ਕਰ ਲਿਆ। ਅੱਗੋਂ ਗੱਲ ਕਰਨ ਵਾਲੇ ਆਦਮੀ ਨੇ ਆਪਣੇ ਆਪ ਨੂੰ ਇੱਕ ਗਜ਼ਟਿਡ ਅਫਸਰ ਦੱਸਿਆ ਤੇ ਕਿਹਾ ਕਿ ਸਾਡਾ ਡਿਪਾਰਟਮੈਂਟ ਪੂਰੇ ਭਾਰਤ 'ਚ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਉਨ੍ਹਾਂ ਦੇ ਸਰਟੀਫਿਕੇਟ ਤੇ 25,000 ਰੁਪਏ ਤੋਂ 40 ਲੱਖ ਤੱਕ ਦਾ ਲੋਨ ਦਿੰਦਾ ਹੈ, ਤੇ ਫਾਈਲ ਖਰਚ 15 ਹਜ਼ਾਰ ਰੁਪਏ ਆਵੇਗਾ। ਨਾਲ ਹੀ ਉਸ ਨੇ ਕੋਈ ਵੈਬਸਾਈਟ ਦੱਸੀ ਕਿ ਤੁਸੀਂ ਚੈਕ ਕਰ ਲਵੋ। ਕੁਝ ਦਿਨ ਪਿਛੋਂ ਲੜਕੀ ਨੇ ਮੈਨੂੰ ਫੋਨ 'ਤੇ ਸਾਰੀ ਗੱਲਬਾਤ ਦੱਸੀ ਤੇ ਪੁੱਛਿਆ ਕਿ ਦੱਸੋ ਕਿਵੇਂ ਕਰਾਂ?

ਮੈਂ ਆਦਤ ਅਨੁਸਾਰ ਕਿਹਾ ਕਿ ਇਹੋ ਜਿਹੇ ਕੰਮਾਂ ਵਿਚ ਧੋਖਾ ਹੀ ਹੁੰਦਾ ਹੈ, ਤਾਂ ਉਹ ਬੋਲੀ, ਤੁਸੀਂ ਤਾਂ ਹਰ ਗੱਲ ਦਾ ਉਲਟਾ ਹੀ ਸੋਚਣਾ ਹੁੰਦਾ ਹੈ। ਉਹ ਵੈਬਸਾਈਟ ਵੀ ਚੈਕ ਕੀਤੀ ਐ ਕਿ ਸਾਰਾ ਕੁੱਝ ਠੀਕ ਠਾਕ ਹੈ। ਮੈਂ ਕਿਹਾ, ਹੋ ਸਕਦਾ ਉਸ ਨੇ ਵੈਬਸਾਈਟ ਕੋਈ ਹੋਰ ਦੱਸੀ ਹੋਵੇ ਤਸੱਲੀ ਵਾਸਤੇ ਪਰ ਵਿਚੋਂ ਕੁਝ ਹੋਰ ਹੀ ਨਿਕਲੇ ਤਾਂ ਉਹ ਬੋਲੀ, ਨਹੀਂ ਜੀ, ਇੰਜ ਨਹੀਂ ਹੁੰਦਾ। ਮੈਂ ਪੁੱਛਿਆ, ਤੂੰ ਲੋਨ ਲੈ ਕੇ ਕੀ ਕਰਨਾ ਐਨਾ? ਪੜ੍ਹੀ-ਲਿਖੀ ਐਂ, ਕੋਈ ਨੌਕਰੀ ਮਿਲਜੂ। ਪਰ ਉਹ ਜਿੱਦ 'ਤੇ ਕਾਇਮ ਰਹੀ ਕਿ ਮੈਂ ਤਾਂ 5 ਲੱਖ ਦਾ ਲੋਨ ਲੈ ਕੇ ਆਪਣਾ ਵਧੀਆ ਕੰਪਿਊਟਰ ਸੈਂਟਰ ਚਲਾਉਣਾ।

ਸੋ ਉਸ ਕੁੜੀ ਨੇ ਉਸ ਆਦਮੀ ਦੇ ਦੱਸੇ ਖਾਤੇ ਵਿਚ 15,000 ਰੁਪਏ ਜਮਾ ਕਰਵਾ ਦਿੱਤੇ ਤਾਂ ਤੀਜੇ ਦਿਨ ਮੈਨੂੰ ਉਸ ਨੇ ਫਿਰ ਫੋਨ ਕੀਤਾ ਕਿ ਉਹ ਲੋਨ ਵਾਲਾ ਅਫਸਰ ਕਹਿੰਦਾ, ਤੁਹਾਡੀ ਫਾਈਲ ਤਿਆਰ ਹੋ ਗਈ ਤੇ 20,000 ਰੁਪਏ ਹੋਰ ਭੇਜੋ, 5 ਲੱਖ ਦਾ ਡਰਾਫਟ 5 ਤਰੀਕ ਨੂੰ ਮੈਂ ਖੁਦ ਆ ਕੇ ਦੇ ਜਾਵਾਂਗਾ।

ਮੈਂ ਕਿਹਾ, ਮੈਨੂੰ ਉਸ ਆਦਮੀ ਦਾ ਨੰਬਰ ਦਿਓ, ਮੈਂ ਗੱਲ ਕਰਕੇ ਦੇਖਦਾ ਹਾਂ। ਮੈਂ ਨੰਬਰ ਲੈ ਕੇ ਜਦੋਂ ਫੋਨ ਕੀਤਾ ਅਤੇ ਉਸ ਕੁੜੀ ਦਾ ਨਾਮ ਲੈ ਕੇ ਉਸ ਦੀ ਫਾਈਲ ਬਾਰੇ ਗੱਲ ਕੀਤੀ ਤਾਂ ਉਹ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕਿਆ। ਮੈਂ ਉਸ ਨੂੰ ਵੱਖ ਵੱਖ ਬੈਂਕਾਂ ਦੀਆਂ ਕਰਜਾ ਸਕੀਮਾਂ ਦੇ ਹਵਾਲੇ ਦੇ ਕੇ ਪੁੱਛਿਆ ਕਿ ਅਜਿਹਾ ਕਿਹੜਾ ਬੈਂਕ ਐ ਜਿਸ ਦੀ ਲੋਨ ਦੀ ਫਾਈਲ 'ਤੇ 35,000 ਰੁਪਏ ਖਰਚਾ ਆਉਂਦਾ ਹੋਵੇ ਤਾਂ ਉਹ ਕੁਝ ਉਲਝ ਗਿਆ ਤੇ ਬੋਲਿਆ, ਦੇਖੀਏ ਭਾਈ ਸਾਹਿਬ ਮੇਰੇ ਕੋ ਨਹੀਂ ਮਾਲੂਮ ਕਿ ਆਪ ਕਾ ਉਸ ਲੜਕੀ ਸੇ ਕਿਆ ਰਿਸ਼ਤਾ ਹੈ ਪਰ ਅਗਰ ਲੋਨ ਪਾਸ ਕਰਵਾਨਾ ਹੈ ਤੋ ਆਪ ਕੋ 20,000 ਕੀ ਰਕਮ ਮੇਰੇ ਖਾਤੇ ਮੇਂ ਜਮ੍ਹਾ ਕਰਵਾਨੀ ਹੋਗੀ। ਮੈਂ ਅਭੀ ਬਿਜੀ ਹੂੰ, ਆਪ ਮੇਰੇ ਕੋ ਬਾਦ ਮੇ ਫੋਨ ਕਰਨਾ।

ਐਨਾ ਕਹਿ ਕੇ ਉਹ ਫੋਨ ਕੱਟ ਗਿਆ। ਮੈਂ ਤੁਰੰਤ ਹੀ ਆਪਣੀ ਦੋਸਤ ਨੂੰ ਫੋਨ ਕਰਕੇ ਕਿਹਾ ਕਿ ਉਹ ਕੋਈ ਅਫਸਰ ਨਹੀਂ, ਬੱਸ ਇੱਕ ਠੱਗ ਐ ਤੇ ਜਿਹੜਾ 15,000 ਗਿਆ ਉਹ ਤਾਂ ਗਿਆ, ਹੁਣ ਹੋਰ ਉਸ ਦੇ ਖਾਤੇ ਵਿਚ ਜਮ੍ਹਾ ਨਾ ਕਰਵਾਈਂ, ਜੇ ਕਰਵਾ ਦਿੱਤੇ ਤਾਂ ਉਸੇ ਦਿਨ ਹੀ ਉਸ ਦਾ ਨੰਬਰ ਬੰਦ ਹੋ ਜਾਣਾ। ਪਰ ਉਸ ਕੁੜੀ ਨੇ ਮੇਰਾ ਕਹਿਣਾ ਨਾ ਮੰਨ ਕੇ 20,000 ਰੁਪਏ ਵਿਆਜੂ ਲੈ ਕੇ ਉਸ ਦੇ ਖਾਤੇ ਵਿਚ ਜਮ੍ਹਾ ਕਰਵਾ ਦਿੱਤੇ।

ਬੱਸ, ਫਿਰ ਸ਼ੁਰੂ ਹੋਇਆ ਉਸ ਅਖੌਤੀ ਅਫਸਰ ਦੇ ਲਾਰਿਆਂ ਦਾ ਦੌਰ ਕਿ ਮੈਂ ਆਜ ਆਊਂਗਾ-ਕੱਲ ਆਊਂਗਾ, ਤੇ ਅਖੀਰ 3 ਕੁ ਦਿਨਾਂ ਬਾਅਦ ਉਸ ਦਾ ਫੋਨ ਬੰਦ ਹੋ ਗਿਆ। ਉਸ ਤੋਂ ਬਾਅਦ ਉਸ ਕੁੜੀ ਕੋਲ ਸਿਵਾਏ ਪਛਤਾਵੇ ਤੇ ਰੋਣ ਤੋਂ ਕੁਝ ਨਾ ਰਿਹਾ। ਜਦ ਉਸ ਨੇ ਉਸ ਬੈਂਕ ਵਿਚ ਜਾ ਕੇ ਜਿਹੜੇ ਬੈਂਕ ਦਾ ਖਾਤਾ ਨੰਬਰ ਉਸ ਆਦਮੀ ਨੇ ਦਿੱਤਾ ਸੀ, ਪਤਾ ਕੀਤਾ, ਉਹ ਖਾਤਾ ਕਿਸੇ ਹੋਰ ਨਾਂ 'ਤੇ ਨਿਕਲ ਗਿਆ ਤੇ ਹੁਣ ਕੁੜੀ ਹਰ ਸਮੇਂ ਮਾਨਸਿਕ ਦਬਾਅ ਵਿਚ ਰਹਿੰਦੀ ਹੈ। ਪਰ ਕਦੇ ਕਿਸੇ ਨੂੰ ਕੁਝ ਦੱਸਦੀ ਨਹੀਂ।

ਮੇਰਾ ਇਸ ਲੇਖ ਵਿਚ ਉਸ ਕੁੜੀ ਨਾਲ ਹੋਈ ਬੀਤੀ ਲਿਖਣ ਦਾ ਮਕਸਦ ਹੋਰ ਮੁੰਡੇ-ਕੁੜੀਆਂ ਨੂੰ ਅਜਿਹੇ ਇਸ਼ਤਿਹਾਰਾਂ ਦੇ ਚੱਕਰ ਵਿਚ ਫਸਣ ਪ੍ਰਤੀ ਸੁਚੇਤ ਕਰਨਾ ਹੈ ਤਾਂ ਜੋ ਉਹ ਆਪਣੀ ਆਰਥਿਕ ਤੇ ਮਾਨਸਿਕ ਲੁੱਟ ਨਾ ਕਰਵਾਉਣ। ਇੰਨਾ ਹੀ ਨਹੀਂ ਸਗੋਂ 'ਨੌਕਰੀਆਂ ਹੀ ਨੌਕਰੀਆਂ' ਵਾਲੇ ਇਸ਼ਤਿਹਾਰਾਂ ਰਾਹੀਂ ਵੀ ਸਾਡੀ ਬੇਰੁਜ਼ਗਾਰ ਨੌਜਵਾਨ ਪੀੜ੍ਹੀ ਨੂੰ ਬੇਵਕੂਫ ਬਣਾਇਆ ਜਾ ਰਿਹਾ ਹੈ। ਇਸ ਦੀ ਵੀ ਇੱਕ ਤਾਜਾ ਘਟਨਾ ਪਾਠਕਾਂ ਨਾਲ ਸਾਂਝੀ ਕਰਨਾ ਚਾਹਾਂਗਾ।

ਮੇਰੇ ਪਿੰਡ ਦੇ ਇੱਕ ਮੁੰਡੇ ਨੇ ਕਿਤੇ ਇਸ਼ਤਿਹਾਰ ਪੜ੍ਹ ਲਿਆ ਕਿ ਪੜ੍ਹੇ-ਲਿਖੇ ਨੌਜਵਾਨਾਂ ਲਈ ਨੌਕਰੀ ਦਾ ਵਧੀਆ ਮੌਕਾ। ਅਖਬਾਰਾਂ ਵਿਚ ਲਿਖਣ ਕਰਕੇ ਮੈਨੂੰ ਪਿੰਡ ਵਿਚ ਪੱਤਰਕਾਰ ਕਹਿ ਦਿੰਦੇ ਹਨ। ਇਕ ਦਿਨ ਮੁੰਡਾ ਮੇਰੇ ਕੋਲ ਆਇਆ ਕਿ ਪੱਤਰਕਾਰਾ, ਆਹ ਗੱਲ ਐ, ਤੈਥੋਂ ਰਾਏ ਲੈਣੀ ਸੀ। ਮੈਂ ਕਿਹਾ ਕਿ ਮੇਰੀ ਮੰਨਣੀ ਏ ਤਾਂ ਕੋਈ ਪੰਗਾ ਨਾ ਲੈ, ਬਾਕੀ ਤੇਰੀ ਮਰਜੀ ਬਾਈ, ਤੇ ਨਾਲ ਹੀ ਲੇਖ ਵਿਚ ਪਿੱਛੇ ਲਿਖੀ ਸਾਰੀ ਕਹਾਣੀ ਵੀ ਸੁਣਾ ਦਿੱਤੀ। ਉਹ ਚੁੱਪ-ਚਾਪ ਚਲਾ ਗਿਆ ਤੇ ਫਿਰ ਮੈਨੂੰ ਉਹ ਕੋਈ ਪੰਦਰਾਂ-ਵੀਹ ਕੁ ਦਿਨਾਂ ਬਾਅਦ ਮਿਲਿਆ। ਮੈਂ ਪੁੱਛ ਲਿਆ ਕਿ ਕੀ ਬਣਿਆ ਤਾਂ ਉਹ ਨਿੰਮੋਝੂਣਾ ਜਿਹਾ ਕਹਿੰਦਾ ਕਿ ਮੈਂ ਉਨ੍ਹਾਂ ਦੇ ਦਫਤਰ ਗਿਆ, ਜਿੱਥੇ ਮੁੰਡੇ ਕੁੜੀਆਂ ਦੀ ਭੀੜ ਜਮਾ ਸੀ। ਤੇ ਉਹ ਹਰ ਇੱਕ ਤੋਂ 500-500 ਰੁਪਏ ਲੈ ਕੇ ਫਾਰਮ ਭਰਵਾ ਰਹੇ ਸਨ। ਉਹਨੇ ਦੱਸਿਆ ਕਿ ਮੈਂ ਵੀ ਫਾਰਮ ਭਰ ਆਇਆ ਤੇ ਉਹ ਕਹਿੰਦੇ, ਤੁਹਾਨੂੰ ਅਸੀਂ ਫੋਨ ਕਰਕੇ ਬੁਲਾਵਾਂਗੇ ਤੇ ਮੈਂ ਆ ਕੇ ਤਿੰਨ ਚਾਰ ਮੁੰਡਿਆ ਦੇ ਹੋਰ ਫਾਰਮ ਭਰਵਾ ਦਿੱਤੇ। ਅਖੀਰ ਜਦੋਂ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ 'ਤੇ ਉਨ੍ਹਾਂ ਦਾ ਕੋਈ ਫੋਨ ਨਾ ਆਇਆ ਤਾਂ ਉਹ ਸਾਰੇ ਉਨ੍ਹਾਂ ਦੇ ਦਫਤਰ ਗਏ। ਉਥੇ ਬਿੱਲੇ ਦੇ ਸਿਰ ਜਿੱਡੇ ਜਿੰਦਰੇ ਲੱਗੇ ਪਏ ਸਨ ਤੇ ਜਦੋਂ ਉਨ੍ਹਾਂ ਦੇ ਦਿੱਤੇ ਨੰਬਰ ਲਾਏ ਤਾਂ ਸਾਰੇ ਬੰਦ।

ਉਹ ਤੇ ਹੋਰ ਪਤਾ ਨਹੀਂ ਕਿੰਨੇ ਕੁ ਜਣੇ ਉਨ੍ਹਾਂ ਦਾ ਸ਼ਿਕਾਰ ਬਣੇ ਹੋਣਗੇ। ਹੁਣ ਇਹ ਸਾਡਾ ਲੇਖ ਪੜ੍ਹ ਕੇ ਬਹੁਤੇ ਤਾਂ ਕਹਿਣਗੇ ਕਿ ਇਸ ਲੇਖ ਵਿਚ ਨੁਕਤਾਚੀਨੀ ਹੀ ਕੀਤੀ ਹੈ, ਤਾਂ ਮੈਂ ਦੱਸਣਾ ਚਾਹਾਂਗਾ ਮੇਰਾ ਮਕਸਦ ਕਿਸੇ ਵੀ ਅਖਬਾਰ ਦੀ ਕਾਰਗੁਜਾਰੀ 'ਤੇ ਕੋਈ ਸ਼ੱਕ ਕਰਨਾ ਨਹੀਂ ਸਗੋਂ ਭੋਲੇ ਪਾਠਕਾਂ ਨੂੰ ਦਿਨੋ ਦਿਨ ਹੋ ਰਹੀਆਂ ਠੱਗੀਆਂ ਤੋਂ ਜਾਣੂੰ ਕਰਵਾਉਣਾ ਹੈ। ਹਾਲਾਕਿ ਇਨ੍ਹਾਂ ਅਖਬਾਰਾਂ ਵਿਚ ਛਪੇ ਇਸ਼ਤਿਹਾਰਾਂ ਸਬੰਧੀ ਅਦਾਰੇ ਵੱਲੋਂ ਲਿਖਿਆ ਹੁੰਦਾ ਹੈ ਕਿ ਉਨ੍ਹਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਪਾਠਕ ਆਪਣੀ ਤਸੱਲੀ ਕਰ ਲੈਣ, ਅਦਾਰਾ ਕਿਸੇ ਤਰ੍ਹਾਂ ਦੇ ਨੁਕਸਾਨ ਦਾ ਜਿੰਮੇਵਾਰ ਨਹੀਂ ਹੋਵੇਗਾ।

ਮੇਰੀ ਇਸ ਲੇਖ ਰਾਹੀਂ ਪਾਠਕਾਂ ਨੂੰ ਬੇਨਤੀ ਐ ਕਿ ਅਦਾਰਾ ਤਾਂ ਇਸ਼ਤਿਹਾਰਾਂ ਸਬੰਧੀ ਤੱਥਾਂ ਦੀ ਪੁਸ਼ਟੀ ਕਹਿ ਕੇ ਆਪਣਾ ਪੱਲਾ ਝਾੜ ਲੈਂਦਾ ਹੈ, ਪਰ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਅਸੀਂ ਅਕਸਰ ਹੀ ਅਜਿਹੀਆਂ ਠੱਗੀਆਂ ਬਾਰੇ ਪੜ੍ਹਦੇ ਸੁਣਦੇ ਹਾਂ, ਪਰ ਫਿਰ ਵੀ ਪਤਾ ਨਹੀਂ ਕਿਉਂ ਗਲਤੀ ਕਰ ਬੈਠਦੇ ਹਾਂ। ਮੈਨੂੰ ਆਸ ਹੈ ਕਿ ਪਾਠਕ ਜਰੂਰ ਅਜਿਹੀਆਂ ਗੱਲਾਂ ਤੋਂ ਸੁਚੇਤ ਹੋਣਗੇ।

# ਕੇ. ਪੀ. ਐਸ. ਗਿੱਲ, ਹਿੰਦੂਤਵੀ ਸੱਤਾ ਅਤੇ ਸਿੱਖਾਂ ਦੀ ਹੋਣੀ

***ਪੰਜਾਬ ਪੁਲਿਸ ਦਾ ਮੁਖੀ ਰਹਿ ਚੁਕਾ ਕੇ. ਪੀ. ਐਸ. ਗਿੱਲ ਕੋਈ ਵਿਅਕਤੀ ਨਹੀਂ, ਸਗੋਂ ਵਰਤਾਰਾ ਸੀ। ਸਥਾਪਤੀ ਨੇ ਉਸ ਨੂੰ, ਖਾਸ ਕਰਕੇ ਜਿਸ ਤਰ੍ਹਾਂ ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਵਰਤਿਆ, ਉਸ ਦੀਆਂ ਕਈ ਪਰਤਾਂ ਅੱਜ ਵੀ ਅਣਫਰੋਲੀਆਂ ਪਈਆਂ ਹਨ। ਪ੍ਰਭਸ਼ਰਨਦੀਪ ਸਿੰਘ ਨੇ ਇਨ੍ਹਾਂ ਅਣਫਰੋਲੀਆਂ ਪਰਤਾਂ ਦੇ ਇਕ ਪੱਖ ਦੀਆਂ ਕੁਝ ਪਰਤਾਂ ਆਪਣੇ ਇਸ ਲੇਖ ਵਿਚ ਉਭਾਰੀਆਂ ਹਨ, ਜੋ ਅਸੀਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ***

**ਪ੍ਰਭਸ਼ਰਨਦੀਪ ਸਿੰਘ**
prabhsharandeep@gmail.com

26 ਮਈ 2017 ਨੂੰ ਕੇ. ਪੀ. ਐਸ. ਗਿੱਲ ਦੀ ਮੌਤ ਹੋ ਗਈ। ਗਿੱਲ ਉਦੋਂ ਤੱਕ ਜਿਉਂਦਾ ਸੀ ਕਿਉਂਕਿ ਜ਼ਮੀਰ ਦੇ ਮਰ ਜਾਣ ਨੂੰ ਉਹ ਮੌਤ ਨਹੀਂ ਸੀ ਮੰਨਦਾ। ਗਿੱਲ, ਜੋ ਸੱਤਾ ਦੀ ਸੂਖਮ ਹਿੰਸਾ ਦੀ ਪੈਦਾਇਸ਼ ਸੀ, ਸਾਰੀ ਉਮਰ ਸੱਤਾ ਦੀ ਜਿਸਮਾਨੀ ਹਿੰਸਾ ਦਾ ਜ਼ਰੀਆ ਰਿਹਾ। ਅਜ਼ਲਾਂ ਤੋਂ ਸੱਤਾ ਜ਼ੁਲਮ ਅਤੇ ਜਬਰ ਦੇ ਆਸਰੇ ਪਲਦੀ ਆ ਰਹੀ ਹੈ। ਮੁੱਢ ਕਦੀਮ ਤੋਂ ਹੀ ਮਨੁੱਖ ਜਾਤੀ 'ਚ ਸੱਤਾ ਦੀ ਹਿੰਸਾ ਨੂੰ ਅਗਾਂਹ ਤੋਰਨ ਵਾਲਾ ਵਰਗ ਵੀ ਪੈਦਾ ਹੁੰਦਾ ਆ ਰਿਹਾ ਹੈ। ਇਸ ਵਰਗ ਦੀ ਪੈਦਾਇਸ਼ ਦੇ ਆਧਾਰ ਬੁਨਿਆਦੀ ਮਨੁੱਖੀ ਕਮਜ਼ੋਰੀ ਜਾਂ ਸਵੈ-ਮੋਹੀ ਮਾਨਸਿਕਤਾ ਆਦਿ ਕੁੱਝ ਵੀ ਮਿੱਥੇ ਜਾ ਸਕਦੇ ਹਨ ਪਰ ਕਾਰਨ ਕੁੱਝ ਵੀ ਹੋਣ, ਅਫਸੋਸਨਾਕ ਅਸਲੀਅਤ ਇਹੀ ਹੈ ਕਿ ਮਨੁੱਖ ਜਾਤੀ ਵਿਚ ਅਜਿਹਾ ਵਰਗ ਸਦਾ ਰਿਹਾ ਹੈ, ਜਿਸ ਦੇ ਵਜੂਦ ਦੇ ਘੱਟ ਹਿੱਸੇ ਜਿਉਂਦੇ ਬਚੇ ਹੁੰਦੇ ਹਨ। ਬੇਜਾਨ ਰੂਹਾਂ ਚੁੱਕੀ ਫਿਰਦੇ ਇਹ ਸਰੀਰ ਮੌਤ ਦੇ ਦੂਤ ਹਨ, ਜਿਨ੍ਹਾਂ ਲਈ ਹਰ ਪਾਸੇ ਮੁਰਦੇਹਾਣੀ ਪਸਰੀ ਵੇਖਣੀ ਅਣਸਰਦੀ ਲੋੜ ਹੁੰਦੀ ਹੈ। ਬੇਮੁਹਾਰੀ ਹਿੰਸਾ ਇਨ੍ਹਾਂ ਬੰਦਿਆਂ ਦੇ ਵਜੂਦ ਵਿਚ ਕਿਸੇ ਨਾਮੁਰਾਦ ਰੋਗ ਵਾਂਗ ਪਸਰ ਕੇ ਆਪਣੇ-ਆਪ ਵਿਚ ਤਰਕਸੰਗਤ ਵਾਜਬੀਅਤ ਹਾਸਲ ਕਰ ਚੁਕੀ ਹੁੰਦੀ ਹੈ। ਅੱਜ ਹਿੰਦੁਸਤਾਨੀ ਸਥਾਪਤੀ ਅਜਿਹੀ ਮਾਨਸਿਕਤਾ ਨੂੰ ਨਾਇਕਪੁਣੇ ਦੇ ਆਧਾਰ ਵਜੋਂ ਵੇਖਦੀ ਹੈ ਕਿਉਂਕਿ ਇਨ੍ਹਾਂ ਲੋਕਾਂ ਅੰਦਰ ਬੁਨਿਆਦੀ ਨੈਤਿਕਤਾ ਦੀ ਕਦਰ ਜਾਂ ਸ਼ਰਮ ਦੇ ਅਹਿਸਾਸ ਦੀ ਹੀ ਹੋਂਦ ਨਹੀਂ ਹੈ।

ਗਿੱਲ ਅਤੇ ਉਸ ਦੇ ਹਮਾਇਤੀ ਉਸ ਦੀ ਅਣਮਨੁੱਖੀ ਹਿੰਸਾ ਨੂੰ ਸਹੀ ਠਹਿਰਾਉਣ ਦਾ ਮੂਲ ਆਧਾਰ ਇਸ ਗੱਲ ਨੂੰ ਬਣਾਉਂਦੇ ਰਹੇ ਹਨ ਕਿ ਬਤੌਰ ਪੁਲਿਸ ਅਫਸਰ ਗਿੱਲ ਦਾ ਕੰਮ ਜਨਤਾ ਨੂੰ ਕਾਨੂੰਨ ਦੀ ਜ਼ੱਦ ਵਿਚ ਲਿਆਉਣਾ ਸੀ। ਉਨ੍ਹਾਂ ਦਾ ਤਰਕ ਹੈ ਕਿ ਕੁੱਝ ਲੋਕ ਅਮਨ-ਕਾਨੂੰਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਸਨ। ਅਜਿਹੇ ਅਨਸਰਾਂ ਨਾਲ ਸਖਤੀ ਨਾਲ ਸਿੱਝਣਾ ਸਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਸੀ। ਗਿੱਲ ਨੇ ਇਹ ਜ਼ਿੰਮੇਵਾਰੀ ਨਿਭਾਈ ਅਤੇ ਇਸ ਲਈ ਉਹ ਵਧਾਈ ਦਾ ਹੱਕਦਾਰ ਹੈ।


ਉਪਰੋਕਤ ਤਰਕ ਅਸਲੋਂ ਬੇਬੁਨਿਆਦ ਹੈ। ਪਹਿਲੀ ਗੱਲ, ਕਾਨੂੰਨ ਦੀ ਸਾਰਥਕਤਾ ਦਾ ਮਸਲਾ ਐਨਾ ਸਿੱਧ-ਪੱਧਰਾ ਨਹੀਂ। ਭਾਰਤੀ ਕਾਨੂੰਨ ਸੱਤਾ 'ਤੇ ਕਾਬਜ਼ ਬਹੁਗਿਣਤੀ ਹਿੰਦੂਆਂ ਨੇ ਆਪਣੇ ਸਾਮਰਾਜੀ ਮਨਸੂਬੇ ਪੂਰੇ ਕਰਨ ਲਈ ਘੜਿਆ ਹੈ। ਸਿੱਖਾਂ ਵਰਗੀ ਘੱਟਗਿਣਤੀ ਦਾ ਇਸ ਕਾਨੂੰਨ ਦੀ ਘਾੜਤ ਵਿਚ ਕੋਈ ਹਿੱਸਾ ਨਹੀਂ। ਹਿੰਦੁਸਤਾਨ ਦਾ ਢਾਂਚਾ ਮਜ਼ਬੂਤ ਕੇਂਦਰ ਵਾਲਾ ਹੈ ਜਿਸ ਤਹਿਤ ਸੂਬਿਆਂ ਦਾ ਅਧਿਕਾਰ ਨਾਂਮਾਤਰ ਹਨ। ਸੂਬਾ ਸਰਕਾਰਾਂ ਕੇਂਦਰ ਦੀਆਂ ਨੀਤੀਆਂ ਲਾਗੂ ਕਰਨ ਲਈ ਮਜਬੂਰ ਹੁੰਦੀਆਂ ਹਨ ਅਤੇ ਆਪਣੇ ਕੁਦਰਤੀ ਸੋਮਿਆਂ ਆਦਿ ਦੀ ਲੁੱਟ ਰੋਕਣ ਦੇ ਵੀ ਸਮਰੱਥ ਨਹੀਂ ਹੁੰਦੀਆਂ। ਮਿਸਾਲ ਵਜੋਂ ਪੰਜਾਬ ਸਰਕਾਰ ਨਾ ਫਸਲਾਂ ਦੇ ਭਾਅ ਮਿੱਥ ਸਕਦੀ ਹੈ, ਨਾ ਹੀ ਪੰਜਾਬ ਦੇ ਪਾਣੀਆਂ ਦੀ ਰਖਵਾਲੀ ਕਰ ਸਕਦੀ ਹੈ। ਸਿੱਟੇ ਵਜੋਂ ਪੰਜਾਬ ਦੇ ਸਿੱਖ ਪੂਰੇ ਹਿੰਦੁਸਤਾਨ ਨੂੰ ਅੰਨ ਮੁਹੱਈਆ ਕਰਵਾਉਂਦੇ-ਕਰਵਾਉਂਦੇ ਖੁਦ ਕੰਗਾਲ ਹੋ ਗਏ। ਜ਼ਿਕਰਯੋਗ ਹੈ ਕਿ ਇਸ ਦੇ ਐਨ ਉਲਟ ਪੰਜਾਬੀ ਹਿੰਦੂਆਂ ਨੇ ਬੇਮਿਸਾਲ ਤਰੱਕੀ ਕੀਤੀ ਕਿਉਂਕਿ ਨੀਤੀਆਂ ਸਾਰੀਆਂ ਉਨ੍ਹਾਂ ਦੇ ਹਿਸਾਬ ਨਾਲ ਬਣਦੀਆਂ ਹਨ।

ਹਿੰਦੁਸਤਾਨ ਵਿਚ ਫੈਸਲੇ ਕਰਨ ਜਾਂ ਕਾਨੂੰਨ ਘੜਨ ਦੀ ਤਾਕਤ ਪੂਰੀ ਤਰ੍ਹਾਂ ਕੇਂਦਰ ਕੋਲ ਹੈ। ਕੇਂਦਰੀ ਪਾਰਲੀਮੈਂਟ ਵਿਚ ਪੰਜਾਬ ਦੇ ਕੁੱਲ ਤੇਰਾਂ ਐਮ.ਪੀ. ਹਨ, ਜਿਨ੍ਹਾਂ ਦੀ ਵੋਟ ਹਿੰਦੂ ਬਹੁਗਿਣਤੀ ਸਾਹਮਣੇ ਕਦੇ ਵੀ ਮਾਅਨਾ ਨਹੀਂ ਰੱਖਦੀ। ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਕਾਨੂੰਨ ਬਣਾਉਣ ਦੇ ਅਮਲ ਵਿਚ ਕੋਈ ਅਹਿਮੀਅਤ ਨਹੀਂ ਰੱਖਦੇ। ਹਿੰਦੂ ਬਹੁਗਿਣਤੀ, ਜੋ ਕਾਨੂੰਨ ਚਾਹੇ ਸਿੱਖਾਂ ਸਿਰ ਮੜ੍ਹ ਸਕਦੀ ਹੈ। ਪਹਿਲਾਂ ਹਿੰਦੁਸਤਾਨ ਦਾ ਸੰਵਿਧਾਨ ਸਿੱਖਾਂ ਦੀ ਸਹਿਮਤੀ ਤੋਂ ਬਗੈਰ ਹੋਂਦ ਵਿਚ ਆਇਆ, ਫਿਰ ਉਸ ਵਿਚ ਲਗਾਤਾਰ ਸੋਧਾਂ ਕਰ-ਕਰ ਉਸ ਨੂੰ ਹਿੰਦੂ ਫਾਸ਼ੀਵਾਦ ਦੀਆਂ ਲੋੜਾਂ ਅਨੁਸਾਰ ਢਾਲਿਆ ਜਾ ਰਿਹਾ ਹੈ। ਹੁਣ ਤੱਕ ਇਸ ਸੰਵਿਧਾਨ ਵਿਚ 101 ਸੋਧਾਂ ਹੋ ਚੁਕੀਆਂ ਹਨ। ਸੋਧਾਂ ਦੇ ਇਸ ਅਮਲ ਤਹਿਤ ਭਾਰਤੀ ਸੰਵਿਧਾਨ ਦੇ ਨਿੱਤ-ਦਿਨ ਹੁੰਦੇ ਹਿੰਦੂਕਰਨ ਦੇ ਰੁਕਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਸਿੱਖਾਂ ਦੇ ਚੁਣੇ ਨੁਮਾਇੰਦੇ ਇਸ ਅਮਲ ਵਿਚ ਦਖਲਅੰਦਾਜ਼ੀ ਨਹੀਂ ਕਰ ਸਕਦੇ। ਸਿੱਖਾਂ ਲਈ ਨੁਮਾਇੰਦੇ ਚੁਣ ਕੇ ਭੇਜਣ ਦਾ ਅਰਥ ਹੀ ਕੋਈ ਨਹੀਂ। ਸਿੱਖਾਂ ਲਈ ਜਮਹੂਰੀਅਤ ਦਾ ਹੀ ਕੋਈ ਮਾਅਨਾ ਨਹੀਂ। ਜਮਹੂਰੀਅਤ ਸਿਰਫ ਹਿੰਦੂ ਬਹੁਗਿਣਤੀ ਲਈ ਹੋਂਦ ਰੱਖਦੀ ਹੈ।

ਜੇ ਸਿੱਖਾਂ ਨੇ ਇਸ ਦਮਨਕਾਰੀ ਢਾਂਚੇ ਤੋਂ ਨਿਜਾਤ ਪਾਉਣ ਲਈ ਹਿੰਦੁਸਤਾਨ ਦੇ ਅੰਦਰ ਹੀ ਰਹਿ ਕੇ ਖੁਦਮੁਖਤਾਰੀ ਦੀ ਮੰਗ ਕੀਤੀ ਤਾਂ ਭਾਰਤੀ ਹਕੂਮਤ ਨੇ ਟੈਂਕਾਂ-ਤੋਪਾਂ ਨਾਲ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਨੇਕਾਂ ਹੋਰ ਗੁਰਧਾਮਾਂ 'ਤੇ ਹਮਲਾ ਕੀਤਾ। ਚੁਰਾਸੀ ਤੋਂ ਬਾਅਦ ਸਿੱਖ ਆਪਣੇ ਆਜ਼ਾਦੀ ਦੇ ਹੱਕ ਲਈ ਲੜੇ ਤਾਂ ਸਿੱਖਾਂ ਨੂੰ ਹੋਰ ਨਸਲਕੁਸ਼ੀ ਦਾ ਸਾਹਮਣਾ ਕਰਨਾ ਪਿਆ।

ਜੇ ਹਿੰਦੁਸਤਾਨ ਜਮਹੂਰੀਅਤ ਹੈ ਤਾਂ ਫਿਰ ਸਿੱਖਾਂ ਕੋਲ ਰਾਇਸ਼ੁਮਾਰੀ ਰਾਹੀਂ ਆਜ਼ਾਦ ਹੋਣ ਦਾ ਹੱਕ ਹੋਣਾ ਚਾਹੀਦਾ ਸੀ, ਪਰ ਭਾਰਤੀ ਹਕੂਮਤ ਨੇ ਇਸ ਦੇ ਐਨ ਉਲਟ ਕੇ. ਪੀ. ਐਸ. ਗਿੱਲ ਵਰਗਿਆਂ ਨੂੰ ਸ਼ਸ਼ਕੇਰ ਕੇ, ਕਾਨੂੰਨ ਦੀ ਰਾਖੀ ਦੇ ਨਾਂ 'ਤੇ ਆਪਣੇ ਹੀ ਕਾਨੂੰਨਾਂ ਦੀਆਂ ਧੱਜੀਆਂ ਉਡਾ, ਸਿੱਖਾਂ ਦੇ ਖੂਨ ਨਾਲ ਹੋਲੀ ਖੇਡੀ। ਗੱਲ ਸਿੱਧੀ ਹੈ, ਭਾਰਤੀ ਕਾਨੂੰਨ ਸਿੱਖਾਂ ਦੇ ਦਮਨ ਦਾ ਆਧਾਰ ਹੈ ਤੇ ਗਿੱਲ ਨੇ ਇਸ ਦਮਨਕਾਰੀ ਨੀਤੀ ਨੂੰ ਅਮਲੀ ਰੂਪ ਦਿੱਤਾ। ਭਾਰਤੀ ਕਾਨੂੰਨ ਦੇ ਸਮਰਥਕਾਂ ਲਈ ਇਹ ਗੱਲ ਕਦੇ ਮਾਅਨਾ ਨਹੀਂ ਰੱਖਦੀ ਕਿ ਉਨ੍ਹਾਂ ਦੇ ਕਾਨੂੰਨ ਕਿੰਨੇ ਜਾਇਜ਼ ਜਾਂ ਨਿਆਂਕਾਰੀ ਹਨ। ਉਨ੍ਹਾਂ ਲਈ ਕਾਨੂੰਨ ਜੋ ਵੀ ਹੈ, ਉਸ ਦਾ ਰਾਜ ਹੈ। ਕਾਨੂੰਨ ਦੇ ਵਿਰੋਧ ਵਿਚ ਖੜ੍ਹਨ ਵਾਲੇ ਕਿੰਨੇ ਵੀ ਸਹੀ ਹੋਣ, ਉਨ੍ਹਾਂ ਨੂੰ ਕੁੱਟਣਾ, ਮਾਰਨਾ ਤੇ ਜ਼ਲੀਲ ਕਰਨਾ ਰਾਜ ਦਾ ਹੱਕ ਹੈ। ਦੂਜੀ ਗੱਲ, ਅਸਲ ਵਿਚ ਗਿੱਲ ਭਾਰਤੀ ਕਾਨੂੰਨ ਦੀ ਰਾਖੀ ਵੀ ਨਹੀਂ ਸੀ ਕਰਦਾ, ਉਹ ਤਾਂ ਕਾਨੂੰਨ ਦੇ ਰਾਜ ਦੀਆਂ ਧੱਜੀਆਂ ਉਡਾਉਂਦਾ ਸੀ। ਇਹ ਕੇਹਾ ਕਾਨੂੰਨ ਹੈ, ਜਿਸ ਦੀ ਪੈਰਵੀ ਯਕੀਨੀ ਬਣਾਉਣ ਲਈ ਅੰਨੀ ਹਿੰਸਾ ਦੀ ਵਰਤੋਂ ਜ਼ਰੂਰੀ ਹੈ? ਸੁਆਲ ਹੈ ਕਿ ਕਾਨੂੰਨ ਇਨਸਾਨਾਂ ਲਈ ਹੁੰਦਾ ਹੈ ਜਾਂ ਇਨਸਾਨ ਕਾਨੂੰਨ ਦਾ ਸ਼ਿਕਾਰ ਬਣਨ ਲਈ ਹੁੰਦੇ ਹਨ? ਜੁਆਬ ਹੈ, ਭਾਰਤੀ ਕਾਨੂੰਨ ਬਹੁਗਿਣਤੀ ਹਿੰਦੂ ਇਨਸਾਨਾਂ ਦੀ ਰਾਖੀ ਲਈ ਹਨ ਤੇ ਸਿੱਖਾਂ ਵਰਗੀਆਂ ਘੱਟਗਿਣਤੀਆਂ ਨੂੰ ਸ਼ਿਕਾਰ ਬਣਾਉਣ ਲਈ।

ਭਾਰਤੀ ਹਕੂਮਤ ਨੇ ਗਿੱਲ ਵਰਗੇ ਆਪਣੇ ਕਾਨੂੰਨ ਦੇ ਰਖਵਾਲੇ ਦੇ ਇਸ ਲਾਕਾਨੂੰਨੀ ਰਵੱਈਏ ਨੂੰ ਮੂਕ ਸਹਿਮਤੀ ਦਿੱਤੀ ਹੀ ਸੀ ਪਰ ਹਿੰਦੂ ਬਹੁਗਿਣਤੀ ਗਿੱਲ ਦੀ ਬੇਮੁਹਾਰੀ ਹਿੰਸਾ ਨੂੰ ਚੁੱਪ ਸਮਰਥਨ ਦੇਣ ਤੱਕ ਸੀਮਤ ਨਹੀਂ ਸੀ, ਉਹ ਨੈਤਿਕਤਾ ਦੀਆਂ ਸਭ ਕਦਰਾਂ-ਕੀਮਤਾਂ ਛਿੱਕੇ ਟੰਗ, ਸਿੱਖਾਂ ਦੀ ਨਸਲਕੁਸ਼ੀ ਦੇ ਜਸ਼ਨ ਮਨਾ-ਮਨਾ, ਕੂਕ-ਕੂਕ ਕੇ ਗਿੱਲ ਨੂੰ ਸਿਰ 'ਤੇ ਚੁੱਕ ਰਹੇ ਸਨ। ਖਬਰਾਂ ਅਤੇ ਮਨਪ੍ਰਚਾਵੇ ਦੇ ਕਾਰੋਬਾਰਾਂ ਦੇ ਨਾਲ-ਨਾਲ ਮੌਤ ਦੇ ਇਸ ਤਾਂਡਵ ਨਾਚ ਨੂੰ ਕਰੋੜਾਂ ਆਮ ਲੋਕਾਂ ਦੀ ਇਸ ਕਿਸਮ ਦੀ ਖੁੱਲ੍ਹੀ ਪ੍ਰਵਾਨਗੀ ਇਸ ਗੱਲ ਦੀ ਗਵਾਹੀ ਹੈ ਕਿ ਹਿੰਦੂ ਬਹੁਗਿਣਤੀ ਦੇ ਮਾਮਲੇ ਵਿਚ ਇਨਸਾਨੀ ਨੈਤਿਕਤਾ ਅਸਲੋਂ ਨੀਵੀਂ ਲਹਿ ਚੁਕੀ ਸੀ। ਨਵੰਬਰ ਚੁਰਾਸੀ ਵਿਚ ਸਿੱਖਾਂ ਦੀ ਨਸਲਕੁਸ਼ੀ ਦੌਰਾਨ ਹਿੰਦੂ ਜਨਤਾ ਨੇ ਆਪਣੇ ਅੰਦਰਲੀ ਹਿੰਸਾ ਨੂੰ ਬੇਝਿਜਕ ਬਾਹਰ ਆਉਣ ਦਿੱਤਾ। ਉਸ ਹਿੰਸਾ ਦੀ ਭਿਆਨਕਤਾ ਦੀ ਕੋਈ ਹੱਦ ਨਹੀਂ ਸੀ। ਆਪਣੇ ਅੰਦਰ ਇਸ ਕਿਸਮ ਦੀ ਖੂੰਖਾਰ ਹਿੰਸਾ ਸਮੋਈ ਬੈਠੀ ਜਨਤਾ ਕੇ. ਪੀ. ਐਸ. ਗਿੱਲ ਨੂੰ ਕਾਨੂੰਨ ਤੇ ਨੈਤਿਕਤਾ ਦੀ ਹਰ ਹੱਦ ਉਲੰਘਣ ਲਈ ਚਿਤਾਵਨੀ ਭਰੀ ਹੱਲਾਸ਼ੇਰੀ ਦੇ ਰਹੀ ਸੀ। ਗਿੱਲ ਵਰਗੇ ਬੰਦੇ ਸਮਝਦੇ ਸਨ ਕਿ ਉਹ ਕੀਹਦੇ ਨੌਕਰ ਸਨ! ਉਨ੍ਹਾਂ ਨੂੰ ਪਤਾ ਸੀ ਕਿ ਆਪਣੇ ਆਕਾਵਾਂ ਨੂੰ ਚੰਗੀ ਤਰ੍ਹਾਂ ਖੁਸ਼ ਨਾ ਕਰਨ ਦਾ ਕੀ ਸਿੱਟਾ ਨਿੱਕਲਣਾ ਸੀ। ਸੱਤਾ ਦੇ ਇਹ ਏਲਚੀ ਨਿਰੰਤਰ ਦਬਾਅ ਹੇਠ ਵਿਚਰਦੇ ਸਨ। ਇਸ ਲਈ ਗਿੱਲ ਨੇ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੱਧ ਜ਼ਾਲਮ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਸ ਸਾਰੇ ਅਮਲ ਦੌਰਾਨ, ਖੁਦ ਗਿੱਲ ਲਈ ਜਾਂ ਉਸ ਦੇ ਮਾਲਕ ਹਿੰਦੂ ਹੁਕਮਰਾਨਾਂ ਲਈ, ਉਸ ਦੀ ਔਕਾਤ ਹਲਕਾਏ ਪਾਲਤੂ ਜਾਨਵਰ ਤੋਂ ਵੱਧ ਨਹੀਂ ਸੀ।



ਕੇ. ਪੀ. ਐਸ. ਗਿੱਲ ਹੇਠਾਂ ਕੰਮ ਕਰ ਚੁਕੇ ਇੱਕ ਹੋਰ ਪੁਲਿਸ ਅਫਸਰ ਸਰਬਦੀਪ ਸਿੰਘ ਵਿਰਕ ਨੇ ਗਿੱਲ ਦੀ ਮੌਤ ਪਿਛੋਂ ਆਪਣੇ ਲੇਖ ਵਿਚ ਇਸ ਗੱਲ 'ਤੇ ਸਹੀ ਪਾਈ ਹੈ। ਵਿਰਕ ਮੁਤਾਬਕ, ਕੇ. ਪੀ. ਐਸ. ਗਿੱਲ ਇਸ ਗੱਲੋਂ ਦੁਖੀ ਸੀ ਕਿ ਜਿਨ੍ਹਾਂ ਨੇ ਗਿੱਲ ਦੀ ਲਿਆਂਦੀ ਸ਼ਾਂਤੀ ਦਾ ਸਭ ਤੋਂ ਵੱਧ ਲਾਹਾ ਲਿਆ, ਉਹੀ ਉਸ ਦੇ ਸਭ ਤੋਂ ਵੱਡੇ ਆਲੋਚਕ ਬਣੇ ਰਹੇ। ਸਪੱਸ਼ਟ ਹੈ ਕਿ ਵਿਰਕ ਆਪਣਾ ਤੇ ਗਿੱਲ ਦਾ ਸਾਂਝਾ ਦੁੱਖ ਰੋ ਰਿਹਾ ਸੀ। ਹੈਰਾਨੀ ਦੀ ਗੱਲ ਹੈ, ਲੋਕ ਇਸ ਕਦਰ ਅੰਨੇ ਵੀ ਹੋ ਸਕਦੇ ਹਨ! ਇਨ੍ਹਾਂ ਨੂੰ ਇਹ ਹੀ ਨਹੀਂ ਦਿਸਦਾ ਕਿ ਜਿਸ ਕੌਮ ਨੇ ਸਿੱਖਾਂ ਦੀਆਂ ਕੁਰਬਾਨੀਆਂ, ਜੋ ਪੂਰੇ ਮਨੁੱਖੀ ਇਤਿਹਾਸ ਵਿਚ ਲਾਮਿਸਾਲ ਹਨ, ਚੇਤੇ ਨਹੀਂ ਰੱਖੀਆਂ, ਉਹ ਗਿੱਲ ਤੇ ਵਿਰਕ ਵਰਗੇ ਪਾਲਤੂਆਂ ਨੂੰ ਕੀ ਸਮਝਦੀ ਹੈ?

ਗਿੱਲ ਦੀ ਮੌਤ ਪਿਛੋਂ ਹਿੰਦੂ ਬਹੁਗਿਣਤੀ ਉਸ ਨੂੰ ਵਡਿਆ ਰਹੀ ਹੈ। ਹਿੰਸਾ ਦੀ ਇਹ ਪੁਸ਼ਤਪਨਾਹੀ ਇਸ ਗੱਲ ਦਾ ਸਬੂਤ ਹੈ ਕਿ ਸਿੱਖਾਂ ਜਾਂ ਹੋਰ ਘੱਟਗਿਣਤੀ ਕੌਮਾਂ ਦੀਆਂ ਨਸਲਕੁਸ਼ੀਆਂ ਇਤਿਹਾਸ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਨਹੀਂ ਸਨ, ਜਿਨ੍ਹਾਂ ਦਾ ਉਨ੍ਹਾਂ ਦੇ ਖਾਸ ਪ੍ਰਸੰਗ ਵਿਚ ਕੋਈ ਤਰਕ ਬਣਾਇਆ ਜਾ ਸਕੇ। ਇਹ ਹਿੰਦੂ ਬਹੁਗਿਣਤੀ ਅੰਦਰ ਜੁਗਾਂ ਤੋਂ ਪਨਪਦੀ ਆ ਰਹੀ ਹਿੰਸਾ ਸੀ ਜਿਸ ਨੇ ਆਪਣੇ ਪ੍ਰਗਟਾਓ ਲਈ ਮੌਕੇ ਪੈਦਾ ਕਰ ਲਏ। ਸੰਨ ਚੁਰਾਸੀ ਤੋਂ ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਇਹ ਅਮਲ ਕਦੇ ਬੰਦ ਨਹੀਂ ਹੋਇਆ।


ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਹਿੰਦੂਤਵੀ ਸੰਗਠਨਾਂ ਦੀਆਂ ਕਾਰਵਾਈਆਂ ਤੋਂ ਸਪੱਸ਼ਟ ਹੈ ਕਿ ਉਹ ਕਿਸੇ ਜ਼ਿਆਦਾ ਭਿਆਨਕ ਨਸਲਕੁਸ਼ੀ ਦੇ ਮਨਸੂਬੇ ਪੂਰੇ ਕਰਨ ਵੱਲ ਵਧ ਰਹੇ ਹਨ। ਇਨ੍ਹਾਂ ਮਨਸੂਬਿਆਂ ਦੀ ਪੂਰਤੀ ਲਈ ਗਿੱਲ ਵਰਗਿਆਂ ਦੇ ਬੁੱਤ ਬਣਾ-ਬਣਾ ਉਨ੍ਹਾਂ ਤੇ ਫੁੱਲ ਚੜ੍ਹਾਏ ਜਾ ਰਹੇ ਹਨ।

ਗਿੱਲ ਦੇ ਹਿੰਦੂ ਮਨਾਂ ਵਿਚ ਖੜ੍ਹੇ ਕੀਤੇ ਬੁੱਤ ਨੂੰ ਸਮਝਣ ਦੀ ਲੋੜ ਹੈ। ਗਿੱਲ ਦਾੜ੍ਹੀ ਤੇ ਦਸਤਾਰ ਵਾਲਾ ਸਿੱਖ ਸੀ, ਜਿਸ ਨੂੰ ਦਾੜ੍ਹੀ ਤੇ ਦਸਤਾਰ, ਦੋਹਾਂ ਦੀ ਕੋਈ ਸ਼ਰਮ ਨਹੀਂ ਸੀ। ਹਿੰਦੂ ਸਥਾਪਤੀ ਨੂੰ ਐਨ ਇਸੇ ਤਰ੍ਹਾਂ ਦੇ ਕਿਰਦਾਰ ਦੀ ਲੋੜ ਸੀ। ਅਜਿਹਾ ਕਿਰਦਾਰ ਹਿੰਦੂ ਕਾਨੂੰਨ ਦੀ ਅਜਾਰੇਦਾਰੀ ਨੂੰ ਵਾਜਬ ਠਹਿਰਾਉਣ ਲਈ ਲੋੜੀਂਦਾ ਸੀ। ਭਾਰਤੀ ਖੁਫੀਆ ਏਜੰਸੀਆਂ ਨੇ ਸਿੱਖਾਂ ਦੀ ਆਜ਼ਾਦੀ ਦੀ ਲਹਿਰ ਨੂੰ ਖਤਮ ਕਰਨ ਲਈ ਵਿਉਂਤਬੰਦੀ ਕੀਤੀ ਜਿਸ ਵਿਚ ਗਿੱਲ ਦੀ ਕੋਈ ਖਾਸ ਭੂਮਿਕਾ ਨਹੀਂ ਸੀ। ਖੁਫੀਆ ਏਜੰਸੀਆਂ ਦੇ ਮਨਸੂਬੇ ਸਿਰੇ ਚਾੜ੍ਹਨ ਲਈ ਭਾਰਤੀ ਹਕੂਮਤ ਨੇ ਓ. ਪੀ. ਸ਼ਰਮਾ ਤੇ ਉਸ ਦੇ ਖਾਸ ਮਾਤਹਿਤਾਂ ਦੀ ਟੀਮ ਚੁਣੀ। ਇਨ੍ਹਾਂ ਅਸਲ ਖਿਡਾਰੀਆਂ ਦੀ ਹਿਫਾਜ਼ਤ ਲਈ, ਤੇ ਸਿੱਖਾਂ ਦੀ ਨਸਲਕੁਸ਼ੀ ਲਈ ਸਿੱਖ ਚਿਹਰਾ ਵਰਤਣ ਦੇ ਮਕਸਦ ਨਾਲ ਕੇ. ਪੀ. ਐਸ. ਗਿੱਲ ਨੂੰ ਮੂਹਰੇ ਲਾਇਆ ਗਿਆ। ਗਿੱਲ ਨਿੱਘਰਿਆ ਹੋਇਆ ਬਦਮਾਸ਼ ਬੰਦਾ ਸੀ, ਜੋ ਹਾਕਮਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਸੀ। ਭਾਰਤੀ ਹਕੂਮਤ ਨੇ ਗਿੱਲ ਨੂੰ ਆਪਣੇ ਮਕਸਦ ਲਈ ਵਰਤਿਆ ਤੇ ਪ੍ਰਚਾਰਿਆ ਕਿ ਗਿੱਲ ਨੇ ਖਾਲਿਸਤਾਨ ਦੀ ਲਹਿਰ ਨੂੰ ਖਤਮ ਕਰਕੇ ਭਾਰਤਵਰਸ਼ ਦੀ ਵੱਡੀ ਸੇਵਾ ਕੀਤੀ। ਗਿੱਲ ਦੀ ਇਹ ਅਖੌਤੀ ਪ੍ਰਾਪਤੀ ਅਸਲ ਵਿਚ ਨੀਤੀਗਤ ਝੂਠ ਸੀ। ਕੇ. ਪੀ. ਐਸ. ਗਿੱਲ ਦੀ ਅਸਲ ਵਿਚ ਕੋਈ ਔਕਾਤ ਨਹੀਂ ਸੀ। ਉਹ ਬੁਨਿਆਦੀ ਸਲੀਕੇ ਤੋਂ ਸੱਖਣਾ ਬੀਬੀਆਂ ਨਾਲ ਬਦਸਲੂਕੀ ਕਰਨ ਵਾਲਾ ਬਦਮਾਸ਼ ਕਿਸਮ ਦਾ ਬੰਦਾ ਸੀ। ਹਿੰਦੂ ਸਥਾਪਤੀ ਨੇ ਪਹਿਲਾਂ ਇੱਕ ਬਦਮਾਸ਼ ਪਾਲਿਆ ਤੇ ਫਿਰ ਉਸ ਬਦਮਾਸ਼ ਦੀ ਪੁਸ਼ਤਪਨਾਹੀ ਲਈ ਇਤਿਹਾਸਕ ਅਹਿਮੀਅਤ ਵਾਲਾ ਝੂਠ ਸਿਰਜਿਆ।

ਕੇ. ਪੀ. ਐਸ. ਗਿੱਲ ਨੇ ਹਿੰਦੂ ਰਾਸ਼ਟਰਵਾਦ ਦੀ ਰਾਖੀ ਕਰਨ ਵਾਲਾ ਬਦਮਾਸ਼ ਬਣਨਾ ਮਨਜ਼ੂਰ ਕੀਤਾ। 1992 ਵਿਚ ਉਹ ਅਜਿਹੇ ਹੀ ਇੱਕ ਹੋਰ ਅਨਸਰ ਬੇਅੰਤ ਸਿੰਘ ਦੀ ਅਗਵਾਈ ਹੇਠ ਕੰਮ ਕਰ ਰਿਹਾ ਸੀ। ਜਿਸ ਸਰਕਾਰ ਨੇ ਦਾਅਵਾ ਕੀਤਾ ਕਿ ਉਸ ਨੇ ਸਾਰੇ ਦੇ ਸਾਰੇ ਖਾਲਿਸਤਾਨੀ ਜੁਝਾਰੂ ਮਾਰ ਮੁਕਾਏ ਹਨ ਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਚੱਲ ਰਹੀ ਲਹਿਰ ਖਤਮ ਕਰ ਦਿੱਤੀ ਹੈ, ਉਸ ਦੀ ਅਗਵਾਈ ਅਸਲ ਵਿਚ ਬੇਅੰਤ ਸਿੰਘ ਕਰ ਰਿਹਾ ਸੀ। 31 ਅਗਸਤ 1995 ਨੂੰ ਖਾਲਿਸਤਾਨੀ ਜੁਝਾਰੂਆਂ ਨੇ ਕੇ. ਪੀ. ਐਸ. ਗਿੱਲ ਦੇ ਸਿਰ 'ਤੇ ਬੈਠੇ ਦਿੱਲੀ ਦੇ ਸੂਬੇਦਾਰ ਬੇਅੰਤ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੰਦੂਕ ਦਾ ਘੋੜਾ ਨੱਪਣ ਵਾਲਾ ਬੇਅੰਤ ਸਿੰਘ ਦਾ ਹੱਥ ਮਿੱਟੀ ਵਿਚ ਮਿਲ ਗਿਆ। ਹਿੰਦੂ ਸਥਾਪਤੀ ਦੀ ਜਰਜਰੀ ਬੰਦੂਕ, ਕੇ. ਪੀ. ਐਸ. ਗਿੱਲ ਦੇ ਰੂਪ ਵਿਚ, ਬਦੀ ਦੇ ਸਬੂਤ ਵਜੋਂ ਬਚੀ ਰਹਿ ਗਈ। ਕੇ. ਪੀ. ਐਸ. ਗਿੱਲ ਦੇ ਇਤਿਹਾਸਕ ਪ੍ਰਾਪਤੀ ਦੇ ਦਮਗਜੇ ਇੱਕ ਝਟਕੇ ਨਾਲ ਕੱਖੋਂ ਹੌਲੇ ਹੋ ਗਏ। ਗਿੱਲ ਨੂੰ ਰਹਿੰਦੀ ਜ਼ਿੰਦਗੀ ਆਪਣੇ ਇੱਕੋ-ਇੱਕ ਦਾਅਵੇ ਦੀ ਅਸਲੀਅਤ ਦੀ ਨਮੋਸ਼ੀ ਵਿਚ ਗੁਜ਼ਾਰਨੀ ਪਈ। ਸੁਨੇਹਾ ਸਪੱਸ਼ਟ ਸੀ ਕਿ ਸੱਤਾ ਕਿਸੇ ਧਿਰ 'ਤੇ ਵਕਤੀ ਤੌਰ 'ਤੇ ਹਾਵੀ ਹੋ ਸਕਦੀ ਹੈ, ਪਰ ਆਜ਼ਾਦੀ ਦੀ ਚਿਣਗ ਦਮਨ ਨਾਲ ਖਤਮ ਨਹੀਂ ਕੀਤੀ ਜਾ ਸਕਦੀ।

ਗਿੱਲ ਦੀ ਮੌਤ ਨਾਲ ਇਨਸਾਨੀਅਤ ਦੇ ਨਿਘਾਰ ਦਾ ਇੱਕ ਨੁਮਾਇੰਦਾ ਖੇਹ ਵਿਚ ਰਲ ਗਿਆ ਹੈ। ਇਹ ਆਪਣੇ-ਆਪ ਵਿਚ ਸੰਤੋਖ ਵਾਲੀ ਗੱਲ ਹੈ, ਪਰ ਜਿਸ ਨਿਰਲੱਜਤਾ ਨਾਲ ਹਿੰਦੂਤਵੀ ਨਸਲਪ੍ਰਸਤ ਗਿੱਲ ਦੀ ਖੇਹ ਨੂੰ ਆਪਣੇ ਮੂੰਹ-ਸਿਰ 'ਤੇ ਮਲ ਕੇ ਆਪਣੀ ਹਸਤੀ ਦਾ ਨੁਮਾਇੰਦਾ ਬਿੰਬ ਬਣਾ ਰਹੇ ਹਨ, ਉਸ ਤੋਂ ਜਾਹਰ ਹੈ ਕਿ ਇਨਸਾਨੀਅਤ ਨੂੰ ਚੁਣੌਤੀਆਂ ਖਤਮ ਹੋਣ ਦੇ ਨੇੜੇ ਨਹੀਂ ਹਨ। ਹਿੰਦੂਤਵੀ ਧਿਰਾਂ ਵਿਚ ਘੁਲਦੀ ਵਿਹੁ ਨੂੰ ਇਸ ਦੇ ਸਹੀ ਰੂਪ ਵਿਚ ਵੇਖਣਾ 'ਤੇ ਬਿਆਨ ਕਰਨਾ ਜ਼ਰੂਰੀ ਹੈ।

ਸਿਆਸੀ ਪੱਖੋਂ ਦਰੁਸਤ ਭਾਸ਼ਾ ਅਜਿਹੇ ਗੰਭੀਰ ਖਤਰੇ ਨੂੰ ਬਿਆਨ ਕਰਨ ਲਈ ਕਾਫੀ ਨਹੀਂ। ਇਹ ਮਾਮਲਾ ਕਰੋੜਾਂ ਮਾਸੂਮ ਲੋਕਾਂ ਦੀ ਸਲਾਮਤੀ ਤੇ ਪੱਤ ਨਾਲ ਸਬੰਧ ਰੱਖਦਾ ਹੈ, ਇਸ ਨੂੰ ਫਿਰਕੂ ਭਾਸ਼ਾ ਤੋਂ ਗੁਰੇਜ ਦੇ ਨਾਂ ਹੇਠ ਗੰਧਲਾ ਕਰਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਕਰੋੜਾਂ ਲੋਕਾਂ ਦੀ ਜਾਨ ਤੇ ਮਾਲ ਨੂੰ ਹਿੰਦੂਤਵੀ ਤਾਂਡਵ ਨਾਚ ਤੋਂ ਖਤਰਾ ਹੈ। ਉਹ ਅਗਾਂਹ ਨੂੰ ਵੀ ਗਿੱਲ ਵਰਗੇ ਦਰਿੰਦੇ ਪੈਦਾ ਕਰਦੇ ਰਹਿਣਗੇ ਤੇ ਆਪਣੀ ਹਿੰਸਕ ਬਿਰਤੀ ਦੀ ਤ੍ਰਿਪਤੀ ਲਈ ਉਨ੍ਹਾਂ ਨੂੰ ਨਿਵਾਜਦੇ ਰਹਿਣਗੇ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਨਾਲ ਕੇ. ਪੀ. ਐਸ. ਗਿੱਲ

## ਗਿਆਨੀ ਦਇਆ ਸਿੰਘ ਦਿਲਬਰ

*(26 ਜਨਵਰੀ ਬਰਸੀ 'ਤੇ ਵਿਸ਼ੇਸ਼)*

ਦਿਲਬਰ ਬਾਝੋਂ ਜੀ ਨਹੀਂ ਲੱਗਦਾ
ਪਿਆ ਵਿਛੋੜਾ ਦਿਲ ਘਬਰਾਏ।
ਨੈਣੋਂ ਛੱਲ ਹੰਝੂਆਂ ਦੀ ਆਏ।
ਦਿਲਬਰ ਬਾਝੋਂ ਜੀਅ ਨਹੀਂ ਲੱਗਦਾ।

ਕਿੱਥੋਂ ਭਾਲਾਂ ਬਾਪੂ ਵਰਗਾ
ਜਿਸ ਦਾ ਨਾਮ ਦਇਆ ਸਿੰਘ ਦਿਲਬਰ
ਮੈਨੂੰ ਆਖ ਅਜ਼ੀਜ਼ ਬੁਲਾਏ...।

ਵਾਰ ਜੋਸ਼ੀਲੀ ਜਦੋਂ ਗਾਂਵਦਾ
ਡੌਲੇ ਫਰਕਣ ਲਾ ਦਿੰਦਾ ਸੀ
ਠੰਡੇ ਖੂਨ ਨੂੰ ਜੋ ਗਰਮਾਏ...।

ਬੋਲੇ ਜਦੋਂ ਵੈਰਾਗ ਵਿਸ਼ੇ 'ਤੇ
ਸਭ ਨੂੰ ਭਾਵੁਕ ਕਰ ਦਿੰਦਾ ਸੀ
ਹੰਝੂ ਨਾ ਫਿਰ ਲੁੱਕਣ ਲੁਕਾਏ...।

ਜੋਸ਼ ਦਿਵਾ ਕੇ, ਨੀਰ ਬਹਾ ਕੇ
ਫੇਰ ਚੁਟਕਲਾ ਐਸਾ ਛੱਡੇ
ਫਿਰ ਹਾਸੇ ਦੀ ਛਹਿਬਰ ਲਾਏ...।

ਉਰਦੂ ਅਤੇ ਫਾਰਸੀ ਭਾਸ਼ਾ
ਉਸ ਤੋਂ ਕੋਈ ਬੋਲਣੀ ਸਿੱਖੇ
ਭੇਦ ਦੀਆਂ ਗੱਲਾਂ ਸਮਝਾਏ...।

ਖੋਜੀ ਤੇ ਵਿਦਵਾਨ ਕਵੀ ਸੀ
ਪਾਇਆ ਮਾਣ ਸ਼੍ਰੋਮਣੀ ਢਾਡੀ
ਜਿਸ ਸਨਮਾਨ ਅਨੇਕਾਂ ਪਾਏ...।

ਕਿਹੜੇ ਸ਼ਬਦਾਂ ਨਾਲ ਭੁਮੱਦੀ
ਲਿਖੇ ਦਇਆ ਸਿੰਘ ਦਿਲਬਰ ਬਾਰੇ
ਇੱਕੋ ਸੱਚੀ ਆਖ ਸੁਣਾਏ
ਦਿਲਬਰ ਬਾਝੋਂ ਜੀਅ ਨਹੀਂ ਲੱਗਦਾ।

***-ਤਰਲੋਚਨ ਸਿੰਘ ਭਮੱਦੀ (ਢਾਡੀ)***

# ਛੋਟਾ ਘੱਲੂਘਾਰਾ: ਕਾਹਨੂੰਵਾਨ

ਸਿੱਖ ਇਤਿਹਾਸ

ਉਸ ਸਮੇਂ ਦੇ ਸਿੰਘ ਜੇ ਹਿੰਮਤ ਨਾ ਕਰਦੇ ਤਾਂ ਅੱਜ ਅਸੀਂ ਕਰਮ ਦੀਨ ਤੇ ਮੁਹੰਮਦ ਅਲੀ ਹੋ ਕੇ ਮਸੀਤਾਂ ਵਿਚੋਂ ਕੁੱਤੇ ਮੋੜਦੇ।

ਗੁਰਦਾਸਪੁਰ ਦੀ ਪਵਿੱਤਰ ਧਰਤੀ ਸ਼ਹੀਦ ਸਿੰਘਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ। ਇਸ ਧਰਤੀ 'ਤੇ ਗੁਰਦਾਸ ਨੰਗਲ ਵਿਚ ਇਕ 1706 ਈਸਵੀ 'ਚ ਅਤੇ ਕਾਹਨੂੰਵਾਨ ਦੇ ਛੰਬ ਦੇ ਜੰਗਲ ਵਿਚ ਦੋ ਘੱਲੂਘਾਰੇ-ਪਹਿਲਾ 1727 ਤੇ ਦੂਜਾ 1746 ਈਸਵੀ 'ਚ ਵਾਪਰ ਚੁਕੇ ਹਨ। ਕਾਹਨੂੰਵਾਨ ਦੇ ਦੋਵੇਂ ਘੱਲੂਘਾਰੇ ਇਕ ਹਿੰਦੂ ਰਾਜੇ ਲਖਪਤ ਰਾਏ ਨੇ ਕੀਤੇ ਤੇ ਗੁਰਦਾਸ ਨੰਗਲ ਦੇ ਘੱਲੂਘਾਰੇ ਸਮੇਂ ਬਾਬਾ ਬੰਦਾ ਸਿੰਘ ਨੂੰ ਗ੍ਰਿਫਤਾਰ ਕਰਨ ਆਈ ਫੌਜ ਦੀ ਮਦਦ ਗੁਰਦਾਸਪੁਰ ਦੇ ਮਹੰਤ ਨੇ ਕੀਤੀ ਸੀ।

ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ 8 ਜੂਨ 1745 ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਲੁਹਾਈ ਸੀ। 11 ਜੂਨ ਨੂੰ ਉਸ ਦਾ ਬੇਟਾ ਬਿਜੇ ਖਾਂ

**ਨਿਰਮਲ ਸਿੰਘ ਕਾਹਲੋਂ, ਸਿਡਨੀ**
**ਫੋਨ: +0468395922**

ਸ਼ਿਕਾਰ ਖੇਡਣ ਗਿਆ, ਘੋੜੇ ਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਮਰ ਗਿਆ। 23 ਜੂਨ ਨੂੰ ਜ਼ਕਰੀਆ ਖਾਨ ਨੂੰ ਬੰਨ ਪੈ ਗਿਆ ਤੇ ਤਾਰੂ ਸਿੰਘ ਦੀ ਜੁੱਤੀ ਆਪਣੇ ਸਿਰ ਵਿਚ ਖਾਂਦਾ ਪਹਿਲੀ ਜੁਲਾਈ 1745 ਨੂੰ ਮਰ ਗਿਆ। ਖਬਰ ਸੁਣ ਕੇ ਤਾਰੂ ਸਿੰਘ ਨੇ ਵੀ ਪ੍ਰਾਣ ਤਿਆਗ ਦਿੱਤੇ। ਜ਼ਕਰੀਆ ਖਾਨ ਦੀ ਮੌਤ ਪਿਛੋਂ ਇਸ ਦਾ ਬੇਟਾ ਯਾਹੀਆ ਖਾਂ ਲਾਹੌਰ ਦਾ ਸੂਬੇਦਾਰ ਬਣ ਗਿਆ। ਮਾਰਚ 1747 ਨੂੰ ਯਾਹੀਆ ਖਾਂ ਨੂੰ ਕੈਦ ਕਰਕੇ ਸ਼ਾਹ ਨਵਾਜ਼ ਲਾਹੌਰ ਦਾ ਸੂਬੇਦਾਰ ਬਣ ਗਿਆ।

ਜ਼ਕਰੀਆ ਖਾਨ ਦੇ 4 ਬੇਟੇ ਸਨ। ਉਸ ਨੇ ਆਪਣੇ ਬੇਟੇ ਬਿਜੇ ਖਾਂ ਨੂੰ ਲਾਹੌਰ, ਇਜੇ ਖਾਂ ਨੂੰ ਜਲੰਧਰ ਅਤੇ ਯਾਹੀਆ ਖਾਂ ਨੂੰ ਮੁਲਤਾਨ ਦਾ ਹਾਕਮ ਥਾਪਿਆ ਹੋਇਆ ਸੀ। ਸ਼ਾਹ ਨਵਾਜ਼ ਦਿੱਲੀ ਦਰਬਾਰ 'ਚ ਚਾਚੇ ਕਮਰ ਦੀਨ ਕੋਲ ਰਹਿੰਦਾ ਸੀ।

**ਘੱਲੂਘਾਰੇ ਦਾ ਕਾਰਨ:** ਲਾਹੌਰ ਦੇ ਦੀਵਾਨ ਲਖਪਤ ਰਾਏ ਦਾ ਭਰਾ ਜਸਪਤ ਰਾਏ ਏਮਨਾਬਾਦ ਵਿਚ ਆਪਣੀ ਜਗੀਰ ਵਿਚ ਕਿਲੇ ਅੰਦਰ ਰਹਿੰਦਾ ਸੀ। ਉਸ ਨੇ ਕਈ ਸਿੰਘ ਲਾਹੌਰ ਦੇ ਸੂਬੇਦਾਰ ਨੂੰ ਫੜਾ ਕੇ ਇਨਾਮ ਪ੍ਰਾਪਤ ਕੀਤੇ ਸਨ। 1746 ਦੀ ਵਿਸਾਖੀ ਵਾਲੇ ਦਿਨ (ਕਈ 8 ਮਾਰਚ 1746 ਲਿਖਦੇ ਹਨ) ਏਮਨਾਬਾਦ ਗੁਰਦੁਆਰਾ ਰੋੜੀ ਸਾਹਿਬ ਵਿਚ ਸਿੰਘਾਂ ਦੇ ਨਿੱਕੇ ਨਿੱਕੇ ਦੋ ਜਥੇ ਆ ਗਏ। ਜਸਪਤ ਰਾਏ ਨੇ ਆਖ ਭੇਜਿਆ, "ਤੁਸੀ ਇਥੇ ਠਹਿਰੋਗੇ ਤਾਂ ਮੈਥੋਂ ਬੁਰਾ ਕੋਈ ਨਹੀਂ।" ਸਿੰਘਾਂ ਨੇ ਉਤਰ ਦਿੱਤਾ, "ਅੱਜ ਦੀ ਰਾਤ ਭਗਤੀ ਕਰਾਂਗੇ, ਸਵੇਰੇ ਚਲੇ ਜਾਵਾਂਗੇ, ਕਿਸੇ ਨੂੰ ਕੁਝ ਨਹੀਂ ਆਖਾਂਗੇ।"

ਫਿਰ ਸਿਪਾਹੀ ਭੇਜੇ ਗਏ ਪਰ ਸਿੰਘ ਨਾ ਉਠੇ। ਲਗਭਗ 100 ਫੌਜੀ ਲੈ ਕੇ ਆਪ ਹਾਥੀ ਉਤੇ ਚੜ੍ਹ ਕੇ ਆ ਕੇ ਸਿੰਘਾਂ ਨੂੰ ਬੁਰਾ-ਭਲਾ ਕਹਿਣ ਲੱਗ ਪਿਆ। ਕਹਿੰਦਾ, "ਤੁਹਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਏਗਾ।" ਚੜ੍ਹਤ ਸਿੰਘ ਨੇ ਉਤਰ ਦਿੱਤਾ, "ਕਰਾੜਾ! ਕਿਉਂ ਮੌਤ ਨੂੰ ਆਵਾਜ਼ਾਂ ਮਾਰਦਾ ਏਂ। ਹਿੰਦੂਆਂ ਦੀ ਰਾਖੀ ਕਰਨ ਵਾਲੇ ਸਿੰਘਾਂ ਨੂੰ ਬੁਰਾ ਭਲਾ ਬੋਲੀ ਜਾਨਾਂ?"

ਸੁਣ ਕੇ ਇਕ ਖੱਤਰੀ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ, "ਫੜ ਲਵੋ ਜੱਟ ਨੂੰ।" ਸਿਪਾਹੀ ਸਿੰਘ ਵਲ ਵਧੇ, ਸਿੰਘ ਨੇ ਕਿਰਪਾਨ ਖਿਚ ਕੇ ਪੰਜ ਸਿਪਾਹੀ ਝਟਕਾ ਦਿੱਤੇ ਅਤੇ 20 ਸਿਪਾਹੀ ਦੂਜੇ ਸਿੰਘਾਂ ਨੇ ਝਟਕਾ ਦਿੱਤੇ। ਭਾਈ ਮਨੀ ਸਿੰਘ ਸ਼ਹੀਦ ਦੇ ਭਤੀਜੇ ਅਘੜ ਸਿੰਘ ਨੇ ਬਰਛਾ ਮਾਰ ਕੇ ਜਸਪਤ ਨੂੰ ਜਮੀਨ ਉਤੇ ਸੁੱਟ ਦਿੱਤਾ। ਚੜ੍ਹਤ ਸਿੰਘ ਨੇ ਆਖਿਆ, "ਖਾਲਸਾ ਜੀ, ਧੌਲੇ ਕਿਹੜੀ ਰੁੱਤੇ ਬੀਜੀਦੇ ਨੇ। ਜੋ ਹੋਣਾ ਸੀ ਹੋ ਗਿਆ, ਹੁਣ ਕੰਮ ਸਾਫ ਕਰੋ।" ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡਿਆ, ਫੌਜ ਦੌੜ ਗਈ। ਸਿੰਘ ਤੇ ਲੋਕ ਵੀ ਸ਼ਹਿਰ 'ਚ ਲੁੱਟ ਮਾਰ ਕਰਨ ਜਾ ਵੜੇ।

ਆਪਣੇ ਭਰਾ ਦੀ ਮੌਤ ਦੀ ਖਬਰ ਸੁਣ ਕੇ ਲਖਪਤ ਰਾਏ ਸੂਬੇਦਾਰ ਯਾਹੀਆ ਖਾਂ ਪਾਸ ਜਾ ਕੇ ਰੋਇਆ ਅਤੇ ਆਪਣੀ ਪੱਗ ਜਮੀਨ ਉਤੇ ਸੁਟ ਕੇ ਬੋਲਿਆ, "ਮੇਰੀ ਪੱਗ ਬੰਨਾਓਗੇ ਤਾਂ ਬੰਨਾਂਗਾ, ਪਰ ਸਿੰਘਾਂ ਦਾ ਖੁਰਾ ਖੋਜ ਮਿਟਾ ਕੇ ਹੀ ਬੰਨਾਂਗਾ।" ਯਾਹੀਆ ਖਾਂ ਨੇ ਆਖਿਆ, "ਮੈਂ ਤਾਂ ਇਸ ਖਾਤਰ ਸੁਖਣਾ ਸੁਖਦਾ ਹਾਂ, ਜੋ ਚਾਹੀਦਾ ਹੈ, ਲੈ ਲਵੋ।"

ਪਹਿਲੇ ਦਿਨ ਲਖਪਤ ਰਾਏ ਨੇ ਲਾਹੌਰ ਦੇ ਸਿੰਘਾਂ ਨੂੰ ਕਤਲ ਕਰਵਾਇਆ। ਦੂਜੇ ਦਿਨ ਦੀਵਾਨ ਕੌੜਾ ਮਲ, ਰਾਏ ਸੂਰਤ ਸਿੰਘ, ਲੱਛੀ ਰਾਮ, ਚੌਧਰੀ ਜਵਾਹਰ ਮਲ ਅਤੇ ਪੰਡਿਤ ਸੂਰਤ ਰਾਮ ਆਦਿ ਨੇ ਲਖਪਤ ਰਾਏ ਕੋਲ ਜਾ ਕੇ ਆਖਿਆ, "ਜੋ ਹੋਣਾ ਸੀ ਹੋ ਗਿਆ, ਨਿਰਦੋਸ਼ੇ ਸਿੰਘਾਂ ਉਤੇ ਜ਼ੁਲਮ ਨਾ ਕਰੋ, ਸਿੰਘ ਵੀ ਆਪਣੇ ਹੀ ਭਾਈ ਅਤੇ ਹਿੰਦੂ ਧਰਮ ਦੇ ਰਾਖੇ ਹਨ। ਜੇ ਇਹ ਹਿੰਮਤ ਨਾ ਕਰਦੇ, ਤਾਂ ਅੱਜ ਅਸਾਂ ਕਰਮ ਦੀਨ ਤੇ ਮੁਹੰਮਦ ਅਲੀ ਹੋ ਕੇ ਮਸੀਤਾਂ ਵਿਚ ਕੁੱਤੇ ਮੋੜਦੇ ਹੁੰਦੇ।"

ਬਥੇਰਾ ਸਮਝਾਇਆ, ਪਰ ਉਹ ਪਾਪੀ ਨਾ ਮੰਨਿਆ। ਐਸੀ ਮੂਰਖ ਮੱਤ ਕੀਤੀ, ਗੁਰਬਾਣੀ ਦੀਆਂ ਪੋਥੀਆਂ ਲੱਭ ਲੱਭ ਸਾੜ ਦਿੱਤੀਆਂ, ਕਈ ਗੁਰਦੁਆਰੇ ਵੀ ਸਾੜ ਦਿੱਤੇ। ਢੰਡੋਰਾ ਫੇਰ ਦਿੱਤਾ, "ਕੋਈ ਗੁਰੂ ਦਾ ਸਿੱਖ ਸਦਵਾਏਗਾ ਜਾਂ ਸਿੰਘਾਂ ਨੂੰ ਸ਼ਰਨ ਦੇਵੇਗਾ, ਸਜ਼ਾ ਪਾਏਗਾ। ਗੁੜ ਨੂੰ ਰੋੜੀ ਆਖੋ।" ਸਿੰਘਾਂ ਨੂੰ ਫੜਨ ਲਈ ਫੌਜ ਚਾੜ੍ਹ ਦਿੱਤੀ।

ਕਾਹਨੂੰਵਾਨ ਦਾ ਯੁੱਧ: ਖਬਰ ਸੁਣ ਕੇ ਨਵਾਬ ਕਪੂਰ ਸਿੰਘ ਨੇ ਸਾਰੇ ਜਥੇਦਾਰਾਂ ਨੂੰ ਕਾਹਨੂੰਵਾਨ ਛੰਬ ਦੇ ਜੰਗਲ ਵਿਚ ਆਪਣੇ ਜਥੇ ਸਮੇਤ ਇਕੱਤਰ ਹੋਣ ਲਈ ਸੁਨੇਹੇ ਭੇਜੇ। 15 ਜੂਨ 1746 (ਪਹਿਲੀ ਹਾੜ 1807, ਕਈ 23 ਮਈ ਲਿਖਦੇ ਹਨ) ਤੱਕ ਆਟਾ, ਦਾਣੇ ਅਤੇ ਘਾਹ ਲੈ ਕੇ ਕੋਈ 15,000 ਸਿੰਘ ਕਾਹਨੂੰਵਾਨ ਦੇ ਜੰਗਲ ਵਿਚ ਪਹੁੰਚ ਗਏ। ਲਖਪਤ ਰਾਏ ਨੇ ਵੀ ਤੋਪਾਂ ਤੇ ਬੰਦੂਕਾਂ ਨਾਲ ਲੈਸ ਹੋ ਕੇ ਵੱਡੀ ਫੌਜ ਅਤੇ ਧਾੜਵੀਆਂ ਨਾਲ ਕਾਹਨੂੰਵਾਨ ਦੇ ਜੰਗਲ ਨੂੰ ਘੇਰਾ ਪਾ ਕੇ ਗੋਲੀਆਂ ਤੇ ਗੋਲੇ ਦਾਗ ਦਿੱਤੇ। ਕਈ ਦਿਨ ਮੋਰਚੇ ਲੱਗੇ ਰਹੇ। ਦਿਨੇ ਤਾਂ ਸਿੰਘ ਫਿਰਦੇ ਰਹਿੰਦੇ ਅਤੇ ਰਾਤ ਨੂੰ ਕਈ ਥਾਂ ਫੌਜ ਉਤੇ ਹਮਲਾ ਕਰਕੇ ਕਈ ਫੌਜੀ ਮਾਰ ਕੇ ਕੱਚੀ ਪੱਕੀ ਲੈ ਆਉਂਦੇ। ਸਿੰਘਾਂ ਕੋਲ ਆਟਾ, ਦਾਣੇ ਅਤੇ ਘਾਹ ਖਤਮ ਹੋ ਗਿਆ ਅਤੇ ਬਰਸਾਤ ਦਾ ਮੌਸਮ ਵੀ ਨੇੜੇ ਆ ਰਿਹਾ ਸੀ। ਜਥੇਦਾਰਾਂ ਨੇ ਇਥੋਂ ਚਲੇ ਜਾਣਾ ਹੀ ਠੀਕ ਸਮਝ ਕੇ ਪਹਾੜ ਵੱਲ ਜਾਣ ਦਾ ਗੁਰਮਤਾ ਪਾਸ ਕਰਕੇ ਚਾਲੇ ਪਾ ਦਿੱਤੇ। ਅੱਗੇ ਅੱਗੇ ਸਿੰਘ ਤੇ ਪਿੱਛੇ ਪਿੱਛੇ ਬੇਓੜਕੀ ਫੌਜ ਲੈ ਕੇ ਲਖਪਤ ਰਾਏ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਾ ਰਿਹਾ ਸੀ। ਗੁਰਦਿਆਲ ਸਿੰਘ, ਬਹਾਦਰ ਸਿੰਘ ਅਤੇ ਕਈ ਹੋਰ ਸਿੰਘ ਵੀ ਘੋੜਿਆਂ ਸਣੇ ਦਰਿਆ ਬਿਆਸ ਵਿਚ ਡੁੱਬ ਗਏ।

ਸਰਦਾਰ ਜੱਸਾ ਸਿੰਘ ਅਤੇ ਨਵਾਬ ਕਪੂਰ ਸਿੰਘ ਨੇ ਆਖਿਆ, "ਖਾਲਸਾ ਜੀ, ਡੁੱਬ ਕੇ ਮਰਨ ਨਾਲੋਂ ਲੜ ਕੇ ਮਰਨਾ ਚੰਗਾ ਹੈ।"

ਲੜਦੇ-ਭਿੜਦੇ ਜਿਸ ਸਮੇਂ ਸਿੰਘ ਪਠਾਨਕੋਟ ਦੇ ਨੇੜੇ ਪਹੁੰਚ ਗਏ ਤਾਂ ਅੱਗੇ ਪਹਾੜੀ ਰਾਜਿਆਂ ਨੇ ਆਪਣੀਆਂ ਫੌਜਾਂ ਨਾਲ ਘਾਟ ਰੋਕੇ ਹੋਏ ਸਨ। ਇਨ੍ਹਾਂ ਇਹ ਨਾ ਸੋਚਿਆ ਕਿ ਸਿੰਘ ਤਾਂ ਹਿੰਦੂ ਧਰਮ ਦੀ ਰਾਖੀ ਲਈ ਲੜਦੇ ਹਨ। "ਡੋਗਰੇ ਮੀਤ ਕਿਸ ਕੇ, ਭਾਤ ਖਾਈ ਔਰ ਖਿਸਕੇ।"

ਹਾੜ ਦੀ ਧੁੱਪ, ਦੂਜੇ ਭੁੱਖ ਅਤੇ ਪਿਆਸ-ਇਕ ਪਾਸੇ ਦਰਿਆ ਬਿਆਸ, ਅੱਗੇ ਪਹਾੜੀ ਫੌਜਾਂ, ਪਿਛੇ ਸੂਬੇ ਦੀਆਂ ਫੌਜਾਂ। ਸਿੰਘਾਂ ਉਤੇ ਬੜੀ ਬਿਪਤਾ ਦਾ ਸਮਾਂ ਸੀ। ਅੱਲਾ ਹੂ ਅਤੇ ਜੈ ਮਾਤਾ ਦੇ ਨਾਅਰੇ ਲੱਗ ਰਹੇ ਸਨ। ਇਸ ਲੜਾਈ ਵਿਚ ਜਸਪਤ ਦਾ ਬੇਟਾ ਹਰਭਜ ਰਾਏ, ਬਿਜੇ ਖਾਂ ਦਾ ਬੇਟਾ ਨਾਹਰ ਖਾਂ, ਫੌਜਦਾਰ ਸੈਫ ਅਲੀ ਖਾਂ ਅਤੇ ਕਈ ਫੌਜਦਾਰ ਵੀ ਮਾਰੇ ਗਏ। ਤਿੰਨ ਪਹਿਰ ਬੜੇ ਘਮਸਾਣ ਦਾ ਯੁਧ ਹੋਇਆ। 3-4 ਕੋਹ ਵਿਚ ਫੌਜ ਨੂੰ ਚੀਰ ਕੇ ਸਿੰਘ ਇਕ ਪਾਸੇ ਨਿਕਲ ਗਏ। ਲਗਭਗ 7,000 ਸਿੰਘ ਸ਼ਹੀਦ ਹੋ ਗਏ ਅਤੇ 1,000 ਤੋਂ ਵੱਧ ਕੈਦ ਹੋ ਗਏ। ਰਾਤ ਪੈ ਗਈ ਅਤੇ ਥੱਕੀ ਟੁੱਟੀ ਫੌਜ ਨੂੰ ਜਰਨੈਲਾਂ ਨੇ ਰੋਕ ਲਿਆ। ਉਥੇ ਹੀ ਖੇਤਾਂ ਵਿਚ ਫੌਜ ਸੌਂ ਗਈ ਅਤੇ 4-5 ਮੀਲ ਦੀ ਦੂਰੀ ਉਤੇ ਸਿੰਘ ਵੀ ਨਿਕਲ ਗਏ।

**ਸਿੰਘਾਂ ਦਾ ਛਾਪਾ:** ਨਵਾਬ ਕਪੂਰ ਸਿੰਘ, ਸਰਦਾਰ ਸ਼ਾਮ ਸਿੰਘ ਅਤੇ ਹੋਰ ਜਥੇਦਾਰਾਂ ਨੇ ਗੁਰਮਤਾ ਕਰਕੇ ਆਵਾਜ਼ਾ ਦਿੱਤਾ, "ਖਾਲਸਾ ਜੀ, ਵੈਰੀਆਂ ਨੂੰ ਹੱਥ ਦਿਖਾਉਣ ਦਾ ਹੁਣ ਵੇਲਾ ਹੈ, ਕਿਉਂਕਿ ਕੁਝ ਤਾਂ ਉਨ੍ਹਾਂ ਨੂੰ ਨੀਂਦ ਨੇ ਦਬੋਚਿਆ ਹੋਇਆ ਹੈ, ਕੁਝ ਤੁਸੀਂ ਜਾ ਦੱਬੋ।" ਇਹ ਗੱਲ ਖਾਲਸੇ ਨੇ ਮੰਨ ਕੇ ਵਾਗਾਂ ਫੜ ਲਈਆਂ। ਕੁੱਕੜ ਦੀ ਬਾਂਗ ਤੋਂ ਪਹਿਲਾਂ, ਸਿੰਘ ਸੁੱਤੇ ਵੈਰੀਆਂ ਉਤੇ ਜਾ ਪਏ। ਝੱਟ ਪੱਟ ਬੇਸ਼ੁਮਾਰ ਵੈਰੀਆਂ ਨੂੰ ਕੱਟ ਕੁੱਟ ਕੇ ਸ਼ਸਤਰ, ਬਸਤਰ ਅਤੇ ਚੰਗੇ ਘੋੜੇ, ਜਿੱਥੋਂ ਤਾਂਈਂ ਹੱਥ ਮਾਰਿਆ ਗਿਆ, ਮਾਰ ਕੇ ਮੁੜ ਗਏ। ਹਰਿਗੋਬਿੰਦਪੁਰ ਵੱਲ ਚਾਲੇ ਪਾ ਕੇ ਦਰਿਆ ਬਿਆਸ ਜਾ ਪਹੁੰਚੇ। ਮਲਾਹਾਂ ਨੇ ਬੇੜੀਆਂ ਖਿੱਚ ਲਈਆਂ। ਅਦੀਨਾ ਬੇਗ ਸੈਨਾ ਲੈ ਕੇ ਆ ਗਿਆ, ਪਰ ਗੁਰੂ ਦੇ ਭਰੋਸੇ ਸਿੰਘ ਦਰਿਆ ਲੰਘ ਗਏ।

**ਦੁਆਬੇ ਅਤੇ ਮਾਲਵੇ ਜਾਣਾ:** ਕਈ ਦਿਨਾਂ ਦੇ ਭੁੱਖੇ ਸਿੰਘਾਂ ਨੇ ਦੁਆਬੇ ਦੇ ਪਿੰਡਾਂ ਵਿਚੋਂ ਰਸਦ ਅਤੇ ਘਾਹ ਲੈ ਕੇ ਮੀਰ ਕੋਟ ਦੀ ਝਿੜੀ ਵਿਚ ਲੰਗਰ ਤਿਆਰ ਕੀਤਾ। ਅਜੇ ਲੰਗਰ ਛਕਿਆ ਨਹੀਂ ਸੀ, ਇਜੇ ਖਾਂ ਜੋ ਈਜਾਪੁਰ ਪਿੰਡ ਵਿਚ ਸੀ, ਫੌਜ ਲੈ ਕੇ ਆ ਗਿਆ। ਇਸ ਨੂੰ ਤਾਂ ਸਿੰਘ ਚਣੇ ਚਬਾਉਂਦੇ, ਇੰਨੇ ਨੂੰ ਅਦੀਨਾ ਬੇਗ ਵੀ ਫੌਜ ਲੈ ਕੇ ਆ ਗਿਆ। ਸਿੰਘ ਲੜਦੇ-ਭਿੜਦੇ ਅਲੀਵਾਲ ਦੇ ਪੱਤਣੋਂ ਮਾਲਵੇ ਚਲੇ ਗਏ। ਕਈ ਸਿੰਘ ਆਪਣੇ ਘਰੀਂ ਚਲੇ ਗਏ, ਕਈਆਂ ਦੀ ਮਾਲਵੇ ਦੇ ਸਿੰਘਾਂ ਨੇ ਸੇਵਾ ਕੀਤੀ।

**ਸਿੰਘਾਂ ਦਾ ਜਲੂਸ ਕੱਢਣਾ:** ਗੱਡਿਆਂ 'ਤੇ ਲੱਦ ਕੇ ਕੈਦੀ ਸਿੰਘ ਅਤੇ ਫੌਜ ਲੈ ਕੇ ਦੱਸਣ ਲਈ ਕਿ ਅਸੀਂ ਸਭ ਸਿੰਘ ਖਤਮ ਕਰ ਦਿੱਤੇ ਹਨ, ਢੋਲ ਢਮੱਕੇ ਨਾਲ ਲਖਪਤ ਰਾਏ ਲਾਹੌਰ ਦੇ ਸੂਬੇਦਾਰ ਯਾਹੀਆ ਖਾਨ ਕੋਲ ਗਿਆ। ਯਾਹੀਆ ਖਾਨ ਨੇ ਕੈਦੀ ਸਿੰਘਾਂ ਨੂੰ ਖੋਤਿਆਂ 'ਤੇ ਚਾੜ੍ਹ ਕੇ ਲਾਹੌਰ ਦੇ ਬਾਜ਼ਾਰਾਂ ਵਿਚ ਜਲੂਸ ਕੱਢਿਆ। ਨਿਖਾਸ ਚੌਂਕ 'ਚ ਲਿਜਾ ਕੇ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਇਸ ਥਾਂ ਗੁਰਦੁਆਰਾ ਸ਼ਹੀਦਗੰਜ ਹੈ।

**ਪਾਪੀ ਨੂੰ ਸਜ਼ਾ ਮਿਲੀ:** ਅਪਰੈਲ 1748 ਨੂੰ ਮੰਨੂ ਨੇ ਅਬਦਾਲੀ ਨੂੰ ਹਰਾ ਕੇ ਸਰਹਿੰਦ ਅਤੇ ਲਾਹੌਰ ਦਾ ਸੂਬੇਦਾਰ ਬਣ ਕੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾ ਲਿਆ। ਕੌੜਾ ਮੱਲ ਨੇ ਬਦਲਾ ਲੈਣ ਲਈ ਲਖਪਤ ਨੂੰ 6 ਲੱਖ ਰੁਪਏ ਜੁਰਮਾਨਾ ਕਰ ਦਿੱਤਾ। ਲਖਪਤ ਜੁਰਮਾਨਾ ਨਾ ਦੇ ਸਕਿਆ। ਕੌੜਾ ਮੱਲ ਨੇ ਲਖਪਤ ਨੂੰ ਕੈਦ ਕਰਕੇ ਸਿੰਘਾਂ ਨੂੰ ਦੇ ਦਿੱਤਾ। ਸਿੰਘਾਂ ਨੇ ਲਖਪਤ ਨੂੰ ਇਕ ਬੁਰਜ ਵਿਚ ਕੈਦ ਕਰ ਦਿੱਤਾ। ਲੋਕ ਇੱਥੇ ਪਾਖਾਨਾ ਕਰਦੇ ਸਨ। ਨਰਕ ਦਾ 6 ਮਹੀਨੇ ਕਸ਼ਟ ਭੋਗ ਕੇ ਲਖਪਤ ਰਾਏ ਮਰ ਗਿਆ।

ਕਈ ਲਿਖਦੇ ਹਨ ਕਿ ਸਿੰਘ ਜਾਨਵਰ ਮਾਰ ਕੇ ਖਾਂਦੇ ਸਨ। ਮੋਰਚੇ 3 ਮਹੀਨੇ ਲੱਗੇ ਰਹੇ ਅਤੇ ਫੌਜ ਨੇ ਜੰਗਲ ਨੂੰ ਅੱਗ ਲਾ ਦਿੱਤੀ, ਪਰ ਇਸ ਤਰ੍ਹਾਂ ਨਹੀਂ ਹੋ ਸਕਦਾ। ਕਿਉਂਕਿ ਗੋਲੀਆਂ ਦੀ ਆਵਾਜ਼ ਸੁਣ ਕੇ ਜਾਨਵਰ ਦੌੜ ਜਾਂਦੇ ਹਨ। ਸੌਣ-ਭਾਦਰੋਂ ਦੀ ਬਰਸਾਤ ਵਿਚ ਬਿਨਾ ਛੱਤ, ਗਿੱਲੇ ਬਾਲਣ ਨਾਲ ਸਿੰਘ ਕਿਸ ਤਰ੍ਹਾਂ 15,000 ਸਿੰਘਾਂ ਲਈ ਲੰਗਰ ਤਿਆਰ ਕਰ ਸਕਦੇ ਸਨ, ਕਿੱਥੇ ਰਸਦ ਰਖਦੇ ਸਨ ਅਤੇ ਨਾ ਹੀ ਬਰਸਾਤ ਵਿਚ ਜੰਗਲ ਨੂੰ ਅੱਗ ਲੱਗ ਸਕਦੀ ਹੈ?

# ਸ਼ਬਦ ਗੁਰੂ, ਪੰਥ, ਬਾਦਲ ਪਰਿਵਾਰ ਅਤੇ ਪੰਥ ਦੇ ਪ੍ਰਚਾਰਕ

ਪਿਛਲੇ ਕੁਝ ਸਮੇਂ ਤੋਂ ਸਿੱਖ ਜਗਤ ਵਿਚ ਬਾਦਲ ਪਰਿਵਾਰ ਦੇ ਚਰਚੇ ਪੂਰੇ ਜੋਰਾਂ ਸ਼ੋਰਾਂ 'ਤੇ ਹਨ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਘਰ ਬੁਲਾ ਕੇ ਝੂਠੇ ਸਿਰਸਾ ਸਾਧ ਨੂੰ ਮੁਆਫੀ ਦੇਣੀ, ਗੁਰੂ ਗ੍ਰੰਥ ਸਾਹਿਬ ਦੀ ਦੇਹ ਦੀਆਂ ਵਾਰ ਵਾਰ ਬੇ-ਅਦਬੀਆਂ ਅਤੇ ਨਿਹੱਥੀ ਸੰਗਤ 'ਤੇ ਗੋਲੀ ਚਲਾਉਣੀ-ਇਹ ਸਭ ਕਾਲੇ ਕਾਰਨਾਮੇ ਬਾਦਲ ਰਾਜ ਵਿਚ ਹੀ ਵਾਪਰਨੇ ਅਤੇ ਇਨ੍ਹਾਂ ਗੁਨਾਹਾਂ ਨੂੰ ਡੂੰਘੇ ਟੋਏ 'ਚ ਸੁੱਟ ਕੇ ਧਰਮੀ ਬਣੇ ਰਹਿਣਾ; ਇਹ ਕੋਈ ਛੋਟੇ ਗੁਨਾਹ ਨਹੀਂ ਸਨ। ਆਖਿਰ ਸਮਾਂ ਬਦਲਿਆ ਅਤੇ ਗੰਢੇ ਦੀਆਂ ਛਿਲੜਾਂ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਵਾਂਗ ਇਕ ਇਕ ਕਰਕੇ ਸਾਰੇ ਪਾਪ ਵੀ ਬਾਹਰ ਆ ਗਏ, "ਤਖਤਿ ਬਹੈ ਤਖਤੈ ਕੀ ਲਾਇਕ॥"

ਪਿਛਲੇ ਲੰਮੇ ਸਮੇਂ ਤੋਂ ਪੰਜਾਬ 'ਤੇ ਰਾਜ ਕਰਦਾ ਇਹ ਇਕੋ ਪਰਿਵਾਰ ਗੁਰਦੁਆਰਿਆਂ 'ਤੇ ਵੀ ਕਬਜਾ ਜਮਾਈ ਬੈਠਾ ਹੈ, ਯਾਨਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਨਾਲ ਹੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਮਾਲਕ ਵੀ ਇਹੋ ਪਰਿਵਾਰ ਹੀ ਹੈ। ਕੁਝ ਕੁ ਅਣਖੀਲੇ ਤੇ ਗਿਆਨਵਾਨ ਸਿੰਘਾਂ ਜਾਂ ਪਰਿਵਾਰਾਂ ਨੂੰ ਛੱਡ ਕੇ ਸਾਡੀ ਪਿੰਡਾਂ ਵਿਚ ਵੱਸਦੀ ਭੋਲੀ ਸਿੱਖ ਕੌਮ ਤਾਂ ਅਜੇ ਵੀ ਬਾਦਲ ਟੱਬਰ ਨੂੰ ਹੀ ਗੁਰੂ ਗੋਬਿੰਦ ਸਿੰਘ ਦਾ ਪੰਥ ਮੰਨ ਕੇ ਸਾਹ ਪਈ ਲੈਂਦੀ ਹੈ ਪਰ ਹੁਣ ਹਾਲਾਤ ਤੇਜੀ ਨਾਲ ਬਦਲ ਰਹੇ ਹਨ। ਦੂਜੇ ਪਾਸੇ, ਗੁਰਬਾਣੀ ਦੇ ਫੁਰਮਾਨ "ਖਸਮਹੁ ਘੁਥੀਆ ਫਿਰਹਿ ਨਿਮਾਣੀਆ॥" ਵਾਂਗ ਸਿੱਖ ਕੌਮ ਕੋਲ ਗੁਰੂ ਤੋਂ ਕੁਰਬਾਨ ਹੋਣ ਵਾਲਾ ਆਗੂ ਵੀ ਕੋਈ ਨਹੀਂ, ਜੋ ਇਸ ਟੱਬਰ ਨੂੰ ਮਾਤ ਦੇ ਕੇ ਗੁਰੂ ਘਰਾਂ ਨੂੰ ਆਜ਼ਾਦ ਕਰਵਾਏ ਅਤੇ ਕੌਮ ਨੂੰ ਸੁਚੱਜੀ ਅਗਵਾਈ ਵੀ ਦੇ ਸਕੇ। ਇਸ ਘਮਸਾਣ ਵਿਚ ਸਿੱਖ ਕੌਮ ਦੇ ਪ੍ਰਚਾਰਕ ਵੀ ਆਪੋ-ਆਪਣੀ ਬੋਲੀ ਤੇ ਲੋੜ ਮੁਤਾਬਕ ਗੁਰਬਾਣੀ ਦੀ ਵਰਤੋਂ ਕਰੀ ਜਾ ਰਹੇ ਹਨ। ਜਦ ਕੌਮ ਕੋਲ ਉਚੇ ਸੁੱਚੇ ਕਿਰਦਾਰ ਵਾਲਾ ਆਗੂ ਨਾ ਹੋਵੇ ਤਾਂ ਫਿਰ ਇਹੋ ਹੁੰਦਾ ਹੈ, ਜੋ ਹੋ ਰਿਹਾ ਹੈ।

ਅੱਜ ਸਾਡੀ ਕੌਮ ਦੇ ਨਵੀਂ ਪੀੜ੍ਹੀ ਦੇ ਕੀਰਤਨੀਏ ਸਿੰਘਾਂ ਦੇ ਚਿਹਰੇ-ਮੋਹਰੇ ਦੇਖਣ ਵਾਲੇ ਹਨ। ਬਜੁਰਗ ਅਤੇ ਅਧੇੜ ਉਮਰ ਦੇ ਕੀਰਤਨੀਏ ਸਿੰਘਾਂ ਨੂੰ ਛੱਡ ਕੇ ਸਾਈਡ 'ਤੇ ਬੈਠੇ ਜਾਂ ਤਬਲੇ 'ਤੇ ਸੰਗਤ ਕਰਦੇ (ਸਾਰੇ ਨਹੀਂ) ਕਈ ਜਵਾਨਾਂ ਦੇ ਮੂੰਹ ਮੱਥੇ ਦੇਖਣਾ, ਕਿੰਨੀ ਮਿਹਨਤ ਤੇ ਲਗਨ ਨਾਲ ਦਾਹੜੇ ਸੰਵਾਰ-ਸ਼ਿੰਗਾਰ ਕੇ ਰੱਖਦੇ ਹਨ। ਪਤਾ ਨਹੀਂ ਦਾਹੜੇ ਟ੍ਰਿਮ ਕਰਨ 'ਤੇ ਕਿੰਨੀ ਮਿਹਨਤ ਕਰਦੇ ਹਨ, ਪੁੱਛੇ ਕੌਣ? ਕਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਗਲ ਕਿਸੇ ਨੇ ਗਾਤਰੇ ਕਿਰਪਾਨ ਪਈ ਦੇਖੀ ਹੈ? ਨਾ ਜੀ ਨਾ! ਲੋੜ ਹੀ ਨਹੀਂ। ਦਾਹੜਾ ਬੰਨ ਕੇ ਪੂਰੇ ਠਾਠ ਨਾਲ ਵਿਚਰਦੇ ਹਨ।

ਸੁਣੀਂਦਾ ਤਾਂ ਇਹ ਵੀ ਹੈ ਕਿ ਸਾਰਾ ਬਾਦਲ ਪਰਿਵਾਰ ਅੰਮ੍ਰਿਤਧਾਰੀ ਹੈ ਪਰ ਬੀਬੀ ਹਰਸਿਮਰਤ ਕੌਰ ਦੇ ਗਲ ਵੀ ਕਦੇ ਕਿਰਪਾਨ ਨਹੀਂ ਵੇਖੀ। ਵੇਖੀ ਤਾਂ ਕਦੀ ਵੱਡੇ ਬਾਦਲ ਸਾਹਿਬ ਦੇ ਗਲ ਵੀ ਕੋਈ ਨਹੀਂ। ਜੇ ਮਾਲਕਾਂ ਨੂੰ ਗੁਰੂ ਦਾ ਡਰ ਭੈਅ ਕੋਈ ਨਹੀ ਤਾਂ ਨੌਕਰਾਂ ਨੂੰ ਕਾਹਦਾ? ਸਿਰ 'ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ਜਾਂ ਫਿਰ ਸਈਆਂ ਭਏ ਕੁਤਵਾਲ ਅਬ ਡਰ ਕਾਹੇ ਕਾ! ਇਹ ਗੁਰੂ ਦੇ ਕੀਰਤਨੀ ਜਥਿਆਂ ਨਾਲ ਬੈਠੇ ਮੁੰਡੇ ਮੁੱਖ ਰਾਗੀ ਸਿੰਘਾਂ ਨੂੰ ਨਜ਼ਰ ਨਹੀਂ ਆਉਂਦੇ ਜਾਂ ਉਹ ਵੀ ਉਨ੍ਹਾਂ ਦੇ ਜਥੇ ਵਿਚੋਂ ਦੌੜ ਜਾਣ ਤੋਂ ਡਰਦੇ ਹਨ?

ਕਿਥੇ ਗਈ ਰਹਿਤ ਤੇ ਕਿਥੇ ਗਈ ਮਰਿਆਦਾ? ਅਸੀਂ ਤਾਂ ਬਚਪਨ ਤੋਂ ਇਹੋ ਹੀ ਸਿਖਿਆ ਸੀ ਕਿ ਗੁਰੂ ਜ਼ਾਹਰਾ ਜ਼ਹੂਰ ਹੈ ਹਾਜਰਾ ਹਜੂਰ ਹੈ। ਹੁਣ ਵੀ ਮੰਨਦੇ ਹਾਂ ਅਤੇ ਆਖਰੀ ਸਵਾਸ ਤੀਕ ਮੰਨਾਂਗੇ, ਪਰ ਇਨ੍ਹਾਂ ਨੂੰ ਕੀ? ਦੂਜੇ ਧਰਮਾਂ ਵਾਲਿਆਂ ਨੂੰ ਅਸੀਂ ਮੰਦਾ-ਚੰਗਾ ਆਖਦੇ ਨਹੀਂ ਥੱਕਦੇ, ਪਰ ਜਿੰਨੀ ਮਨ ਮੱਤ ਅੱਜ ਗੁਰੂ ਘਰਾਂ ਵਿਚ ਚਲਦੀ ਪਈ ਹੈ, ਉਸ ਦਾ ਕੋਈ ਸਿਰਾ ਬੰਨਾ ਹੀ ਨਹੀਂ। ਸਾਡੇ ਸਤਿਗੁਰਾਂ ਨੇ ਮੂਰਤੀ ਪੂਜਾ ਦੇ ਪਖੰਡ ਤੋਂ ਬਚਣ ਲਈ ਕਿਹਾ ਸੀ ਪਰ ਅਸੀਂ ਮੂਰਤੀ ਪੂਜਾ ਤੋਂ ਬਹੁਤ ਅੱਗੇ ਨਿਕਲ ਚੁਕੇ ਹਾਂ। ਦੂਜੇ ਧਰਮਾਂ ਦੀਆਂ ਰਸਮਾਂ ਨੂੰ ਸਾਡੇ ਲੋਕ ਪਾਣੀ ਪੀ ਪੀ ਕੇ ਕੋਸਦੇ ਹਨ ਕਿ ਉਹ ਮੂਰਤੀਆਂ ਨੂੰ ਦੁਧ ਪਿਆਉਂਦੇ ਹਨ ਜਾਂ ਦੁੱਧ ਨਾਲ ਇਸ਼ਨਾਨ ਕਰਵਾਉਂਦੇ ਹਨ, ਪਰ ਹਰ ਰੋਜ਼ ਰਾਤ ਨੂੰ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਦੇ ਅੰਦਰਲਾ ਸਾਰਾ ਫਰਸ਼ ਦੁੱਧ ਨਾਲ ਧੋਤਾ ਜਾਂਦਾ ਹੈ, ਕਿਉਂ? ਕੀ ਇਹ ਸਤਿਗੁਰਾਂ ਦਾ ਹੁਕਮ ਹੈ ਜਾਂ ਸਾਡੀ ਸਿੱਖ ਰਹਿਤ ਮਰਿਆਦਾ ਦੇ ਖਰੜੇ ਵਿਚ ਇਹ ਸ਼ਾਮਿਲ ਹੈ ਕਿ ਸ਼ਬਦ ਗੁਰੂ ਦੇ ਪ੍ਰਕਾਸ਼ ਵਾਲੇ ਅਸਥਾਨ ਨੂੰ ਰੋਜ਼ ਦੁੱਧ ਨਾਲ ਧੋਣਾ ਹੈ? ਜੇ ਹੁਕਮ ਵੀ ਨਹੀਂ, ਮਰਿਆਦਾ ਵਿਚ ਵੀ ਨਹੀਂ ਤਾਂ ਕਿਉਂ ਧੋਤਾ ਜਾ ਰਿਹਾ ਹੈ?

**ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ:** ਪੰਥ ਵਲੋਂ ਹੁਕਮ ਹੈ ਕਿ ਇਸ ਪੰਥ ਪ੍ਰਵਾਨਤ ਰਹਿਤ ਮਰਿਆਦਾ ਦਾ ਖਰੜਾ ਗੁਰੂ ਘਰਾਂ ਤੋਂ ਇਲਾਵਾ ਹਰ ਸਿੱਖ ਪਰਿਵਾਰ ਦੇ ਘਰ ਹੋਵੇ ਅਤੇ ਇਸ 'ਤੇ ਅਮਲ ਵੀ ਕੀਤਾ ਜਾਵੇ।

ਅੱਗੇ ਵੇਖੋ ਸਾਡੀ ਸਿੱਖ ਰਹਿਤ ਮਰਿਆਦਾ ਕੀ ਪਈ ਆਖਦੀ ਹੈ: ਪੰਨਾ 18 'ਤੇ ਲਿਖਿਆ ਹੈ, (ੳ) ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ, (ਇਸ ਗੱਲ ਬਾਬਤ ਪੰਥ 'ਚ ਅਜੇ ਤਕ ਮਤਭੇਦ ਹੈ) ਭਾਵ ਦਿਲ ਕਰੇ ਤਾਂ ਰਾਗ ਮਾਲਾ ਪੜ੍ਹ ਲਵੋ, ਦਿਲ ਕਰੇ ਤਾਂ ਨਾ ਪੜ੍ਹੋ।

**ਗੁਰਮਤਿ ਦੀ ਰਹਿਣੀ:** ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਦੇ ਪੰਨਾ 20 'ਤੇ ਲਿਖਿਆ ਹੈ, (ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ। ਪਰ ਸਾਡੇ ਆਗੂ ਤਾਂ ਆਪ ਇਹ ਕਾਰਜ ਕਰ ਕੇ ਵੀ ਜੈਕਾਰੇ ਲਾਉਂਦੇ ਨਹੀਂ ਥੱਕਦੇ। ਇਥੇ ਹੀ ਬਸ ਨਹੀਂ।

ਕੋਈ ਦੋ ਕੁ ਮਹੀਨੇ ਪਹਿਲਾਂ ਦੀ ਗੱਲ ਹੈ, ਪੀ. ਟੀ. ਸੀ. 'ਤੇ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਤੋਂ ਸਿੱਧਾ ਕੀਰਤਨ ਆ ਰਿਹਾ ਸੀ ਕਿ ਕੀਰਤਨ ਕਰਦਿਆਂ ਜਥੇ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਇਕ ਪਉੜੀ ਦਾ ਗਾਇਨ ਕੀਤਾ,

ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਤੀ।

ਮੈਂ ਜਿਵੇਂ ਕੰਬ ਉਠੀ, ਇਹ ਦੇਖ-ਸੁਣ ਕੇ। ਸਮਝ ਹੀ ਨਾ ਆਵੇ, ਹੋ ਕੀ ਰਿਹਾ ਹੈ। ਪਿਤਾ ਪੁਰਖੀ ਗੁਰੂ ਦੀ ਸੇਵਾ ਵਿਚ ਹੋਣ ਕਰਕੇ ਅਤੇ ਬਚਪਨ ਤੋਂ ਲੈ ਕੇ ਹੁਣ ਤੀਕ ਮੈਂ ਆਪਣੇ ਜੀਵਨ ਵਿਚ ਇਸ ਪਉੜੀ ਦਾ ਕਦੀ ਕੀਰਤਨ ਨਹੀਂ ਸੁਣਿਆ ਅਤੇ ਉਹ ਵੀ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਦੇ ਪਾਵਨ ਅਸਥਾਨ ਉਤੇ!

ਇਕ ਪਾਸੇ ਰਾਗਮਾਲਾ ਦਾ ਵਿਵਾਦ, ਦੂਜੇ ਪਾਸੇ ਦਸਮ ਗ੍ਰੰਥ ਬਾਰੇ ਵਿਵਾਦ। ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬਾਂ ਦੀਆਂ ਤਰੀਕਾਂ ਦੇ ਵਿਵਾਦ। ਖੰਡੇ ਬਾਟੇ ਦੇ ਅੰਮ੍ਰਿਤ ਦੇ ਵਿਵਾਦ ਅਤੇ ਹੁਣ ਇਹ ਸੋਹਣੀ-ਮਹੀਂਵਾਲ, ਹੀਰ-ਰਾਂਝਾ, ਸੱਸੀ-ਪੁੰਨੂੰ ਤੇ ਲੈਲਾ-ਮਜਨੂ ਦੀ ਪਉੜੀ ਦਾ ਕੀਰਤਨ!

ਮੈਂ ਨਾ ਪੰਥ ਦੋਖੀ ਹਾਂ ਅਤੇ ਨਾ ਕਿਸੇ ਪਾਰਟੀ ਜਾਂ ਕੀਰਤਨੀਏ ਦੇ ਖਿਲਾਫ ਹਾਂ, ਪਰ ਇਸ ਸਿਸਟਮ ਦੇ ਜ਼ਰੂਰ ਖਿਲਾਫ ਹਾਂ। ਇਹ ਸਭ ਸੁਣ ਕੇ ਪੰਥ ਕੀ ਸੋਚਦਾ ਹੈ, ਸੰਗਤਾਂ ਕੀ ਸੋਚਦੀਆਂ ਹਨ, ਪਤਾ ਨਹੀਂ? ਪਰ ਮੇਰੇ ਤੋਂ ਸਹਿਣ ਕਰਨਾ ਮੁਸ਼ਕਿਲ ਹੋ ਰਿਹਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਦੀਆਂ ਲਿਖਤਾਂ ਪੰਥ ਪ੍ਰਵਾਨਤ ਹਨ, ਪਰ ਕੀ ਭਾਈ ਗੁਰਦਾਸ ਦੀਆਂ ਸਭ ਵਾਰਾਂ ਜਾਂ ਪਉੜੀਆਂ ਦਾ ਕੀਰਤਨ ਹੁੰਦਾ ਹੈ? ਬਿਲਕੁਲ ਨਹੀਂ, ਕੁਝ ਕੁ ਹੀ ਪ੍ਰਚਲਿਤ ਵਾਰਾਂ ਸਵੱਈਏ ਅਤੇ ਕਬਿਤ ਹੀ ਸੁਣੀਦੇ ਹਨ। ਸੋਹਣੀ-ਮਹੀਂਵਾਲ ਵਾਲੀ ਪਉੜੀ ਦਾ ਕੀਰਤਨ ਤਾਂ ਅਸੀਂ ਕਦੀ ਨਹੀਂ ਸੁਣਿਆ। ਜਦੋਂ ਲੀਡਰਸ਼ਿਪ ਹੀ ਉਹੋ ਜਿਹੀ ਹੈ ਤਾਂ ਕੀਰਤਨੀਏ ਤੇ ਪ੍ਰਚਾਰਕ ਵੀ ਮਨ ਮਰਜੀ ਕਰਨਗੇ। ਪਰ ਮੈਂ ਤਾਂ ਅਜੇ ਵੀ ਪ੍ਰੇਸ਼ਾਨ ਹਾਂ ਕਿ ਜੇ ਸੋਹਣੀ-ਮਹੀਂਵਾਲ ਜਾਂ ਹੀਰ-ਰਾਂਝੇ ਵਰਗੇ ਆਸ਼ਕਾਂ ਦੀਆਂ ਗੱਲਾਂ ਹੁਣ ਕੀਰਤਨ ਵਿਚ ਹੋਣਗੀਆਂ, ਉਹ ਵੀ ਹਰਮੰਦਿਰ ਸਾਹਿਬ 'ਚ! ਅਸੀਂ ਸਮਾਜ ਨੂੰ ਕੀ ਸਿਖਿਆ ਦੇ ਰਹੇ ਹਾਂ? ਵਾਹ! ਠੀਕ ਹੈ, ਪੰਥ ਵੀ ਤੁਹਾਡਾ ਹੈ, ਗੁਰਦੁਆਰਿਆਂ 'ਤੇ ਵੀ ਕਾਬਜ ਤੁਸੀਂ ਹੋ, ਕੀਰਤਨੀਏ ਵੀ ਤੁਹਾਡੇ ਹਨ, ਐਲਾਨ ਕਰ ਦਿਓ ਕਿ ਸੱਭਿਆਚਾਰ ਵਾਲੇ ਪਾਸੇ ਤਾਂ ਪਹਿਲਾਂ ਹੀ ਇਨ੍ਹਾਂ ਆਸ਼ਕਾਂ ਨੂੰ ਮਾਨਤਾ ਪ੍ਰਾਪਤ ਹੈ, ਹੁਣ ਧਰਮ ਵੀ ਇਨ੍ਹਾਂ ਦਾ ਸਨਮਾਨ ਕਰਿਆ ਕਰੇਗਾ।

ਕੁਝ ਦਿਨ ਪਹਿਲਾਂ ਇਕ ਪੰਜਾਬੀ ਚੈਨਲ 'ਤੇ ਕੋਈ ਭਾਈ ਸਾਹਿਬ, ਡਾ. ਮਹਿੰਦਰ ਸਿੰਘ ਚਮਕੌਰ ਗੜ੍ਹੀ ਦੇ ਸਾਕੇ ਬਾਰੇ ਬੋਲ ਰਹੇ ਸਨ, "ਜਦ ਗੜ੍ਹੀ ਛੱਡ ਕੇ ਜਾਂਦਿਆਂ ਮੈਦਾਨੇ ਜੰਗ ਵਿਚ ਅਜੀਤ-ਜੁਝਾਰ ਦੀਆਂ ਲਾਸ਼ਾਂ ਪਈਆਂ ਵੇਖੀਆਂ ਤਾਂ ਭਾਈ ਦਇਆ ਸਿੰਘ ਨੇ ਕਿਹਾ, ਸਤਿਗੂਰੂ ਇੰਨੇ ਨਿਰਮੋਹੀ ਨਾ ਹੋਵੋ, ਬੱਚਿਆਂ ਵਲ ਨਜ਼ਰ ਭਰ ਕੇ ਦੇਖੋ ਤਾਂ ਸਹੀ; ਤਾਂ ਸਤਿਗੂਰੂ ਜੀ ਬੋਲੇ, ਭਲਾ ਹੋਇਆ ਮੇਰਾ ਚਰਖਾ ਟੁਟਾ ਜਿੰਦ ਅਜਾਬੋਂ ਛੁੱਟੀ।"

ਵਾਹ ਮੇਰੀ ਕੌਮ ਦੇ ਬੁਲਾਰਿਓ, ਕੌਮ ਨੂੰ ਕੀ ਪਏ ਪਰੋਸਦੇ ਹੋ? ਕੀ ਹੋ ਗਿਆ ਏ ਤੁਹਾਨੂੰ ਅਤੇ ਤੁਸੀਂ ਕਿਸ ਪਾਸੇ ਨੂੰ ਤੁਰ ਪਏ ਹੋ? ਕਿਉਂ ਅਨਰਥ ਕਰੀ ਜਾਂਦੇ ਓ? ਇਤਿਹਾਸ ਨੂੰ ਤਮਾਸ਼ਾ ਨਾ ਬਣਾਓ, ਰੱਬ ਦੀ ਡਾਂਗ ਬੇ-ਆਵਾਜ਼ ਹੈ, ਜਦ ਵਰ੍ਹਦੀ ਹੈ ਤਾਂ ਸਭ ਖਤਮ ਕਰ ਦਿੰਦੀ ਹੈ, ਪਰ ਬਾਦਲ ਪਰਿਵਾਰ ਤਾਂ ਅਜੇ ਵੀ ਗੁਰੂ ਗ੍ਰੰਥ ਅਤੇ ਪੰਥ ਦਾ ਮਾਲਕ ਹੈ। ਫਿਰ ਲੀਡਰਾਂ, ਪ੍ਰਚਾਰਕਾਂ ਜਾਂ ਕੀਰਤਨੀਆਂ ਨੂੰ ਕੌਣ ਮੋੜ ਸਕਦਾ ਹੈ?

ਧਰਮ-ਕਰਮ

# ਗੁਰੂ ਸ਼ਬਦ ਹੈ

*ਸ੍ਰਿਸ਼ਟੀ ਦਾ ਵਿਕਾਸ ਹੌਲੀ ਹੌਲੀ ਹੋਇਆ ਹੈ। ਧਰਮਾਂ ਦੇ ਪੁਜਾਰੀਆਂ ਤੇ ਠੇਕੇਦਾਰਾਂ ਨੇ ਸ੍ਰਿਸ਼ਟੀ ਦੀ ਰਚਨਾ ਦੀ ਵਿਆਖਿਆ ਆਪੋ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਕੀਤੀ ਹੈ। ਤਰਕ ਦੇ ਆਧਾਰ 'ਤੇ ਗੱਲ ਕਰਨ ਵਾਲਿਆਂ ਨੂੰ ਹਮੇਸ਼ਾ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ ਹੈ। ਦੁਨੀਆਂ ਦੇ ਕਰੀਬ ਹਰ ਧਰਮ ਵਿਚ ਹੀ ਇਸੇ ਤਰ੍ਹਾਂ ਹੋਇਆ ਹੈ। ਪੁਜਾਰੀਆਂ ਨੇ ਲੋਕਾਂ ਨੂੰ ਹਮੇਸ਼ਾ ਕਰਮ ਕਾਂਡ ਵਿਚ ਫਸਾ ਕੇ ਰੱਖਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ, ਪਰ ਅਫਸੋਸ ਅੱਜ ਸਿੱਖਾਂ ਵਿਚ ਵੀ ਇਹ ਸਭ ਕੁਝ ਭਾਰੂ ਹੁੰਦਾ ਜਾ ਰਿਹਾ ਹੈ। ਆਪਣੇ ਇਸ ਲੇਖ ਵਿਚ ਨੰਦ ਸਿੰਘ ਬਰਾੜ ਨੇ ਕੁਝ ਗੰਭੀਰ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ*

**ਨੰਦ ਸਿੰਘ ਬਰਾੜ**
**ਫੋਨ: 916-501-3974**

ਗੁਰੂ ਤੋਂ ਕੀ ਭਾਵ ਹੈ? ਵਿਦਵਾਨਾਂ ਅਨੁਸਾਰ ਗੁਰੂ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ, ਜਿਸ ਵਿਚ ਗੁਹ ਦਾ ਭਾਵ ਹਨੇਰਾ ਅਤੇ ਰੂਅ ਦਾ ਭਾਵ ਚਾਨਣ ਹੈ। ਇਸ ਤਰ੍ਹਾਂ ਗੁਰੂ ਦਾ ਅਰਥ ਹਨੇਰੇ ਤੋਂ ਚਾਨਣ ਵੱਲ ਜਾਣਾ ਬਣਦਾ ਹੈ। ਅਸੀਂ ਜਾਣਦੇ ਹਾਂ ਕਿ ਅਗਿਆਨ ਨੂੰ ਹਨੇਰੇ ਅਤੇ ਗਿਆਨ ਨੂੰ ਚਾਨਣ ਨਾਲ ਪ੍ਰਗਟ ਕੀਤਾ ਜਾਂਦਾ ਹੈ। ਕਹਿ ਸਕਦੇ ਹਾਂ ਕਿ ਜੋ ਵੀ ਸਾਨੂੰ ਅਗਿਆਨ ਤੋਂ ਗਿਆਨ ਵੱਲ ਲਿਜਾਂਦਾ ਹੈ, ਉਹ ਹੀ ਗੁਰੂ ਹੈ। ਇਸ ਲਿਖਤ ਰਾਹੀਂ ਕਿਸੇ ਅੰਧਵਿਸ਼ਵਾਸ ਦੇ ਮਗਰ ਲੱਗਣ ਦੀ ਥਾਂ ਤਾਰਕਿਕ ਵਿਚਾਰ ਜਾਂ ਬਿਬੇਕ ਦੀ ਮਦਦ ਨਾਲ ਗੁਰੂ ਬਾਰੇ ਸਮਝਣ ਦਾ ਯਤਨ ਕੀਤਾ ਗਿਆ ਹੈ।

ਸ਼ਬਦ ਤੋਂ ਕੀ ਭਾਵ ਹੈ? ਇਹ ਸਮੁੱਚਾ ਬ੍ਰਹਿਮੰਡ ਅੱਜ ਤੋਂ ਕੋਈ ਪੌਣੇ ਚੌਦਾਂ ਬਿਲੀਅਨ ਸਾਲ ਪਹਿਲਾਂ ਹੋਂਦ ਵਿਚ ਆਇਆ ਅਤੇ ਧਰਤੀ ਉਸ ਤੋਂ ਕਰੀਬ ਅੱਠ ਬਿਲੀਅਨ ਸਾਲ ਪਿੱਛੋਂ ਬਣੀ। ਜੇ ਮਨੁੱਖ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਦੋ ਪੈਰਾਂ 'ਤੇ ਚਲਣ ਵਾਲੇ ਪ੍ਰਾਣੀ ਦੀ ਇਸ ਧਰਤੀ 'ਤੇ ਹੋਂਦ ਅੱਜ ਤੋਂ ਦਸ ਲੱਖ ਸਾਲ ਤੋਂ ਵੱਧ ਨਹੀਂ ਸੀ ਹੋਈ। ਅੱਜ ਦੇ ਮਨੁੱਖ ਦੇ ਇਹ ਵੱਡੇ ਵਡੇਰੇ ਲੱਖਾਂ ਸਾਲਾਂ ਤੱਕ ਦੂਜੇ ਪ੍ਰਾਣੀਆਂ ਵਾਂਗ ਭਾਵ ਪਸ਼ੂਆਂ ਦੀ ਜ਼ਿੰਦਗੀ ਹੀ ਜਿਉਂਦੇ ਰਹੇ, ਜਦੋਂ ਤੱਕ ਕਿ ਇਨ੍ਹਾਂ ਨੇ ਬੋਲਣ ਦੀ ਜਾਚ ਨਹੀਂ ਸਿੱਖੀ। ਬੋਲਣ ਦੀ ਜਾਚ ਨੇ ਇਨ੍ਹਾਂ ਦੇ ਜੀਵਨ ਵਿਚ ਬਹੁਤ ਤਬਦੀਲੀ ਲਿਆਂਦੀ। ਹੁਣ ਇਹ ਆਪਣੇ ਤਜ਼ਰਬੇ ਦੂਜਿਆਂ ਨੂੰ ਬੋਲ ਕੇ ਦੱਸ ਸਕਦੇ ਸਨ, ਜਿਸ ਨਾਲ ਉਹ ਇਨ੍ਹਾਂ ਤੋਂ ਸਿੱਖ ਕੇ ਤਰੱਕੀ ਕਰਦੇ ਰਹੇ। ਤਜ਼ਰਬੇ ਇਕੱਠੇ ਹੋਣ ਨਾਲ ਉਨ੍ਹਾਂ ਦੇ ਗਿਆਨ ਵਿਚ ਵਾਧਾ ਹੁੰਦਾ ਗਿਆ। ਦੂਜੇ ਪ੍ਰਾਣੀ ਕਿਸੇ ਵੀ ਤਰ੍ਹਾਂ ਦੀ ਬੋਲੀ ਵਿਕਸਿਤ ਨਾ ਕਰ ਸਕੇ। ਇੰਜ ਮਨੁੱਖ ਦੇ ਮੁਕਾਬਲੇ ਉਹ ਬਹੁਤ ਪੱਛੜ ਗਏ।

ਹੌਲੀ ਹੌਲੀ ਮਨੁੱਖ ਨੇ ਗਿਆਨ ਨਾਲ ਆਪਣੀ ਬੋਲੀ ਨੂੰ ਲਿਖਣ ਦੇ ਢੰਗ ਵੀ ਸਿੱਖ ਲਏ। ਬੋਲੀ ਲਿਖਣ ਭਾਵ ਭਾਸ਼ਾ ਦੀ ਖੋਜ ਨੇ ਮਨੁੱਖ ਦੇ ਵਿਕਾਸ ਵਿਚ ਵੱਡਾ ਇਨਕਲਾਬ ਲਿਆਂਦਾ। ਲਿਖਣ ਦੀ ਖੋਜ ਤੋਂ ਪਹਿਲਾਂ ਕੋਈ ਵੀ ਮਨੁੱਖ ਸਿਰਫ ਦੂਜੇ ਜਿਉਂਦੇ ਮਨੁੱਖਾਂ ਦੇ ਤਜ਼ਰਬੇ ਤੋਂ ਹੀ ਸਿੱਖ ਸਕਦਾ ਸੀ, ਪਰ ਹੁਣ ਉਹ ਆਪਣੇ ਤੋਂ ਸੈਂਕੜੇ ਜਾਂ ਹਜ਼ਾਰਾਂ ਸਾਲ ਪਹਿਲਾਂ ਹੋਏ ਮਨੁੱਖਾਂ ਦੀਆਂ ਲਿਖਤਾਂ ਤੋਂ ਵੀ ਗਿਆਨ ਪ੍ਰਾਪਤ ਕਰ ਸਕਦਾ ਸੀ। ਇਸ ਤਰ੍ਹਾਂ ਲਿਖਤੀ ਭਾਸ਼ਾ ਨੇ ਮਨੁੱਖ ਦੀ ਤਰੱਕੀ ਅਤੇ ਗਿਆਨ ਵਿਚ ਅੰਤਾਂ ਦਾ ਵਾਧਾ ਕੀਤਾ ਹੈ।

ਸਾਰੀ ਧਰਤੀ 'ਤੇ ਮਨੁੱਖ ਦੂਰ ਦੂਰ ਵੱਖ ਵੱਖ ਗਰੁਪਾਂ ਵਿਚ ਵਿਕਸਿਤ ਹੋਇਆ, ਜਿਸ ਕਰਕੇ ਉਨ੍ਹਾਂ ਦੀ ਬੋਲੀ ਅਤੇ ਭਾਸ਼ਾ ਵੀ ਵੱਖ ਵੱਖ ਵਿਕਸਿਤ ਹੋਏ, ਪਰ ਫੇਰ ਵੀ ਵੱਖ ਵੱਖ ਭਾਸ਼ਾਵਾਂ ਵਿਚ ਇਕ ਸਾਂਝ ਹੈ ਕਿ ਹਰ ਭਾਸ਼ਾ ਸ਼ਬਦਾਂ ਦਾ ਸਮੂਹ ਹੁੰਦੀ ਹੈ ਭਾਵ ਸ਼ਬਦ ਹਰ ਭਾਸ਼ਾ ਦੀ ਉਹ ਛੋਟੀ ਤੋਂ ਛੋਟੀ ਇਕਾਈ ਹੁੰਦਾ ਹੈ ਜਿਸ ਤੋਂ ਕਿਸੇ ਚੀਜ਼, ਥਾਂ, ਘਟਨਾ, ਵਿਚਾਰ ਆਦਿ ਦਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਸ਼ਬਦ ਸਾਡੇ ਵਾਸਤੇ ਵਿਦਿਆ ਅਤੇ ਗਿਆਨ ਪ੍ਰਾਪਤ ਕਰਨ ਦੀ ਇਕਾਈ ਜਾਂ ਮੁੱਢ ਹੈ ਭਾਵ ਸ਼ਬਦ ਹੀ ਸਾਡਾ ਗੁਰੂ ਹੈ। ਪਰ ਅਫਸੋਸ ਕਿ ਕਦੇ ਅਧਿਆਤਮਵਾਦ ਨਾਲ ਜੋੜ ਕੇ, ਕਦੇ ਕਰਮ ਕਾਂਡਾਂ ਦੇ ਚੱਕਰਾਂ ਵਿਚ ਪਾ ਕੇ ਅਤੇ ਅੰਧਵਿਸ਼ਵਾਸਾਂ ਦੀ ਪੁੱਠ ਚਾੜ੍ਹ ਕੇ ਸ਼ਬਦ ਦੀ ਸੱਚੀ ਸੁੱਚੀ ਮਹਾਨਤਾ ਨੂੰ ਰੋਲ ਕੇ ਰੱਖ ਦਿੱਤਾ ਗਿਆ ਹੈ।

ਮਨੁੱਖ ਦਾ ਸਮੁੱਚਾ ਇਤਿਹਾਸ ਵਾਚਿਆਂ ਸਪਸ਼ਟ ਹੁੰਦਾ ਹੈ ਕਿ ਲਗਭਗ ਸਾਰੇ ਮਨੁੱਖ ਆਪੋ-ਆਪਣੇ ਕਾਰ ਵਿਹਾਰ ਵਿਚ ਅਤੇ ਆਪਣੇ ਪਰਿਵਾਰ ਦੀ ਦੇਖ-ਭਾਲ ਵਿਚ ਪੂਰੀ ਤਰ੍ਹਾਂ ਰੁੱਝੇ ਰਹਿੰਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੇ ਕਰਾਮਾਤਾਂ, ਕਰਮ-ਕਾਂਡਾਂ ਅਤੇ ਅੰਧਵਿਸ਼ਵਾਸਾਂ ਦੇ ਚੁੰਗਲ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਨ੍ਹਾਂ ਦੇ ਇਸ ਭੋਲੇਪਣ ਦਾ ਫਾਇਦਾ ਉਠਾਉਣ ਵਾਲੇ ਕੁਝ ਇਕ ਚੁਸਤ ਅਤੇ ਚਲਾਕ ਲੋਕ ਵੀ ਹੁੰਦੇ ਹਨ, ਜੋ ਇਨ੍ਹਾਂ ਨੂੰ ਅੰਧਵਿਸ਼ਵਾਸਾਂ ਅਤੇ ਕਰਾਮਾਤਾਂ ਦੇ ਜਾਲ ਵਿਚ ਫਸਾ ਕੇ ਇਨ੍ਹਾਂ ਦੀ ਦਸਾਂ ਨਹੁੰਆਂ ਦੀ ਕਮਾਈ ਲੁਟਦੇ ਤੇ ਐਸ਼ ਕਰਦੇ ਹਨ। ਇਹ ਲੁਟੇਰੇ ਕਿਸਮਾਂ ਦੇ ਲੋਕ-ਹਾਕਮ ਅਤੇ ਪੁਜਾਰੀ ਵਿਖਾਵੇ ਦਾ ਢੌਂਗ ਇਸ ਤਰ੍ਹਾਂ ਕਰਦੇ ਹਨ, ਜਿਵੇਂ ਇਹ ਉਨ੍ਹਾਂ ਦੇ ਸਭ ਤੋਂ ਵੱਡੇ ਹਮਦਰਦ ਅਤੇ ਰਖਵਾਲੇ ਹੋਣ। ਅਸਲ ਵਿਚ ਇਨ੍ਹਾਂ ਨੂੰ ਸਭ ਤੋਂ ਵੱਡੇ ਅਕ੍ਰਿਤਘਣ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਜਿਨ੍ਹਾਂ ਲੋਕਾਂ ਦੀ ਕਮਾਈ 'ਤੇ ਪਲਦੇ ਹਨ, ਉਨ੍ਹਾਂ ਨੂੰ ਹੀ ਲੁਟਦੇ ਅਤੇ ਕੁੱਟਦੇ ਰਹੇ ਨੇ।

ਜਿਥੇ ਸਮਾਜ ਵਿਚ ਇਸ ਤਰ੍ਹਾਂ ਦੇ ਅਕ੍ਰਿਤਘਣ ਲੋਕ ਹੁੰਦੇ ਹਨ, ਜੋ ਆਪਣੀ ਜ਼ਮੀਰ ਦੀ ਕਦੇ ਪ੍ਰਵਾਹ ਨਹੀਂ ਕਰਦੇ, ਉਥੇ ਹੀ ਹਰ ਦੌਰ ਵਿਚ ਜਾਗਦੀ ਜ਼ਮੀਰ ਵਾਲੇ ਲੋਕ ਵੀ ਪੈਦਾ ਹੁੰਦੇ ਰਹੇ ਹਨ, ਜੋ ਸਮੁੱਚੀ ਮਨੁੱਖਤਾ ਦੀ ਭਲਾਈ ਵਾਸਤੇ ਸੋਚਦੇ ਅਤੇ ਯਤਨ ਕਰਦੇ ਰਹੇ ਹਨ। ਇਹ ਜਾਗਦੀ ਜ਼ਮੀਰ ਵਾਲੇ ਵਿਅਕਤੀ ਹਮੇਸ਼ਾ ਬਿਬੇਕ ਬੁੱਧੀ ਦੇ ਮਾਲਕ ਅਤੇ ਤਾਰਕਿਕ ਵਿਚਾਰਾਂ ਦੇ ਧਾਰਨੀ ਰਹੇ ਹਨ, ਭਾਵ ਉਹ ਮਨੁੱਖ ਨਾਲ ਸਬੰਧਤ ਅਤੇ ਉਸ ਦੇ ਆਲੇ ਦੁਆਲੇ (ਕੁਦਰਤ ਵਿਚ) ਹੁੰਦੀਆਂ ਘਟਨਾਵਾਂ ਅਤੇ ਤਬਦੀਲੀਆਂ ਨੂੰ ਹਮੇਸ਼ਾ ਬਿਬੇਕ ਬੁੱਧੀ ਨਾਲ ਵੇਖ-ਪਰਖ ਕੇ ਸੱਚਾਈ ਦੇ ਨੇੜੇ ਤੋਂ ਨੇੜੇ ਪਹੁੰਚਦੇ ਹਨ ਅਤੇ ਇਨ੍ਹਾਂ ਰਾਹੀਂ ਆਮ ਮਨੁੱਖਾਂ ਨੂੰ ਜਾਗਰੂਕ ਕਰਕੇ ਅੰਧਵਿਸ਼ਵਾਸਾਂ ਤੇ ਕਰਾਮਾਤਾਂ ਦੇ ਚੁੰਗਲ ਵਿਚੋਂ ਕੱਢਣ ਦਾ ਹਰ ਸੰਭਵ ਯਤਨ ਕਰਦੇ ਰਹੇ ਹਨ। ਮਾਨਵਤਾ ਦੀ ਭਲਾਈ ਵਾਸਤੇ ਉਨ੍ਹਾਂ ਦੀ ਦੇਣ ਸਿਰਫ ਧਰਮ ਵਾਸਤੇ ਹੀ ਨਹੀਂ, ਸਗੋਂ ਸਾਡੇ ਜੀਵਨ ਦੇ ਹਰ ਖੇਤਰ ਵਿਚ ਹੈ।

ਹਾਕਮਾਂ ਅਤੇ ਪੁਜਾਰੀ ਲੋਕਾਂ ਵਾਸਤੇ ਅੰਧਵਿਸ਼ਵਾਸਾਂ ਅਤੇ ਕਰਾਮਾਤਾਂ ਦੇ ਸ਼ਿਕਾਰ ਲੋਕ ਉਨ੍ਹਾਂ ਦੀ ਕੀਮਤੀ ਜਾਇਦਾਦ ਹੁੰਦੇ ਹਨ। ਇਸੇ ਕਰਕੇ ਇਹ ਕਿਸੇ ਵੀ ਤਰ੍ਹਾਂ ਦੇ ਅੰਧਵਿਸ਼ਵਾਸ ਨੂੰ ਦੂਰ ਕਰਨ ਵਾਲਿਆਂ ਦੇ ਰਾਹ ਵਿਚ ਸਭ ਤੋਂ ਵੱਡੇ ਅੜਿੱਕੇ ਬਣਦੇ ਰਹੇ ਹਨ। ਜਦੋਂ ਜਾਗਦੀ ਜ਼ਮੀਰ ਵਾਲੇ ਲੋਕਾਂ ਵਲੋਂ ਅਸਲ ਸੱਚਾਈ ਦੱਸ ਕੇ ਅੰਧਵਿਸ਼ਵਾਸ ਦੂਰ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਹ ਪਹਿਲਾਂ ਤੋਂ ਚਲਦੀਆਂ ਮਨੌਤਾਂ ਨੂੰ ਆਧਾਰ ਬਣਾ ਕੇ ਜਾਗ੍ਰਿਤੀ ਲਿਆਉਣ ਵਾਲਿਆਂ ਨੂੰ ਧਰਮ ਭ੍ਰਿਸ਼ਟ ਕਰਨ ਵਾਲੇ ਅਤੇ ਸਮਾਜ ਨੂੰ ਵਿਗਾੜਨ ਵਾਲੇ ਦੱਸ ਕੇ ਬਦਨਾਮ ਕਰਦੇ ਹਨ। ਆਮ ਲੋਕਾਂ 'ਤੇ ਪੁਜਾਰੀਆਂ ਦਾ ਧਾਰਮਕ ਵਿਅਕਤੀਆਂ ਵਜੋਂ ਡੂੰਘੀ ਸ਼ਰਧਾ ਵਾਲਾ ਪ੍ਰਭਾਵ ਬਣਿਆ ਹੁੰਦਾ ਹੈ। ਇਸ ਕਰਕੇ ਉਨ੍ਹਾਂ ਦਾ ਸਮਰਥਨ ਵੀ ਪੁਜਾਰੀਆਂ ਨਾਲ ਹੀ ਰਹਿੰਦਾ ਹੈ। ਕਈ ਵਾਰ ਤਾਂ ਉਨ੍ਹਾਂ ਦੀਆਂ ਸੱਚਾਈਆਂ ਅਤੇ ਨਵੀਆਂ ਲੱਭਤਾਂ ਦਾ ਮਖੌਲ ਵੀ ਉਡਾਇਆ ਜਾਂਦਾ ਹੈ, ਪਰ ਉਹੀ ਲੱਭਤਾਂ ਜਦੋਂ ਸੱਚੀਆਂ ਸਾਬਤ ਹੁੰਦੀਆਂ ਹਨ ਤਾਂ ਫੇਰ ਉਹੀ ਪੁਜਾਰੀ ਉਨ੍ਹਾਂ ਹੀ ਲੱਭਤਾਂ ਨੂੰ ਆਪਣੇ ਢੰਗ ਨਾਲ ਆਪਣੇ ਫਾਇਦੇ ਵਾਸਤੇ ਵਰਤਣ ਦਾ ਕੋਈ ਨਵਾਂ ਰਾਹ ਲੱਭ ਲੈਂਦੇ ਹਨ। ਮਿਸਾਲ ਵਜੋਂ ਇਕ ਖੋਜ ਦੀ ਗੱਲ ਕਰਦੇ ਹਾਂ।

ਭਾਰਤ 'ਚ ਨਾਲੰਦਾ ਵਿਖੇ ਇਕ ਵਿਦਿਆ ਦਾ ਕੇਂਦਰ, ਜਿਸ ਨੂੰ ਅੱਜ ਦੀ ਭਾਸ਼ਾ ਅਨੁਸਾਰ ਯੂਨੀਵਰਸਿਟੀ ਕਿਹਾ ਜਾ ਸਕਦਾ ਹੈ, ਪੰਜਵੀਂ ਸਦੀ ਵਿਚ ਸਥਾਪਤ ਹੋਇਆ ਸੀ। ਇਸ ਦੇ ਇਕ ਵਿਦਵਾਨ ਆਰੀਆ ਭੱਟ ਨੇ ਪੰਜਵੀਂ ਸਦੀ ਦੇ ਅਖੀਰ ਵਿਚ ਦੋ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚ ਉਨ੍ਹਾਂ ਆਪਣੀਆਂ ਅਨੇਕਾਂ ਖੋਜਾਂ ਬਾਰੇ ਵਿਸਥਾਰ ਪੂਰਵਕ ਲਿਖਿਆ। ਇਨ੍ਹਾਂ ਖੋਜਾਂ ਵਿਚੋਂ ਇਕ ਧਰਤੀ, ਚੰਦ, ਸੂਰਜ ਅਤੇ ਬ੍ਰਹਿਮੰਡ ਬਾਰੇ ਸੀ, ਜਿਸ ਵਿਚ ਉਸ ਨੇ ਦਸਿਆ ਕਿ ਧਰਤੀ ਗੋਲ ਹੈ ਅਤੇ ਇਹ ਆਪਣੇ ਧੁਰੇ ਦੁਆਲੇ ਘੁੰਮਦੀ ਹੈ, ਜਿਸ ਕਰਕੇ ਦਿਨ ਤੇ ਰਾਤ ਬਣਦੇ ਹਨ। ਉਸ ਨੇ ਇਹ ਵੀ ਦੱਸਿਆ ਕਿ ਇਹ ਸੂਰਜ ਦੁਆਲੇ ਵੀ ਘੁੰਮਦੀ ਹੈ, ਜਿਸ ਨਾਲ ਰੁੱਤਾਂ ਬਣਦੀਆਂ ਹਨ। ਚੰਦ ਧਰਤੀ ਦੁਆਲੇ ਘੁੰਮਦਾ ਹੈ ਅਤੇ ਚੰਦ ਦਾ ਆਪਣਾ ਕੋਈ ਚਾਨਣ ਵੀ ਨਹੀਂ ਹੁੰਦਾ ਸਗੋਂ ਇਹ ਸੂਰਜ ਦੀ ਰੋਸ਼ਨੀ ਕਰਕੇ ਚਮਕਦਾ ਹੈ। ਇਹੀ ਨਹੀਂ, ਉਸ ਨੇ ਧਰਤੀ ਅਤੇ ਚੰਦ ਦੀਆਂ ਗਤੀਆਂ ਨਿਰਧਾਰਤ ਕੀਤੀਆਂ ਅਤੇ ਅੱਗੇ ਤੋਂ ਆਉਣ ਵਾਲੇ ਉਹ ਸਮੇਂ ਵੀ ਨਿਰਧਾਰਤ ਕੀਤੇ, ਜਦੋਂ ਘੁੰਮਦੇ ਘੁੰਮਦੇ ਧਰਤੀ ਤੇ ਚੰਦ ਅਤੇ ਸੂਰਜ ਇਕ ਸੇਧ ਵਿਚ ਆ ਜਾਇਆ ਕਰਨਗੇ, ਜਿਸ ਕਰਕੇ ਕਿਸੇ ਵੇਲੇ ਸੂਰਜ ਗ੍ਰਹਿਣ ਅਤੇ ਕਿਸੇ ਵੇਲੇ ਚੰਦ ਗ੍ਰਹਿਣ ਲੱਗੇਗਾ।

ਲੋਕਾਂ ਨੂੰ ਅਜਿਹੇ ਗਿਆਨ ਦੀ ਪ੍ਰਾਪਤੀ ਨਾਲ ਪੁਜਾਰੀਆਂ ਵਲੋਂ ਉਨ੍ਹਾਂ ਨੂੰ ਗ੍ਰਹਿਣਾਂ ਸਬੰਧੀ ਅਨੇਕਾਂ ਡਰਾਵੇ ਦੇ ਕੇ ਉਨ੍ਹਾਂ ਦੀ ਲੁੱਟ ਦਾ ਪਰਦਾ ਫਾਸ਼ ਹੋ ਜਾਣਾ ਸੀ। ਇਸ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਬਚਾਉਣ ਲਈ ਪੁਜਾਰੀਆਂ ਨੇ ਉਸ ਦੀਆਂ ਇਨ੍ਹਾਂ ਖੋਜਾਂ ਦਾ ਪੂਰਾ ਮਜ਼ਾਕ ਬਣਾਇਆ ਕਿ ਜੇ ਧਰਤੀ ਗੋਲ ਹੈ ਤਾਂ ਇਸ ਦੇ ਪਾਸਿਆਂ 'ਤੇ ਰਹਿਣ ਵਾਲੇ ਤਿਲਕ ਕੇ ਡਿਗਦੇ ਕਿਉਂ ਨਹੀਂ? ਕੀ ਧਰਤੀ ਦੇ ਉਲਟ ਵਾਲੇ ਪਾਸੇ ਦੇ ਲੋਕ ਥੱਲੇ ਨਾ ਡਿੱਗ ਪੈਣਗੇ? ਇਸੇ ਤਰ੍ਹਾਂ ਧਰਤੀ ਦੇ ਗਤੀ ਵਿਚ ਹੋਣ ਦੇ ਵੀ ਕਈ ਮਜ਼ਾਕ ਬਣਾਏ ਗਏ। ਉਸ ਵੇਲੇ ਤਕ ਗੁਰੁਤਾ ਸਬੰਧੀ ਕੋਈ ਜਾਣਕਾਰੀ ਨਾ ਹੋਣ ਕਾਰਨ ਆਰੀਆ ਭੱਟ ਇਨ੍ਹਾਂ ਦਾ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕੇ, ਜਿਸ ਕਰਕੇ ਉਨ੍ਹਾਂ ਦੀਆਂ ਖੋਜਾਂ ਨੂੰ ਪੂਰਾ ਮਹੱਤਵ ਨਾ ਮਿਲ ਸਕਿਆ।

ਇਸੇ ਤਰ੍ਹਾਂ ਪੁਜਾਰੀਆਂ ਦੇ ਕੋਝੇ ਹਥਕੰਡੇ ਇਸ ਅਤੇ ਅਜਿਹੀਆਂ ਹੋਰ ਅਗਾਂਹਵਧੂ ਤੇ ਗਿਆਨ ਭਰਪੂਰ ਖੋਜਾਂ ਨੂੰ ਨਿਰਉਤਸ਼ਾਹਿਤ ਕਰਨ ਵਿਚ ਕਾਮਯਾਬ ਹੁੰਦੇ ਰਹੇ, ਪਰ ਜਦੋਂ ਗ੍ਰਹਿਣ ਦਾ ਸਮਾਂ ਨਿਸ਼ਚਿਤ ਕਰਨ ਦਾ ਤਰੀਕਾ ਸਹੀ ਸਾਬਿਤ ਹੋ ਗਿਆ ਤਾਂ ਪੁਜਾਰੀਆਂ ਨੇ ਇਸ ਦਾ ਫਾਇਦਾ ਉਠਾਉਣ ਦਾ ਹੋਰ ਰਾਹ ਭਾਲ ਲਿਆ। ਪਹਿਲਾਂ ਤਾਂ ਗ੍ਰਹਿਣ ਲੱਗਣ ਵੇਲੇ ਹੀ ਪਤਾ ਚਲਦਾ ਸੀ ਤੇ ਸਿਰਫ ਉਦੋਂ ਹੀ ਦਾਨ ਦਖਸ਼ਣਾ ਦਾ ਕੰਮ ਸ਼ੁਰੂ ਹੋ ਸਕਦਾ ਸੀ। ਹੁਣ ਗ੍ਰਹਿਣ ਦੇ ਪੱਕੇ ਸਮੇਂ ਦਾ ਪਤਾ ਹੋਣ ਕਰਕੇ ਦਾਨ ਦਖਸ਼ਣਾ ਦਾ ਕੰਮ ਕਈ ਦਿਨ ਪਹਿਲਾਂ ਤੋਂ ਸ਼ੁਰੂ ਕੀਤਾ ਜਾ ਸਕਦਾ ਸੀ।

ਇਸ ਤਰ੍ਹਾਂ ਅਸੀਂ ਪੁਜਾਰੀਆਂ ਦੀ ਕਿਰਪਾ ਨਾਲ ਵਿਗਿਆਨ ਪੱਖੋਂ ਪਿੱਛੇ ਹੀ ਪਿੱਛੇ ਹੁੰਦੇ ਗਏ ਅਤੇ ਪੱਛਮੀ ਮੁਲਕ, ਜਿਥੇ ਪਹਿਲੀ ਯੂਨੀਵਰਸਿਟੀ ਸਾਥੋਂ ਘੱਟੋ ਘੱਟ ਤਿੰਨ ਸਦੀਆਂ ਪਿੱਛੋਂ ਹੋਂਦ ਵਿਚ ਆਈ, ਸਾਥੋਂ ਅੱਗੇ ਤੋਂ ਅੱਗੇ ਲੰਘਦੇ ਗਏ। ਇਸ ਸਬੰਧ ਵਿਚ ਉਘੇ ਪੱਤਰਕਾਰ ਜਤਿੰਦਰ ਪਨੂੰ ਦੀ ਕਾਫੀ ਸਮਾਂ ਪਹਿਲਾਂ ਕੀਤੀ ਇਕ ਟਿੱਪਣੀ ਸੱਚਾਈ ਦੇ ਬਹੁਤ ਨੇੜੇ ਹੈ। ਮੈਂ ਮੁਆਫੀ ਚਾਹੁੰਦਾ ਹਾਂ ਕਿ ਉਹ ਟਿੱਪਣੀ ਮੇਰੇ ਅੱਖਰ ਅੱਖਰ ਯਾਦ ਨਹੀਂ ਪਰ ਉਨ੍ਹਾਂ ਲਗਭਗ ਇਉਂ ਕਿਹਾ ਸੀ ਕਿ ਜਦੋਂ ਯੂਰਪ ਦੇ ਲੋਕ ਅਜੇ ਕੱਛਾ ਪਾਉਣ ਨਹੀਂ ਸੀ ਸਿੱਖੇ, ਭਾਵ ਅਜੇ ਜੰਗਲਾਂ ਵਿਚ ਭਟਕਦੇ ਫਿਰਦੇ ਸਨ, ਉਦੋਂ ਸਾਡੇ ਮੁਲਕ ਦੇ ਵਿਗਿਆਨੀਆਂ ਨੇ ਬ੍ਰਹਿਮੰਡੀ ਦੂਰੀਆਂ ਤੇ ਗਤੀਆਂ ਵੀ ਮਾਪ ਲਈਆਂ ਸਨ। ਹੁਣ ਇਹ ਯੂਰਪ ਵਾਲੇ ਵਿਗਿਆਨ ਦੇ ਖੇਤਰ ਵਿਚ ਕਿਤੇ ਦੀ ਕਿਤੇ ਪਹੁੰਚ ਗਏ ਹਨ ਅਤੇ ਇਥੋਂ ਤੱਕ ਕਿ ਯੂਰਪ ਦੀ ਆਮ ਜਨਤਾ ਵਿਚ ਵੀ ਵਿਗਿਆਨਕ ਨਜ਼ਰੀਏ ਦਾ ਬਹੁਤ ਵਿਕਾਸ ਹੋ ਚੁਕਾ ਹੈ, ਪਰ ਅਸੀਂ ਵਿਗਿਆਨਕ ਖੋਜਾਂ ਵਿਚ ਤਾਂ ਪਿਛੇ ਰਹੇ ਹੀ ਹਾਂ, ਵਿਗਿਆਨਕ ਨਜ਼ਰੀਏ ਪੱਖੋਂ ਵੀ ਹਾਕਮਾਂ ਅਤੇ ਪੁਜਾਰੀਆਂ ਦੀ ਕਿਰਪਾ ਕਰਕੇ ਪਛੜੇ ਰਹੇ ਹਾਂ ਤੇ ਅਜੇ ਵੀ ਪਛੜਦੇ ਹੀ ਜਾ ਰਹੇ ਹਾਂ।

ਗਿਆਨ ਤੇ ਵਿਗਿਆਨ ਤਾਂ ਦੂਰ ਦੀ ਗੱਲ ਹੈ, ਸਗੋਂ ਸੱਚਾਈ ਤਾਂ ਇਹ ਹੈ ਕਿ ਆਮ ਲੋਕਾਂ ਦਾ ਇਕੱਲੇ ਅੱਖਰਾਂ ਦਾ ਗਿਆਨ ਵੀ ਹਾਕਮਾਂ ਅਤੇ ਪੁਜਾਰੀਆਂ ਨੂੰ ਪੂਰੀ ਤਰ੍ਹਾਂ ਅੱਖਰਦਾ ਰਿਹਾ ਹੈ। 18ਵੀਂ-19ਵੀਂ ਸਦੀ ਤੋਂ ਪਹਿਲਾਂ ਸਾਰੇ ਵਿਸ਼ਿਆਂ ਦਾ ਗਿਆਨ ਜਿਵੇਂ ਧਰਮ, ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ, ਡਾਕਟਰੀ, ਸ਼ਸਤਰ ਵਿਦਿਆ ਆਦਿ ਸਬੰਧੀ ਹਰ ਤਰ੍ਹਾਂ ਦਾ ਗਿਆਨ ਧਾਰਮਕ ਗ੍ਰੰਥਾਂ ਰਾਹੀਂ ਧਾਰਮਕ ਕੇਂਦਰਾਂ ਰਾਹੀਂ ਹੀ ਪ੍ਰਾਪਤ ਕੀਤਾ ਜਾਂਦਾ ਸੀ। ਆਮ ਲੋਕਾਂ ਨੂੰ ਵਿਦਿਆ ਪ੍ਰਾਪਤ ਕਰਨ ਤੋਂ ਦੂਰ ਰੱਖਣ ਵਾਸਤੇ ਉਨ੍ਹਾਂ ਨੇ ਲੋਕਾਂ ਦੀ ਵੱਡੀ ਗਿਣਤੀ ਨੂੰ ਕਿਸੇ ਵੀ ਤਰ੍ਹਾਂ ਦੀ ਵਿਦਿਆ ਪ੍ਰਾਪਤੀ ਤੋਂ ਪੂਰੀ ਤਰ੍ਹਾਂ ਮਨ੍ਹਾ ਕੀਤਾ ਹੋਇਆ ਸੀ ਅਤੇ ਦੂਜੇ ਇਨ੍ਹਾਂ ਗ੍ਰੰਥਾਂ ਦੀ ਭਾਸ਼ਾ ਅਜਿਹੀ ਰੱਖੀ ਹੋਈ ਸੀ, ਜੋ ਸਿਰਫ ਉਚ ਸਿਖਿਆ ਪ੍ਰਾਪਤ ਲੋਕ ਹੀ ਸਮਝ ਸਕਦੇ ਸਨ। ਜਦੋਂ ਵੀ ਕਿਸੇ ਜਾਗਦੀ ਜ਼ਮੀਰ ਵਾਲੇ ਨੇ ਲੋਕਾਂ ਨੂੰ ਗਿਆਨ ਦੇਣ ਵਾਸਤੇ ਇਨ੍ਹਾਂ ਗ੍ਰੰਥਾਂ ਦਾ ਤਰਜਮਾ ਆਮ ਲੋਕਾਂ ਦੀ ਭਾਸ਼ਾ ਵਿਚ ਕਰਨ ਦਾ ਉਪਰਾਲਾ ਕੀਤਾ ਜਾਂ ਆਪਣੇ ਵਲੋਂ ਲੋਕਾਂ ਦੀ ਭਾਸ਼ਾ ਵਿਚ ਗ੍ਰੰਥ ਰਚੇ ਤਾਂ ਉਨ੍ਹਾਂ ਨੂੰ ਅਨੇਕਾਂ ਅਕਹਿ ਤੇ ਅਸਹਿ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ।

ਇਤਿਹਾਸ ਵਿਚ ਅਜਿਹੀਆਂ ਅਨੇਕਾਂ ਮਿਸਾਲਾਂ ਹਨ ਪਰ ਇਸ ਸਬੰਧੀ ਸਿਰਫ ਦੋ ਮਹਾਨ ਪੁਰਸ਼ਾਂ ਦਾ ਜ਼ਿਕਰ ਕਰਦੇ ਹਾਂ। ਮਹਾਂਰਾਸ਼ਟਰ ਵਿਚ ਇਕ ਸੰਤ ਗਿਆਨੇਸ਼ਵਰ ਹੋਏ ਹਨ, ਜੋ ਉਚ ਕੋਟੀ ਦੇ ਵਿਦਵਾਨ ਕਵੀ ਤੇ ਫਿਲਾਸਫਰ ਸਨ। ਉਹ ਭਗਤ ਨਾਮਦੇਵ ਦੇ ਸਮਕਾਲੀ ਸਨ। ਉਨ੍ਹਾਂ ਦਾ ਜਨਮ ਭਗਤ ਜੀ ਦੇ ਜਨਮ ਤੋਂ ਕੁਝ ਸਮਾਂ ਪਿੱਛੋਂ ਅਤੇ ਮੌਤ ਸਿਰਫ 21 ਸਾਲ ਦੀ ਉਮਰ ਭੋਗ ਕੇ, ਭਗਤ ਨਾਮਦੇਵ ਜੀ ਤੋਂ ਕਾਫੀ ਸਮਾਂ ਪਹਿਲਾਂ ਹੋ ਗਈ ਸੀ। ਇੰਨੀ ਛੋਟੀ ਉਮਰੇ ਸੰਤ ਜੀ ਨੇ ਦੋ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ। ਪਹਿਲੀ ਰਚਨਾ 'ਗਿਆਨੇਸ਼ਵਰੀ' ਵਿਚ ਉਨ੍ਹਾਂ ਭਗਵਤ ਗੀਤਾ ਦਾ ਉਲੱਥਾ ਮਰਾਠੀ ਵਿਚ ਕਵਿਤਾ ਦੇ ਰੂਪ ਵਿਚ ਕੀਤਾ। ਦੂਸਰੀ ਉਨ੍ਹਾਂ ਦੀ ਆਪਣੀ ਮੌਲਿਕ ਰਚਨਾ 'ਅਮਰੁਤਨਭਵਾ' ਵੀ ਮਰਾਠੀ ਵਿਚ ਕਾਵਿ ਰੂਪ ਵਿਚ ਹੈ। ਇਹ ਦੋਵੇਂ ਰਚਨਾਵਾਂ ਅੱਜ ਤੱਕ ਦੀਆਂ ਮਰਾਠੀ ਸਾਹਿਤ ਦੀਆਂ ਸਭ ਤੋਂ ਪੁਰਾਣੀਆਂ ਤੇ ਮੀਲ ਪੱਥਰ ਰਚਨਾਵਾਂ ਹਨ, ਪਰ ਪੁਜਾਰੀਆਂ ਅਤੇ ਹਾਕਮਾਂ ਨੂੰ ਇਹ ਕਿਥੇ ਹਜ਼ਮ ਹੋ ਸਕਦਾ ਸੀ? ਉਨ੍ਹਾਂ ਸੰਤ ਜੀ ਨੂੰ ਇਕੱਲੇ ਧਰਮ ਵਿਚੋਂ ਹੀ ਨਹੀਂ ਛੇਕਿਆ ਸਗੋਂ ਸਮੁੱਚੇ ਸਮਾਜ ਵਿਚੋਂ ਅਲੱਗ ਥਲੱਗ ਕਰਕੇ ਸਿਰਫ 21 ਸਾਲ ਦੀ ਛੋਟੀ ਉਮਰੇ ਹੀ ਰੁਲ ਖੁਲ ਕੇ ਮਰਨ ਲਈ ਮਜਬੂਰ ਕਰ ਦਿੱਤਾ।

ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿਚ ਆਮ ਲੋਕਾਂ ਦੀ ਭਾਸ਼ਾ ਵਿਚ ਆਪਣੀ, ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਸਮੇਤ ਕੁਲ ਚੌਵੀ ਮਹਾਂਪੁਰਸ਼ਾਂ ਦੀ ਬਾਣੀ ਦਾ ਸੰਪਾਦਨ ਕਰਕੇ ਇਕ ਪੋਥੀ ਦੀ ਰਚਨਾ ਕੀਤੀ, ਜਿਸ ਨੂੰ ਹੁਣ ਅਸੀਂ ਸਤਿਕਾਰ ਨਾਲ 'ਆਦਿ ਗ੍ਰੰਥ' ਕਹਿੰਦੇ ਹਾਂ। ਗੁਰਬਾਣੀ ਵਿਚ ਲੋਕਾਂ ਦੀ ਆਪਣੀ ਬੋਲੀ ਵਿਚ ਸੱਚ ਦੇ ਰਾਹ ਦਾ ਉਪਦੇਸ਼ ਦੇਣ ਦੇ ਨਾਲ ਨਾਲ ਪੁਜਾਰੀਆਂ ਵਲੋਂ ਲੋਕਾਂ ਨੂੰ ਅੰਧਵਿਸ਼ਵਾਸਾਂ ਅਤੇ ਝੂਠੇ ਕਰਮ ਕਾਂਡਾਂ ਵਿਚ ਫਸਾ ਕੇ ਉਨ੍ਹਾਂ ਦੀ ਹੁੰਦੀ ਲੁੱਟ ਤੇ ਕੁੱਟ ਨੂੰ ਬੜੇ ਸਪਸ਼ਟ ਸ਼ਬਦਾਂ ਵਿਚ ਸਮਝਾਇਆ ਗਿਆ ਹੈ ਅਤੇ ਇਹ ਵੀ ਦਸਿਆ ਗਿਆ ਹੈ ਕਿ ਭਰਾ ਮਾਰੂ ਜੰਗ ਅਤੇ ਉਜਾੜੇ ਦਾ ਕਾਰਨ ਵੀ ਇਹ ਪੁਜਾਰੀ ਬਣਦੇ ਹਨ।

ਗੁਰਬਾਣੀ ਦੀ ਸਿਖਿਆ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਆਉਣੀ ਪੁਜਾਰੀਆਂ ਨੂੰ ਆਪਣੀ ਯੁਗਾਂ ਤੋਂ ਚਲੀ ਆਉਂਦੀ ਪਿਤਾ ਪੁਰਖੀ ਅੰਨ੍ਹੀ ਕਮਾਈ ਅਤੇ ਸ਼ਾਹੀ ਠਾਠ ਬਾਠ ਵਾਲੀ ਜ਼ਿੰਦਗੀ ਖਤਮ ਹੁੰਦੀ ਜਾਪਣ ਲੱਗੀ। ਇਸ ਲਈ ਮੁਸਲਮਾਨ ਅਤੇ ਹਿੰਦੂ ਪੁਜਾਰੀਆਂ ਨੇ ਇਕਜੁੱਟ ਹੋ ਕੇ (ਉਂਜ ਅੰਦਰਖਾਤੇ ਤਾਂ ਉਹ ਹਮੇਸ਼ਾ ਇਕੱਠੇ ਹੀ ਹੁੰਦੇ ਹਨ) ਗੁਰੂ ਅਰਜਨ ਦੇਵ ਜੀ ਵਿਰੁੱਧ ਅਕਬਰ ਬਾਦਸ਼ਾਹ ਨੂੰ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਉਹ ਆਪਣੀ ਪੋਥੀ ਵਿਚ ਬਾਦਸ਼ਾਹ ਵਿਰੁੱਧ ਅਪਮਾਨ ਭਰੇ ਸ਼ਬਦ ਵਰਤ ਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਪਰ ਉਨ੍ਹਾਂ ਦੀ ਦਾਲ ਨਾ ਗਲ ਸਕੀ ਕਿਉਂਕਿ ਅਕਬਰ ਇਕ ਚੁਸਤ ਅਤੇ ਆਤਮਵਿਸ਼ਵਾਸੀ ਪ੍ਰਬੰਧਕ ਸੀ, ਜੋ ਛੇਤੀ ਕੀਤੇ ਕਿਸੇ ਦੀ ਕਹੀ ਕਹਾਈ ਗੱਲ 'ਤੇ ਕਾਰਵਾਈ ਨਹੀਂ ਸੀ ਕਰਦਾ। ਕੁਝ ਹੀ ਸਮੇਂ ਬਾਅਦ ਅਕਬਰ ਦੀ ਮੌਤ ਪਿਛੋਂ ਜਹਾਂਗੀਰ ਨੂੰ ਰਾਜ ਗੱਦੀ 'ਤੇ ਕਾਬਜ਼ ਹੋਣ ਲਈ ਮੁਲਾਣਿਆਂ ਅਤੇ ਪੁਜਾਰੀਆਂ ਦੀ ਮਦਦ ਦੀ ਲੋੜ ਪਈ। ਫੇਰ ਓਹੀ ਕੁਝ ਹੋਇਆ, ਜੋ ਉਹ ਚਾਹੁੰਦੇ ਸਨ।

ਸਰਕਾਰ ਵਲੋਂ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ 'ਸਬਕ' ਸਿਖਾਉਣ, ਉਨ੍ਹਾਂ ਦਾ ਸਾਰਾ ਮਾਲ ਅਸਬਾਬ ਸਰਕਾਰੀ ਕਬਜ਼ੇ ਵਿਚ ਕਰਨ ਅਤੇ ਬਾਕੀ ਸਭ ਕੁਝ ਤਹਿਸ-ਨਹਿਸ ਕਰਨ ਦਾ ਸਖਤ ਹੁਕਮ ਜਾਰੀ ਹੋ ਗਿਆ। ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰ ਨੇ ਕਿਸ ਤਰ੍ਹਾਂ ਗੁਰੂ ਜੀ ਨੂੰ ਅਕਹਿ ਤੇ ਅਸਹਿ ਤਸ਼ੱਦਦ ਦੇ ਕੇ ਸ਼ਹੀਦ ਕਰ ਦਿੱਤਾ, ਪਰ ਧੰਨ ਸਨ ਗੁਰੂ ਜੀ, ਜੋ ਆਪਣੇ ਅਕੀਦੇ ਤੋਂ ਨਾ ਡੋਲੇ। ਗੁਰੂ ਹਰਗੋਬਿੰਦ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਵੀ ਧੰਨ ਸਨ, ਜਿਨ੍ਹਾਂ ਐਨੀਆਂ ਸਖਤੀਆਂ ਦੇ ਬਾਵਜੂਦ ਪੋਥੀ ਸਾਹਿਬ ਦੁਸ਼ਮਣਾਂ ਦੇ ਹੱਥ ਨਾ ਲੱਗਣ ਦਿੱਤੀ, ਜੋ ਅੱਜ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਮਨੁੱਖਤਾ ਨੂੰ ਸੱਚ ਦਾ ਰਾਹ ਦਿਖਾਉਣ ਵਾਸਤੇ ਮੌਜੂਦ ਹੈ।

ਇਸ ਤਰ੍ਹਾਂ ਹਾਕਮਾਂ ਤੇ ਪੁਜਾਰੀਆਂ ਨੇ ਹਮੇਸ਼ਾ ਸੱਚ ਦੀ ਆਵਾਜ਼ ਬੰਦ ਕਰਨ ਦੀ ਹਰ ਵਾਹ ਲਾਈ ਹੈ, ਕਦੇ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਬਦਨਾਮ ਕਰਕੇ, ਕਦੇ ਧਰਮ 'ਚੋਂ ਛੇਕ ਕੇ, ਦੇਸ਼ ਨਿਕਾਲਾ ਦੇ ਕੇ, ਜੇਲ੍ਹਾਂ ਵਿਚ ਸੁੱਟ ਕੇ, ਹੱਡ ਪੈਰ ਤੋੜ ਕੇ ਜਾਂ ਅਖੀਰ ਜਾਨੋਂ ਮਾਰ ਕੇ ਵੀ। ਪਰ ਸੱਚ ਦੀ ਆਵਾਜ਼ ਨੂੰ ਕਦੇ ਵੀ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ ਜਾ ਸਕਿਆ। ਫੇਰ ਉਹ ਹੋਰ ਢੰਗ ਲੱਭ ਲੈਂਦੇ ਹਨ। ਉਹ ਸੱਚ ਦੇ ਪਰਵਾਨਿਆਂ ਅਤੇ ਉਨ੍ਹਾਂ ਵਲੋਂ ਰਚੀਆਂ ਲਿਖਤਾਂ ਅਤੇ ਗ੍ਰੰਥਾਂ ਨੂੰ ਪੂਜਣ ਯੋਗ ਬਣਾ ਕੇ ਅਤੇ ਲੋਕਾਂ ਦੀ ਸਿੱਧੀ ਪਹੁੰਚ ਤੋਂ ਦੂਰ ਕਰਕੇ, ਉਨ੍ਹਾਂ ਨੂੰ ਆਪਣੀ ਕਮਾਈ ਦਾ ਸਾਧਨ ਬਣਾ ਲੈਂਦੇ ਹਨ।

ਅਸੀਂ ਦੇਖਦੇ ਰਹੇ ਹਾਂ ਕਿ ਜਦੋਂ ਕੋਈ ਆਪਣੀ ਸਮੱਸਿਆ ਲੈ ਕੇ ਹਿੰਦੂ ਪੁਜਾਰੀ ਕੋਲ ਜਾਂਦਾ ਹੈ ਤਾਂ ਉਹ ਉਸ ਨੂੰ ਕਿਸੇ ਧਾਰਮਕ ਗ੍ਰੰਥ ਵਿਚੋਂ ਕੋਈ ਇਕ ਸ਼ਬਦ ਜਾਂ ਕੁਝ ਤੁਕਾਂ ਕਾਗਜ਼ ਦੇ ਟੁਕੜੇ 'ਤੇ ਲਿਖ ਕੇ ਦੇ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਤੇਰੀ ਸਮੱਸਿਆ ਵਾਸਤੇ ਮੰਤਰ ਹੈ। ਇਸ ਨੂੰ ਪੂਰੀ ਸ਼ਰਧਾ ਅਤੇ ਵਿਧੀ ਨਾਲ ਐਨੇ ਵਾਰ (ਗਿਣਤੀ ਸਮੱਸਿਆ ਦੀ ਗੰਭੀਰਤਾ ਮੁਤਾਬਕ) ਜਪਣਾ ਹੈ। ਬਹੁਤੀ ਵਾਰ ਮੰਤਰ ਸੰਸਕ੍ਰਿਤ ਵਿਚ ਹੁੰਦਾ ਹੈ, ਜੋ ਆਮ ਬੰਦੇ ਦੇ ਸਮਝ ਨਹੀਂ ਆਉਂਦਾ, ਇਸ ਵਾਸਤੇ ਉਹ ਆਮ ਤੌਰ 'ਤੇ ਇਹ ਸੁਝਾਅ ਵੀ ਦੇਵੇਗਾ ਕਿ ਹੋ ਸਕਦਾ ਹੈ ਤੈਥੋਂ ਪੂਰੀ ਸ਼ਰਧਾ ਤੇ ਰਹਿਤ ਨਾ ਰੱਖੀ ਜਾਵੇ, ਇਸ ਲਈ ਮੈਂ ਹੀ ਤੇਰੇ ਲਈ ਪੂਰਨ ਵਿਧੀ ਨਾਲ ਕਰ ਦੇਵਾਂਗਾ, ਤੇ ਆਪਣੀ ਭੇਟਾ ਵੀ ਦਸ ਦੇਵੇਗਾ।

ਜੇ ਕੋਈ ਆਪਣੀ ਮੁਸੀਬਤ ਲੈ ਕੇ ਆਪਣੇ ਮੁਸਲਮਾਨ ਪੁਜਾਰੀ ਕੋਲ ਜਾਵੇਗਾ ਤਾਂ ਉਹ ਉਸ ਨੂੰ ਮੁਸਲਮਾਨ ਧਰਮ ਅਨੁਸਾਰ ਮੰਤਰ, ਜਿਸ ਨੂੰ ਉਹ ਜ਼ਿਕਰ ਕਹਿੰਦੇ ਹਨ, ਦੇ ਦੇਵੇਗਾ। ਇਹ ਠੀਕ ਹੈ ਕਿ ਵੱਖ ਵੱਖ ਧਰਮਾਂ ਅਨੁਸਾਰ ਇਨ੍ਹਾਂ ਮੰਤਰਾਂ ਜਾਂ ਸ਼ਬਦਾਂ ਦੇ ਨਾਂ ਵੱਖ ਵੱਖ ਹੁੰਦੇ ਹਨ, ਪਰ ਪੁਜਾਰੀਆਂ ਦਾ ਤਰੀਕਾ ਲਗਭਗ ਉਸੇ ਤਰ੍ਹਾਂ ਦਾ ਹੁੰਦਾ ਹੈ।

ਸਿੱਖ ਸਿਧਾਂਤਾਂ ਵਿਚ ਅਜਿਹੇ ਅੰਧਵਿਸ਼ਵਾਸਾਂ ਦੀ ਕੋਈ ਥਾਂ ਨਹੀਂ ਹੈ, ਪਰ ਦੁੱਖ ਹੁੰਦਾ ਹੈ ਜਦੋਂ ਡੇਰੇਦਾਰ ਤੇ ਪੁਜਾਰੀ ਬਾਕੀ ਪੁਜਾਰੀਆਂ ਤੋਂ ਪਿੱਛੇ ਰਹਿਣ ਦੀ ਗੱਲ ਤਾਂ ਦੂਰ ਸਗੋਂ ਕਈ ਤਰ੍ਹਾਂ ਨਾਲ ਅੱਗੇ ਲੰਘ ਗਏ ਜਾਪਦੇ ਹਨ। ਉਹ ਸ਼ਰਧਾਲੂ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਕੋਈ ਇਕ ਸ਼ਬਦ ਜਾਂ ਬਾਣੀ ਦੀਆਂ ਕੁਝ ਤੁਕਾਂ ਕੱਢ ਕੇ ਇਕ ਸ਼ਬਦ ਦੇ ਦਿੰਦੇ ਹਨ (ਸਿੱਖ ਸ਼ਰਧਾਲੂਆਂ ਵਾਸਤੇ ਮੰਤਰ ਦਾ ਨਾਂ ਸ਼ਬਦ ਹੁੰਦਾ ਹੈ)। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਮ ਲੋਕਾਂ ਦੀ ਭਾਸ਼ਾ ਵਿਚ ਹੈ ਅਤੇ ਉਹ ਉਸ ਨੂੰ ਸਮਝ ਸਕਦੇ ਹਨ। ਇਸ ਵਾਸਤੇ ਪੁਜਾਰੀਆਂ ਨੇ ਕੁਝ ਸ਼ਬਦ (ਮੰਤਰ) ਅਜਿਹੇ ਸਥਾਪਤ ਕਰ ਦਿੱਤੇ ਹਨ, ਜਿਨ੍ਹਾਂ ਦਾ ਉਚਾਰਨ ਸ਼ਰਧਾਲੂ ਦੀ ਸਮੱਸਿਆ ਹੱਲ ਕਰਨ ਵਾਲਾ ਜਾਂ ਇੱਛਾ ਪੂਰਤੀ ਵਾਲਾ ਪ੍ਰਤੀਤ ਹੁੰਦਾ ਹੈ।

ਕਈਆਂ ਨੇ ਤਾਂ ਇਸ ਤਰ੍ਹਾਂ ਦੇ ਸ਼ਬਦ ਇਕੱਠੇ ਕਰਕੇ ਪੁਸਤਕਾਂ ਵੀ ਛਾਪ ਦਿੱਤੀਆਂ ਹਨ। ਇਸ ਤੋਂ ਬਿਨਾ ਉਨ੍ਹਾਂ ਵਲੋਂ ਕਈ ਤਰ੍ਹਾਂ ਦੇ ਪਾਠ ਵੀ ਨਿਰਧਾਰਤ ਕਰ ਦਿੱਤੇ ਗਏ ਹਨ ਜਿਵੇਂ ਸਾਧਾਰਨ ਪਾਠ, ਸਪਤਾਹਿਕ ਪਾਠ, ਅਖੰਡ ਪਾਠ, ਸੰਪਟ ਪਾਠ ਅਤੇ ਇਨ੍ਹਾਂ ਨੂੰ ਕਰਨ ਦੀਆਂ ਵਿਧੀਆਂ ਵੀ ਨਿਰਧਾਰਤ ਹਨ। ਸ਼ਰਧਾਲੂਆਂ ਨੂੰ ਇਹ ਵੀ ਨਿਸ਼ਚਿਤ ਕਰਾਇਆ ਜਾਂਦਾ ਹੈ ਕਿ ਇਨ੍ਹਾਂ ਪਾਠਾਂ ਦਾ ਫਲ ਤਾਂ ਹੀ ਪ੍ਰਾਪਤ ਹੁੰਦਾ ਹੈ, ਜੇ ਇਨ੍ਹਾਂ ਨੂੰ ਸੰਪੂਰਨ ਵਿਧੀ ਰਾਹੀਂ ਸੰਪੰਨ ਕਰਵਾਇਆ ਜਾਵੇ। ਇਸ ਸਾਰੇ ਕੁਝ ਨੂੰ ਸ਼ਬਦ ਗੁਰੂ ਕਰਕੇ ਪ੍ਰਚਾਰਿਆ ਜਾਂਦਾ ਹੈ।

ਇਸ ਸਾਰੇ ਕੁਝ ਤੋਂ ਸ਼ਬਦ ਨੂੰ ਅਸੀਂ ਦੋ ਅਰਥਾਂ ਵਿਚ ਲੈ ਸਕਦੇ ਹਾਂ। ਪਹਿਲਾ ਸ਼ਬਦ (ਪੰਜਾਬੀ, ਹਿੰਦੀ, ਸੰਸਕ੍ਰਿਤ ਵਿਚ ਸ਼ਬਦ; ਉਰਦੂ ਵਿਚ ਲਫਜ਼ ਅਤੇ ਅੰਗਰੇਜ਼ੀ ਵਿਚ ਵਰਡ) ਉਹ ਹੈ, ਜੋ ਕਿਸੇ ਵੀ ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਹੁੰਦਾ ਹੈ। ਇਨ੍ਹਾਂ ਸ਼ਬਦਾਂ ਤੋਂ ਹੀ ਸਮੁੱਚੀ ਭਾਸ਼ਾ ਦਾ ਨਿਰਮਾਣ ਹੁੰਦਾ ਹੈ, ਜਿਸ ਤੋਂ ਅਸੀਂ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰ ਸਕਦੇ ਹਾਂ। ਦੂਸਰਾ ਸ਼ਬਦ ਉਹ ਹੈ, ਜੋ ਸਾਨੂੰ ਵੱਖ ਵੱਖ ਧਰਮਾਂ ਦੇ ਪੁਜਾਰੀ ਪ੍ਰਦਾਨ ਕਰਦੇ ਹਨ। ਜਿਸ ਦਾ ਵਾਰ ਵਾਰ ਜਾਪ ਕਰਕੇ ਜਾਂ ਜਾਪ ਕਰਵਾ ਕੇ ਅਸੀਂ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭਦੇ ਹਾਂ ਜਾਂ ਆਪਣੀ ਇੱਛਾ ਪੂਰਤੀ ਦਾ ਹੱਲ ਲੱਭਦੇ ਹਾਂ। ਹੁਣ ਨਿਰਣਾ ਅਸੀਂ ਆਪਣੀ ਸਾਧਾਰਨ ਬੁੱਧੀ ਨਾਲ ਆਪ ਕਰਨਾ ਹੈ ਕਿ ਅਸੀਂ ਕਿਸ ਸ਼ਬਦ ਨੂੰ ਗੁਰੂ ਸਮਝਣਾ ਹੈ!

ਪੁਸਤਕ-ਪੜਚੋਲ

# ਸ਼ਗੂਫੇ: ਸੁਲਤਾਨਾ ਬੇਗਮ ਦਾ ਹਾਸ ਵਿਅੰਗ

ਮੈਂ ਡਾ. ਸੁਲਤਾਨਾ ਬੇਗਮ ਦਾ ਪੰਜਾਬੀ ਤਨਜ਼ੋ-ਮਜ਼ਾਹ ਅਰਥਾਤ ਹਾਸ ਵਿਅੰਗ ਦੇ ਖੇਤਰ ਵਿਚ ਪਹਿਲੀ ਕਾਮਯਾਬ ਕਿਤਾਬ 'ਸ਼ਗੂਫੇ' ਨਾਲ ਪਰਵੇਸ਼ ਦਾ ਸੁਆਗਤ ਕਰਦਾ ਹਾਂ।

ਪੰਜਾਬੀ ਵਿਚ ਉਰਦੂ-ਹਿੰਦੀ ਵਾਂਗ ਹੀ ਬੜੀ ਲੰਬੀ ਧਾਰਾ ਚੱਲੀ ਆਉਂਦੀ ਹੈ, ਜਿਸ ਦਾ ਆਪਣਾ ਦੀਰਘ ਅਤੇ ਜੀਵੰਤ ਇਤਿਹਾਸ ਹੈ, ਜੋ ਸਿੱਧਾਂ, ਜੋਗੀਆਂ ਅਤੇ ਨਾਥਾਂ ਦੇ ਜ਼ਮਾਨੇ ਤੋਂ ਲੈ ਕੇ ਅੱਜ ਤੱਕ ਲਗਾਤਾਰ ਚੱਲਦੀ ਆ ਰਹੀ ਹੈ। ਇਸ ਧਾਰਾ ਦਾ ਦਰਸ਼ਨ ਗੁਰੂ ਕਾਵਿ, ਭਾਈ ਗੁਰਦਾਸ, ਕਿੱਸਾ ਸਾਹਿਤ, ਸੂਫੀ ਕਾਵਿ, ਭਗਤੀ ਕਾਵਿ ਵਿਚੋਂ ਹੁੰਦਾ ਹੋਇਆ ਵੀਹਵੀਂ ਸਦੀ ਤੱਕ ਪੁੱਜਦਾ ਹੈ।

**ਪ੍ਰੋ. ਮੇਵਾ ਸਿੰਘ ਤੁੰਗ**
ਫੋਨ: 91-96462-47926

ਇਕ ਸਮੇਂ ਸ. ਚਰਨ ਸਿੰਘ ਸ਼ਹੀਦ ਨੇ ਨਿਰੋਲ ਹਾਸ-ਰਸ ਦਾ ਝੰਡਾ ਚੁੱਕਿਆ ਅਤੇ ਵੱਡੇ-ਵੱਡੇ ਮਸਲੇ ਇਸ ਸਾਧਨ ਰਾਹੀਂ ਹੱਲ ਕੀਤੇ। ਉਸ ਦੀ ਕਿਤਾਬ 'ਬਾਦਸ਼ਾਹੀਆਂ', ਕਵਿਤਾਵਾਂ, ਉਸ ਦੇ ਨਾਵਲ, ਕਹਾਣੀਆਂ ਅਤੇ ਲੇਖ ਸਦਾ ਰਹਿਣ ਵਾਲੀਆਂ ਰਚਨਾਵਾਂ ਹਨ। ਉਸ ਨੇ ਆਪਣੇ ਜ਼ਮਾਨੇ ਵਿਚ ਆਪਣਾ ਪਾਤਰ 'ਬਾਬਾ ਵਰਿਆਮਾ' ਸਿਰਜਿਆ ਅਤੇ ਪੰਜਾਬੀ ਹਾਸ-ਵਿਅੰਗ ਨੂੰ ਇਕ ਵੱਖਰੀ ਪਛਾਣ ਤੇ ਪੱਧਰ ਪ੍ਰਦਾਨ ਕੀਤੇ।

ਪਿਛੋਂ ਇਸ ਧਾਰਾ ਨੂੰ ਸ. ਈਸ਼ਰ ਸਿੰਘ ਨੇ ਅੱਗੇ ਤੋਰਿਆ। ਉਨ੍ਹਾਂ ਨੇ 'ਭਾਈਆ' ਪਾਤਰ ਸਿਰਜਿਆ ਅਤੇ ਆਪਣੇ ਕਾਵਿ ਸੰਗ੍ਰਿਹ ਦਾ ਨਾਂ 'ਭਾਈਆ' ਰੱਖਿਆ। ਫਿਰ ਉਨ੍ਹਾਂ ਨੇ ਕਿੰਨੇ ਭਾਈਏ 'ਨਵਾਂ ਭਾਈਆ', 'ਰੰਗੀਲਾ ਭਾਈਆ', 'ਗੁਰਮੁਖ ਭਾਈਆ' ਆਦਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਅਗਲੇ ਲੇਖਕਾਂ ਵਿਚ ਤੇਜਾ ਸਿੰਘ ਸਾਬਰ, ਈਸ਼ਵਰ ਚਿੱਤਰਕਾਰ, ਗੁਰਨਾਮ ਸਿੰਘ ਤੀਰ ਅਤੇ ਸੂਬਾ ਸਿੰਘ ਦੇ ਨਾਂ ਪ੍ਰਸਿੱਧ ਹਨ। ਗੁਰਨਾਮ ਸਿੰਘ ਤੀਰ ਨੇ 'ਚਾਚੇ ਚੰਡੀਗੜ੍ਹੀਏ' ਨੂੰ ਅਮਰ ਕਰ ਦਿੱਤਾ ਅਤੇ ਚਾਚੇ ਚੰਡੀਗੜ੍ਹੀਏ ਨੇ ਗੁਰਨਾਮ ਸਿੰਘ ਤੀਰ ਨੂੰ ਸਦਾ ਲਈ ਜ਼ਿੰਦਗੀ ਦੇ ਦਿੱਤੀ।

ਉਕਤ ਮਹਾਂਰਥੀਆਂ ਦੇ ਸਿਰਜਣਾਤਮਕ ਯਤਨਾਂ ਨਾਲ ਸਤਿਕਾਰੇ ਗਏ ਖੇਤਰ ਵਿਚ ਡਾ. ਸੁਲਤਾਨਾ ਬੇਗਮ ਨੇ ਬੜੇ ਪੱਕੇ ਪੈਰੀਂ ਤੇ ਭਰੋਸੇ ਨਾਲ ਕਦਮ ਧਰਿਆ ਹੈ।

ਉਸ ਦੀ ਕਲਾਕ੍ਰਿਤ 'ਸ਼ਗੂਫੇ' ਦਾ ਪਹਿਲੀ ਨਜ਼ਰੇ ਜੋ ਪ੍ਰਭਾਵ ਪੈਂਦਾ ਹੈ, ਉਹ ਇਕ ਨਵੇਂ ਲੇਖਕ ਦਾ ਪ੍ਰਤੀਤ ਨਹੀਂ ਹੁੰਦਾ। ਜਾਪਦਾ ਹੈ, ਡਾ. ਸੁਲਤਾਨਾ ਜਿਵੇਂ ਵੱਡੇ ਤਜਰਬੇ ਭਰਪੂਰ ਜੀਵਨ ਅਨੁਭਵ ਤੇ ਕਲਾ ਦੇ ਮਾਲਿਕ ਹੋਣ। ਇਹ ਕਥਨ ਵਾਸਤਵ ਵਿਚ ਠੀਕ ਅਤੇ ਵਿਹਾਰਕ ਰੂਪ ਵਿਚ ਸੱਚ ਹੈ। ਲੇਖਿਕਾ ਇਕ ਉਚ ਤਾਲੀਮ ਯਾਫਤਾ, ਉਰਦੂ ਪੰਜਾਬੀ ਦੀ ਇਕੋ ਜਿਹੀ ਗਿਆਤਾ ਅਤੇ ਮਾਹਿਰ ਵਿਦਵਾਨ ਹੈ। ਉਹ ਉਰਦੂ ਅਤੇ ਪੰਜਾਬੀ ਵਿਚ ਇਕੋ ਜਿਹੀ ਮੁਹਾਰਤ ਨਾਲ ਸ਼ਾਇਰੀ ਕਰਦੇ ਅਤੇ ਨਸਰ ਲਿਖਦੇ ਹਨ।

ਪੰਜਾਬੀ ਮਾਧਿਅਮ ਵਿਚ 'ਪਾਕਿਸਤਾਨੀ ਪੰਜਾਬੀ ਨਾਵਲ' ਵਿਸ਼ੇ 'ਤੇ ਪੀਐਚ. ਡੀ. ਹਨ। ਇਹ ਗੱਲਾਂ ਮੇਰੀ ਜ਼ਾਤੀ ਗਿਆਤ ਦੀ ਉਪਜ ਹਨ, ਪਰ ਕੋਈ ਜਿਗਿਆਸੂ ਕੇਵਲ ਤੇ ਕੇਵਲ ਉਨ੍ਹਾਂ



ਡਾ. ਸੁਲਤਾਨਾ ਬੇਗਮ

ਦੀਆਂ ਲਿਖਤਾਂ ਪੜ੍ਹੇ ਤਾਂ ਉਸ ਦੀ ਆਪ ਮੁਹਾਰੇ ਹੀ ਰਾਏ ਇਹੋ ਜਿਹੀ ਹੋਵੇਗੀ, ਕਿਉਂਕਿ ਉਸ ਵਿਚ ਸਿਰਜਣਾਤਮਕ ਸ਼ਕਤੀ ਦਾ ਜਲੌ ਝਲਕਦਾ ਹੈ। ਉਸ ਦੀਆਂ ਰਚਨਾਵਾਂ 'ਗੁਲਜ਼ਾਰਾਂ', 'ਰੁਸਵਾਈਆਂ' ਅਤੇ 'ਸ਼ਗੂਫੇ' ਇਸੇ ਅਮਲ ਨੂੰ ਹੀ ਸਿੱਧ ਕਰਦੀਆਂ ਹਨ। ਉਸ ਦਾ ਇਕ ਸ਼ਿਅਰ ਬਾਬਾ ਸ਼ੇਖ ਫਰੀਦ ਦੀ ਕਾਵਿ-ਪਰੰਪਰਾ ਨਾਲ ਜਾ ਜੁੜਦਾ ਹੈ।

ਗੌਰ ਮੇਂ ਜਾਨੇ ਸੇ ਨ ਘਬਰਾ ਐ, 'ਸੁਲਤਾਨ'
ਯਹੀ ਤੋ ਹੈ ਜੋ ਤੁਮਹੇ ਯਾਦ ਕਰਤੀ ਰਹੀ।

'ਸ਼ਗੂਫੇ' ਦੀਆਂ ਕਿਰਤਾਂ ਦਾ ਮੁਤਾਲਾ ਪਾਠਕ ਨੂੰ ਕਾਇਲ ਕਰ ਲੈਂਦਾ ਹੈ, ਕਿਉਂਕਿ ਸੁਲਤਾਨਾ ਵਿਚ ਭਾਵਨਿਰੰਤਰਣ ਹੈ, ਭਰਤੀ ਨਹੀਂ। ਉਸ ਵਿਚ ਮਜ਼ਾਹ ਦੇ ਨਾਲ ਚੋਟ ਹੈ। ਉਸ ਦਾ ਤਿੱਖਾਪਨ ਅਤੇ ਸਾਹਿਤਕ ਪ੍ਰਭਾਵ ਪ੍ਰਾਪਤੀ ਜਨਕ ਹੈ।

ਉਸ ਨੇ ਉਰਦੂ ਅਦਬ ਦਾ ਮੁਤਾਲਾ ਵਸੀਹ ਪੈਮਾਨੇ 'ਤੇ ਕੀਤਾ ਹੈ। ਇਹ 'ਸ਼ਗੂਫੇ' ਦੇ ਪਾਠ ਤੋਂ ਸਿੱਧ ਹੋ ਜਾਂਦਾ ਹੈ। ਉਸ 'ਤੇ ਉਰਦੂ ਵਿਅੰਗਕਾਰਾਂ ਸਆਦਤ ਹਸਨ ਮੰਟੋ ਅਤੇ ਇਸਮਤ ਚੁਗਤਾਈ ਦਾ ਭਰਪੂਰ ਤਖ਼ਲੀਕੀ ਅਸਰ ਹੋਇਆ ਹੈ। ਇਸ ਲਈ ਜਦੋਂ ਉਹ ਤਨਜ਼ ਲਿਖਦੀ ਹੈ ਤਾਂ ਉਸੇ ਪੱਧਰ 'ਤੇ ਹੀ ਪਹੁੰਚ ਜਾਂਦੀ ਹੈ।

ਉਸ ਦੀਆਂ ਲਿਖਤਾਂ ਫਨੀ ਤੌਰ 'ਤੇ ਮੰਟੋ ਦੇ 'ਹਾਸ਼ੀਏ', ਇਸਮਤ ਚੁਗਤਾਈ ਦੀ 'ਬੱਛੋ ਭੂਆ' ਵਰਗੀਆਂ ਈ ਖ਼ੂਬਸੂਰਤ ਤੇ ਵਡਿਆਈ ਭਰਪੂਰ ਹਨ।

ਮੰਟੋ ਦੀ ਲਘੂ ਕਥਾ ਹੈ, 'ਗੰਗਾ ਰਾਮ ਦਾ ਬੁੱਤ।' "ਭੀੜ 'ਚੋਂ ਇਕ ਆਦਮੀ ਅੱਗੇ ਵਧਿਆ, ਉਸ ਜੁੱਤੀਆਂ ਦਾ ਹਾਰ ਸਰ ਗੰਗਾ ਰਾਮ ਦੇ ਬੁੱਤ ਦੇ ਗਲ ਵਿਚ ਪਾ ਦਿੱਤਾ। ਕਾਰਾਂ ਭੱਜੀਆਂ, ਗੱਡੀਆਂ ਆਈਆਂ...ਲਾਠੀਚਾਰਜ ਹੋਇਆ...ਐਂਬੂਲੈਂਸ ਆਈ...ਜ਼ਖ਼ਮੀਆਂ ਨੂੰ ਸਰ ਗੰਗਾ ਰਾਮ ਹਸਪਤਾਲ ਪਹੁੰਚਾਇਆ ਗਿਆ।"

ਸੁਲਤਾਨਾ ਨੇ ਵੀ ਇਕ ਲਘੂ ਰਚਨਾ ਕੀਤੀ ਹੈ, ਜਿਸ ਵਿਚ ਪੰਜਾਬੀ ਸੈਲ (ਸੁਧਾਰ ਸੈਲ) ਵਿਚ ਬਦਲ ਕੇ ਆਏ ਮੁੰਡੇ ਨੂੰ ਪੁੱਛਿਆ ਜਾਂਦਾ ਹੈ ਕਿ ਉਸ ਦੀ ਬਦਲੀ ਕਿਉਂ ਹੋਈ ਹੈ ਤਾਂ ਆਪਣੀਆਂ ਸ਼ਿਕਾਇਤਾਂ ਦੱਸਦਾ ਕਹਿੰਦਾ ਹੈ ਕਿ ਮੇਰਾ ਅਫਸਰ ਬਹੁਤ ਘਟੀਆ ਸੀ। ਸੈਕਟਰੀ ਕੋਲ ਸ਼ਿਕਾਇਤ ਹੋਈ। ਸੈਕਟਰੀ ਕਹਿੰਦਾ, 'ਮੈਂ ਤੇਰੀ ਇਨਕਰੀਮੈਂਟ ਬੰਦ ਕਰ ਦਿਆਂਗਾ।' ਤਾਂ ਇਹ ਮੁੰਡਾ ਪੰਜ ਰੁਪਏ ਕੱਢ ਕੇ ਮੇਜ਼ 'ਤੇ ਰੱਖ ਦਿੰਦਾ ਹੈ, 'ਜੀ ਛੇ ਮਹੀਨਿਆਂ ਨੂੰ ਲੱਗਣੀ ਐ, ਅੱਜ ਈ ਲਓ ਬੰਦ ਕਰ ਦਿਓ...।'

ਉਹ ਮੁੰਡਾ ਸੱਤ ਸਾਲ ਅਮਨ ਚੈਨ ਨਾਲ ਉਸ ਬ੍ਰਾਂਚ ਵਿਚ ਕੰਮ ਕਰਦਾ ਰਿਹਾ।

'ਸ਼ਗੂਫੇ' ਇਹੋ ਜਿਹੇ ਸ਼ਾਹਪਾਰਿਆਂ ਨਾਲ ਭਰਪੂਰ ਹੈ, ਇਸ ਨੂੰ ਪੜ੍ਹ ਕੇ ਹੀ ਜਾਣਿਆ ਤੇ ਮਾਣਿਆ ਜਾ ਸਕਦਾ ਹੈ। ਇਸ ਦਾ ਖੈਰ ਮਕਦਮ ਕਰਦਿਆਂ ਮੈਂ ਲੇਖਿਕਾ ਤੋਂ ਐਨੀ ਆਸ ਜ਼ਰੂਰ ਕਰਦਾ ਹਾਂ ਕਿ ਕ੍ਰਿਸ਼ਨ ਚੰਦਰ ਰਚਿਤ 'ਏਕ ਗਧੇ ਕੀ ਸਰ ਗੁਜ਼ਸ਼ਤ' ਤੇ 'ਗਧੇ ਕੀ ਵਾਪਸੀ'; ਖਵਾਜਾ ਅਹਿਮਦ ਅੱਬਾਸ ਦੀ 'ਅਲਿਫ ਲੈਲਾ', 'ਬੰਬਈ ਰਾਤ ਕੀ ਬਾਹੋਂ ਮੇਂ' ਤੇ 'ਸ਼ਹਿਰ ਔਰ ਸਪਨਾ' ਅਤੇ ਮੁਜ਼ਤਬਾ ਹੁਸੈਨ ਦੀ ਵਿਅੰਗ ਰਚਨਾ 'ਸਿੰਦਬਾਦ ਅਹਿਮਦਾਬਾਦ ਮੇਂ' ਵਰਗੀਆਂ ਵਡੇਰੀਆਂ ਤੇ ਲੰਮੀਆਂ ਅਰਥ-ਭਰਪੂਰ ਰਚਨਾਵਾਂ ਰਚੇ ਤਾਂ ਜੋ ਪੰਜਾਬੀ ਦੀ ਵਿਗੜੀ ਸੌਰ ਸਕੇ।

'ਸ਼ਗੂਫੇ' ਦੇ ਪੰਨਾ 77 'ਤੇ ਸੁਲਤਾਨਾ ਸ਼ਰਮਾ ਭੈਣਾਂ ਦਾ ਤਜ਼ਕਰਾ ਕਰਦਿਆਂ ਲਿਖਦੀ ਹੈ ਕਿ ਪੰਡਿਤ ਜੀ ਕਥਾ ਕਰਦੇ ਬੋਲੇ, "ਤੋ, ਦਰੋਪਦੀ ਕੇ ਪੰਜ ਪਤੀ ਥੇ।"

ਸ਼ਰਮਾ ਭੈਣਾਂ 'ਚੋਂ ਇੱਕ ਬੋਲੀ, "ਹਾਏ! ਸਾਨੂੰ ਤੇ ਰੁੜ੍ਹ ਗਿਆ ਇਕ ਵੀ ਨਹੀਂ ਮਿਲਿਆ, ਇਹਨੂੰ ਪੰਜ ਕਿਵੇਂ ਮਿਲ ਗਏ।" ਇਥੇ ਕਥਾ ਦੇ ਨਾਲ ਸਹੇਲੀਆਂ ਦੀ ਮਜਲਸ ਵਿਚ ਹਾਸਾ ਪੈ ਗਿਆ ਤੇ ਸਮਾਨੰਤਰ ਟਿੱਚਰ ਤੋਂ ਚੁਟਕਲਾ ਕਥਾ ਵੀ ਟੁਰ ਪਈ।

ਇਥੇ ਪਹੁੰਚ ਕੇ ਮੈਨੂੰ ਇਸਮਤ ਚੁਗਤਾਈ ਯਾਦ ਆਈ, ਜੋ ਆਪਣੇ ਨਾਵਲੈਟ 'ਜ਼ਿੱਦੀ' ਵਿਚ ਲਿਖਦੀ ਹੈ, "ਰਈਸਜ਼ਾਦੀਆਂ ਦੇ ਇਸ਼ਕ ਵਿਚ ਫੇਲ੍ਹ ਹੋ ਜਾਣਾ, ਸ਼ਰਾਬਨੋਸ਼ੀ ਕਰਨਾ। ਇਸ ਤਰ੍ਹਾਂ ਧੁਤ ਹੋ ਕਰ ਰਾਤ ਕੋ ਸੜਕੋਂ ਪਰ ਅਵਾਰਾ ਘੁੰਮਨਾ ਔਰ ਸ਼ਾਇਰੀ ਕਰਨਾ ਕਿ ਯੇ ਤਰੱਕੀ ਪਸੰਦ ਸ਼ਾਇਰੀ ਹੈ।" ਤਾਂ ਮੈਨੂੰ ਇਹ ਦੋਵੇਂ ਤਜ਼ਕਰੇ, ਇੰਜ ਲੱਗਦਾ ਹੈ, ਜਿਵੇਂ ਇਸਮਤ ਦੇ ਹੀ ਲਿਖੇ ਹੋਣ।

ਸੁਲਤਾਨਾ ਦੇ ਚੰਡੀਗੜ੍ਹ ਰਹਿੰਦੇ ਉਰਦੂਦਾਨ ਦੋਸਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਨ੍ਹਾਂ ਦੋਹਾਂ ਦਾ ਮਵਾਜ਼ਨਾ ਕਰਨਾ ਚਾਹੀਦਾ ਹੈ, ਜਿਵੇਂ ਲਖਨਊ ਵਿਚ ਮਵਾਜ਼ਨਾ ਅਨੀਸ ਤੇ ਦਬੀਰ ਕੀਤਾ ਗਿਆ ਸੀ।

ਜਿਥੋਂ ਤੱਕ ਹਾਸਰਸ ਉਪਜਾਉਣ ਅਤੇ ਲੋਕਾਂ ਨੂੰ ਹਸਾਉਣ ਰਾਹੀਂ ਭਾਰ ਮੁਕਤ ਕਰਨ ਦਾ ਸਵਾਲ ਹੈ, ਸੁਲਤਾਨਾ ਨੂੰ ਕਾਮਯਾਬੀ ਹਾਸਿਲ ਹੋਈ ਹੈ। ਪਰ ਮੇਰੀ ਦਿਲੀ ਇੱਛਾ ਹੈ ਕਿ ਉਹ ਏਥੇ ਹੀ ਬਸ ਨਾ ਕਰੇ। ਉਸ ਨੂੰ ਚਾਹੀਦਾ ਹੈ ਕਿ ਇਸ ਦੇ ਘੇਰੇ ਨੂੰ ਏਨਾ ਵਿਸ਼ਾਲ ਕਰੇ ਕਿ ਉਹ ਸਾਰੀ ਸਿਆਸਤ ਅਤੇ ਸਮਾਜ ਨੂੰ ਆਪਣੇ ਘੇਰੇ ਵਿਚ ਲੈ ਲਵੇ ਅਤੇ ਸਾਡੇ ਵਰਤਮਾਨ ਜੀਵਨ ਦੀਆਂ ਸੱਭੇ ਬੁਰਾਈਆਂ




ਤੇ ਔਗੁਣ ਨੰਗੇ ਕਰੇ ਅਤੇ ਲੋਕਾਂ ਨੂੰ ਹੱਸਦੇ ਹੱਸਦੇ ਹੀ ਉਨ੍ਹਾਂ ਦੇ ਤਿਆਗ ਲਈ ਮਜਬੂਰ ਕਰ ਦੇਵੇ।

ਬਿਲਕੁਲ ਜਿਸ ਤਰ੍ਹਾਂ ਉਰਦੂ ਵਿਚ ਕ੍ਰਿਸ਼ਨ ਚੰਦਰ, ਇਸਮਤ, ਫਿਕਰ ਤੌਂਸਵੀ ਅਤੇ ਉਰਦੂ ਤਨਜ਼ੋ ਮਜ਼ਾਹ ਦਾ ਕੁਤਬ ਮੀਨਾਰ ਕਨ੍ਹਈਆ ਲਾਲ ਕਪੂਰ ਕਰਦੇ ਹਨ। ਜੇ ਉਹ ਏਧਰ ਧਿਆਨ ਦੇਵੇ ਤਾਂ ਇਹ ਉਸ ਦੀ ਵਿਸ਼ੇਸ਼ ਪ੍ਰਾਪਤੀ ਹੋ ਸਕਦੀ ਹੈ।

ਇਸ ਤੋਂ ਛੁੱਟ ਚਰਨ ਸਿੰਘ ਸ਼ਹੀਦ ਤੋਂ ਬਾਅਦ ਇਸ ਪਾਸੇ ਉਚੇਚਾ ਤੇ ਵਿਸ਼ੇਸ਼ ਧਿਆਨ ਡਾ. ਗੁਰਨਾਮ ਤੀਰ ਨੇ ਹੀ ਦਿੱਤਾ ਹੈ। ਉਹ ਇਹ ਸਮਝਦੇ ਸਨ ਕਿ ਸੰਸਾਰ ਵਿਚ ਹਾਸਰਸੀ ਸਾਹਿਤ ਦੀ ਕਮੀ ਹੈ। ਇਸ ਲਈ ਲੱਖਾਂ ਮੌਤਾਂ ਸਮੇਂ ਤੋਂ ਪਹਿਲਾਂ ਹੋ ਜਾਂਦੀਆਂ ਹਨ। ਜੇ ਇਹ ਕਮੀ ਦੂਰ ਹੋ ਜਾਵੇ ਤਾਂ ਲੱਖਾਂ ਲੋਕ ਲੰਮੀ ਤੇ ਖੁਸ਼ਗਵਾਰ ਜ਼ਿੰਦਗੀ ਜੀ ਸਕਦੇ ਹਨ। ਇਸ ਲਈ ਉਨ੍ਹਾਂ ਨੇ ਸਰੋਦੀ ਕਵਿਤਾ ਵਿਚਲੀ ਆਪਣੀ ਪ੍ਰਾਪਤੀ ਅਤੇ ਕਾਮਯਾਬੀ ਵਿਚੇ ਛੱਡਦਿਆਂ ਹਾਸ ਰਸ ਸਾਹਿਤ ਵੱਲ ਧਿਆਨ ਦਿੱਤਾ ਅਤੇ 'ਅੱਧੀ ਰਾਤ ਦੀਆਂ ਹਾਕਾਂ', 'ਗੁੜ੍ਹਤੀ' ਤੇ ਕਈ ਹੋਰ ਕਹਾਣੀ ਸੰਗ੍ਰਿਹ ਲਿਖੇ ਤੇ ਛਪਵਾਏ। 'ਮੇਰੀ ਹਾਸਰਸੀ ਕਵਿਤਾ' ਤੇ ਕਈ ਹੋਰ ਕਾਵਿ ਪੁਸਤਕਾਂ ਵੀ ਛਪਵਾਈਆਂ। ਸੱਤਰ ਸਾਲ ਪਹਿਲਾਂ ਤੀਰ ਦੀ ਇੱਕ ਕਵਿਤਾ 'ਰਾਂਝੇ ਦਾ ਮੈਮੋਰੰਡਮ' ਬਹੁਤ ਪ੍ਰਸਿੱਧ ਹੋਈ ਸੀ, ਜਿਸ ਵਿਚਲਾ ਇਹ ਸ਼ਿਅਰ ਪੜ੍ਹਨ ਵਾਲਿਆਂ ਦੀ ਜ਼ੁਬਾਨ 'ਤੇ ਚੜ੍ਹ ਗਿਆ ਸੀ,

ਟੀ. ਏ. ਡੀ. ਏ. ਬਿਲ ਮੇਰੇ ਦਾ
ਕਰ ਕੁਝ ਹੀਰੇ ਲੇਖਾ।

ਇਸੇ ਤਰ੍ਹਾਂ ਤੇਜਾ ਸਿੰਘ ਸਾਬਰ ਦੀ ਕਵਿਤਾ 'ਜੇ ਹੀਰ ਤੇ ਰਾਂਝਾ ਅੱਜ ਕੱਲ੍ਹ ਹੁੰਦੇ' ਬੜੀ ਮਸ਼ਹੂਰ ਹੋਈ। ਉਸ ਦੀਆਂ ਇਹ ਸਤਰਾਂ ਯਾਦਗਾਰੀ ਬਣ ਗਈਆਂ,

ਸਾਂਦਲ ਬਾਰ ਦੇ ਬੇਲੇ ਭੁੱਲ ਕੇ
ਸੌਂ ਜਾਂਦਾ ਕਿਸੇ ਕਾਰ ਦੇ ਅੰਦਰ।
ਤੱਕ ਕੇ ਹੀਰ ਸਿਨੇਮਾ ਆਉਂਦੀ
ਪਿਆਰ ਹੁੰਦਾ ਉਹਦੀ ਮਾਰ ਦੇ ਅੰਦਰ।
ਫੁੰਮਣਾਂ ਵਾਲੀ ਵੰਝਲੀ ਦੀ ਥਾਂ
ਵਾਇਲਨ ਖੂਬ ਵਜਾਂਦਾ ਫਿਰਦਾ।
'ਸ਼ਹਿਰ ਕੀ ਲੌਂਡੀਆ ਮਾਰ ਗਈ ਹੈ'
ਗਲੀ ਗਲੀ ਵਿਚ ਗਾਂਦਾ ਫਿਰਦਾ।

ਭੂਸ਼ਨ ਧਿਆਨਪੁਰੀ ਬਹੁਤ ਅੱਗੇ ਵਧ ਸਕਦਾ ਸੀ ਪਰ ਮਾੜੇ ਭਾਗ ਕਿ ਉਹ ਛੇਤੀ ਹੀ ਰੁਖਸਤ ਹੋ ਗਿਆ। ਹੁਣੇ ਹੁਣੇ ਡਾ. ਸੁਲਤਾਨਾ ਬੇਗਮ ਨੇ ਇਸ ਖੇਤਰ ਵਿਚ ਪਰਵੇਸ਼ ਕੀਤਾ ਹੈ ਅਤੇ ਕਾਫੀ ਹੋਣਹਾਰੀ ਵਿਖਾਈ ਹੈ। ਉਸ ਦੀ ਉਰਦੂ ਸ਼ਾਇਰੀ ਦੇ ਸੰਗ੍ਰਿਹ 'ਰੁਸਵਾਈਆਂ' ਦੇ 75 ਪੰਨੇ 'ਤੇ ਇੱਕ ਮਕਤਾ ਦਰਜ ਹੈ,

ਕੁੱਛ ਤੋ ਸੋਚ ਲੇ ਤੂ
ਅਬ ਗਮ-ਏ-ਜ਼ਿੰਦਗੀ ਮੇਂ
ਸੁਲਤਾਨ ਹੋਸ਼ ਕਰ
ਪੱਥਰ ਕੇ ਸਨਮ,
ਸਨਮ ਨਹੀਂ ਹੋਤੇ।

ਪਰ ਜਿਸ ਸਿਨਫ ਦੀ ਚੋਣ ਸੁਲਤਾਨਾ ਨੇ ਕੀਤੀ ਹੈ, ਉਸ ਵਿਚ ਪੱਥਰ ਦੇ ਸਨਮ ਵੀ ਸਨਮ ਹੋ ਜਾਂਦੇ ਹਨ। ਇਸ ਵਿਚ ਹੱਸਦੇ ਹਸਾਉਂਦੇ ਹੀ ਅਗਲੇ ਨੂੰ ਛੇੜ ਜਾਣਾ, ਟੁੰਬ ਜਾਣਾ ਤੇ ਸੁਚੇਤ ਕਰ ਜਾਣਾ ਹੁੰਦਾ ਹੈ ਅਤੇ ਫੇਰ ਹੱਸਦਿਆਂ ਹੀ ਪਲਕਾਂ ਤੋਂ ਓਹਲੇ ਹੋ ਜਾਣਾ ਹੁੰਦਾ ਹੈ,

ਹੱਸਦੇ ਹੱਸਦੇ ਲੰਘ ਗਿਆ ਮਾਹੀ
ਪਲਕਾਂ ਓਹਲੇ ਹੋ ਕੇ।

ਤਨਜ਼ੋ ਮਜ਼ਾਹ ਦਾ ਹੱਸਦਾ ਹੱਸਾਉਂਦਾ ਫਨਕਾਰ ਯਕੀਨਨ ਹਜ਼ਾਰਾਂ ਲੱਖਾਂ ਦਾ ਮਾਹੀ ਹੁੰਦਾ ਹੈ, ਇਸ ਲਈ ਲੋਕ ਉਹਨੂੰ ਪਿਆਰ ਕਰਦੇ ਹਨ, ਉਹਦਾ ਸਤਿਕਾਰ ਕਰਦੇ ਹਨ। ਡਾ. ਸੁਲਤਾਨਾ ਇਸੇ ਪਿਆਰ ਤੇ ਸਤਿਕਾਰ ਦੀ ਸਹੀ ਪਾਤਰ ਹੈ।

## ਕਾਵਿ-ਜਗਤ

### ਅੱਜ ਦਾ ਪੰਜਾਬ

ਲੱਗਦੈ ਫਿਰ ਪੰਜਾਬ ਦੇ ਉਤੇ
ਜ਼ੁਲਮ ਦੇ ਬੱਦਲ ਚੜ੍ਹਨ ਲੱਗੇ ਨੇ।
ਲੱਗਦਾ ਏ ਪੰਜਾਬ ਦੇ ਦੁਸ਼ਮਣ
ਫਿਰ ਪੰਜਾਬ 'ਚ ਵੜਨ ਲੱਗੇ ਨੇ।

ਧਰਮੀ ਅਤੇ ਸਿਆਸਤ ਦੋਵੇਂ
ਜੁੱਤਮ ਜੁੱਤੀ ਹੋਈ ਜਾਂਦੇ,
ਸ਼ਾਤਰ ਲੋਕ 'ਕੱਠਿਆਂ ਹੋ ਕੇ
ਨਵੀਂ ਸਿਆਸਤ ਘੜਨ ਲੱਗੇ ਨੇ।

ਚੰਗਾ ਭਲਾ ਪੰਜਾਬ ਵਸੇਂਦਾ
ਮੇਰੇ ਸਤਿਗੁਰ ਜੀ ਦੇ ਨਾਂ 'ਤੇ,
ਕੁਝ ਆਪਣੇ, ਕੁਝ ਮੁਲਕ ਗਵਾਂਢੀ
ਵੇਖ ਵੇਖ ਕੇ ਸੜਨ ਲੱਗੇ ਨੇ।

ਧਰਮੀ ਵੀਰੋ ਧਰਮ ਦੇ ਨਾਂ 'ਤੇ
ਮਾਨਵਤਾ ਦਾ ਖੂਨ ਕਰੋ ਨਾ,
ਲੋਕ ਤੁਹਾਡੇ ਨਾਂਵਾਂ ਦੇ ਨਾਲ
ਸ਼ਬਦ ਕੁਥਾਂਵੇਂ ਜੜਨ ਲੱਗੇ ਨੇ।

ਬਾਹਰ ਬੈਠਿਓ ਵੱਸਣ ਦਿਓ ਵੇ
ਨਾ ਪੰਜਾਬ ਨੂੰ ਅੱਗਾਂ ਲਾਵੋ,
ਨਾਲ ਤੁਹਾਡੇ ਰਲ ਕੇ ਦੁਸ਼ਮਣ
ਮੌਤ ਦਾ ਕਲਮਾ ਪੜ੍ਹਨ ਲੱਗੇ ਨੇ।
ਵਸਦੇ ਰਸਦੇ ਘਰਾਂ ਦੇ ਅੰਦਰ
ਨਾ ਲਾਸ਼ਾਂ ਦੇ ਢੇਰ ਲਾਇਓ,
ਅਜੇ ਤਾਂ ਲੋਕੀ ਭੁੱਲ ਕੇ ਪੀੜਾਂ
ਹੌਲੀ ਹੌਲੀ ਖੜ੍ਹਨ ਲੱਗੇ ਨੇ।

ਨਾ ਉਗਲੋ ਵੇ ਜ਼ਹਿਰ ਜ਼ੁਬਾਨੋਂ
ਬੰਦ ਕਰੋ ਇਹ ਬੰਬ ਧਮਾਕੇ,
ਕਿਉਂ ਧਰਮਾਂ ਦੇ ਨਾਂ 'ਤੇ ਲੋਕੀਂ
ਆਪਸ ਦੇ ਵਿਚ ਲੜਨ ਲੱਗੇ ਨੇ?

ਇਕੋ ਘਰ ਦੇ ਜੰਮੇ ਜਾਏ
ਇਕ ਥਾਲੀ ਵਿਚ ਖਾਵਣ ਵਾਲੇ,
ਇਕ ਦੂਜੇ ਨੂੰ ਮਾਰਨ ਦੇ ਲਈ
ਦੋਸ਼ ਸਿਰਾਂ 'ਤੇ ਮੜ੍ਹਨ ਲੱਗੇ ਨੇ।

ਅੱਵਲ ਅੱਲ੍ਹਾ ਨੂਰ ਉਪਾਇਆ
ਕੁਦਰਤ ਦੇ ਸਭ ਬੰਦੇ ਏਥੇ,
ਕਿਉਂ 'ਸੁਰਜੀਤ' ਇਹ ਜ਼ੁਲਮੀ ਲੋਕ
ਦੋਜ਼ਖ ਦੇ ਵਿਚ ਵੜਨ ਲੱਗੇ ਨੇ?

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

### ਖੇਡਣ ਦੇ ਦਿਨ ਚਾਰ

ਖੇਡਣ ਦੇ ਦਿਨ ਚਾਰ ਨੀ ਕੁੜੀਏ
ਗਏ ਉਡਾਰੀ ਮਾਰ ਨੀ ਕੁੜੀਏ।
ਨਾਲ ਗੁਬਾਰਿਆਂ ਗੱਲਾਂ ਕਰਦੀ
ਹੋ ਗਈ ਤੂੰ ਮੁਟਿਆਰ ਨੀ ਕੁੜੀਏ।
ਤੇਰੀਆਂ ਗੁੱਡੀਆਂ ਅਤੇ ਪਟੋਲੇ
ਖੜ੍ਹ ਗਏ ਨੇ ਕੰਧਾਂ ਦੇ ਓਹਲੇ।
ਚੋਰੀ ਚੋਰੀ ਤੱਕਦੇ ਜਦ ਤੂੰ
ਕਰਦੀ ਹਾਰ ਸ਼ਿੰਗਾਰ ਨੀ ਕੁੜੀਏ।
ਨਿੱਕੇ ਨਿੱਕੇ ਗੀਟੇ ਬੁੜ੍ਹਕਾਉਣਾ
ਸਖੀਆਂ ਦੇ ਸਿਰ ਬਾਜ਼ੇ ਚੜ੍ਹਾਉਣਾ।
ਸਾਰਾ ਕੁੱਝ ਤੂੰ ਪਿੱਛੇ ਛੱਡ ਕੇ
ਆ ਗਈ ਸਮੁੰਦਰੋਂ ਪਾਰ ਨੀ ਕੁੜੀਏ।
ਚੂੜੀਆਂ ਲਹਿ ਕੇ ਪੈ ਗਿਆ ਚੂੜਾ
ਚੜ੍ਹਿਆ ਰੰਗ ਮਹਿੰਦੀ ਦਾ ਗੂੜ੍ਹਾ।
'ਨਰਿੰਦਰ' ਦੀ ਅਰਦਾਸ ਇਹੋ
ਤੇਰਾ ਸੁਖੀ ਵਸੇ ਸੰਸਾਰ ਨੀ ਕੁੜੀਏ।

*-ਨਰਿੰਦਰ ਕੌਰ*

---

### ਵਿਅੰਗ

ਤਿੰਨੇ ਕਿਸੇ ਕੰਮ ਦੇ ਨਹੀਂ
ਕੈਪਟਨ ਖੂੰਡੇ ਬਿਨਾਂ, ਲੂਣ ਚੂੰਡੇ ਬਿਨਾਂ,
ਚਟਣੀ ਕੂੰਡੇ ਬਿਨਾਂ, ਕਿਸੇ ਕੰਮ ਦੇ ਨਹੀਂ।
ਮੋਦੀ ਵਿਦੇਸ਼ ਬਿਨਾਂ,
ਮਹਿਮਾਨ ਵਿਸ਼ੇਸ਼ ਬਿਨਾਂ,
ਬਹਿਰੂਪੀਆ ਭੇਸ ਬਿਨਾਂ,
ਕਿਸੇ ਕੰਮ ਦੇ ਨਹੀਂ।
ਭਾਜਪਾ ਅੰਬਾਨੀ ਬਿਨਾਂ,
ਹੁਸਨ ਜਵਾਨੀ ਬਿਨਾਂ,
ਦੋਹਤਾ ਨਾਨੀ ਬਿਨਾਂ, ਕਿਸੇ ਕੰਮ ਦੇ ਨਹੀਂ।
ਕੇਜਰੀਵਾਲ ਝਾੜੂ ਬਿਨਾਂ, ਚਾਕੂ ਘਾੜੂ ਬਿਨਾਂ,
ਬੱਚਾ ਨਾੜੂ ਬਿਨਾਂ, ਕਿਸੇ ਕੰਮ ਦੇ ਨਹੀਂ।
ਰਾਹੁਲ ਮੰਮੀ ਬਿਨਾਂ, ਢਾਰਾ ਥੰਮ੍ਹੀ ਬਿਨਾਂ,
ਬਰਫ ਜੰਮੀ ਬਿਨਾਂ, ਕਿਸੇ ਕੰਮ ਦੇ ਨਹੀਂ।
ਸੁੱਖਾ ਗੱਪ ਬਿਨਾਂ, ਜੋਗੀ ਸੱਪ ਬਿਨਾਂ,
ਵਿਆਹ ਖੱਪ ਬਿਨਾਂ, ਕਿਸੇ ਕੰਮ ਦੇ ਨਹੀਂ।

ਮਜੀਠੀਆ ਜੀਜੇ ਬਿਨਾਂ, ਮੋਮ ਪੀਜੇ ਬਿਨਾਂ,
ਜ਼ਾਲਮ ਪਸੀਜੇ ਬਿਨਾਂ, ਕਿਸੇ ਕੰਮ ਦੇ ਨਹੀਂ।
ਮੱਕੜ ਗੋਲਕ ਬਿਨਾਂ, ਸੇਬ ਫੋਲਕ ਬਿਨਾਂ,
ਗੀਤ ਢੋਲਕ ਬਿਨਾਂ, ਕਿਸੇ ਕੰਮ ਦੇ ਨਹੀਂ।
ਨਿਤੀਸ਼ ਲਾਲੂ ਬਿਨਾਂ, ਵਹੁਟੀ ਸਾਲੂ ਬਿਨਾਂ,
ਮਦਾਰੀ ਭਾਲੂ ਬਿਨਾਂ, ਕਿਸੇ ਕੰਮ ਦੇ ਨਹੀਂ।
(ਠੱਗ) ਨੇਤਾ ਧੋਖੇ ਬਿਨਾਂ,
ਚੌਕੀਦਾਰ ਹੋਕੇ ਬਿਨਾਂ,
ਚਾਹ ਖੋਖੇ ਬਿਨਾਂ, ਕਿਸੇ ਕੰਮ ਦੇ ਨਹੀਂ।
ਵਪਾਰੀ ਲੁੱਟਣ ਬਿਨਾਂ,
ਪੁਲਸੀਆ ਕੁੱਟਣ ਬਿਨਾਂ,
ਸੁਫਨੇ ਟੁੱਟਣ ਬਿਨਾਂ, ਕਿਸੇ ਕੰਮ ਦੇ ਨਹੀਂ।
'ਗਿੱਲ' ਵਿਅੰਗ ਬਿਨਾਂ, ਰਾਂਝਾ ਝੰਗ ਬਿਨਾਂ
ਕੈਦੋ ਲੰਗ ਬਿਨਾਂ, ਕਿਸੇ ਕੰਮ ਦਾ ਨਹੀਂ।

*-ਜੁਗਰਾਜ ਸਿੰਘ ਗਿੱਲ, ਯੌਰਕ*
*ਫੋਨ: 704-257-6693*

---

### ਕਿੰਨੀਆਂ ਕੁੱਖਾਂ 'ਚ ਮਰੀਆਂ

ਕਿੰਨੀਆਂ ਮਾਸੂਮ ਜਾਨਾਂ ਗਈਆਂ
ਕਿੰਨੀਆਂ ਹੁਣ ਵੀ ਜਖ਼ਮੀ ਪਈਆਂ।
ਬੇਸ਼ੱਕ ਕੌਤੀਆਂ ਲੱਗਣ ਕਿਸੇ ਨੂੰ
ਜਿਹੜੀਆਂ ਵੀ ਇਹ ਗੱਲਾਂ ਕਰੀਆਂ।
ਬਲੀ ਦਾਜ ਦੀ ਕਿੰਨੀਆਂ ਚੜ੍ਹੀਆਂ
ਕਿੰਨੀਆਂ ਕੁੱਖਾਂ ਦੇ ਵਿਚ ਮਰੀਆਂ।

ਰੱਬ ਦੇ ਜੀਅ ਇਹ ਵਿਚਾਰੇ
ਕਿੰਨੇ ਬਲੀ ਦਾਜ ਦੀ ਚਾੜ੍ਹ ਦਿੱਤੇ।
ਅਣਗਿਣਤ ਬਥੇਰੇ ਜੰਮਣ ਤੋਂ ਪਹਿਲਾਂ
ਕੁੱਖਾਂ ਦੇ ਵਿਚ ਮਾਰ ਦਿੱਤੇ।
ਕੱਚੀਆਂ ਕਰੂੰਬਲਾਂ ਜਿਹੜੀਆਂ ਟੁੱਟੀਆਂ
ਫਿਰ ਕਦੇ ਨਾ ਹੋਈਆਂ ਹਰੀਆਂ...।

ਕੋਈ ਸਹੁਰਿਆਂ ਦੇ ਵੱਸ ਪੈ ਕੇ ਮਰਦੀ
ਕਿਸੇ ਦੇ ਮਾਪੇ ਬਣ ਜਾਂਦੇ ਵੈਰੀ।
ਸਮਾਜ ਦੇ ਵੱਡੇ ਠੇਕੇਦਾਰ ਬਣੇ ਜੋ
ਧੀਆਂ 'ਤੇ ਸਦਾ ਅੱਖ ਰੱਖਦੇ ਗਹਿਰੀ।
ਅੱਜ ਦੇ ਯੁੱਗ ਵਿਚ ਇਸੇ ਲਈ ਤਾਂ
ਧੀਆਂ ਰਹਿੰਦੀਆਂ ਸਹਿਮੀਆਂ ਡਰੀਆਂ...।

ਬਸ ਕਰੋ ਹੁਣ ਤਾਂ ਬਹੁਤ ਹੋ ਗਿਆ
ਇਨ੍ਹਾਂ 'ਤੇ ਥੋੜਾ ਤਰਸ ਕਰੋ।
ਕੀ ਲੇਖਾ ਦਿਉਗੇ ਸੱਚੇ ਰੱਬ ਨੂੰ
ਜ਼ਾਲਮੋ ਉਹਦੇ ਕਹਿਰ ਤੋਂ ਵੀ ਡਰੋ।
ਕਦ ਸੁੱਖ ਦੀ ਜ਼ਿੰਦਗੀ ਜਿਊਣੀ
ਧੀਆਂ ਬਹੁਤ ਮੁਸੀਬਤਾਂ ਜਰੀਆਂ।
ਕਿੰਨੀਆਂ ਕੁੱਖਾਂ ਦੇ ਵਿਚ ਮਰੀਆਂ।

*-ਕੁਲਦੀਪ ਸਿੰਘ ਢਿੱਲੋਂ*
*ਫੋਨ: 91-98559-64276*

# ਦੀਵਾ ਜਗਦਾ ਰਹੇ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਗਿਆਨ ਦੀ, ਜਜ਼ਬਾਤ ਦੀ ਅਤੇ ਹਿੰਮਤ ਤੇ ਹੌਸਲੇ ਦੀ ਧੂਣੀ ਧੁਖਾਉਣ ਦੀ ਗੱਲ ਕਰਦਿਆਂ ਨਸੀਹਤ ਦਿੱਤੀ ਸੀ, "ਧੂਣੀ ਧੁਖਾਵੋ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਤਾਂ ਕਿ ਲੋਕਾਂ ਨੂੰ ਮਿਲ-ਬੈਠਣ ਦਾ ਸਬੱਬ ਮਿਲੇ। ਆਪਸੀ ਗਿਲੇ ਸ਼ਿਕਵੇ ਦੂਰ ਹੋਣ। ਠੰਢੀ ਪੌਣ ਦਾ ਮਹਿਕੀਲਾ ਬੁੱਲਾ ਫਿਜ਼ਾ 'ਚ ਪਿਆਰ ਦਾ ਪੈਗਾਮ ਫੈਲਾਵੇ।" ਹਥਲੇ ਲੇਖ ਵਿਚ ਉਨ੍ਹਾਂ ਦੀਵੇ ਦੀ ਇਬਾਦਤ ਕਰਦਿਆਂ ਇਸ ਦੀਆਂ ਬਰਕਤਾਂ ਦਾ ਵਿਖਿਆਨ ਕੀਤਾ ਹੈ। ਅਜੋਕੇ ਯੁਗ ਵਿਚ ਭਾਵੇਂ ਦੀਵੇ ਆਪਣੇ ਪੁਰਾਣੇ ਰੂਪ ਵਿਚ ਨਹੀਂ ਰਹੇ ਅਤੇ ਇਨ੍ਹਾਂ ਦੀ ਥਾਂ ਬਿਜਲੀ ਦੇ ਬਲਬਾਂ ਤੇ ਟਿਊਬਾਂ ਨੇ ਲੈ ਲਈ ਹੈ, ਪਰ ਦੀਵਾ ਜਾਂ ਚਿਰਾਗ ਅਸਲ ਵਿਚ ਚਾਨਣ ਦਾ ਇਕ ਸੰਕਲਪ ਹੈ। ਡਾ. ਭੰਡਾਲ ਕਹਿੰਦੇ ਹਨ, "ਚਾਨਣ ਵਰਗੀ ਫਰਾਖ-ਦਿਲੀ ਜੇ ਮਨੁੱਖੀ ਸੋਚ ਦਾ ਹਾਸਲ ਹੋਵੇ ਤਾਂ ਇਹ ਹਰ ਮਨ ਵਿਚ ਚਾਨਣ ਦਾ ਜਾਗ ਲਾਉਂਦੀ।...ਦੀਵੇ ਵਿਕਦੇ ਰਹਿਣ, ਪੁਰਾਣੀ ਜੀਵਨ-ਸ਼ੈਲੀ ਜਿਉਂਦੀ ਰਹੇ ਅਤੇ ਜਿਉਂਦੇ ਰਹਿਣ ਦੀਵੇ ਬਣਾਉਣ ਤੇ ਇਨ੍ਹਾਂ ਨੂੰ ਮਿਕਨਾਤੀਸੀ ਛੋਹ ਪ੍ਰਦਾਨ ਕਰਨ ਵਾਲੇ ਕਾਰੀਗਰ ਹੱਥ।" ਉਨ੍ਹਾਂ ਦਾ ਫਿਕਰ ਹੈ, "ਇਸ ਦੀ ਗੁੰਮਸ਼ੁਦਗੀ ਨੇ ਸਾਨੂੰ ਆਪਣੇ ਹੀ ਵਿਰਸੇ ਤੋਂ ਬੇਮੁੱਖ ਕਰਨ ਦਾ ਕਾਰਨ ਬਣਨਾ ਏ ਅਤੇ ਸੰਵੇਦਨਸ਼ੀਲ ਮਨ ਕਦੇ ਨਹੀਂ ਚਾਹੁੰਦਾ ਕਿ ਉਹ ਆਪਣੇ ਆਪ ਤੋਂ ਹੀ ਬੇਮੁੱਖ ਹੋ ਜਾਵੇ।" ਉਨ੍ਹਾਂ ਦੀ ਨਸੀਹਤ ਹੈ, "ਜਗਦੇ ਦੀਵੇ ਨੂੰ ਕਦੇ ਫੂਕ ਮਾਰ ਕੇ ਨਾ ਬੁਝਾਵੋ। ਹਾਂ ਇੰਨੀ ਕੁ ਹਵਾ ਦਿਓ ਕਿ ਚਿਰਾਗ ਜਗਦਾ ਰਹੇ।" -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਦੀਵਾ ਜਗਦਾ ਤਾਂ ਆਲੇ-ਦੁਆਲੇ 'ਚ ਚਾਨਣ-ਆਭਾ। ਹਰ ਵਸਤ ਸੁਹੰਢਣੀ ਅਤੇ ਨਿਖਰੇ ਰੂਪ 'ਚ ਦ੍ਰਿਸ਼ਟਮਾਨ ਹੁੰਦੀ। ਨੈਣਾਂ 'ਚ ਨਜ਼ਰ ਦੇ ਦਿੱਸਹਦੇ ਫੈਲਦੇ। ਸੂਰਜੀ ਦੀਵਾ ਜਗਦਾ ਤਾਂ ਧਰਤੀ ਦੇ ਪਿੰਡੇ 'ਤੇ ਦਿਨ ਦਾ ਆਗਾਜ਼ ਹੁੰਦਾ ਜਦ ਕਿ ਇਸ ਦੀ ਰੁਖਸਤ ਨਾਲ ਹੀ ਰਾਤ ਦਾ ਹਨੇਰ-ਪਹਿਰ ਡੇਰਾ ਲਾਉਂਦਾ।

ਦੀਵਾ ਜਗਦਾ ਤਾਂ ਬੱਤੀ ਨੂੰ ਬਲਣ ਦਾ ਮਾਣ ਮਿਲਦਾ। ਇਸ ਵਿਚ ਪਾਏ ਘਿਓ ਜਾਂ ਤੇਲ ਨੂੰ ਆਪਣੇ ਵਿਚੋਂ ਚਾਨਣ ਦੀ ਪੈਦਾਇਸ਼ ਦਾ ਅਹਿਸਾਸ ਪੈਦਾ ਹੁੰਦਾ। ਚਾਨਣ ਵਰਗੇ ਸਵੈ-ਵਿਸ਼ਵਾਸ ਨਾਲ ਦੀਵਾ ਚਾਨਣ ਚਾਨਣ ਹੋ ਜਾਂਦਾ।

ਦੀਵਾ ਜਗਦਾ ਤਾਂ ਬਨੇਰਿਆਂ 'ਤੇ ਉਤਰਦੀ ਦੀਵਾਲੀ ਦੀ ਰਾਤ। ਹਨੇਰਿਆਂ ਦੀ ਹੋਂਦ ਲਈ ਖਤਰਾ। ਚਾਨਣ-ਰੱਤੇ ਪਹਿਰਾਂ ਵਿਚ ਰਾਤ ਵੀ ਦਿਨ ਦਾ ਚੋਲਾ ਪਾਉਂਦੀ।

ਦੀਵਾ ਤਾਂ ਹੀ ਜਗਦਾ ਜਦ ਦੀਵੇ ਨੂੰ ਜਗਾਉਣ ਲਈ ਖੁਦ ਦੀਵਾ ਬਣਦਾ। ਦੀਵੇ ਦੀ ਜੂਨੇ ਪੈ ਕੇ, ਦੀਵੇ ਵਾਂਗ ਬਲ ਕੇ ਹੀ ਕਿਰਨ-ਕਾਫਲਿਆਂ ਨੂੰ ਹਨੇਰ-ਬੀਹੀ ਵਿਚ ਤਰੌਂਕਿਆ ਜਾ ਸਕਦਾ।

ਦੀਵਾ ਜਗਾਉਣ ਲਈ ਤਾਂ ਹਰੇਕ ਕਾਹਲਾ ਪਰ ਕੋਈ ਨਹੀਂ ਖੁਦ ਦੀਵਾ ਬਣਦਾ। ਬਹੁਤ ਵਿਰਲੇ ਹੁੰਦੇ ਜੋ ਦੀਵੇ ਵਾਂਗ ਬਲਦੇ ਧੁੰਆਂਖੀਆਂ ਰਾਹਾਂ ਨੂੰ ਪੈੜਾਂ ਦਾ ਨਸੀਬ ਬਣਾਉਂਦੇ। ਇਹ ਪੈੜਾਂ ਹੀ ਮੰਜ਼ਿਲ ਦਾ ਸਿਰਨਾਂਵਾਂ ਬਣਦੀਆਂ।

ਕੁਝ ਲੋਕ ਆਪਣੇ ਆਲੇ ਵਿਚ ਦੀਵਾ ਜਗਾਉਣ ਦੀ ਲਾਲਸਾ ਵਿਚ ਕਈ ਘਰਾਂ ਦਾ ਚਿਰਾਗ ਬੁਝਾ ਜਾਂਦੇ। ਅਜਿਹੇ ਦੀਵੇ ਦੀ ਸਾਰਥਕਤਾ ਕੀ ਏ, ਜੋ ਬਿਗਾਨੇ ਲਹੂ ਦੀ ਲੋਅ ਨਾਲ ਤਹਿਖਾਨਿਆਂ ਨੂੰ ਰੁਸ਼ਨਾਉਂਦੇ ਨੇ। ਇਹ ਤਹਿਖਾਨੇ ਤਾਂ ਜੀਵਨ ਦੀਆਂ ਚੀਖਾਂ, ਲੇਰਾਂ ਤੇ ਹੂੰਗਰਾਂ ਨਾਲ ਭਰੇ, ਜਿਉਣ ਨਾਲੋਂ ਮਰਨ ਦੀ ਤਰਜ਼ੀਹ ਨੇ।

ਦੀਵਾ ਜਦ ਕਿਸੇ ਬਾਲ ਦੇ ਹੱਥਾਂ ਵਿਚ ਹੁੰਦਾ ਤਾਂ ਉਸ ਦੇ ਚਾਨਣ-ਭਿੱਜੇ ਚਿਹਰੇ ਨੂੰ ਨਿਹਾਰਨਾ, ਤੁਹਾਨੂੰ ਭਵਿੱਖ ਦੇ ਨਰੋਏ ਨਕਸ਼ਾਂ ਦੀ ਪਛਾਣ ਹੋ ਜਾਵੇਗੀ। ਇਹ ਨਿੱਕੇ ਨਿੱਕੇ ਬੱਚੇ ਹੀ ਘਰ ਦੇ ਚਿਰਾਗ ਬਣ ਕੇ ਬਨੇਰਿਆਂ ਨੂੰ ਭਾਗ ਲਾਉਂਦੇ, ਡਿਊੜੀਆਂ ਦੇ ਦਰਵਾਜਿਆਂ ਨੂੰ ਯੁੱਗ ਜਿਉਣ ਦਾ ਧਰਵਾਸ ਦਿੰਦੇ ਅਤੇ ਕੱਖਾਂ-ਕਾਨਿਆਂ ਦੀਆਂ ਛੱਤਾਂ ਨੂੰ ਪੱਕੇ ਘਰਾਂ ਦਾ ਵਰਦਾਨ ਦਿੰਦੇ। ਇਨ੍ਹਾਂ ਮਾਸੂਮ ਸੋਚਾਂ ਵਿਚ ਚਾਨਣ-ਚਿਰਾਗ ਬਣਨ ਅਤੇ ਚਾਨਣ ਵੰਡਣ ਦੀ ਤੌਫੀਕ ਤੇ ਤਮੰਨਾ ਜਰੂਰ ਹੋਣੀ ਚਾਹੀਦੀ ਏ।



ਦੀਵਾ ਅਗਨੀ, ਤਪੱਸਿਆ ਤੇ ਤੀਬਰਤਾ ਦਾ ਸੁਮੇਲ। ਇਨ੍ਹਾਂ ਦੇ ਸੰਤੁਲਨ ਵਿਚੋਂ ਘਰਾਂ ਨੂੰ ਭਾਗ ਲੱਗਦੇ ਜਦ ਕਿ ਅਸੰਤੁਲਨ ਨਾਲ ਘਰਾਂ ਦੀਆਂ ਨੀਹਾਂ 'ਚ ਬਰਬਾਦੀ ਦੀ ਸਿਉਂਕ ਪੈਦਾ ਹੁੰਦੀ।

ਦੀਵਾ ਦੀਵਾਖੀ, ਦੀਵਾਲੀ ਅਤੇ ਦਰਿਆਦਿਲੀ ਦਾ ਦੈਵੀ ਸਬੰਧ। ਜੀਵਨ ਨੂੰ ਸੰਜੀਲਾ ਅਤੇ ਸਦੀਵੀ ਬਣਾਉਣ ਲਈ ਪਹਿਲ-ਕਦਮੀ। ਦੀਵਾਖੀ 'ਤੇ ਟਿਕਿਆ ਜਗਦਾ ਦੀਵਾ, ਹਰ ਰਾਤ ਨੂੰ ਹੀ ਦੀਵਾਲੀ ਬਣਾ ਦਿੰਦਾ। ਦੇਹਲੀ 'ਤੇ ਧਰਿਆ ਦੀਵਾ ਘਰ ਨੂੰ ਪਰਤਦੀਆਂ ਪੈੜਾਂ ਲਈ ਸ਼ੁਭ ਸ਼ਗਨ।

ਚਾਨਣ ਵਰਗੀ ਫਰਾਖ-ਦਿਲੀ ਜੇ ਮਨੁੱਖੀ ਸੋਚ ਦਾ ਹਾਸਲ ਹੋਵੇ ਤਾਂ ਇਹ ਹਰ ਮਨ ਵਿਚ ਚਾਨਣ ਦਾ ਜਾਗ ਲਾਉਂਦੀ। ਇਹ ਚਾਨਣ ਜਾਗ ਹੀ ਬੰਨੇਰਿਆਂ ਤੇ ਜਗਦੀਆਂ ਮੋਮਬੱਤੀਆਂ ਦੀ ਡਾਰ ਬਣ ਕੇ ਵਿਹੜੇ ਦਾ ਧੰਨਭਾਗ ਹੁੰਦਾ।

ਖੁਦ ਚਾਨਣ ਚਾਨਣ ਹੋ, ਇਸ ਚਾਨਣ ਨਾਲ ਕਿਸੇ ਦੇ ਦੀਦਿਆਂ ਵਿਚ ਸੁਪਨ-ਚਿਰਾਗ ਜਗਾਉਣ ਦੀ ਰੀਝ ਜੇ ਮਨੁੱਖੀ ਫਿਤਰਤ ਬਣ ਜਾਵੇ ਤਾਂ ਕੋਈ ਵੀ ਦੀਦਾ ਸੁਪਨਹੀਣ ਨਾ ਰਹੇ। ਫਿਰ ਹਰ ਦੀਦੇ ਨੂੰ ਸੁਪਨੇ ਲੈਣ, ਇਨ੍ਹਾਂ ਨੂੰ ਪੂਰਾ ਕਰਨ ਅਤੇ ਪੂਰਨਤਾ ਵਿਚੋਂ ਅੰਤਰੀਵ ਅਹਿਸਾਸ ਮਾਣਨ ਦਾ ਸ਼ਰਫ ਹਾਸਲ ਹੋਵੇਗਾ।

ਬੀਤੇ ਸਮੇਂ 'ਚ ਪਿੰਡ ਦਾ ਸੋਹਣ ਘੁਮਿਆਰ ਹਰ ਦੀਵਾਲੀ ਤੋਂ ਪਹਿਲਾਂ ਸ਼ਹਿਰ ਆਉਂਦਾ ਸੀ। ਦੀਵਿਆਂ ਦੀ ਟੋਕਰੀ ਚੁੱਕੀ ਸ਼ਹਿਰ ਆ ਕੇ ਵੱਸ ਗਏ ਪਿੰਡ ਦੇ ਹਰ ਘਰ ਵਿਚ ਆਉਂਦਾ ਅਤੇ ਮਿੱਟੀ ਦੇ ਦੀਵੇ ਦੇ ਕੇ ਜਾਂਦਾ। ਅਚੇਤ ਰੂਪ ਵਿਚ ਉਹ ਚਾਨਣ ਦਾ ਵਣਜ ਕਰਦਾ, ਗਰਾਂਈਆਂ ਦੀ ਸੁਖਨ-ਸਬੂਰੀ ਵਿਚੋਂ ਹੀ ਆਪਣੇ ਜੀਵਨ ਦੀ ਸਾਰਥਕਤਾ ਨੂੰ ਕਿਆਸਦਾ। ਕਿਰਤ-ਕਰਮ ਦਾ ਸੁੱਚਾ ਨਾਂ ਸੀ ਸੋਹਣ। ਮਿੱਟੀ ਦੇ ਦੀਵਿਆਂ ਵਿਚੋਂ ਉਸ ਦੇ ਹੱਥਾਂ ਦੀ ਮਿਕਨਾਤੀਸੀ ਛੋਹ ਤੇ ਪਿੰਡ ਦੀ ਮਿੱਟੀ ਦੀ ਮਹਿਕ, ਇਕ ਵਿਸਮਾਦ ਘਰ ਦੀ ਫਿਜ਼ਾ ਦੇ ਨਾਂ ਕਰਦੀ ਸੀ। ਸ਼ਹਿਰ ਵਿਚ ਪ੍ਰਵਾਨ ਚੜ੍ਹੇ ਬੱਚਿਆਂ ਨੂੰ ਆਪਣੇ ਪਿੰਡ ਦੀ ਵਿਰਾਸਤ, ਪੇਂਡੂਆਂ ਦੇ ਮੋਹ ਅਤੇ ਪਿੰਡ ਨਾਲ ਜੁੜਨ ਦਾ ਅਹਿਸਾਸ ਹੁੰਦਾ ਸੀ। ਹਰ ਦੀਵਾਲੀ 'ਤੇ ਘਰ ਆਉਣ ਵਾਲਾ ਸੋਹਣ ਘੁਮਿਆਰ ਸ਼ਾਇਦ ਹੁਣ ਵੀ ਸ਼ਹਿਰ ਆਉਂਦਾ ਹੋਵੇ, ਪਰ ਪਰਦੇਸ ਵਿਚ ਬੈਠਿਆਂ ਨੂੰ ਉਸ ਦਾ ਆਉਣਾ ਤੇ ਉਸ ਦੇ ਚਾਹ ਦੇ ਸੁੜਾਕਿਆਂ ਵਿਚੋਂ ਪਿੰਡ ਦੀ ਤਫਸੀਲੀ ਜਾਣਕਾਰੀ ਦਾ ਨਿਰੰਤਰ ਵਹਾ, ਹੁਣ ਵੀ ਚੇਤਿਆਂ ਵਿਚ ਅਕਹਿ ਅਤੇ ਮਾਣਮੱਤਾ ਵਿਸਮਾਦ ਮਨ-ਚੇਤਿਆਂ ਵਿਚ ਧਰ ਜਾਂਦਾ ਏ।

ਪਿੰਡ ਨਾਲ ਜੁੜ ਕੇ ਉਨ੍ਹਾਂ ਨਾਲ ਬਚਪਨੀ ਸਾਂਝ ਨੂੰ ਚਿਰੰਜੀਵ ਰੱਖਣਾ, ਇਕ ਕਲਾ ਅਤੇ ਕਾਰੀਗਰੀ ਨੂੰ ਚਿਰੰਜੀਵ ਰੱਖਣਾ ਹੈ ਕਿਉਂਕਿ ਘੁਮਿਆਰਾਂ ਦੇ ਹੱਥਾਂ ਦੇ ਬਣੇ ਮਿੱਟੀ ਦੇ ਦੀਵਿਆਂ ਨੂੰ ਚੀਨ ਆਦਿ ਦੀਆਂ ਕਾਰਪੋਰੇਟੀ ਵਸਤਾਂ ਨਿਗਲ ਰਹੀਆਂ ਨੇ।

ਸ਼ਹਿਰ ਦੇ ਬਾਹਰਵਾਰ ਘੁਮਿਆਰਾਂ ਦਾ ਡੇਰਾ ਸੀ (ਜੋ ਸ਼ਾਇਦ ਹੁਣ ਵੀ ਹੋਵੇ) ਜਿਥੇ ਦੀਵਾਲੀ ਦੇ ਦਿਨਾਂ ਵਿਚ ਕਾਫੀ ਰੌਣਕ ਲੱਗਦੀ। ਮੱਧ-ਵਰਗੀ ਲੋਕ ਜਦ ਦੀਵੇ ਲੈਣ ਆਉਂਦੇ ਤਾਂ ਉਨ੍ਹਾਂ ਦੇ ਮੁਖੜਿਆਂ 'ਤੇ ਖੇੜਾ ਆਉਂਦਾ ਸੀ। ਸਾਰਾ ਪਰਿਵਾਰ ਦੀਵੇ, ਬੁਗਨੀਆਂ ਬਣਾਉਂਦੇ, ਪਕਾਉਂਦੇ, ਸਜਾਉਂਦੇ ਅਤੇ ਵੇਚਦੇ, ਇਕ ਅਨੂਠੇ ਜਲੌਅ ਵਿਚ ਵਿਚਰਦੇ। ਉਨ੍ਹਾਂ ਦੀ ਮਿਹਨਤ ਦੇ ਮੁੜਕੇ ਦਾ ਮਿਹਨਤਾਨਾ ਉਨ੍ਹਾਂ ਦੇ ਚਿਹਰੇ ਦੀ ਆਭਾ ਨੂੰ ਲਿਸ਼ਕਾਉਂਦਾ। ਅਜਿਹੇ ਤਿੱਥ-ਤਿਓਹਾਰਾਂ ਦੀ ਆਮਦਨ ਉਨ੍ਹਾਂ ਦੇ ਚਾਵਾਂ ਅਤੇ ਖੁਸ਼ੀਆਂ ਦਾ ਨਿਉਂਦਾ ਬਣਨ ਦੇ ਨਾਲ-ਨਾਲ, ਆਉਣ ਵਾਲੇ ਸਮੇਂ ਦਾ ਸੁਚਾਰੂ ਆਹਰ ਵੀ ਬਣਦਾ। ਦੀਵੇ ਵਿਕਦੇ ਰਹਿਣ, ਪੁਰਾਣੀ ਜੀਵਨ-ਸ਼ੈਲੀ ਜਿਉਂਦੀ ਰਹੇ ਅਤੇ ਜਿਉਂਦੇ ਰਹਿਣ ਦੀਵੇ ਬਣਾਉਣ ਤੇ ਇਨ੍ਹਾਂ ਨੂੰ ਮਿਕਨਾਤੀਸੀ ਛੋਹ ਪ੍ਰਦਾਨ ਕਰਨ ਵਾਲੇ ਕਾਰੀਗਰ ਹੱਥ। ਇਸ ਦੀ ਗੁੰਮਸ਼ੁਦਗੀ ਨੇ ਸਾਨੂੰ ਆਪਣੇ ਹੀ ਵਿਰਸੇ ਤੋਂ ਬੇਮੁੱਖ ਕਰਨ ਦਾ ਕਾਰਨ ਬਣਨਾ ਏ ਅਤੇ ਸੰਵੇਦਨਸ਼ੀਲ ਮਨ ਕਦੇ ਨਹੀਂ ਚਾਹੁੰਦਾ ਕਿ ਉਹ ਆਪਣੇ ਆਪ ਤੋਂ ਹੀ ਬੇਮੁੱਖ ਹੋ ਜਾਵੇ।

ਦੀਵੇ ਦੇ ਜਗਣ ਅਤੇ ਬਲਣ ਵਿਚ ਅੰਤਰ। ਜਗਦਾ ਦੀਵਾ, ਨਿੱਘੇ ਚਾਨਣ ਦਾ ਪ੍ਰਤੀਕ ਅਤੇ ਹਨੇਰਿਆਂ ਵਿਚ ਚਾਨਣ ਦਾ ਕਰਤਾਰੀ ਵਰਤਾਰਾ। ਇਸ ਵਿਚੋਂ ਜੀਵਨ ਦਾ ਸੂੱਚਮ, ਉਚਮ ਅਤੇ ਸੁਗਮ ਝਲਕਾਰਾ। ਦੀਵਾ ਬਲਣ ਲੱਗ ਪਵੇ ਤਾਂ ਕਈ ਵਾਰ ਇਹ ਰੱਤ ਪੀਂਦਾ, ਮਨੁੱਖੀ ਖਾਹਿਸ਼ਾਂ ਦਾ ਘਾਣ ਕਰਦਾ, ਕਦੇ ਸੋਹਲ ਚਾਵਾਂ ਦੀ ਬਲੀ ਲੈਂਦਾ ਅਤੇ ਕਦੇ ਮਾਸੂਮ ਵਿਚਾਰਾਂ ਨੂੰ ਬਾਲਦਿਆਂ, ਜੀਵਨ ਦੀਆਂ ਸੱਗਵੀਆਂ ਸੌਗਾਤਾਂ ਵੀ ਬੌਣੀਆਂ ਹੋ ਜਾਦੀਆਂ।

ਚਿਰਾਗ ਤਾਂ ਘਰਾਂ ਦੇ ਵੀ ਹੁੰਦੇ ਜਿਨ੍ਹਾਂ ਵਿਚੋਂ ਕੁਝ ਤਾਂ ਘਰ ਦੇ ਹਨੇਰ ਨੂੰ ਦੂਰ ਕਰਦੇ, ਪਰ ਕੁਝ ਚਾਨਣ-ਰੱਤੇ ਘਰਾਂ ਨੂੰ ਹਨੇਰ-ਆਵਾ ਬਣਾ ਦਿੰਦੇ। ਚਿਰਾਗ ਦੀ ਤਾਸੀਰ ਤੇ ਤਕਦੀਰ 'ਤੇ ਨਿਰਭਰ ਕਰਦਾ ਕਿ ਇਸ ਨੇ ਕਿਸ ਰੌਸ਼ਨੀ ਤੇ ਧਰਾਤਲ ਵਿਚੋਂ ਆਪਣੇ-ਆਪ ਨੂੰ ਪਰਿਭਾਸ਼ਤ ਕਰਨਾ ਏ।

ਦੀਵਾ ਜਗਦਾ ਤਾਂ ਨਿੰਮੀ-ਨਿੰਮੀ ਲੋਅ ਵਿਚ ਮੁਖੜਿਆਂ 'ਤੇ ਸ਼ਰਮ ਦੀ ਲਾਲੀ ਫੈਲਦੀ। ਅਣਕਹੇ ਬੋਲ ਹੋਠਾਂ 'ਤੇ ਹੀ ਅਟਕਦੇ। ਬਹੁਤ ਕੁਝ ਚੁੱਪ ਵਿਚੋਂ ਸੁਣਿਆ ਅਤੇ ਚੁੱਪ ਰਾਹੀਂ ਹੀ ਬੋਲਿਆ ਜਾਂਦਾ। ਅਵਾਕ ਰਹਿ ਕੇ ਕੁਝ ਕਹਿ ਦੇਣਾ। ਦੀਵੇ ਦੀ ਮੱਧਮ ਲੋਅ 'ਚ ਮਨੁੱਖ ਨੂੰ ਪੜ੍ਹਨ ਵਾਲੇ ਬਲਦੀ ਮੋਮਬੱਤੀ ਵਰਗੇ ਹੁੰਦੇ, ਜੋ ਜੀਵਨ-ਜੋਤ ਨੂੰ ਜੀਵਨ ਜੁਗਤਾਂ ਨਾਲ ਲਬਰੇਜ਼ ਕਰਦੇ।

ਗੁਰਬਾਣੀ ਦੇ ਉਪਦੇਸ਼ 'ਦੀਵਾ ਬਲੈ ਅੰਧੇਰਾ ਜਾਇ' ਦੇ ਅਰਥ ਮਨੁੱਖੀ ਮਾਨਸਿਕਤਾ ਦਾ ਹਿੱਸਾ ਉਦੋਂ ਹੀ ਬਣਨਗੇ ਜਦ ਦੀਵਾ, ਦੀਵਾ-ਸਮੱਗਰੀ, ਦੀਵੇ ਦੀ ਲੋਅ ਅਤੇ ਇਸ ਦੀ ਬਰਕਤ ਨਾਲ ਖੁਦ ਦੀਵਾ ਬਣਨਾ ਮਨੁੱਖੀ ਸਮਝ ਦਾ ਹਿੱਸਾ ਹੋ ਗਿਆ। ਫਿਰ ਧਾਰਮਕ, ਸਮਾਜਕ ਅਤੇ ਮਾਨਸਿਕ ਅਡੰਬਰ ਦੀ ਕੋਈ ਔਕਾਤ ਨਹੀਂ ਰਹਿਣੀ।

ਬਾਬਾ ਨਜ਼ਮੀ ਵਲੋਂ ਝੱਖੜਾਂ ਵਿਚ ਵੀ ਪੰਜਾਬੀ ਦੇ ਬਾਲੇ ਦੀਵੇ ਵਿਚੋਂ ਪੰਜਾਬੀਅਤ ਦੀ ਹੂਕ ਬਹੁਤ ਵਿਰਲਿਆਂ ਨੂੰ ਸੁਣਦੀ ਏ। ਖੁਦ ਹੂਕ ਬਣਨਾ ਤਾਂ ਬਹੁਤ ਦੂਰ ਦੀ ਗੱਲ ਏ।

ਦੀਵਾ ਡੰਗੋ ਉਨ੍ਹਾਂ ਵਿਹੜਿਆਂ 'ਚ ਜਿਨ੍ਹਾਂ ਦੀ ਆਸ ਬੇਵਾ ਹੋ ਗਈ ਏ, ਜਿਨ੍ਹਾਂ ਦੇ ਜੰਦਰਿਆਂ ਨੂੰ ਜੰਗਾਲ ਖਾ ਗਿਆ ਏ, ਜਿਨ੍ਹਾਂ ਦੇ ਆਲ੍ਹਿਆਂ ਵਿਚ ਜਾਲਾ ਲੱਗ ਗਿਆ ਏ, ਜਿਨ੍ਹਾਂ ਦਾ ਦੀਵਾ ਹੀ ਰੁੱਸ ਗਿਆ ਏ, ਜਿਨ੍ਹਾਂ ਘਰਾਂ ਨੂੰ ਹਰ ਰੋਜ਼ ਸ਼ਾਮ ਨੂੰ ਦੀਵਾ ਡੰਗਣ ਵਾਲੀਆਂ ਮਾਂਵਾਂ ਨੂੰ ਨਜ਼ਰ ਲੱਗ ਗਈ ਏ, ਜਿਨ੍ਹਾਂ ਦਰਾਂ ਦੀ ਉਡੀਕ ਵਿਚ ਚੋਬਰਾਂ ਦੀਆਂ ਕਬਰਾਂ ਉਗ ਆਈਆਂ ਨੇ, ਜਿਨ੍ਹਾਂ ਵਿਹੜਿਆਂ ਵਿਚ ਵੈਣ ਵੱਸਦੇ ਨੇ। ਜਿਨ੍ਹਾਂ ਕੰਧਾਂ ਦੇ ਲਿਓੜ ਵੀ ਨੰਗੇਜ਼ ਨਹੀਂ ਢੱਕਦੇ, ਜਿਨ੍ਹਾਂ ਦੀਆਂ ਸ਼ਤੀਰੀਆਂ ਤੇ ਬਾਲਿਆਂ ਨੂੰ ਘੁਣ ਖਾ ਗਿਆ ਏ ਅਤੇ ਜ਼ਰਜਰੀ ਕਮਰਿਆਂ ਨੂੰ ਕਮਰੇ ਕਹਿਣ ਲੱਗਿਆਂ ਵੀ ਔਤ ਜਾਈਦਾ ਏ।

ਦੀਵਾ ਜਗਦਾ ਰਹੇ ਤਾਂ ਕਿ ਰਾਹੀਆਂ ਨੂੰ ਤੁਰਨ ਦਾ ਵੱਲ ਆਉਂਦਾ ਰਹੇ, ਉਨ੍ਹਾਂ ਦੇ ਪੈਰਾਂ ਵਿਚ ਪੈਂਡੇ ਉਗਦੇ ਰਹਿਣ ਅਤੇ ਉਨ੍ਹਾਂ ਦੀਆਂ ਰਾਹਾਂ 'ਤੇ ਮੰਜ਼ਿਲਾਂ ਦੇ ਸਿਰਨਾਂਵਿਆਂ ਦੀ ਕਲਾ-ਨੱਕਾਸ਼ੀ ਹੁੰਦੀ ਰਹੇ। ਦੀਵਾ ਜਗਦਾ ਰਹੇ ਤਾਂ ਕਿ ਫੱਟੀਆਂ 'ਤੇ ਪੂਰਨੇ ਉਘੜਦੇ ਰਹਿਣ, ਕਾਪੀਆਂ ਦੇ ਵਰਕਿਆਂ ਨੂੰ ਕਲਮ ਦਾ ਸਾਥ ਮਿਲਦਾ ਰਹੇ ਤੇ ਘੁੱਗੀਆਂ-ਮੋਰਾਂ ਵਾਲੇ ਝੋਲਿਆਂ ਵਿਚ ਅੱਖਰਾਂ ਦੇ ਪਰਿੰਦੇ ਫੁੱਦਕਦੇ ਰਹਿਣ ਅਤੇ ਝੋਲੇ ਵਾਲਿਆਂ ਦੀ ਸੁਪਨ-ਉਡਾਣ ਅਸੀਮਤ ਰਹੇ।

ਦੀਵੇ ਜਗਦੇ ਰਹਿਣ ਤਾਂ ਖੇਤਾਂ ਦੀ ਲਕਸ਼ਮੀ ਘਰ ਦੇ ਭੜੋਲਿਆਂ ਨੂੰ ਭਰਪੂਰ ਕਰਦੀ ਰਹੇ, ਲੋੜਾਂ ਅਤੇ ਥੋੜਾਂ ਦਾ ਵਿਗੋਚਾ ਵਿਸਰਿਆ ਰਹੇ ਅਤੇ ਸੋਚਾਂ, ਸੁਪਨਿਆਂ ਤੇ ਸਾਧਨਾਂ ਵਿਚ ਸਮਤੋਲ ਬਣਿਆ ਰਹੇ। ਇਸ ਨਾਲ ਜੀਵਨ ਨੂੰ ਨਵੀਆਂ ਪੈੜਾਂ ਸਿਰਜਣ ਅਤੇ ਇਸ 'ਚੋਂ ਤਾਰਾ ਮੰਡਲ ਉਗਾਉਣ ਦਾ ਸ਼ਰਫ ਹਾਸਲ ਹੁੰਦਾ।

ਦੀਵਾ ਜਦ ਦਿਲ ਵਿਚ ਦਰਿਆ ਦਿਲੀ, ਦੀਰਘ ਕਾਮਨਾ, ਦੈਵੀ ਦ੍ਰਿਸ਼ਟੀਕੋਣ ਅਤੇ ਦੂਰ-ਅੰਦੇਸ਼ੀ ਦਾ ਜਗਦਾ ਤਾਂ ਇਹ ਤਰਜ਼ੀਹਾਂ ਅਤੇ ਤਕਦੀਰਾਂ ਦਾ ਹਰਫ ਬਣ ਜਾਂਦਾ। ਇਸ ਦੀ ਅਰਥ-ਸੰਵੇਦਨਾ ਵਿਚੋਂ ਹੀ ਨਵੀਆਂ ਪਹਿਲਾਂ ਅਤੇ ਪੈਗਾਮਾਂ ਦੀ ਪ੍ਰਗੀਤਕਤਾ ਮਿਲਦੀ, ਜੋ ਜੀਵਨ ਜਾਚ ਦਾ ਹਾਸਲ ਹੁੰਦਾ।

ਪਿਆਰ ਦੇ ਚਿਰਾਗ ਜਦ ਜ਼ਿੰਦਗੀ ਦੀਆਂ ਬਰੂਹਾਂ 'ਤੇ ਜਗਦੇ ਤਾਂ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਪਕੇਰਾਪਣ ਜੀਵਨ ਦੇ ਨਾਂਵੇਂ ਸਚਿਆਰਾਪਣ ਕਰਦੇ। ਇਸ ਨਾਲ ਜੀਵਨ ਦੇ ਹਰ ਰੰਗ ਨੂੰ ਪੂਰਨਤਾ ਨਾਲ ਨਿਭਾਇਆ ਜਾ ਸਕਦਾ।

**ਖੁਦ ਦੀਵੇ ਦੀ ਲੋਅ ਵਰਗਿਆ,**
**ਕਾਹਦਾ ਡਰ ਹਨੇਰੇ ਦਾ।**
**ਰਾਤ ਨੇ ਕੰਨੀਆਂ ਲਪੇਟ ਤੁਰ ਜਾਣਾ,**
**ਬਣ ਸਿਰਲੇਖ ਸਵੇਰੇ ਦਾ।**
**ਅੰਬਰ ਦੇ ਵਿਚ ਚਾਨਣ ਚੋਂਦਾ,**
**ਜਦ ਬਲਦਾ ਇਕ ਤਾਰਾ।**
**ਸਾਰਾ ਅੰਬਰ ਜਗਮਗ ਕਰਦਾ,**
**ਮਿੱਟ ਜੇ ਧੰਦੂਕਾਰਾ।**
**ਦੀਵਾ ਬਣ ਦੀਵੇ ਡੰਗਣ ਵਾਲਿਆ,**
**ਲਾ ਦੀਵਿਆਂ ਦੀਆਂ ਡਾਰਾਂ।**
**ਦੀਵੇ ਜਦ ਧਰਮ ਨਿਭਾਵਣ**
**ਤਾਂ ਮਹਿਕਦੀਆਂ ਗੁਲਜ਼ਾਰਾਂ।**
**ਦੀਵੇ ਵਰਗੇ ਸੱਜਣ ਹੋਵਣ**
**ਤਾਂ ਕੀ ਨ੍ਹੇਰੇ ਦੀਆਂ ਧਾੜਾਂ?**
**ਚਾਨਣ ਰੰਗੇ ਚਿਹਰਿਆਂ ਦੁਆਲੇ,**
**ਹੋਵਣ ਚਾਨਣ-ਵਾੜਾਂ।**
**ਲਾਟ ਦੀਵੇ ਦੀ ਉਪਰ ਉਠਦੀ,**
**ਨਹੀਂ ਭਾਲਦੀ ਓਟ।**
**ਬੁੱਕ ਬੁੱਕ ਚਾਨਣ ਵੰਡਦੀ ਜਾਵੇ,**
**ਕੋਈ ਨਾ ਸੋਚ 'ਚ ਖੋਟ।**
**ਚਾਨਣ ਦੀ ਚੱਲ ਕਰੀਏ ਚਾਕਰੀ,**
**ਤੇ ਚਾਨਣ ਬੀਹੀ ਗਾਈਏ।**
**ਚਾਨਣ ਦੇ ਨਾਲ ਅੰਦਰ ਧੋ ਕੇ,**
**ਚਾਨਣ-ਸੋਚ ਬਣ ਜਾਈਏ।**

ਦੀਵਾ ਜਗਦਾ ਤਾਂ ਆਲੇ-ਦੁਆਲੇ ਵਿਚ ਚਾਨਣ-ਆਭਾ ਸਿਰਜ ਜਾਂਦਾ। ਹਨੇਰ ਵਿਚ ਮਘੋਰੇ ਪਾਉਂਦਾ। ਹਨੇਰ ਕਿੰਨਾ ਵੀ ਸੰਘਣਾ ਹੋਵੇ ਪਰ ਚਾਨਣ ਸਾਹਵੇਂ ਬੇਵੱਸ ਹੋ ਜਾਂਦਾ। ਚਾਨਣ ਹੀ ਹਨੇਰ ਨੂੰ ਇਸ ਦੀ ਔਕਾਤ ਦਿਖਾਉਂਦਾ।

ਜੀਵਨ ਦੇ ਕਸ਼ਟਾਂ, ਕਹਿਰਾਂ ਅਤੇ ਕਠਿਨਾਈਆਂ ਵਿਚ ਕੁਝ ਸੱਜਣ ਅਜਿਹੇ ਹੁੰਦੇ, ਜੋ ਚਿਰਾਗ ਬਣ ਕੇ ਆਸ ਦੀ ਕਿਰਨ ਸਾਡੇ ਮਸਤਕ ਵਿਚ ਧਰ, ਸਾਨੂੰ ਉਨ੍ਹਾਂ ਮਾਰਗਾਂ ਦੀ ਸੂਹ ਦਿੰਦੇ, ਜਿਨ੍ਹਾਂ 'ਤੇ ਤੁਰ ਕੇ ਜੀਵਨ ਦੇ ਕਸ਼ਟ ਨਿਵਾਰੇ ਜਾਂਦੇ। ਅਜਿਹੇ ਚਿਰਾਗਾਂ ਦੀ ਸੁੱਖ ਮੰਗਦਿਆਂ ਹੀ ਜੀਵਨ ਜਿਉਣ-ਜੋਗਾ ਹੋ ਜਾਂਦਾ।

ਦੀਵਾ ਜਗਾਓ ਅਤੇ ਫਿਰ ਇਸ ਦੀਵੇ ਨਾਲ ਬੁਝੇ ਦੀਵਿਆਂ ਨੂੰ ਜਰੂਰ ਜਗਾਓ ਕਿਉਂਕਿ ਦੀਵੇ ਨਾਲ ਦੀਵੇ ਡੰਗਦਿਆਂ ਹੀ ਚਾਨਣ ਦਾ ਕਾਫਲਾ ਸਮੇਂ ਦੀਆਂ ਬਰੂਹਾਂ ਵਿਚ ਹਨੇਰ ਨੂੰ ਪੂੰਝ ਸੁਟੇਗਾ ਅਤੇ ਜ਼ਿੰਦਗੀ ਨੂੰ ਚਾਨਣ ਦਾ ਨਾਮਕਰਨ ਦਿੱਤਾ ਜਾ ਸਕਦਾ।

ਆਪਣੇ ਅੰਤਰੀਵ ਵਿਚ ਜਗਦੇ ਚਿਰਾਗ ਨੂੰ ਕਦੇ ਵੀ ਮੱਧਮ ਨਾ ਕਰੋ, ਬੁਝਣ ਨਾ ਦਿਓ ਕਿਉਂਕਿ ਜਿੰਨਾ ਚਿਰ ਤੁਹਾਡਾ ਅੰਦਰ ਜਗਦਾ ਹੈ, ਮਨੁੱਖ ਜਿਉਂਦਾ ਹੈ। ਅੰਤਰ-ਜੋਤ ਤੋਂ ਬਿਨਾ ਮਨੁੱਖ ਹੁੰਦਾ ਹੀ ਕੀ ਏ?

ਕਦੇ ਮਜ਼ਾਰ 'ਤੇ ਜਗ ਰਹੇ ਚਿਰਾਗ ਨੂੰ ਦੇਖਣਾ ਅਤੇ ਉਸ ਦੀ ਕਰਮ-ਸਾਧਨਾ ਨੂੰ ਆਪਣੇ ਚੇਤਿਆਂ ਦਾ ਹਿੱਸਾ ਬਣਾਉਣਾ। ਤੁਹਾਨੂੰ ਅਹਿਸਾਸ ਹੋ ਜਾਵੇਗਾ ਕਿ ਸ਼ਾਂਤ ਰਾਤ ਵਿਚ ਚਾਨਣ ਦੀ ਸੱਦ ਲਾਉਂਦਾ, ਭਟਕਿਆਂ ਨੂੰ ਰਾਹਾਂ ਦੀ ਦੱਸ ਪਾਉਂਦਾ ਅਤੇ ਕਦਮਾਂ 'ਚ ਤਾਲ ਉਪਜਾਉਣ ਨਾਲ ਕਿੰਨਾ ਸੁਖਨ ਮਿਲਦਾ ਏ।

ਯੋਗ ਅਧਿਆਪਕ, ਕਾਬਲ ਰਹਿਬਰ ਜਾਂ ਮਾਪੇ ਬੱਚਿਆਂ ਲਈ ਅਜਿਹੇ ਚਿਰਾਗ ਹੀ ਹਨ, ਜੋ ਖੁਦ ਬਲ ਕੇ ਚਾਨਣ ਵੰਡਦੇ ਅਤੇ ਨਵੀਂ ਪੀੜ੍ਹੀ ਦਾ ਮਾਰਗ-ਦਰਸ਼ਨ ਕਰਦੇ।

ਬਜੁਰਗਾਂ ਦੀ ਯਾਦ ਵਿਚ ਦੀਵਾ ਜਗਾਉਣਾ ਦਰਅਸਲ ਸਾਡੇ ਤੋਂ ਦੂਰ ਤੁਰ ਗਏ ਚਿਰਾਗਾਂ ਨੂੰ ਅਕੀਦਤ ਹੀ ਹੈ, ਜਿਨ੍ਹਾਂ ਨੇ ਸਾਡੇ ਜੀਵਨ ਨੂੰ ਚਾਨਣ ਨਾਲ ਭਰਿਆ ਸੀ। ਆਪਣੇ ਪਿਆਰਿਆਂ ਨੂੰ ਯਾਦ ਕਰਨ ਦਾ ਇਸ ਤੋਂ ਬਿਹਤਰ ਤਰੀਕਾ ਤਾਂ ਕੋਈ ਹੋ ਹੀ ਨਹੀਂ ਸਕਦਾ।

ਕਿਸੇ ਜਗਦੇ ਦੀਵੇ ਨੂੰ ਬੁਝਾਉਣ ਨਾਲੋਂ ਚੰਗਾ ਹੁੰਦਾ ਹੈ ਕਿਸੇ ਦੇ ਬੁੱਝੇ ਜਾਂ ਹਟਕੋਰੇ ਭਰਦੇ ਦੀਵੇ ਨੂੰ ਜਗਾਓ। ਉਸ ਨੂੰ ਜੀਵਨ-ਦਾਨ ਦੀਆਂ ਬਰਕਤਾਂ ਨਾਲ ਨਿਵਾਜੋ ਕਿਉਂਕਿ ਚਾਨਣ ਕਿਸੇ ਦੀ ਜ਼ਰ-ਖਰੀਦ ਨਹੀਂ। ਇਹ ਤਾਂ ਉਸ ਵਿਅਕਤੀ ਦੀ ਹੀ ਅਮਾਨਤ ਏ, ਜੋ ਇਸ ਨੂੰ ਵਰਤਦਾ ਤੇ ਵੰਡਦਾ ਏ।

ਕੁਝ ਲੋਕ ਹਨੇਰੇ ਨੂੰ ਉਲਾਹਮਾ ਦਿੰਦੇ ਪਰ ਹਨੇਰੇ ਨੂੰ ਮਿਟਾਉਣ ਲਈ ਕੋਈ ਉਦਮ ਨਹੀਂ ਕਰਦੇ। ਇਕ ਚਿਰਾਗ ਜਗਾਉਣ ਜਾਂ ਖੁਦ ਚਿਰਾਗ ਬਣਨ ਦਾ ਹੀਆ ਕਰਨਾ, ਹਨੇਰਾ ਨਜ਼ਰ ਹੀ ਨਹੀਂ ਆਵੇਗਾ।

ਜਗਦੇ ਦੀਵੇ ਨੂੰ ਕਦੇ ਫੂਕ ਮਾਰ ਕੇ ਨਾ ਬੁਝਾਵੋ। ਹਾਂ ਇੰਨੀ ਕੁ ਹਵਾ ਦਿਓ ਕਿ ਚਿਰਾਗ ਜਗਦਾ ਰਹੇ। ਹਵਾ ਸਿਰਫ ਦੀਵਾ ਜਗਦਾ ਰੱਖਣ ਲਈ ਜਰੂਰੀ, ਪਰ ਇਸ ਦੀ ਤੁਫਾਨੀ ਜ਼ਬਰਦਸਤੀ ਦੀਵੇ ਦੀ ਮੌਤ ਹੀ ਹੁੰਦੀ।

ਖੁਦ ਦੀਵੇ ਦੀ ਲੋਅ ਵਰਗਿਆ, ਕਾਹਦਾ ਡਰ ਹਨੇਰੇ ਦਾ। ਰਾਤ ਨੇ ਕੰਨੀਆਂ ਲਪੇਟ ਤੁਰ ਜਾਣਾ, ਬਣ ਸਿਰਲੇਖ ਸਵੇਰੇ ਦਾ। ਅੰਬਰ ਦੇ ਵਿਚ ਚਾਨਣ ਚੋਂਦਾ, ਜਦ ਬਲਦਾ ਇਕ ਤਾਰਾ। ਸਾਰਾ ਅੰਬਰ ਜਗਮਗ ਕਰਦਾ, ਮਿੱਟ ਜੇ ਧੰਦੂਕਾਰਾ। ਦੀਵਾ ਬਣ ਦੀਵੇ ਡੰਗਣ ਵਾਲਿਆ, ਲਾ ਦੀਵਿਆਂ ਦੀਆਂ ਡਾਰਾਂ। ਦੀਵੇ ਜਦ ਧਰਮ ਨਿਭਾਵਣ ਤਾਂ ਮਹਿਕਦੀਆਂ ਗੁਲਜ਼ਾਰਾਂ। ਦੀਵੇ ਵਰਗੇ ਸੱਜਣ ਹੋਵਣ ਤਾਂ ਕੀ ਨ੍ਹੇਰੇ ਦੀਆਂ ਧਾੜਾਂ? ਚਾਨਣ ਰੰਗੇ ਚਿਹਰਿਆਂ ਦੁਆਲੇ, ਹੋਵਣ ਚਾਨਣ-ਵਾੜਾਂ। ਲਾਟ ਦੀਵੇ ਦੀ ਉਪਰ ਉਠਦੀ, ਨਹੀਂ ਭਾਲਦੀ ਓਟ। ਬੁੱਕ ਬੁੱਕ ਚਾਨਣ ਵੰਡਦੀ ਜਾਵੇ, ਕੋਈ ਨਾ ਸੋਚ 'ਚ ਖੋਟ। ਚਾਨਣ ਦੀ ਚੱਲ ਕਰੀਏ ਚਾਕਰੀ, ਤੇ ਚਾਨਣ ਬੀਹੀ ਗਾਈਏ। ਚਾਨਣ ਦੇ ਨਾਲ ਅੰਦਰ ਧੋ ਕੇ, ਚਾਨਣ-ਸੋਚ ਬਣ ਜਾਈਏ।

ਦੀਵਾ ਜਰੂਰ ਡੰਗੋ ਜੋ ਆਸ ਦਾ ਹੋਵੇ, ਵਿਸ਼ਵਾਸ ਦਾ ਹੋਵੇ। ਕਿਸੇ ਤਕਦੀਰ ਦਾ ਹੋਵੇ ਜਾਂ ਤਦਬੀਰ ਦਾ। ਮਿੱਤਰ-ਮੋਢੇ ਦੀ ਦੁਆ ਹੋਵੇ ਜਾਂ ਅਸੀਸ ਵਿਚ ਜੁੜੇ ਹੱਥਾਂ ਦੀ ਸਦਾਅ ਹੋਵੇ। ਸ਼ੁਭ-ਕਰਮਨ ਦਾ ਕਰਮ ਹੋਵੇ ਜਾਂ ਕਿਸੇ ਦੇ ਹੰਝੂਆਂ ਨੂੰ ਪੂੰਝਣ ਦਾ ਧਰਮ ਹੋਵੇ। ਨੰਗੇ ਸਿਰ ਲਈ ਚੁੰਨੀ ਦਾ ਸੰਧੂਰੀ ਰੰਗ ਹੋਵੇ ਜਾਂ ਰੁੱਸੇ ਵਿਹੜਿਆਂ ਨੂੰ ਸੱਜਣ-ਤਾਈ ਦੀ ਸੰਗ ਹੋਵੇ। ਚਾਨਣ ਵਿਚ ਨਹਾਤੇ ਬਨੇਰਿਆਂ ਦੀ ਲਾਮਡੋਰੀ ਹੋਵੇ ਜਾਂ ਮਾਂ ਦੀ ਬੱਚੇ ਲਈ ਚਾਵਾਂ ਵਿਚ ਗੁੰਦੀ ਲਾਡ-ਲੋਰੀ ਹੋਵੇ।

# ਆਜ਼ਾਦੀ ਸੰਗਰਾਮੀਆ ਗਦਰੀ ਸੋਹਨ ਸਿੰਘ ਭਕਨਾ

ਹਿੰਦੋਸਤਾਨੀ ਵਸੋਂ ਸਦੀਆਂ ਤੋਂ ਆਪਣੀ ਪਿੱਠ 'ਤੇ ਪਈ ਗੁਲਾਮੀ ਵਾਲੀ ਢੱਠ ਦੀ ਆਦੀ ਹੋ ਚੁਕੀ ਸੀ। ਜਲਾਵਤਨੀਆਂ, ਮਿਹਨਤਕਸ਼ਾਂ, ਵਿਦਿਆਰਥੀਆਂ ਅਤੇ ਫੌਜੀਆਂ ਦੀ ਸਾਂਝੀ ਕੋਸ਼ਿਸ਼ ਸਦਕਾ ਅਮਰੀਕਾ ਦੀ ਧਰਤੀ 'ਤੇ ਮਾਰਚ 1913 ਵਿਚ ਪੂਰਨ ਆਜ਼ਾਦੀ ਅਤੇ ਬਰਾਬਰੀ ਵਾਲੇ ਸਮਾਜ ਦੇ ਰਾਹ ਪਾਉਣ ਵਾਲੀ ਪਹਿਲੀ ਜਥੇਬੰਦੀ ਜੋ ਵਜੂਦ ਵਿਚ ਆਈ, ਉਹ ਗਦਰ ਪਾਰਟੀ ਵਜੋਂ ਮਸ਼ਹੂਰ ਹੋਈ। ਇਸ ਨੇ ਪੰਜਾਬੀਆਂ ਤੇ ਹਿੰਦੋਸਤਾਨੀਆਂ ਦੇ ਠੰਡੇ ਖੂਨ ਵਿਚ ਆਜ਼ਾਦੀ ਹਾਸਲ ਕਰਨ ਲਈ ਐਸੀ ਰੂਹ ਫੂਕ ਦਿਤੀ, ਜਿਨ੍ਹਾਂ ਆਜ਼ਾਦੀ ਹਾਸਲ ਕਰ ਲੈਣ ਤਕ ਹਰ ਸਮੇਂ ਉਠਦੀਆਂ ਰਹੀਆਂ ਇਨਕਲਾਬੀ ਲਹਿਰਾਂ ਵਿਚ ਲਹੂ ਵੀਟਵਾਂ ਹਿੱਸਾ ਪਾਇਆ ਅਤੇ ਕਾਬਜ਼ ਵਿਦੇਸ਼ੀ ਬਰਤਾਨੀਆ ਸਰਕਾਰ ਦੀ ਨੀਂਦ ਹਰਾਮ ਕਰੀ ਰੱਖੀ। ਉਸ ਗਦਰ ਪਾਰਟੀ ਦਾ ਪ੍ਰਧਾਨ ਸੀ, ਸੋਹਨ ਸਿੰਘ ਭਕਨਾ।



**ਕਿਰਪਾਲ ਸਿੰਘ ਸੰਧੂ**
ਫਰਿਜ਼ਨੋ (ਕੈਲੀਫੋਰਨੀਆ)
ਫੋਨ: 559-259-4844

ਸ. ਭਕਨਾ ਲਿਖਦੇ ਹਨ ਕਿ ਇਨਸਾਨ ਗਲਤੀਆਂ ਅਤੇ ਦਰੁਸਤੀਆਂ ਦਾ ਸੰਗ੍ਰਿਹ ਹੈ। ਮਾਜੀ ਵਿਚ ਸੂਝਵਾਨਾਂ ਦੇ ਤਜਰਬੇ, ਪ੍ਰਚਲਿਤ ਜ਼ਬਾਨਾਂ ਵਿਚ ਚਲ ਰਹੇ ਮਾਮਲਿਆਂ ਦੇ ਸੁਮੇਲ ਤੋਂ ਉਸਾਰੂ ਸਮਾਜ ਨੂੰ ਹਮੇਸ਼ਾ ਸਿੱਖਣ ਦੀ ਲੋੜ ਹੁੰਦੀ ਹੈ। ਦੇਸ਼ ਭਗਤੀ ਉਹ ਲਗਨ ਤੇ ਇਸ਼ਕ ਹੈ, ਜਿਸ ਨੂੰ ਲੱਗ ਜਾਵੇ, ਉਹ ਨਿਜੀ ਸੁੱਖ ਭੁੱਲ ਜਾਂਦਾ ਹੈ। ਇਥੋਂ ਤਕ ਕਿ ਲਾਲਚ, ਸ਼ੁਹਰਤ ਤੋਂ ਉਪਰ ਉਠ ਕੇ ਮੌਤ ਦੀ ਵੀ ਪ੍ਰਵਾਹ ਨਹੀਂ ਕਰਦਾ। ਆਪਣੇ ਦੇਸ਼ ਦੀ ਮਨੁੱਖ ਜਾਤੀ ਦੇ ਦੁੱਖਾਂ ਤਕਲੀਫਾਂ ਨੂੰ ਦੂਰ ਕਰਨ ਲਈ ਪਤੰਗੇ ਵਾਂਗ ਸੜ ਮਰਦਾ ਹੈ।

ਉਹ ਹੋਰ ਲਿਖਦੇ ਹਨ ਕਿ ਜ਼ਾਲਮਾਂ, ਠੱਗਾਂ, ਵਹਿਮ-ਭਰਮ ਫੈਲਾਉਣ ਵਾਲਿਆਂ ਦੇ ਖੂਨੀ ਪੰਜੇ ਤੋਂ ਭੋਲੀ-ਭਾਲੀ ਜਨਤਾ ਨੂੰ ਛੁਡਾਉਣ ਲਈ ਆਪਣੇ ਜਿਸਮਾਂ ਦੀ ਕੁਰਬਾਨੀ ਦੇਣ ਵਾਲਿਆਂ ਦੇ ਨਾਂ ਦੀ ਦਿਨ-ਰਾਤ ਮੈਂ ਮਾਲਾ ਫੇਰਦਾ ਹਾਂ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਜਿਸ ਵੀ ਜਗ੍ਹਾ 'ਤੇ ਕੰਮ ਕਰਦੇ ਹਨ, ਸੱਚੇ ਦਿਲ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਆਪਣੇ ਫਰਜ਼ ਅਦਾ ਕਰਨ।

ਆਜ਼ਾਦੀ ਤੋਂ ਬਾਅਦ 1960 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਦਿੱਲੀ ਵਿਚ ਕਾਨਫਰੰਸ ਕੀਤੀ, ਜਿਸ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ ਮੋਹਰੀ ਕਾਰਕੁਨਾਂ ਨੂੰ ਸੱਦੇ ਪੱਤਰ ਭੇਜੇ ਗਏ। ਗਦਰ ਪਾਰਟੀ ਦੇ ਦੇਸ਼ ਭਗਤ ਪਰਿਵਾਰ ਨੂੰ ਵੀ ਕਾਨਫਰੰਸ ਵਿਚ ਸ਼ਮੂਲੀਅਤ ਕਰਨ ਲਈ ਖਾਸ ਬੇਨਤੀ ਕੀਤੀ ਗਈ। ਗਦਰ ਪਾਰਟੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਬਾਰੇ ਇਹ ਗੱਲ ਆਮ ਪ੍ਰਚਲਿਤ ਸੀ ਕਿ ਕੌੜੀ ਤੋਂ ਕੌੜੀ ਤੇ ਕੁਸੈਲੀ ਗੱਲ ਵੀ ਐਸੇ ਮਿਠਾਸ ਭਰੇ ਲਹਿਜ਼ੇ ਵਿਚ ਕਹਿ ਜਾਣਾ ਉਨ੍ਹਾਂ ਦੇ ਸੁਭਾਅ ਦੀ ਖੂਬੀ ਸੀ। ਪੰਡਿਤ ਨਹਿਰੂ ਨੇ ਸਤਿਕਾਰ ਵਜੋਂ ਦੇਸ਼ ਭਗਤ ਪਰਿਵਾਰ ਦੇ ਸਾਥੀਆਂ ਨੂੰ ਆਪਣੇ ਗ੍ਰਹਿ 'ਆਨੰਦ ਭਵਨ' ਵਿਚ ਚਾਹ 'ਤੇ ਬੁਲਾਇਆ। ਜਦੋਂ ਸਾਰੇ ਮੇਜ਼ ਦੁਆਲੇ ਬੈਠ ਗਏ ਤਾਂ ਬਾਬਾ ਭਕਨਾ ਨਹਿਰੂ ਨੂੰ ਮੁਖਾਤਬ ਹੋਏ, "ਪੰਡਿਤ ਜੀ, ਪੰਜਾਬੀਆਂ ਵਿਚ ਇਕ ਰਿਵਾਜ਼ ਪ੍ਰਚਲਿਤ ਹੈ, ਜਿਨ੍ਹਾਂ ਨੂੰ ਬੁਲਾਵਾ ਦੇ ਕੇ ਘਰ ਸੱਦੀਏ, ਬਾਅਦ ਵਿਚ ਦਾਨ-ਦੱਖਣਾ ਵੀ ਦਿੱਤੀ ਜਾਂਦੀ ਹੈ।" ਪੰਡਿਤ ਨਹਿਰੂ ਸੋਚਾਂ ਵਿਚ ਡੁੱਬ ਗਏ ਅਤੇ ਬੋਲੇ, "ਦੱਸ ਦੇਵੋ।" ਬਾਬਾ ਭਕਨਾ ਕਹਿਣ ਲੱਗੇ, "ਪੰਡਿਤ ਜੀ, ਅਸੀਂ ਸਾਰਾ ਭਾਰਤ ਹੀ ਆਨੰਦ ਭਵਨ ਵੇਖਣਾ ਚਾਹੁੰਦੇ ਹਾਂ। ਸਾਡੀ ਆਖਰੀ ਖਾਹਿਸ਼ ਇਹੋ ਹੈ। ਦੂਸਰਾ, ਅੰਗਰੇਜ਼ ਸਰਕਾਰ ਵੇਲੇ ਦੇ ਰਾਏ ਬਹਾਦਰ, ਝੋਲੀ ਚੁੱਕ ਤੇ ਧੋਤੀ ਲਾਣਾ ਹੁਣ ਖੱਦਰ ਪਾ ਕੇ ਤੁਹਾਡੇ ਸ਼ਾਸਨ ਦੁਆਲੇ ਕੁੰਡਲੀ ਮਾਰੀ ਬੈਠੇ ਹਨ। ਇਨ੍ਹਾਂ ਨੇ ਗਦਰੀ ਦੇਸ਼ ਭਗਤਾਂ ਨੂੰ ਫਾਹੇ ਲਾਉਣ ਲਈ ਫੈਸਲੇ ਸੁਣਾਏ ਸਨ। ਅਗਲੀ ਗੱਲ, ਮਹਾਤਮਾ ਗਾਂਧੀ ਨੇ ਇਕ ਕਤਰਾ ਖੂਨ ਵਹਾਏ ਬਿਨਾ ਆਜ਼ਾਦੀ ਲੈ ਦਿੱਤੀ, ਉਹ ਭੁੱਲ ਗਏ ਕਿ ਗਦਰ ਲਹਿਰ ਨਾਲ ਸਬੰਧਤ ਢਾਈ ਸੌ ਦੇਸ਼ ਭਗਤ ਫਾਂਸੀ ਲੱਗੇ। ਸੈਂਕੜੇ ਜੇਲ੍ਹਾਂ ਅੰਦਰ ਤਸ਼ੱਦਦ ਸਹਾਰਦੇ ਜਾਨਾਂ ਵਾਰ ਗਏ। ਫੌਜੀਆਂ ਨੇ ਸੀਨੇ ਉਤੇ ਖਿੜੇ ਮੱਥੇ ਗੋਲੀਆਂ ਖਾਧੀਆਂ। ਆਜ਼ਾਦੀ ਵੇਲੇ ਦੋਹਾਂ ਪਾਸਿਆਂ ਤੋਂ ਅਣਗਿਣਤ ਬੇਗੁਨਾਹ ਲੋਕ ਆਪਣਾ ਖੂਨ ਵਹਾਉਂਦੇ ਆਜ਼ਾਦੀ ਦੀ ਭੇਟ ਚੜ੍ਹ ਗਏ। ਆਜ਼ਾਦੀ ਐਵੇਂ ਤਾਂ ਨਹੀਂ ਮਿਲ ਗਈ ਪੰਡਿਤ ਜੀ। ਸ਼ਹੀਦਾਂ ਦੇ ਪਵਿੱਤਰ ਖੂਨ ਦੀ ਕਦਰ ਕਰਿਓ।"

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭਕਨਾ ਦੇ ਰਹਿਣ ਵਾਲੇ ਸ. ਕਰਮ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਸ਼ੁਰੂ ਜਨਵਰੀ 1870 ਵਿਚ ਪੈਦਾ ਹੋਏ ਲੜਕੇ ਦਾ ਨਾਂ ਸੋਹਨ ਸਿੰਘ ਰਖਿਆ ਗਿਆ। ਇਸ ਲੜਕੇ ਦਾ ਜਨਮ ਆਪਣੇ ਨਾਨਕੀਂ ਪਿੰਡ ਖਤਰਾ ਖੁਰਦ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ। ਸ. ਕਰਮ ਸਿੰਘ ਦਾ ਪਹਿਲਾ ਵਿਆਹ ਹਰ ਕੌਰ ਨਾਲ ਹੋਇਆ ਸੀ। ਕਈ ਸਾਲ ਬੀਤ ਗਏ, ਕੋਈ ਔਲਾਦ ਨਾ ਹੋਈ ਤਾਂ ਹਰ ਕੌਰ ਦੇ ਜ਼ੋਰ ਪਾਉਣ 'ਤੇ ਸ. ਕਰਮ ਸਿੰਘ ਦੂਜੇ ਵਿਆਹ ਲਈ ਰਾਜ਼ੀ ਹੋ ਗਏ। ਇਹ ਵਿਆਹ ਹਰ ਕੌਰ ਦੀ ਮਰਜ਼ੀ ਮੁਤਾਬਕ ਹੋਇਆ ਸੀ।

ਸੋਹਨ ਸਿੰਘ ਇਕ ਸਾਲ ਦਾ ਹੋਇਆ ਸੀ ਕਿ ਸ. ਕਰਮ ਸਿੰਘ ਦੀ ਮੌਤ ਹੋ ਗਈ। ਘਰ ਵਿਚ ਸਿਰਫ ਤਿੰਨ ਔਰਤਾਂ ਹੀ ਰਹਿ ਗਈਆਂ। ਤਿੰਨ ਪੀੜ੍ਹੀਆਂ ਤੋਂ ਘਰ ਵਿਚ ਸਿਰਫ ਇਕ ਲੜਕਾ ਹੀ ਪੈਦਾ ਹੁੰਦਾ ਰਿਹਾ। ਕੋਈ ਨਜ਼ਦੀਕੀ ਤਾਇਆ, ਚਾਚਾ ਜਾਂ ਹੋਰ ਕੋਈ ਰਿਸ਼ਤੇਦਾਰ ਵੀ ਨਹੀਂ ਸੀ। ਜਮੀਨ ਦਾ ਟੁਕੜਾ ਵੀ ਇਕੱਠਾ ਹੀ ਚਲਿਆ ਆ ਰਿਹਾ ਸੀ। ਪਿੰਡ ਭਕਨਾ ਦੇ ਨਜ਼ਦੀਕ 65 ਏਕੜ ਜਮੀਨ ਦਾ ਇਕੱਠਾ ਰਕਬਾ ਸੀ, ਜਿਸ ਵਿਚ ਦੋ ਖੂਹ ਲੱਗੇ ਹੋਏ ਸਨ। ਜਮੀਨ ਉਪਜਾਊ ਸੀ।

ਦਾਦੀ ਮਾਂ ਹੁਕਮ ਕੌਰ ਨੇ ਖੇਤੀ ਦਾ ਕੰਮ ਸੰਭਾਲ ਲਿਆ ਤੇ ਮਾਤਾ ਰਾਮ ਕੌਰ ਨੇ ਘਰ ਦਾ ਸਾਰਾ ਕੰਮਕਾਰ ਆਪਣੇ ਜ਼ਿੰਮੇ ਲੈ ਲਿਆ। ਹਰ ਕੌਰ ਨੇ ਸੋਹਣ ਸਿੰਘ ਦੀ ਪਰਵਰਿਸ਼, ਅੰਗ-ਸਾਕੇ, ਪਿੰਡ ਵਿਚ ਗਮੀ-ਖੁਸ਼ੀ ਵੇਲੇ ਸਮਾਗਮਾਂ ਵਿਚ ਜਾਣ ਦਾ ਕੰਮ ਸੰਭਾਲ ਲਿਆ। 12 ਸਾਲ ਤਕ ਇਸੇ ਤਰ੍ਹਾਂ ਚਲਦਾ ਰਿਹਾ। ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਸੋਹਨ ਸਿੰਘ ਨੇ ਪ੍ਰਾਇਮਰੀ ਪਾਸ ਕਰ ਲਈ। ਮਿਡਲ ਸਕੂਲ ਸ਼ਹਿਰ ਵਿਚ ਸੀ। ਉਥੇ ਦਾਖਲ ਨਾ ਕਰਵਾਇਆ ਗਿਆ। ਚੰਗੀ ਤੇ ਸਾਫ ਸੁਥਰੀ ਖੁਰਾਕ ਕਰਕੇ ਸੋਹਨ ਸਿੰਘ ਗੱਭਰੂ ਮਾਲੂਮ ਹੋਣ ਲੱਗਾ। ਦਾਦੀ ਨੇ ਸੋਹਨ ਸਿੰਘ ਨੂੰ ਖੇਤੀ ਦਾ ਕਾਰੋਬਾਰ ਸੰਭਾਲ ਦਿਤਾ। ਚੜ੍ਹਦੀ ਜਵਾਨੀ ਨਾ-ਤਜਰਬੇਕਾਰੀ ਕਾਰਨ ਪਿੰਡ ਦੇ ਕੁਝ ਹਮਉਮਰ ਅਯਾਸ਼ ਕਿਸਮ ਦੇ ਮੁੰਡਿਆਂ ਨਾਲ ਦੋਸਤੀ ਪੈ ਗਈ। ਮਾੜੀ ਸੰਗਤ ਕਾਰਨ ਸੋਹਨ ਸਿੰਘ ਰੋਜ਼ ਸ਼ਰਾਬ ਪੀਣ ਲੱਗ ਪਿਆ। ਦਾਦੀ ਦੀ ਜੋੜੀ ਰਕਮ ਅਤੇ ਆਮਦਨ ਸਭ ਸ਼ਰਾਬ ਦੇ ਮੂੰਹ ਖਤਮ ਹੋ ਗਈ, ਕਰਜ਼ਈ ਹੋ ਗਿਆ। ਫਿਰ ਇਕ ਦਿਨ ਜਮੀਨ ਗਹਿਣੇ ਰੱਖ, ਕਰਜ਼ਾ ਅਦਾ ਕਰਕੇ ਸੋਹਨ ਸਿੰਘ ਨੇ ਸ਼ਰਾਬ ਤੋਂ ਤੌਬਾ ਕਰ ਲਈ।

ਸੋਹਨ ਸਿੰਘ ਨੇ ਆਪਣੇ ਇਕ ਦੋਸਤ ਰਾਹੀਂ ਅਮਰੀਕਾ ਜਾਣ ਬਾਰੇ ਗੱਲ ਚਲਾਈ। ਇਉਂ ਸੋਹਨ ਸਿੰਘ 3 ਫਰਵਰੀ 1909 ਨੂੰ ਅਮਰੀਕਾ ਲਈ ਚਲ ਪਿਆ। ਚਾਰ ਅਪਰੈਲ 1909 ਨੂੰ ਅਮਰੀਕਾ ਦੀ ਸਿਆਟਲ ਬੰਦਰਗਾਹ 'ਤੇ ਜਹਾਜ ਪਹੁੰਚ ਗਿਆ। ਉਥੇ ਇੰਮੀਗਰੇਸ਼ਨ ਵਾਲਿਆਂ ਦਾ ਸਾਹਮਣਾ ਕਰਨਾ ਪਿਆ। ਅੰਗਰੇਜ਼ੀ ਨਾ ਆਉਂਦੀ ਹੋਣ ਕਰਕੇ ਦੁਭਾਸ਼ੀਆ ਮੰਗਵਾਇਆ ਗਿਆ। ਉਨ੍ਹਾਂ ਜੋ ਸਵਾਲ ਕੀਤੇ, ਠੀਕ-ਠੀਕ ਜਵਾਬ ਦਿੱਤੇ। ਇੰਮੀਗਰੇਸ਼ਨ ਵਾਲਿਆਂ ਦੀ ਤਸੱਲੀ ਨਾ ਹੋਈ। ਪੇਸ਼ੀ ਅਗਲੇ ਦਿਨ 'ਤੇ ਪਾ ਦਿੱਤੀ। ਅਗਲੇ ਦਿਨ ਦੁਭਾਸ਼ੀਏ ਵਜੋਂ ਬਾਬੂ ਹਰਨਾਮ ਸਿੰਘ ਕਾਲੀ ਸਾਰੀ ਵਾਲਿਆਂ, ਜੋ ਸਿਆਟਲ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਸਨ, ਨੂੰ ਬੁਲਾਇਆ ਗਿਆ। ਪਹਿਲੇ ਦਿਨ ਵਾਲੇ ਹੀ ਸਵਾਲ ਪੁੱਛੇ, ਫਿਰ ਠੀਕ-ਠੀਕ ਜਵਾਬ ਦਿੱਤੇ ਤਾਂ ਇੰਮੀਗਰੇਸ਼ਨ ਵਾਲਿਆਂ ਦੀ ਤਸੱਲੀ ਹੋ ਗਈ।

ਪਹਿਲੀ ਰਾਤ ਸੋਹਨ ਸਿੰਘ ਹਰਨਾਮ ਸਿੰਘ ਕੋਲ ਹੀ ਰਿਹਾ। ਉਸੇ ਰਾਤ ਬਾਬੂ ਹਰਨਾਮ ਸਿੰਘ ਨੇ 1906-07 ਵਾਲੀ ਜਮੀਨੀ ਐਜੀਟੇਸ਼ਨ ਬਾਰੇ ਪੁੱਛਿਆ। ਜਵਾਬ ਵਿਚ ਕਿਹਾ ਕਿ ਸਾਂਦਲ ਬਾਰ ਤੇ ਨੀਲੀ ਬਾਰ ਕਹੀ ਜਾਣ ਵਾਲੀ ਬੰਜਰ ਜਮੀਨ ਕਿਸਾਨਾਂ ਨੇ ਸਖਤ ਮਿਹਨਤ ਕਰਕੇ ਉਪਜਾਊ ਧਰਤੀ ਬਣਾ ਕੇ ਨਹਿਰੀ ਪਾਣੀ ਲਗਦਾ ਕਰ ਲਿਆ। ਅੰਗਰੇਜ਼ ਸਰਕਾਰ ਦੀ ਨੀਅਤ ਬਦਲ ਗਈ। ਉਸ ਨੇ ਕਾਲੋਨਾਈਜੇਸ਼ਨ ਬਿੱਲ ਲੈ ਆਂਦਾ, ਜਿਸ ਦਾ ਮਤਲਬ ਸੀ ਕਿ ਕਿਸਾਨ ਆਪਣੀ ਜਮੀਨ ਜ਼ਿਆਦਾ ਡੂੰਘੀ ਨਹੀਂ ਪੁੱਟ ਸਕਦਾ। ਜਮੀਨ ਵਿਚ ਉਗਾਏ ਦਰੱਖਤ ਬਿਨਾ ਮਨਜ਼ੂਰੀ ਨਹੀਂ ਵੱਢ ਸਕਦਾ। ਇਥੋਂ ਤਕ ਕਿ ਜ਼ਿਮੀਦਾਰ ਹਲ ਪੰਜਾਲੀ ਵਾਸਤੇ ਵੀ ਨਹੀਂ। ਨਹਿਰੀ ਪਾਣੀ ਦਾ ਮਾਲੀਆ ਦੁੱਗਣਾ ਕਰ ਦਿੱਤਾ। ਇਸ ਬਿਲ ਖਿਲਾਫ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦਿ ਅਤੇ ਲਾਲਾ ਲਾਜਪਤ ਰਾਏ ਨੇ ਪਿੰਡ-ਪਿੰਡ ਘੁੰਮ ਕੇ ਕਿਸਾਨਾਂ ਨੂੰ ਲਾਮਬੰਦ ਕੀਤਾ। ਇਹ ਸੰਘਰਸ਼ 'ਪਗੜੀ ਸੰਭਾਲ ਉਏ ਜੱਟਾ' ਦੇ ਨਾਂ ਥੱਲੇ ਲੜਿਆ ਗਿਆ।

ਅਜੀਤ ਸਿੰਘ ਦੇ ਛੋਟੇ ਭਰਾ ਸ. ਸਵਰਨ ਸਿੰਘ ਦੇ ਨਾਂ ਹੇਠ ਗੁਪਤ 'ਭਾਰਤ ਮਾਤਾ ਸੁਸਾਇਟੀ' ਬਣਾਈ ਗਈ। ਸਰਕਾਰ ਖਿਲਾਫ ਸਾਰਾ ਲਿਟਰੇਚਰ ਇਸ ਗੁਪਤ ਸੁਸਾਇਟੀ ਦੀ ਪ੍ਰੈਸ ਵਿਚ ਛਪਦਾ ਸੀ। ਸਰਕਾਰ ਨੇ ਸਵਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਤਸ਼ੱਦਦ ਕੀਤਾ। ਆਖਰ ਕਿਸਾਨਾਂ ਦੀ ਜਿੱਤ ਹੋਈ ਤੇ ਸਰਕਾਰ ਨੂੰ ਇਹ ਕਾਲੋਨਾਈਜੇਸ਼ਨ ਬਿੱਲ ਵਾਪਸ ਲੈਣਾ ਪਿਆ।

ਅਗਲੇ ਦਿਨ ਸੋਹਨ ਸਿੰਘ ਬਾਬੂ ਹਰਨਾਮ ਸਿੰਘ ਨਾਲ ਰਿਆਸਤ ਔਰੇਗਾਨ ਦੇ ਦਰਿਆ ਕੋਲੰਬੀਆ ਕੰਢੇ ਬਣੇ ਲੱਕੜ ਦੇ ਕਾਰਖਾਨੇ, ਜਿਸ ਦਾ ਨਾਂ ਮੋਨਾਰਕ ਸੀ, ਵਿਚ ਕੰਮ ਦੀ ਤਲਾਸ਼ ਲਈ ਗਏ। ਇਸ ਮਿੱਲ ਵਿਚ 200 ਪੰਜਾਬੀ ਕੰਮ ਕਰਦੇ ਸਨ। ਉਥੇ ਸੋਹਨ ਸਿੰਘ ਨੂੰ ਕੰਮ ਮਿਲ ਗਿਆ। ਰੋਜ਼ਾਨਾ 8 ਘੰਟੇ ਕੰਮ ਕਰਕੇ ਢਾਈ ਡਾਲਰ ਰੋਜ਼ ਦੇ ਮਿਲਦੇ। ਕੰਮ ਸਖਤ ਸੀ। ਸੋਹਨ ਸਿੰਘ ਤੋਂ ਅੱਧਾ ਦਿਨ ਹੀ ਕੰਮ ਹੋਇਆ। ਮੈਨੇਜਰ ਨੇ ਇਕ ਮਹੀਨੇ ਲਈ ਅੱਧੇ ਦਿਨ ਦੇ ਕੰਮ 'ਤੇ ਰੱਖ ਲਿਆ। ਇਕ ਮਹੀਨੇ ਪਿਛੋਂ ਸੋਹਨ ਸਿੰਘ ਕੰਮ ਦਾ ਆਦਮੀ ਹੋ ਗਿਆ ਤੇ ਪੂਰਾ ਦਿਨ ਕੰਮ ਕਰਨ ਲੱਗਾ।

ਅਮਰੀਕਨ ਮਜ਼ਦੂਰਾਂ ਦਾ ਰਹਿਣ-ਸਹਿਣ ਵਿਦੇਸ਼ੀ ਮਜ਼ਦੂਰਾਂ ਦੇ ਮੁਕਾਬਲੇ ਬਿਹਤਰ ਹੋਣ ਕਰਕੇ ਉਹ ਪੂਰੀ ਤਨਖਾਹ 'ਤੇ ਹੀ ਕੰਮ ਕਰਦੇ। ਵਿਦੇਸ਼ੀ ਮਜ਼ਦੂਰ ਥੋੜ੍ਹੀ ਤਨਖਾਹ 'ਤੇ ਵੀ ਕੰਮ ਕਰ ਲੈਂਦੇ; ਇਉਂ ਕਾਰਖਾਨੇਦਾਰ ਦਾ ਕੰਮ ਤਾਂ ਚਲਦਾ ਰਹਿੰਦਾ ਪਰ ਅਮਰੀਕਨ ਅਤੇ ਵਿਦੇਸ਼ੀ ਕਾਮਿਆਂ ਵਿਚਾਲੇ ਟਕਰਾਓ ਹੋਣਾ ਕੁਦਰਤੀ ਸੀ। ਲੜਾਈ-ਝਗੜੇ ਵੀ ਹੁੰਦੇ। ਹਿੰਦੀ ਕਾਮਿਆਂ ਨੂੰ ਬੱਸਾਂ ਵਿਚ ਸਫਰ ਵੀ ਨਾ ਕਰਨ ਦਿੱਤਾ ਜਾਂਦਾ ਤੇ ਹੋਟਲਾਂ ਦੇ ਬਾਹਰ ਬੋਰਡ 'ਤੇ ਲਿਖਿਆ ਹੁੰਦਾ, ਹਿੰਦੁਸਤਾਨੀਆਂ ਲਈ ਖਾਣੇ ਦੀ ਮਨਾਹੀ ਹੈ। ਕਈ ਵਾਰੀ ਗਲੀਆਂ, ਬਾਜ਼ਾਰਾਂ ਵਿਚ ਗੋਰੀ ਨਸਲ ਦੇ ਬੱਚੇ 'ਹਿੰਦੁਸਤਾਨੀ ਗੁਲਾਮ' ਕਹਿ ਕੇ ਆਵਾਜ਼ੇ ਕੱਸਦੇ।

ਰਿਆਸਤ ਔਰੇਗਾਨ ਤੇ ਵਾਸ਼ਿੰਗਟਨ ਦੇ ਲੱਕੜ ਦੇ ਵੱਡੇ ਕਾਰਖਾਨਿਆਂ ਵਿਚ ਹਿੰਦੀ, ਪੰਜਾਬੀ ਵੱਡੀ ਗਿਣਤੀ ਵਿਚ ਕੰਮ ਕਰਦੇ। ਇਹ ਆਪਣੀ ਗੁਲਾਮੀ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦੇ। ਐਤਵਾਰ ਛੁੱਟੀ ਵਾਲੇ ਦਿਨ ਇਕ ਕਾਰਖਾਨੇ ਵਿਚ ਕੰਮ ਕਰਨ ਵਾਲੇ ਮਜ਼ਦੂਰ ਇਕੱਠੇ ਹੁੰਦੇ ਅਤੇ ਕਦੇ ਦੂਜੇ ਐਤਵਾਰ ਕਿਸੇ ਹੋਰ ਕਾਰਖਾਨੇ ਦੇ ਪੰਜਾਬੀ ਮਜ਼ਦੂਰ ਇਕੱਠੇ ਹੁੰਦੇ। ਏਜੰਡਾ ਸਿਰਫ ਇਕੋ ਹੀ ਸੀ, ਗੁਲਾਮੀ ਕਾਰਨ ਨਿੱਤ ਦਿਨ ਹੋ ਰਹੀ ਬੇਇੱਜਤੀ ਵਾਲਾ। ਇਉਂ ਇਹ ਵਿਦੇਸ਼ੀ ਕਾਮੇ ਇਕ-ਦੂਜੇ ਦੇ ਕਰੀਬ ਹੁੰਦੇ ਗਏ।

1913 ਵਿਚ ਮਾਰਚ ਦੇ ਦੂਜੇ ਹਫਤੇ ਪੰਡਿਤ ਕਾਂਸੀ ਰਾਮ ਨੇ ਔਰੇਗਾਨ ਅਤੇ ਵਾਸ਼ਿੰਗਟਨ ਰਿਆਸਤਾਂ ਦੇ ਲੱਕੜ ਦੇ ਕਾਰਖਾਨਿਆਂ ਜਿਵੇਂ ਆਸਟਰੀਆ, ਮੋਨਾਰਕ, ਬਡਾਲਵਲ, ਸੇਂਟ ਜੋਨ, ਵੀਆਨਾ, ਪੋਰਟਲੈਂਡ, ਲਿੰਕਨ ਆਦਿ ਮਿੱਲਾਂ ਵਿਚ ਕੰਮ ਕਰਨ ਵਾਲੇ ਹਿੰਦੀ-ਪੰਜਾਬੀਆਂ, ਸਭ ਨੂੰ ਸੇਂਟ ਜੋਨ ਸ਼ਹਿਰ ਵਿਚ ਐਤਵਾਰ ਵਾਲੇ ਦਿਨ ਰੱਖੀ ਮੀਟਿੰਗ ਵਿਚ ਸ਼ਿਰਕਤ ਲਈ ਇਤਲਾਹ ਕਰ ਦਿੱਤੀ। ਲਾਲਾ ਹਰਦਿਆਲ ਨੂੰ ਕੈਲੀਫੋਰਨੀਆ ਤੋਂ ਉਚੇਚੇ ਤੌਰ 'ਤੇ ਬੁਲਾਇਆ ਗਿਆ। ਹਿੰਦੀ-ਪੰਜਾਬੀ ਕਾਮੇ ਬੜੀ ਤਾਦਾਦ ਵਿਚ ਉਤਸ਼ਾਹ ਨਾਲ ਆਏ। ਸਰਬਸੰਮਤੀ ਨਾਲ ਪਹਿਲਾਂ ਹਰ ਲੱਕੜ ਮਿੱਲ ਵਿਚ ਕੰਮ ਕਰਨ ਵਾਲਿਆਂ ਦਾ ਸੈਲ ਕਾਇਮ ਕੀਤਾ। ਫਿਰ ਇਨ੍ਹਾਂ ਸੈਲਾਂ ਦੇ ਪ੍ਰਧਾਨ ਅਤੇ ਖਜਾਨਚੀ ਚੁਣੇ। ਇਸ ਤੋਂ ਬਾਅਦ ਸਾਰੇ ਸੈਲਾਂ ਦੀ ਸਾਂਝੀ ਜਥੇਬੰਦੀ ਬਣਾਈ ਜਿਸ ਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਰੱਖਿਆ ਗਿਆ। ਫਿਰ ਇਸ ਜਥੇਬੰਦੀ ਦੀ ਚੋਣ ਵੀ ਕਰਵਾਈ, ਜਿਸ ਵਿਚ ਪ੍ਰਧਾਨ ਸੋਹਨ ਸਿੰਘ ਭਕਨਾ, ਮੀਤ ਪ੍ਰਧਾਨ ਕੇਸਰ ਸਿੰਘ, ਸਕੱਤਰ ਲਾਲਾ ਹਰਦਿਆਲ ਤੇ ਖਜਾਨਚੀ ਕਾਂਸੀ ਰਾਮ ਬਣਾਏ ਗਏ। ਇਸ ਤੋਂ ਇਲਾਵਾ ਇੰਤਜ਼ਾਮੀਆ ਕਮੇਟੀ ਵਿਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ, ਰਾਮ ਰੱਖਾ ਤੇ ਕੁਝ ਹੋਰ ਸਾਥੀ ਲਏ ਗਏ। ਤਿੰਨ ਮੈਂਬਰੀ ਖੁਫੀਆ ਵਿਭਾਗ ਬਣਾਇਆ ਗਿਆ।

ਪਾਰਟੀ ਦਾ ਉਦੇਸ਼ ਹਿੰਦੋਸਤਾਨ ਦੀ ਮੁਕੰਮਲ ਆਜ਼ਾਦੀ, ਹਥਿਆਰਬੰਦ ਇਨਕਲਾਬ ਰਾਹੀਂ ਆਜ਼ਾਦੀ ਪਿਛੋਂ ਬਰਾਬਰੀ ਵਾਲਾ ਰਾਜ ਸਥਾਪਤ ਕਰਨਾ, ਪ੍ਰਚਾਰ ਲਈ ਪਾਰਟੀ ਦਾ ਹਫਤਾਵਾਰੀ ਅਖਬਾਰ ਕੱਢਣਾ ਮਿਥਿਆ ਗਿਆ। ਇਹ ਵੀ ਫੈਸਲਾ ਲਿਆ ਗਿਆ ਕਿ ਪਾਰਟੀ ਦੀ ਮਾਲੀ ਹਾਲਤ ਸੁਧਾਰਨ ਲਈ ਹਰ ਮੈਂਬਰ ਇਕ ਇਕ ਡਾਲਰ ਹਰ ਮਹੀਨੇ ਆਪਣੇ ਸੈਲ ਦੇ ਖਜਾਨਚੀ ਕੋਲ ਜਮ੍ਹਾਂ ਕਰਵਾਇਆ ਕਰੇਗਾ।

31 ਦਸੰਬਰ 1913 ਨੂੰ ਕ੍ਰਿਸਮਸ ਦੀਆਂ ਛੁੱਟੀਆਂ ਵਿਚ ਸੈਕਰਾਮੈਂਟੋ (ਕੈਲੀਫੋਰਨੀਆ) ਵਿਚ ਮੀਟਿੰਗ ਰੱਖੀ ਗਈ, ਜੋ ਇਤਿਹਾਸਕ ਹੋ ਨਿਬੜੀ। ਪਹਿਲਾਂ ਸੇਂਟ ਜੋਨ ਵਿਚ ਹੋਈ ਕਾਨਫਰੰਸ, ਜਿਸ ਵਿਚ ਇਨਕਲਾਬੀ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਰੱਖਿਆ ਗਿਆ ਸੀ, ਦੀਆਂ ਸਾਰੀਆਂ ਮੱਦਾਂ ਨੂੰ ਮਨਜ਼ੂਰੀ ਦਿੱਤੀ ਗਈ। ਕੈਲੀਫੋਰਨੀਆ ਦੇ ਬਾਗਾਂ ਵਿਚ ਅਤੇ ਗੈਸ ਸਟੇਸ਼ਨਾਂ 'ਤੇ ਕੰਮ ਕਰਦੇ ਪੰਜਾਬੀਆਂ ਦੇ ਸੈਲ ਕਾਇਮ ਕਰਕੇ ਪ੍ਰਧਾਨ ਤੇ ਖਜਾਨਚੀ ਬਣਾਏ ਗਏ। ਫਿਰ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ। ਇਥੇ ਜਥੇਬੰਦੀ ਹੁਣ ਸਰਬ-ਅਮਰੀਕਨ ਬਣ ਚੁਕੀ ਸੀ। ਇਸ ਦਾ ਨਾਂ 1857 ਵਾਲੇ ਪਹਿਲੇ ਆਜ਼ਾਦੀ ਘੋਲ ਅਤੇ ਫਿਰ 1870 ਵਿਚ ਕੂਕਾ ਅੰਦੋਲਨ ਰਾਹੀਂ ਆਜ਼ਾਦੀ ਲਈ ਮਾਰੇ ਹੰਭਲੇ ਦੇ ਆਧਾਰ 'ਤੇ ਗਦਰ ਪਾਰਟੀ ਰੱਖਿਆ ਗਿਆ। ਫੈਸਲਾ ਹੋਇਆ ਕਿ ਪਾਰਟੀ ਦੇ ਪ੍ਰਚਾਰ ਲਈ ਅਖਬਾਰ ਕੱਢਿਆ ਜਾਵੇ ਅਤੇ ਇਸ ਦਾ ਨਾਂ 'ਗਦਰ ਦੀ ਗੂੰਜ' ਰੱਖਿਆ ਜਾਵੇ, ਅਖਬਾਰ ਦੀ ਛਪਾਈ ਲਈ ਪ੍ਰੈਸ ਖਰੀਦੀ ਜਾਵੇ, ਉਸ ਦਾ ਨਾਂ ਵੀ ਗਦਰ ਪ੍ਰੈਸ ਰੱਖਿਆ ਜਾਵੇ। ਸੈਨ ਫਰਾਂਸਿਸਕੋ ਵੱਡੀ ਬੰਦਰਗਾਹ ਹੈ, ਇਸ ਲਈ ਇਸੇ ਸ਼ਹਿਰ ਵਿਚ ਪਾਰਟੀ ਦਫਤਰ ਖੋਲ੍ਹਿਆ ਜਾਵੇ, ਬੰਗਾਲ ਵਿਚ ਨਿਕਲਦੇ ਇਨਕਲਾਬੀ ਅਖਬਾਰ 'ਯੁਗਾਂਤਰ' ਦੇ ਨਾਂ 'ਤੇ ਦਫਤਰ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖਿਆ ਜਾਵੇ। ਹਫਤਾਵਰੀ ਅਖਬਾਰ 'ਗਦਰ ਦੀ ਗੂੰਜ' ਉਰਦੂ, ਪੰਜਾਬੀ ਤੇ ਹਿੰਦੀ ਵਿਚ ਛਾਪ ਕੇ ਇਸ ਨੂੰ ਮੁਲਕ ਵਿਚ ਅਪੜਦਾ ਕੀਤਾ ਜਾਵੇ। ਜਿਥੇ ਹਿੰਦੀ, ਪੰਜਾਬੀ ਮਜ਼ਦੂਰ ਕੰਮ ਕਰਦੇ ਹਨ, ਉਥੇ ਅਖਬਾਰ ਮੁਫਤ ਭੇਜਿਆ ਜਾਵੇ। ਇਹ ਵੀ ਪਾਸ ਹੋਇਆ ਕਿ ਦਫਤਰ ਵਿਚ ਕੰਮ ਕਰਨ ਵਾਲਿਆਂ ਨੂੰ ਤਨਖਾਹ ਤੋਂ ਇਲਾਵਾ ਲੰਗਰ ਦੀ ਰੋਟੀ ਤੇ ਲੋੜ ਮੁਤਾਬਕ ਕੱਪੜਾ ਦਿੱਤਾ ਜਾਏਗਾ।


ਗਦਰ ਪਾਰਟੀ ਦੀ ਬੇਨਤੀ 'ਤੇ ਉਸ ਵੇਲੇ 10 ਹਜ਼ਾਰ ਡਾਲਰ ਜਮ੍ਹਾਂ ਹੋ ਗਿਆ। ਇਸ ਤੋਂ ਇਲਾਵਾ ਸਰਬਸੰਮਤੀ ਨਾਲ ਕੁਝ ਹੋਰ ਅਹੁਦੇਦਾਰ ਵੀ ਚੁਣੇ ਗਏ। ਦੂਸਰਾ ਮੀਤ ਪ੍ਰਧਾਨ ਜੁਆਲਾ ਸਿੰਘ ਠੱਠੀਆਂ, ਦੂਸਰਾ ਖਜਾਨਚੀ ਹਰਨਾਮ ਸਿੰਘ ਟੁੰਡੀਲਾਟ, ਜਥੇਬੰਦਕ ਸਕੱਤਰ ਮੁਣਸ਼ੀ ਰਾਮ ਤੇ ਕਰੀਮ ਬਖਸ਼ ਥਾਪੇ ਗਏ। ਇੰਤਜ਼ਾਮੀਆ ਕਮੇਟੀ ਵਿਚ ਹੋਰ ਮੈਂਬਰ ਸੰਤ ਵਿਸਾਖਾ ਸਿੰਘ, ਭਾਈ ਨਿਧਾਨ ਸਿੰਘ, ਭਾਈ ਰੂੜ ਸਿੰਘ, ਭਾਈ ਚੰਨਣ ਸਿੰਘ, ਹਜ਼ਾਰਾ ਸਿੰਘ, ਕਰਮ ਸਿੰਘ, ਪੰਡਿਤ ਜਗਤ ਰਾਮ ਤੇ ਕਰਤਾਰ ਸਿੰਘ ਦੁੱਕੀ ਲਾਏ ਗਏ। ਦਫਤਰ ਵਿਚ ਲਾਲਾ ਹਰਦਿਆਲ ਦੇ ਨਾਲ ਕਰਤਾਰ ਸਿੰਘ ਸਰਾਭਾ ਤੇ ਹੋਰ ਸਾਥੀ ਅਖਬਾਰ ਦੀ ਛਪਾਈ ਲਈ ਚੁਣੇ ਗਏ।


ਇਉਂ ਜਮਹੂਰੀ ਢੰਗ-ਤਰੀਕੇ ਨਾਲ ਜਦੋਂ ਗਦਰ ਪਾਰਟੀ ਅਮਰੀਕਾ ਦੀ ਧਰਤੀ 'ਤੇ ਵਜੂਦ ਵਿਚ ਆ ਗਈ, ਇਸ ਨੇ ਹਥਿਆਰਬੰਦ ਘੋਲ ਰਾਹੀਂ ਸਰਕਾਰ ਨਾਲ ਲੋਹਾ ਲੈਂਦਿਆਂ ਹਿੰਦੁਸਤਾਨ ਦੀ ਮੁਕੰਮਲ ਆਜ਼ਾਦੀ ਦਾ ਬੀੜਾ ਚੁਕਿਆ। ਵਿਦੇਸ਼ਾਂ ਵਿਚ ਕੰਮ ਕਰਦੇ ਸੂਰਮੇ ਗਦਰ ਪਾਰਟੀ ਦੇ ਝੰਡੇ ਹੇਠ ਇਕੱਠੇ ਹੁੰਦੇ ਗਏ। ਕੈਲੀਫੋਰਨੀਆ ਤੋਂ ਔਰੇਗਾਨ, ਵਾਸ਼ਿੰਗਟਨ ਤੋਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਤਕ, ਪਨਾਮਾ ਵਿਚ ਬਾਬਾ ਦੁੱਲਾ ਸਿੰਘ ਤੇ ਤੇਜਾ ਸਿੰਘ ਸੁਤੰਤਰ ਦੀ ਮਿਹਨਤ ਸਦਕਾ ਪੰਜਾਬੀਆਂ ਦਾ ਮਜ਼ਬੂਤ ਸੈਲ ਕਾਇਮ ਹੋ ਗਿਆ। ਜਾਪਾਨ ਵਿਚ ਪ੍ਰੋਫੈਸਰ ਮੌਲਾਨਾ ਬਰਕਤ ਉਲਾ ਜਦੋਂ ਯੂਨੀਵਰਸਿਟੀ ਵਿਚ ਪੜ੍ਹਾਇਆ ਕਰਦੇ ਸਨ, ਮਜ਼ਬੂਤ ਸੈਲ ਕਾਇਮ ਕਰ ਗਏ ਸਨ। ਚੀਨ, ਹਾਂਗਕਾਂਗ, ਸ਼ੰਘਾਈ ਵਿਚ ਭਾਈ ਨਿਧਾਨ ਸਿੰਘ ਚੁੱਘਾ, ਡਾ. ਮਥਰਾ ਸਿੰਘ, ਭਾਈ ਗੁਜਰ ਸਿੰਘ ਤੇ ਭਾਈ ਭਗਵਾਨ ਸਿੰਘ ਦੀ ਦੇਖ-ਰੇਖ ਹੇਠ ਤਾਕਤਵਰ ਸੈਲ ਬਣ ਗਿਆ। ਸਿੰਗਾਪੁਰ, ਪਨਾਂਗ, ਬਰਮਾ, ਸਿਆਮ ਵਿਚ ਸੋਹਨ ਸਿੰਘ ਪਾਠਕ, ਬਾਬੂ ਅਮਰ ਸਿੰਘ ਇੰਜੀਨੀਅਰ ਤੇ ਸਾਥੀਆਂ ਨੇ ਮਿਲ ਕੇ ਖੁਫੀਆ ਸੈਲ ਕਾਇਮ ਕਰ ਲਿਆ।

ਵਿਦੇਸ਼ਾਂ ਵਿਚ ਕੰਮ ਕਰਦੇ ਦੇਸ਼ ਭਗਤ ਕਾਮਿਆਂ ਨੂੰ ਹੁਣ ਅਮਲੀ ਤੌਰ 'ਤੇ ਗੁਲਾਮੀ ਦਾ ਅਹਿਸਾਸ ਹੋ ਚੁਕਾ ਸੀ। ਉਹ ਆਜ਼ਾਦੀ ਦੇ ਸੱਚੇ ਆਸ਼ਕ ਬਣ ਚੁਕੇ ਸਨ ਅਤੇ ਗਦਰ ਪਾਰਟੀ ਵਿਚ ਸ਼ਾਮਲ ਹੋ ਕੇ ਇਕ ਲੜੀ ਵਿਚ ਪਰੋਏ ਜਾ ਰਹੇ ਸਨ। ਇਉਂ ਉਸ ਵੇਲੇ ਗਦਰ ਪਾਰਟੀ ਦੀਆਂ ਵੱਡੀਆਂ-ਛੋਟੀਆਂ 72 ਸ਼ਾਖਾਵਾਂ ਬਣ ਗਈਆਂ, ਜਿਨ੍ਹਾਂ ਸਦਕਾ ਬਰਤਾਨੀਆ ਸਰਕਾਰ ਖਿਲਾਫ ਗਦਰ ਪਾਰਟੀ ਦਾ ਪੂਰਾ ਜਾਲ ਵਿਛ ਗਿਆ।

ਸਰਕਾਰੀ ਖੁਫੀਆ ਏਜੰਸੀ (ਸੀ. ਆਈ. ਡੀ.) ਨੇ ਗਦਰ ਪਾਰਟੀ ਦੇ ਫੈਲਾਅ ਦੀ ਰਿਪੋਰਟ ਜਦੋਂ ਸਰਕਾਰ ਨੂੰ ਦਿੱਤੀ ਤਾਂ ਉਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇਸ ਪਿਛੋਂ ਬਰਤਾਨੀਆ ਸਰਕਾਰ ਆਪਣੀ ਦੋਸਤੀ ਦੀ ਸੰਧੀ ਵਾਲੇ ਮੁਲਕਾਂ 'ਤੇ ਦਬਾਅ ਪਾਉਣ ਲੱਗੀ ਤਾਂ ਜੋ ਗਦਰ ਪਾਰਟੀ ਦੇ ਕੰਮਕਾਰ 'ਤੇ ਰੋਕ ਪਾਈ ਜਾਵੇ। ਅਮਰੀਕਨ ਸਰਕਾਰ ਨੇ ਲਾਲਾ ਹਰਦਿਆਲ ਦੇ ਵਾਰੰਟ ਜਾਰੀ

*(ਅਗਲੇ ਸਫੇ 'ਤੇ ਜਾਰੀ)*





*ਬਾਬਾ ਸੋਹਣ ਸਿੰਘ ਭਕਨਾ: (ਖੱਬੇ) ਜਵਾਨੀ ਵੇਲੇ ਅਤੇ (ਸੱਜੇ) ਬੁਢਾਪੇ ਸਮੇਂ*

ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪਾਰਟੀ ਨੇ ਇਕ ਹਜ਼ਾਰ ਡਾਲਰ ਨਕਦ ਜ਼ਮਾਨਤ ਦੇ ਕੇ ਅਗਲੀ ਪੇਸ਼ੀ ਤਕ ਰਿਹਾ ਕਰਵਾ ਲਿਆ। ਗਦਰ ਪਾਰਟੀ ਨੇ ਬੜੀ ਹੁਸ਼ਿਆਰੀ ਨਾਲ ਤੇ ਖੁਫੀਆ ਤਰੀਕੇ ਨਾਲ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ ਭੇਜ ਦਿੱਤਾ ਤੇ ਜ਼ਮਾਨਤ ਜ਼ਬਤ ਕਰਵਾ ਲਈ। ਦਫਤਰ ਦਾ ਕੰਮਕਾਰ ਫਿਰ ਭਾਈ ਸੰਤੋਖ ਸਿੰਘ ਨੇ ਸੰਭਾਲ ਲਿਆ।

ਗਦਰ ਪਾਰਟੀ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਜਹਾਜ ਦੀ ਵਾਪਸੀ 'ਤੇ ਜਾਪਾਨ ਦੀ ਬੰਦਰਗਾਹ ਯੋਕੋਹੋਮਾ ਮੁਸਾਫਰਾਂ ਨੂੰ ਮਿਲਿਆ ਜਾਵੇ ਤੇ ਗਦਰ ਪਾਰਟੀ ਵਾਲੀ ਇਨਕਲਾਬੀ ਲਾਈਨ ਸਮਝਾਈ ਜਾਵੇ ਤਾਂ ਜੋ ਉਹ ਹਿੰਦੁਸਤਾਨ ਜਾ ਕੇ ਗਦਰ ਪਾਰਟੀ ਦਾ ਪ੍ਰਚਾਰ ਕਰਨ। ਦੂਸਰੇ ਯੋਕੋਹੋਮਾ ਵਿਚ ਇਕ ਪੇਟੀ 200 ਪਿਸਤੌਲ ਅਤੇ ਪੇਟੀ ਵਿਚ 2000 ਗੋਲੀਆਂ ਉਨ੍ਹਾਂ ਨੂੰ ਫੜਾ ਦਿੱਤੀਆਂ ਜਾਣ। ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭਾ ਨੇ ਇਸ ਅਸਲੇ ਦਾ ਬੰਦੋਬਸਤ ਕੀਤਾ। ਸਮੁੰਦਰੀ ਜਹਾਜ ਸੈਨ ਫਰਾਂਸਿਸਕੋ ਤੋਂ ਯੋਕੋਹੋਮਾ ਜਾ ਰਿਹਾ ਸੀ। ਉਸ ਵਿਚ ਇਕ ਕਮਰਾ ਸੋਹਨ ਸਿੰਘ ਦੇ ਨਾਂ 'ਤੇ ਬੁੱਕ ਕਰਵਾ ਦਿੱਤਾ। ਜਹਾਜ ਚਲਣ ਤੋਂ ਘੰਟਾ ਪਹਿਲਾਂ ਇਹ ਦੋ ਪੇਟੀਆਂ, ਸਮਾਨ ਵਜੋਂ ਸੋਹਨ ਸਿੰਘ ਵਾਲੇ ਕਮਰੇ ਵਿਚ ਰਖਵਾ ਦਿੱਤੀਆਂ ਅਤੇ ਆਪ ਇਧਰ-ਉਧਰ ਘੁੰਮਦੇ ਰਹੇ। ਸੋਹਨ ਸਿੰਘ ਯੁਗਾਂਤਰ ਆਸ਼ਰਮ ਦਫਤਰ ਤੋਂ ਚੱਲਿਆ ਤੇ ਰਸਤੇ ਵਿਚ ਕਾਰ ਬਦਲ ਲਈ ਅਤੇ ਸਿਰਫ ਜਹਾਜ ਚੱਲਣ ਤੋਂ 15 ਮਿੰਟ ਪਹਿਲਾਂ ਬੰਦਰਗਾਹ 'ਤੇ ਪਹੁੰਚ ਗਏ। ਕਰਤਾਰ ਸਿੰਘ ਸਰਾਭਾ ਨੂੰ ਵਾਪਸ ਮੁੜ ਜਾਣ ਦਾ ਇਸ਼ਾਰਾ ਕਰਕੇ ਆਪਣੇ ਕਮਰੇ ਵਿਚ ਬੈਠ ਗਏ। ਜਹਾਜ ਸਮੇਂ ਸਿਰ ਚਲ ਪਿਆ।

ਪ੍ਰੋਫੈਸਰ ਮੌਲਾਨਾ ਮੁਹੰਮਦ ਬਰਕਤ ਉਲਾ ਨੇ ਜਾਪਾਨ ਰਹਿਣ ਦੌਰਾਨ ਜੋ ਸੈਲ ਕਾਇਮ ਕੀਤਾ ਸੀ, ਜਾਪਾਨ ਤਾਰ ਦੇ ਕੇ ਆਪਣੇ ਸਾਥੀਆਂ ਨੂੰ ਸੋਹਨ ਸਿੰਘ ਬਾਰੇ ਇਤਲਾਹ ਦੇ ਕੇ ਪੂਰੀ ਮਦਦ ਕਰਨ ਲਈ ਕਿਹਾ। ਯੋਕੋਹੋਮ ਵਾਲੇ ਸੈਲ ਨੇ ਦੋਵੇਂ ਪੇਟੀਆਂ ਸੰਭਾਲ ਲਈਆਂ ਤੇ ਸੋਹਨ ਸਿੰਘ ਨੂੰ ਹੋਟਲ ਵਿਚ ਠਹਿਰਾ ਦਿੱਤਾ।

ਸੋਹਨ ਸਿੰਘ ਨੂੰ ਜਾਪਾਨ ਵਿਚ ਹੀ ਸੰਸਾਰ ਯੁੱਧ ਛਿੜ ਜਾਣ ਦਾ ਪਤਾ ਲੱਗਾ। ਦੂਸਰੇ ਸਮੁੰਦਰ ਵਿਚ ਜਰਮਨੀ ਦੇ ਜੰਗੀ ਜਹਾਜ, ਜਿਸ ਨੂੰ ਐਡਮਨ ਕਹਿੰਦੇ ਸਨ, ਨੇ ਪਹਿਲੇ ਹੱਲੇ ਵਿਚ ਹੀ ਬਰਤਾਨੀਆ ਦੇ ਕਈ ਜਹਾਜ ਸਮੁੰਦਰ ਵਿਚ ਗਰਕ ਕਰ ਦਿੱਤੇ। ਸੋਹਨ ਸਿੰਘ ਨੂੰ ਡਰ ਸੀ ਕਿ ਕਿਤੇ ਕਾਮਾਗਾਟਾਮਾਰੂ ਜਹਾਜ, ਜੋ ਕਲਕੱਤੇ ਜਾ ਰਿਹਾ ਹੈ, ਨੂੰ ਇਹ ਡੁਬਕਣੀ ਨਾ ਵੱਜ ਜਾਵੇ। ਗਦਰ ਪਾਰਟੀ ਦਾ ਜਰਮਨ ਸਰਕਾਰ ਨਾਲ ਗੋਲੀ-ਸਿੱਕੇ ਦਾ ਖੁਫੀਆ ਸਮਝੌਤਾ ਹੋ ਚੁਕਾ ਸੀ। ਉਸ ਦਾ ਕੋਡ ਵਰਡ ਗਦਰ ਪਾਰਟੀ ਦੇ ਸਿਰਫ ਤਿੰਨ ਖੁਫੀਆ ਗਦਰੀਆਂ ਨੂੰ ਹੀ ਪਤਾ ਸੀ। ਇਸ ਵਿਚੋਂ ਇਕ ਸੋਹਨ ਸਿੰਘ ਭਕਨਾ, ਪ੍ਰਧਾਨ ਗਦਰ ਪਾਰਟੀ ਵੀ ਸਨ। ਸੋਹਨ ਸਿੰਘ ਜਾਪਾਨ ਵਿਚ ਜਰਮਨ ਕੌਂਸਲਰ ਨੂੰ ਜਾਪਾਨੀ ਨੌਕਰ ਨਾਲ ਮਿਲਾਉਣ ਵਿਚ ਕਾਮਯਾਬ ਹੋ ਗਿਆ। ਆਪਣਾ ਕੋਡ ਵਰਡ ਦੱਸ ਕੇ ਕਿਹਾ ਕਿ ਇਹ ਕਾਮਾਗਾਟਾਮਾਰੂ ਜਹਾਜ, ਜੋ ਕਲੱਕਤੇ ਜਾ ਰਿਹਾ ਹੈ, ਉਸ ਵਿਚ ਸਾਰੇ ਹੀ ਦੇਸ਼ ਭਗਤ ਇਨਕਲਾਬੀ ਇੰਡੀਆ ਜਾ ਰਹੇ ਹਨ। ਐਡਮਨ ਨੂੰ ਆਗਾਹ ਕਰ ਦਿੱਤਾ ਜਾਏ। ਜਰਮਨ ਕੌਂਸਲਰ ਨੇ ਤੁਰੰਤ ਇਸ ਦਾ ਬੰਦੋਬਸਤ ਕਰ ਦਿੱਤਾ। ਇਹ ਸਾਰੀ ਗੱਲਬਾਤ ਕਾਮਾਗਾਟਾਮਾਰੂ ਜਹਾਜ ਦੇ ਲੀਡਰਾਂ ਨਾਲ ਸੋਹਨ ਸਿੰਘ ਨੇ ਸਾਂਝੀ ਕਰ ਲਈ। ਜਾਪਾਨ ਸੈਲ ਦੀ ਮਦਦ ਨਾਲ ਹੀ ਉਹ ਸਾਰਾ ਕੰਮਕਾਜ ਸਿਰੇ ਚੜ੍ਹਿਆ।

ਸੋਹਨ ਸਿੰਘ ਭਕਨਾ ਕਿਸੇ ਹੋਰ ਜਹਾਜ ਵਿਚ ਸ਼ੰਘਾਈ, ਫਿਰ ਹਾਂਗਕਾਂਗ ਤੋਂ ਦੂਸਰੇ ਜਹਾਜ ਨਾਮਸੁੰਗ ਵਿਚ ਸਵਾਰ ਹੋ ਕੇ ਸਿੰਗਾਪੁਰ, ਫਿਰ ਪਨਾਂਗ ਪਹੁੰਚ ਗਿਆ। ਪਨਾਂਗ ਵਿਚ ਹੀ ਕਲਕੱਤੇ ਬਜਬਜ ਘਾਟ 'ਤੇ ਹੋਏ ਖੂਨੀ ਸਾਕੇ ਦਾ ਪਤਾ ਲੱਗਾ। ਜਦੋਂ ਇਹ ਜਹਾਜ ਵੀ ਕਲਕੱਤੇ ਦੀ ਬੰਦਰਗਾਹ 'ਤੇ ਲੱਗਾ ਤਾਂ ਸਾਰੇ ਮੁਸਾਫਿਰਾਂ ਨੂੰ ਪੁਲਿਸ ਦੀ ਨਿਗਰਾਨੀ ਹੇਠ ਲੁਧਿਆਣਾ ਲਿਆਂਦਾ ਗਿਆ। ਉਥੇ ਪੁਛ-ਪੜਤਾਲ ਕਰਕੇ ਸ਼ੱਕੀ ਮੁਸਾਫਰਾਂ ਨੂੰ ਜੁਦਾ ਦੋ ਜੇਲ੍ਹਾਂ ਵਿਚ ਭੇਜ ਦਿੱਤਾ। ਸੋਹਨ ਸਿੰਘ ਭਕਨਾ ਨੂੰ ਮੁਲਤਾਨ ਜੇਲ੍ਹ ਵਿਚ ਭੇਜਿਆ ਗਿਆ।

ਪਹਿਲਾਂ ਲਾਹੌਰ ਸਾਜ਼ਿਸ਼ ਕੇਸ ਚੱਲਿਆ। ਗਦਰੀ ਦੇਸ਼ ਭਗਤਾਂ ਨੂੰ ਵੱਖ-ਵੱਖ ਜੇਲ੍ਹਾਂ ਤੋਂ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ। ਮੁਕੱਦਮਾ ਸ਼ੁਰੂ ਹੋਇਆ ਤਾਂ ਬਰਤਾਨੀਆ ਸਰਕਾਰ ਖਿਲਾਫ ਬਗਾਵਤ ਕਰਨ ਦੇ ਜੁਰਮ ਵਿਚ 24 ਦੇਸ਼ ਭਗਤਾਂ ਨੂੰ ਫਾਂਸੀ ਤੇ ਬਾਕੀਆਂ ਨੂੰ ਕੈਦ ਦੀਆਂ ਵੱਖ-ਵੱਖ ਸਜ਼ਾਵਾਂ ਸੁਣਾਈਆਂ ਗਈਆਂ। ਅਖਬਾਰਾਂ ਨੇ ਇਸ ਫੈਸਲੇ ਖਿਲਾਫ ਬਹੁਤ ਕੁਝ ਲਿਖਿਆ ਤੇ ਸਰਕਾਰ ਖਿਲਾਫ ਮੁਲਕ ਵਿਚ ਜਲਸੇ ਜਲੂਸ ਕੱਢੇ ਗਏ। ਵਾਇਸਰਾਏ ਹਿੰਦ ਨੇ 7 ਦੇਸ਼ ਭਗਤਾਂ ਨੂੰ ਫਾਂਸੀ ਅਤੇ ਬਾਕੀ 17 ਨੂੰ ਹੋਰ ਸਜ਼ਾਵਾਂ ਵਿਚ ਤਬਦੀਲ ਕਰ ਦਿੱਤਾ ਗਿਆ। ਸੋਹਨ ਸਿੰਘ ਭਕਨਾ ਉਮਰ ਕੈਦ ਵਾਲਿਆਂ ਵਿਚ ਸੀ। ਇਸ ਨੂੰ ਅੰਡੇਮਾਨ ਵਾਲੀ ਜੇਲ੍ਹ ਭੇਜ ਦਿਤਾ।


*ਬਾਬਾ ਸੋਹਣ ਸਿੰਘ ਭਕਨਾ ਗਦਰ ਪਾਰਟੀ, ਅੰਮ੍ਰਿਤਸਰ ਦੇ ਆਜ਼ਾਦੀ ਸੰਗਰਾਮੀਏ ਸਾਥੀਆਂ ਨਾਲ*

ਇਸ ਜੇਲ੍ਹ ਵਿਚ ਗਦਰੀ ਦੇਸ਼ ਭਗਤਾਂ 'ਤੇ ਤਸ਼ੱਦਦ ਕੀਤਾ ਜਾਂਦਾ ਸੀ। ਇਸ ਖਿਲਾਫ ਦੇਸ਼ ਭਗਤਾਂ ਨੇ ਭੁੱਖ ਹੜਤਾਲਾਂ ਕੀਤੀਆਂ। ਸਾਰੇ ਦੇਸ਼ ਵਿਚ ਮੁਜਾਹਰੇ ਹੋਏ। ਸਰਕਾਰ ਨੂੰ ਝੁਕਣਾ ਪਿਆ ਤੇ 1921 ਵਿਚ ਸਾਰੇ ਦੇਸ਼ ਭਗਤ ਗਦਰੀਆਂ ਨੂੰ ਸੂਬਾ ਮਦਰਾਸ ਦੀ ਸੈਂਟਰਲ ਜੇਲ੍ਹ ਲਿਆਂਦਾ, ਫਿਰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰ ਦਿੱਤੇ ਗਏ। ਸੋਹਨ ਸਿੰਘ ਨੂੰ 1928 ਵਿਚ ਸਰਦੀਆਂ ਦੇ ਮੌਸਮ ਵਿਚ ਲਾਹੌਰ ਸੈਂਟਰਲ ਜੇਲ੍ਹ ਤਬਦੀਲ ਕਰ ਦਿੱਤਾ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਸਾਥੀਆਂ 'ਤੇ ਮੁਕੱਦਮਾ ਚਲਾਉਣ ਲਈ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ। ਉਥੇ ਕਈ ਵਾਰੀ ਸੋਹਨ ਸਿੰਘ ਨੂੰ ਭਗਤ ਸਿੰਘ ਨਾਲ ਗੱਲ ਕਰਨ ਦਾ ਮੌਕਾ ਮਿਲ ਜਾਂਦਾ। ਇਕ ਦਿਨ ਸੋਹਨ ਸਿੰਘ ਨੇ ਭਗਤ ਸਿੰਘ ਨੂੰ ਪੁੱਛ ਲਿਆ ਕਿ ਨੌਜਵਾਨਾ! ਤੇਰੀ ਉਮਰ ਪੜ੍ਹਨ-ਲਿਖਣ ਤੇ ਮੌਜ-ਮਸਤੀ ਵਾਲੀ ਸੀ, ਤੂੰ ਇਧਰ ਕਿਸ ਤਰ੍ਹਾਂ ਆ ਗਿਆ? ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ, ਇਹ ਮੇਰਾ ਕਸੂਰ ਨਹੀਂ, ਤੁਹਾਡਾ ਹੈ। ਸੋਹਨ ਸਿੰਘ ਨੇ ਕਿਹਾ, ਇਹ ਕਿਸ ਤਰ੍ਹਾਂ? ਭਗਤ ਸਿੰਘ ਕਹਿਣ ਲੱਗੇ, ਜੇ ਕਰਤਾਰ ਸਿੰਘ ਸਰਾਭਾ ਹਿੰਦੋਸਤਾਨ ਦੀ ਆਜ਼ਾਦੀ ਖਾਤਰ ਹੱਸ ਕੇ ਫਾਂਸੀ ਨਾ ਚੜ੍ਹਦਾ ਤੇ ਤੁਸੀਂ ਗਦਰੀ ਕੁੰਭੀ ਨਰਕ ਕਹੀ ਜਾਣ ਵਾਲੀ ਅੰਡੇਮਾਨ ਜੇਲ੍ਹ ਨਾ ਜਾਂਦੇ, ਤਸ਼ੱਦਦ ਨਾ ਸਹਾਰਦੇ ਤੇ ਸਾਬਤ-ਸਬੂਤ ਜਿਉਂਦੇ ਬਾਹਰ ਨਾ ਆਉਂਦੇ ਤਾਂ ਸ਼ਾਇਦ ਅਸੀਂ ਵੀ ਇਧਰ ਨਾ ਆਉਂਦੇ।

ਸੋਹਨ ਸਿੰਘ ਭਕਨਾ ਲਿਖਦੇ ਹਨ, ਮੈਂ ਪੁਛਿਆ, ਭਗਤ ਸਿੰਘ ਸਾਂਡਰਸ ਨੂੰ ਗੋਲੀ ਕਿਉਂ ਮਾਰੀ? ਭਗਤ ਸਿੰਘ ਕਹਿਣ ਲੱਗਾ, 1914-15 ਵਿਚ ਗਦਰ ਪਾਰਟੀ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਝੰਡਾ ਚੁਕਿਆ। ਅਸੀਂ ਸਾਂਡਰਸ ਨੂੰ ਮਾਰਿਆ ਤੇ ਪਾਰਲੀਮੈਂਟ ਵਿਚ ਬੰਬ ਧਮਾਕਾ ਕੀਤਾ। ਇਹ ਸਭ ਇਸ ਉਦੇਸ਼ ਲਈ ਸੀ ਕਿ ਬਰਤਾਨੀਆ ਸਰਕਾਰ ਨੂੰ ਪਤਾ ਲੱਗ ਜਾਵੇ ਕਿ ਹਿੰਦੁਸਤਾਨੀ ਨੌਜਵਾਨ ਤੇ ਆਵਾਮ ਹੁਣ ਬਹੁਤੀ ਦੇਰ ਤੁਹਾਡੀ ਗੁਲਾਮੀ ਬਰਦਾਸ਼ਤ ਨਹੀਂ ਕਰਨਗੇ।


ਸੋਹਨ ਸਿੰਘ ਭਕਨਾ ਲਿਖਦੇ ਹਨ ਕਿ ਭਗਤ ਸਿੰਘ 6 ਫੁੱਟ ਉਚਾ ਗੱਭਰੂ ਨੌਜਵਾਨ, ਦੁਨੀਆਂ ਭਰ ਦੀ ਪਿਸ ਰਹੀ ਗਰੀਬ ਜਨਤਾ ਦਾ ਦਰਦ ਉਸ ਦੇ ਦਿਲ ਵਿਚ ਵੇਖਿਆ ਜਾ ਸਕਦਾ ਸੀ।

ਸ. ਭਕਨਾ ਗਦਰ ਪਾਰਟੀ ਦੇ ਪਹਿਲੇ ਦਿਨੋਂ ਪ੍ਰਧਾਨ ਚੁਣੇ ਗਏ ਅਤੇ ਆਖਰੀ ਵਕਤ ਤਕ ਪ੍ਰਧਾਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਕਰਦੇ ਰਹੇ। ਅੰਡੇਮਾਨ ਦੀ ਜੇਲ੍ਹ ਵਿਚ, ਮਦਰਾਸ ਅਤੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੇਪਨਾਹ ਤਸ਼ੱਦਦ ਸਹਾਰਦੇ ਰਾਜਸੀ ਕੈਦੀਆਂ ਦੇ ਹੱਕਾਂ ਖਾਤਰ ਛੇ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ। ਇਥੇ ਹੀ ਬੱਸ ਨਹੀਂ, ਆਜ਼ਾਦ ਹੋਏ ਦੇਸ਼ ਵੇਲੇ ਵੀ ਯੋਲ ਕੈਂਪ ਜੇਲ੍ਹ ਵਿਚ ਹੱਕ ਬਹਾਲੀ ਲਈ ਸੱਤਵੀਂ ਲੰਮੀ ਭੁੱਖ ਹੜਤਾਲ ਕੀਤੀ। ਬੁਢਾਪੇ ਕਾਰਨ ਉਨ੍ਹਾਂ ਦੀ ਕਮਰ ਟੇਢੀ ਹੋ ਗਈ। ਉਨ੍ਹਾਂ ਦੇ ਜੀਵਨ ਦੀ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ। ਆਜ਼ਾਦੀ ਤੋਂ ਬਾਅਦ ਪੰਡਿਤ ਨਹਿਰੂ ਜਲੰਧਰ ਕਾਂਗਰਸ ਕਮੇਟੀ ਦੇ ਦਫਤਰ ਆਏ। ਬਾਬਾ ਭਕਨਾ ਕੁਝ ਦੇਸ਼ ਭਗਤ ਸਾਥੀਆਂ ਨਾਲ ਕਾਂਗਰਸ ਦੇ ਦਫਤਰ ਨਹਿਰੂ ਨੂੰ ਮਿਲਣ ਗਏ ਅਤੇ ਇਕ ਚਿੱਠੀ ਨਾਲ ਲੈ ਗਏ। ਲਿਖਿਆ ਸੀ, ਪੰਡਿਤ ਜੀ, ਤੁਸੀਂ ਤਾਂ ਰਾਜ ਭਾਗ ਦੇ ਮਾਲਕ ਬਣ ਗਏ, ਆਜ਼ਾਦ ਹੋਏ ਦੇਸ਼ ਵਿਚ ਵੀ ਮੇਰਾ ਅਜ਼ੀਜ਼ ਸਾਥੀ ਤੇਜਾ ਸਿੰਘ ਸੁਤੰਤਰ ਕੱਢੇ ਹੋਏ ਵਾਰੰਟਾਂ ਕਾਰਨ ਥਾਂ-ਥਾਂ ਭਟਕ ਰਿਹਾ ਹੈ। ਉਸ ਦਾ ਕਸੂਰ ਇਹ ਹੈ ਕਿ ਉਸ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੇ ਢੰਗ-ਤਰੀਕੇ ਨਾਲ ਸੰਘਰਸ਼ ਲੜਿਆ। ਪੰਡਿਤ ਨਹਿਰੂ ਨੇ ਚਿੱਠੀ ਸਤਿਕਾਰ ਨਾਲ ਬਾਬਾ ਭਕਨਾ ਤੋਂ ਲਈ ਅਤੇ ਅਗਲੇ ਦਿਨ ਦਿੱਲੀ ਜਾ ਕੇ ਤੇਜਾ ਸਿੰਘ ਸੁਤੰਤਰ ਦੇ ਵਾਰੰਟ ਮਨਸੂਖ ਕਰਵਾ ਦਿੱਤੇ। ਬਾਬਾ ਜੀ ਦਾ ਆਪਣੇ ਸਾਥੀਆਂ ਪ੍ਰਤੀ ਇਹ ਨੇਕ ਵਿਹਾਰ ਸੀ।

ਆਜ਼ਾਦੀ ਘੁਲਾਟੀਏ ਬਾਬਾ ਸੋਹਨ ਸਿੰਘ ਭਕਨਾ 98 ਸਾਲ 6 ਮਹੀਨੇ ਦਾ ਸੰਘਰਸ਼ੀ ਜੀਵਨ ਗੁਜ਼ਾਰ ਕੇ 21 ਦਸੰਬਰ 1968 ਨੂੰ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ।

# ਖਾ ਖਾ ਕਾਲੇ ਧਨ ਨਾਲ ਪਲਿਆ ਏਂ

"ਹਰ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਉਸ ਦਾ ਪਸੀਨਾ ਸੁੱਕ ਜਾਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ।" ਇਹ ਸ਼ਬਦ ਮਹਾਨ ਵਿਗਿਆਨੀ ਤੇ ਫਿਲਾਸਫਰ ਕਾਰਲ ਮਾਰਕਸ ਦੇ ਹਨ। ਉਸ ਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਚੇਤੰਨ ਕਰਨ ਦੇ ਯਤਨ ਕੀਤੇ ਕਿ ਮਜ਼ਦੂਰਾਂ ਨੂੰ ਜਾਤ-ਪਾਤ ਤੋਂ ਉਚਾ ਉਠ ਕੇ ਇੱਕ ਝੰਡੇ ਹੇਠਾਂ ਇਕੱਠੇ ਹੋਣ ਦੀ ਲੋੜ ਹੈ। ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮਜ਼ਦੂਰਾਂ ਦੇ ਅਤਿ ਘਟੀਆ ਦਰਜੇ ਦੇ ਜਿਉਣ-ਢੰਗਾਂ ਲਈ ਕੇਵਲ ਤੇ ਕੇਵਲ ਪੂੰਜੀਪਤੀ ਹੀ ਜਿੰਮੇਵਾਰ ਹਨ। ਉਹ ਆਪਣੀਆਂ ਚਾਲਾਂ ਰਾਹੀਂ ਹੋਰ ਤੋਂ ਹੋਰ ਅਮੀਰ ਹੋ ਰਹੇ ਹਨ ਅਤੇ ਕੰਮ ਕਰਨ ਵਾਲਿਆਂ ਦੀ ਹਾਲਤ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਦਿਨੋ ਦਿਨ ਨਿੱਗਰਦੀ ਜਾ ਰਹੀ ਹੈ। ਇਸ ਹਾਲਤ ਨਾਲ ਨਜਿੱਠਣ ਲਈ ਜਰੂਰੀ ਹੈ ਕਿ ਇਕੱਠੇ ਹੋ ਹੰਭਲਾ ਮਾਰਿਆ ਜਾਵੇ ਤਾਂ ਹੀ ਅਸੀਂ ਆਪਣੀਆਂ ਜਿਉਣ ਹਾਲਤਾਂ ਬਿਹਤਰ ਬਣਾ ਸਕਦੇ ਹਾਂ।

ਜਦੋਂ ਅਸੀਂ ਪਹਿਲਾਂ ਵਾਲੇ ਮਜ਼ਦੂਰ ਦੀ ਹਾਲਤ ਵਲ ਦੇਖਣ ਲਈ ਇਤਿਹਾਸ ਦੇ ਪੰਨੇ ਪਰਤਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਜ਼ਦੂਰਾਂ ਕੋਲੋਂ ਗੁਲਾਮਾਂ ਵਾਂਗ ਕੰਮ ਲਿਆ ਜਾਂਦਾ ਸੀ ਅਤੇ ਕਈ ਵਾਰ ਵਗਾਰ ਵੀ ਲਈ ਜਾਂਦੀ ਸੀ। ਉਸ ਨੂੰ ਬੇਹੱਦ ਮਾੜੀ ਹਾਲਤ ਵਿਚ ਦਰ ਗੁਜ਼ਰ ਕਰਨੀ ਪੈਂਦੀ ਸੀ। ਉਸ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ। ਤਨ ਢਕਣ ਲਈ ਕੱਪੜੇ ਦੀ ਤਾਂ ਗੱਲ ਛੱਡੋ, ਪੇਟ ਭਰ ਖਾਣਾ ਵੀ ਨਸੀਬ ਨਹੀਂ ਸੀ ਹੁੰਦਾ।

ਉਸ ਸਮੇਂ ਮਜ਼ਦੂਰ ਆਪਣੇ ਮਾਲਕ ਦੀ ਬੰਧੂਆ ਮਜ਼ਦੂਰੀ ਕਰਦੇ ਸਨ। ਮਾਲਕ ਨੂੰ ਇਹ ਹੱਕ ਵੀ ਸੀ ਕਿ ਉਹ ਆਪਣੇ ਮਜ਼ਦੂਰਾਂ ਨੂੰ ਜਦੋਂ ਮਰਜ਼ੀ ਕਿਸੇ ਹੋਰ ਮਾਲਕ ਕੋਲ ਵੇਚ ਸਕਦਾ ਸੀ, ਤੇ ਮਜ਼ਦੂਰ ਕੋਈ ਉਜ਼ਰ ਵੀ ਨਹੀਂ ਸੀ ਕਰ ਸਕਦਾ। ਇਥੋਂ ਤਕ ਕਿ ਇਕ ਮਾਲਕ ਆਪਣਾ ਕਰਜ਼ਾ ਉਤਾਰਨ ਲਈ ਆਪਣੇ ਅਧੀਨ ਮਜ਼ਦੂਰਾਂ ਨੂੰ ਕਿਸੇ ਹੋਰ ਮਾਲਕ ਕੋਲ ਗਹਿਣੇ ਧਰ ਦਿੰਦਾ ਸੀ। ਉਸ ਨੂੰ ਡਾਕਟਰੀ ਮਦਦ ਦੇਣ ਅਤੇ ਮੌਤ ਹੋ ਜਾਣ 'ਤੇ ਜਾਂ ਕੰਮ ਤੋਂ ਅਯੋਗ ਹੋ ਜਾਣ 'ਤੇ ਕੋਈ ਵਿੱਤੀ ਇਮਦਾਦ ਦੇਣ ਬਾਰੇ ਸੋਚਿਆ ਹੀ ਨਹੀਂ ਸੀ ਜਾਂਦਾ।

ਕਿਸੇ ਵੀ ਸਮਾਜ ਦੇ ਅਸਲ ਸਿਰਜਕ ਮਜ਼ਦੂਰ ਹੁੰਦੇ ਹਨ, ਜੋ ਧੁੱਪ-ਛਾਂ, ਸਰਦੀ-ਗਰਮੀ, ਦਿਨ-ਰਾਤ ਦੀ ਪ੍ਰਵਾਹ ਨਾ ਕਰਦਿਆਂ ਅੱਗ ਕੱਢਦੀਆਂ ਭੱਠੀਆਂ ਤੇ ਬਰਫੀਲੇ ਖੇਤਰਾਂ ਵਿਚ ਕੰਮ ਕਰਦੇ ਹਨ ਅਤੇ ਸਮਾਜ ਨੂੰ ਬੁਲੰਦੀਆਂ ਵਲ ਲੈ ਕੇ ਜਾਂਦੇ ਹਨ। ਅਮੀਰ ਆਦਮੀ ਤਾਂ ਪੈਸਾ ਹੀ ਲਾ ਰਿਹਾ ਹੁੰਦਾ ਹੈ, ਹਰ ਕਿਸਮ ਦਾ ਜੋਖਮ ਉਠਾ ਕੇ ਮਜ਼ਦੂਰ ਉਸ ਦੇ ਸਿਰਜੇ ਸੁਪਨਿਆਂ ਨੂੰ ਅਸਲੀ ਰੂਪ ਪ੍ਰਦਾਨ ਕਰਦਾ ਹੈ। ਸਰਮਾਏਦਾਰ ਉਸ ਨੂੰ ਘੱਟ ਮਿਹਨਤਾਨਾ ਦੇ ਕੇ ਵੀ ਉਸ 'ਤੇ ਅਹਿਸਾਨ ਜਤਾਉਂਦਾ ਹੈ।

ਆਪਣੀ ਹਾਲਤ ਸੁਧਾਰਨ ਲਈ ਸੋਚਣ ਖਾਤਿਰ ਮਜ਼ਦੂਰ ਮਈ ਦਿਵਸ ਵਾਲੇ ਦਿਨ ਇਕੱਠੇ ਹੋ ਵਿਚਾਰ ਕਰਦੇ ਹਨ। ਵਧੇਰੇ ਦੇਸ਼ਾਂ 'ਚ ਵਿਸ਼ਵ ਮਜ਼ਦੂਰ ਦਿਵਸ, ਜਿਸ ਨੂੰ ਮਈ ਦਿਵਸ ਵੀ ਆਖਿਆ ਜਾਂਦਾ ਹੈ, ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ, ਜੋ 1882 ਈਸਵੀ ਤੋਂ ਅਰੰਭ ਹੋਇਆ ਮੰਨਿਆ ਜਾਂਦਾ ਹੈ। ਸ਼ਿਕਾਗੋ ਅਤੇ ਮਿਲਵਾਕੀ (ਵਿਸਕਾਨਸਿਨ) ਦੀਆਂ ਘਟਨਾਵਾਂ ਦਾ ਇਸ ਦਿਨ ਨੂੰ ਪੱਕੇ ਪੈਰੀਂ ਕਰਨ ਵਿਚ ਵਿਸ਼ੇਸ਼ ਯੋਗਦਾਨ ਹੈ। ਵਿਸ਼ਵ ਸ਼ਾਂਤੀ ਦੇ ਉਦੇਸ਼ ਨੂੰ ਚਿਤਵ ਕੇ ਕੁਝ ਸਮਾਜਕ ਅਤੇ ਕਮਿਊਨਿਸਟ ਪਾਰਟੀਆਂ ਨੇ ਆਪਣੀਆਂ ਕੁਝ ਮੰਗਾਂ ਜਿਵੇਂ ਮਜ਼ਦੂਰੀ ਦੇ ਅੱਠ ਘੰਟੇ ਨਿਸ਼ਚਿਤ ਕਰਨ, ਕਥਿਤ ਨਿਮਨ ਵਰਗਾਂ ਪ੍ਰਤੀ ਹੋ ਰਹੇ ਵਿਤਕਰੇ ਵਿਰੁਧ ਆਵਾਜ਼ ਬੁਲੰਦ ਕਰਨ ਅਤੇ ਹੋਰ ਮੰਦੀਆਂ ਹਾਲਤਾਂ ਤੋਂ ਛੁਟਕਾਰਾ ਪਾਉਣ ਹਿਤ ਧਰਨੇ ਲਾਏ ਤੇ ਪ੍ਰਦਰਸ਼ਨ ਕੀਤੇ ਸਨ। ਜਦੋਂ ਪੁਲਿਸ ਭੀੜ ਨੂੰ ਕਾਬੂ ਕਰਨ ਹਿਤ ਯਤਨ ਕਰ ਰਹੀ ਸੀ ਤਾਂ ਕਿਸੇ ਨੇ ਪੁਲਿਸ ਵੱਲ ਬੰਬ ਸੁੱਟ ਦਿੱਤਾ ਤਾਂ ਪੁਲਿਸ ਵਲੋਂ ਚਲਾਈ ਗਈ ਗੋਲੀ ਨਾਲ 4 ਲੋਕਾਂ ਦੀ ਮੌਤ ਹੋ ਗਈ ਸੀ। ਕਿਹਾ ਜਾਂਦਾ ਹੈ ਕਿ ਇੰਨਾ ਖੂਨ ਡੁੱਲ੍ਹਿਆ ਕਿ ਮਜ਼ਦੂਰਾਂ ਦੇ ਚਿੱਟੇ ਝੰਡੇ ਦਾ ਰੰਗ ਲਾਲ ਹੋ ਗਿਆ ਅਤੇ ਉਸ ਦਿਨ ਤੋਂ ਮਜ਼ਦੂਰ ਲਾਲ ਝੰਡੇ ਨੂੰ ਆਪਣਾ ਮੰਨਦਿਆਂ ਸਲਾਮ ਕਰਦੇ ਹਨ।




ਉਸੇ ਸਾਲ ਮਿਲਵਾਕੀ 'ਚ ਸੁਰੱਖਿਆ ਬਲਾਂ ਵਲੋਂ ਕੀਤੀ ਗਈ ਗੋਲੀ ਬਾਰੀ ਨਾਲ ਸੱਤ ਜਾਨਾਂ ਅਜਾਈਂ ਚਲੀਆਂ ਗਈਆਂ, ਜਿਨ੍ਹਾਂ ਵਿਚ ਆਪਣੇ ਘਰ ਦੇ ਲਾਅਨ ਵਿਚ ਕੰਮ ਕਰਦਾ ਇਕ ਨਿਰਦੋਸ਼ ਵਿਅਕਤੀ ਅਤੇ ਸਕੂਲ ਦਾ ਇਕ ਮਾਸੂਮ ਬਾਲਕ ਵੀ ਸ਼ਾਮਲ ਸੀ। ਡੂੰਘੇ ਵਿਰੋਧ ਕਾਰਨ ਇਹ ਦਿਨ ਮਈ ਦਿਵਸ ਜਾਂ ਮਜ਼ਦੂਰ ਦਿਵਸ ਬਣ ਗਿਆ। ਸਾਰੇ ਮਜ਼ਦੂਰ ਇਸ ਛੁੱਟੀ ਨੂੰ ਸਾਥੀ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਹਿਤ ਥਾਂ ਥਾਂ ਜਲਸੇ ਅਤੇ ਪ੍ਰਦਰਸ਼ਨ ਕਰਦੇ ਹਨ।

ਬਰਮਿੰਘਮ, ਅਲਬਾਮਾ (ਅਮਰੀਕਾ) ਵਿਚ ਬਣਾਇਆ ਵਲਕਨ ਬੁੱਤ ਲੋਹਾ ਅਤੇ ਇਸਪਾਤ ਇੰਡਸਟਰੀ ਦੇ ਵਿਸ਼ੇਸ਼ ਯੋਗਦਾਨ ਦੀ ਬਾਤ ਪਾਉਂਦਾ ਹੈ। ਇਸ ਖੇਤਰ ਦੇ ਖਾਣ ਮਜ਼ਦੂਰ ਇਸ 'ਤੇ ਮਾਣ ਕਰਦੇ ਹਨ। ਬੁੱਤ ਪੂਰਨ ਤੌਰ 'ਤੇ ਬਰਮਿੰਘਮ ਦੀਆਂ ਖਾਣਾਂ ਵਿਚੋਂ ਪ੍ਰਾਪਤ ਲੋਹੇ ਤੋਂ ਹੀ ਬਣਾਇਆ ਗਿਆ ਹੈ, ਜਿਸ ਦਾ ਭਾਰ ਹੱਥ ਵਿਚ ਦਿੱਤੇ ਭਾਲੇ ਸਮੇਤ 120,000 ਪੌਂਡ ਜਾਂ 54,431 ਕਿਲੋਗ੍ਰਾਮ ਹੈ। ਇਹ 123 ਫੁੱਟ ਜਾਂ 37 ਮੀਟਰ ਲੰਬੇ ਮੀਨਾਰ ਉਤੇ ਸੁਸ਼ੋਭਿਤ ਹੈ। ਬੁੱਤ ਦੀ ਛਾਤੀ ਦਾ ਘੇਰਾ 22 ਫੁੱਟ 6 ਇੰਚ ਜਾਂ 7 ਮੀਟਰ ਹੈ ਅਤੇ ਲੱਕ ਦਾ ਘੇਰਾ 18 ਫੁੱਟ 3 ਇੰਚ ਜਾਂ 6 ਮੀਟਰ ਹੈ। ਹਜ਼ਾਰਾਂ ਸੈਲਾਨੀ ਇਸ ਨੂੰ ਦੇਖਣ ਜਾਂਦੇ ਹਨ। ਸੈਲਾਨੀਆਂ ਦੇ ਦੇਖਣ ਲਈ ਇਕ ਉਚੀ ਲਿਫਟ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।

ਇੱਕ ਕਵੀ ਹਰਦੀਪ ਵਿਰਦੀ ਨੇ ਇਕ ਗਜ਼ਲ ਵਿਚ ਆਪਣੇ ਕਾਰਖਾਨੇਦਾਰ ਮਾਲਿਕ ਨੂੰ ਉਲ੍ਹਾਮਾ ਦਿੱਤਾ ਹੈ ਕਿ ਜੇ ਉਹ ਵੀ ਮਜ਼ਦੂਰ ਬਣ ਦੇਖੇ ਤਾਂ ਉਸ ਨੂੰ ਮਜ਼ਦੂਰ ਦੀ ਹਾਲਤ ਦੀ ਸੱਚਾਈ ਨਜ਼ਰ ਆ ਸਕਦੀ ਹੈ। ਉਹ ਲਿਖਦਾ ਹੈ:

ਕਦੇ ਤੂੰ ਵੀ ਮੇਰੀ ਜੂਨ ਹੰਢਾ ਤਾਂ ਜਾਣੇ
ਰੋਟੀ ਨਿਤ ਕਮਾ ਕੇ ਖਾ ਤਾਂ ਜਾਣੇ।
ਕਿੱਦਾਂ ਪੈ ਜਾਂਦਾ ਹੈ ਫਿਕਰ ਤੜਕੇ ਹੀ
ਤੂੰ ਕਦੇ ਇੱਕ ਦਿਹਾੜੀ ਲਾ ਤਾਂ ਜਾਣੇ।
ਵਿਚ ਬੀਤੇ ਦਿਨ ਏ. ਸੀ. ਬੰਗਲੇ ਦੇ
ਕਦੇ ਧੁੱਪ-ਲੂ ਨਾਲ ਕੁਮਲਾ ਤਾਂ ਜਾਣੇ।
ਵਿਤੋਂ ਵੱਧ ਖਾ ਹੋ ਜਾਂਦਾ ਔਖਾ ਤੂੰ
ਕਦੇ ਭੁੱਖੇ ਪੇਟ ਦਿਹਾੜੀ ਲਾ ਤਾਂ ਜਾਣੇ।
ਨੋਟਾਂ ਦੇ ਥੱਬੇ ਰੱਖ ਭੁੱਲਦਾ ਏਂ
ਕਦੇ ਗਿਣਵੇਂ ਜੇਬ 'ਚ ਪਾ ਤਾਂ ਜਾਣੇ।
ਖਾ ਖਾ ਕਾਲੇ ਧਨ ਨਾਲ ਪਲਿਆ ਏਂ
ਕਦੇ ਹੱਕ ਸੱਚ ਦੀ ਖਾ ਤਾਂ ਜਾਣੇ।

*('ਪੰਜਾਬੀ ਜਾਗਰਣ' ਵਿਚੋਂ ਧੰਨਵਾਦ ਸਹਿਤ)*

ਸਿੱਖ ਧਰਮ 'ਚ ਵੀ ਕਿਰਤ ਨੂੰ ਉਤਮ ਦਰਜ ਪ੍ਰਾਪਤ ਹੈ। ਮਜ਼ਦੂਰ ਨੂੰ ਸਭ ਤੋਂ ਵਧੇਰੇ ਗੁਣਾ ਵਾਲਾ ਸਮਝਿਆ ਗਿਆ ਹੈ। ਗੁਰਮਤਿ ਦੇ ਮੁਢਲੇ ਸਿਧਾਂਤ ਵਿਚ 'ਕਿਰਤ' ਪਹਿਲੇ ਥਾਂ ਹੈ, "ਕਿਰਤ ਕਰੋ, ਨਾਮ ਜਪੋ, ਵੰਡ ਛਕੋ।"

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ,

ਸਲੋਕ ਮ: ੧॥
ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥
(ਪੰਨਾ 1245)

ਗੁਰੂ ਜੀ ਸਮਝਾ ਰਹੇ ਹਨ ਕਿ ਪੰਡਿਤ ਦਾ ਇਹ ਹਾਲ ਹੈ ਕਿ ਉਹ ਪ੍ਰਭੂ ਦੇ ਭਜਨ ਤਾਂ ਗਾ ਲੈਂਦਾ ਹੈ ਪਰ ਆਪ ਸਮਝ ਤੋਂ ਖਾਲੀ ਹੈ ਅਰਥਾਤ ਭਜਨ ਗਾਉਣ ਨੂੰ ਉਸ ਨੇ ਰੋਜ਼ੀ-ਰੋਟੀ ਦਾ ਵਸੀਲਾ ਬਣਾ ਲਿਆ ਹੈ ਅਤੇ ਉਸ ਦੀ ਆਪਣੀ ਸਮਝ ਉਚੀ ਨਹੀਂ ਹੋ ਸਕੀ। ਭੁੱਖ ਦੇ ਮਾਰੇ ਮੁੱਲਾਂ ਦੀ ਮਸੀਤ ਵੀ ਰੋਜ਼ੀ ਦੀ ਖਾਤਿਰ ਹੀ ਹੈ ਅਰਥਾਤ ਮੁੱਲਾਂ ਨੇ ਵੀ ਬਾਂਗ ਨਮਾਜ਼ ਆਦਿ ਮਸੀਤ ਦੀ ਕ੍ਰਿਆ ਨੂੰ ਰੋਜ਼ੀ-ਰੋਟੀ ਦਾ ਵਸੀਲਾ ਹੀ ਬਣਾਇਆ ਹੋਇਆ ਹੈ। ਤੀਜੇ ਹੋਰ ਹਨ, ਜੋ ਹੱਡ ਹਰਾਮ ਹਨ ਅਤੇ ਕੰਨ ਪੜਵਾ ਲੈਂਦੇ ਹਨ। ਕੁਝ ਫਕੀਰ ਬਣ ਜਾਂਦੇ ਹਨ ਅਤੇ ਆਪਣੀ ਕੁਲ ਦੀ ਅਣਖ ਗਵਾ ਲੈਂਦੇ ਹਨ। ਭਾਵੇਂ ਉਹ ਆਪਣੇ ਆਪ ਨੂੰ ਗੁਰੂ ਪੀਰ ਅਖਵਾਂਦੇ ਹਨ ਪਰ ਰੋਟੀ ਦਰ ਦਰ ਤੋਂ ਮੰਗਦੇ ਹਨ। ਅਜਿਹੇ ਬੰਦੇ ਦੇ ਕਦੇ ਵੀ ਪੈਰੀਂ ਨਹੀਂ ਪੈਣਾ ਚਾਹੀਦਾ। ਜੋ ਮਨੁੱਖ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਖਾਂਦਾ ਹੈ, ਮੁਸ਼ੱਕਤ ਕਰਦਾ ਹੈ ਅਤੇ ਆਪਣੇ ਹੱਥੋਂ ਪੁੰਨ ਦਾਨ ਵੀ ਕਰਦਾ ਹੈ, ਉਨ੍ਹਾਂ ਬਾਰੇ ਗੁਰੂ ਜੀ ਆਖਦੇ ਹਨ ਕਿ ਅਜਿਹੇ ਬੰਦੇ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ।

ਮਜ਼ਦੂਰ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਜੇ ਰੀੜ੍ਹ ਦੀ ਹੱਡੀ ਦਾ ਧਿਆਨ ਨਾ ਰੱਖਿਆ ਜਾਵੇ ਅਤੇ ਇਹ ਰੋਗੀ ਹੋ ਜਾਵੇ ਤਾਂ ਸਾਰਾ ਸਰੀਰ ਬੇਕਾਰ ਤੇ ਰੋਗ ਗ੍ਰਸਤ ਹੋ ਜਾਵੇਗਾ। ਇਸ ਲਈ ਸਮੇਂ ਦੀ ਲੋੜ ਹੈ ਕਿ ਤੰਦਰੁਸਤ ਸਮਾਜ ਲਈ ਮਜ਼ਦੂਰਾਂ ਵੱਲ ਸਮੇਂ ਦੀਆਂ ਸਰਕਾਰਾਂ ਧਿਆਨ ਦੇਣ। ਜੇ ਅਸੀਂ ਉਨਤੀ ਕਰਨੀ ਚਾਹੁੰਦੇ ਹਾਂ ਤਾਂ ਮਜ਼ਦੂਰਾਂ ਦੀਆਂ ਸਹੂਲਤਾਂ ਦਾ ਪੂਰਾ ਧਿਆਨ ਰੱਖੀਏ।

# ਕਹਾਣੀ

# ਕੌਡੀ ਦੀ ਕੀਮਤ

***ਹਿੰਦੀ ਕਹਾਣੀਕਾਰ ਊਸ਼ਾ ਯਾਦਵ ਨੇ 'ਕਾਹੇ ਰੀ ਨਲਿਨੀ', 'ਪ੍ਰਕਾਸ਼ ਕੀ ਓਰ', 'ਏਕ ਔਰ ਅਹਿੱਲਿਆ' ਵਰਗੇ ਨਾਵਲ ਅਤੇ 'ਟੁਕੜੇ-ਟੁਕੜੇ ਸੁਖ', 'ਸਪਨੋਂ ਕਾ ਇੰਦਰਧਨੁਸ਼', 'ਜਾਨੇ ਕਿਤਨੇ ਕੈਕਟਸ', 'ਚਾਂਦੀ ਕੀ ਹੰਸਲੀ' ਵਰਗੇ ਕਹਾਣੀ ਸੰਗ੍ਰਿਹ ਲਿਖ ਨੇ ਨਾਮਣਾ ਖੱਟਿਆ ਹੈ। ਕਹਾਣੀ 'ਕੌਡੀ ਦੀ ਕੀਮਤ' ਵਿਚ ਉਸ ਨੇ ਘਰਾਂ ਵਿਚ ਬਜੁਰਗਾਂ ਦਾ ਹਾਲ ਬਹੁਤ ਭਾਵੁਕ ਅੰਦਾਜ਼ ਵਿਚ ਬਿਆਨ ਕੀਤਾ ਹੈ। ਕਹਾਣੀ ਦਾ ਅਨੁਵਾਦ ਨਵਸੰਗੀਤ ਸਿੰਘ ਨੇ ਕੀਤਾ ਹੈ। -ਸੰਪਾਦਕ***

ਅੱਜ ਸਵੇਰ ਤੋਂ ਹੀ ਘਰ ਵਿਚ ਕਾਫੀ ਰੌਣਕ ਹੈ।

ਮਨਿਕਾ ਨੂੰ ਵੇਖਣ ਲਈ ਇਕ ਪਰਿਵਾਰ ਆ ਰਿਹਾ ਹੈ। ਪੂਰੇ ਘਰ ਵਿਚ ਵੱਡੀ ਖੁਸ਼ਖਬਰੀ ਹੈ ਇਹ। ਕਿਸੇ ਨੂੰ ਯਕੀਨ ਨਹੀਂ ਆ ਰਿਹਾ ਕਿ ਨਿੱਕੀ ਜਿਹੀ ਮਣੀ ਇੰਨੀ ਵੱਡੀ ਹੋ ਗਈ ਕਿ ਉਹਦੀ ਸ਼ਾਦੀ ਦੀ ਚਰਚਾ ਸ਼ੁਰੂ ਹੋ ਗਈ। ਵਿਆਹ ਦੀ ਪੇਸ਼ਕਸ਼ ਖੁਦ ਮੁੰਡੇ ਵਾਲਿਆਂ ਵਲੋਂ ਆਈ ਹੈ ਅਤੇ ਉਨ੍ਹਾਂ ਨੇ ਲੜਕੀ ਵੇਖਣ ਦੀ ਇੱਛਾ ਪ੍ਰਗਟਾਈ ਹੈ। ਘਰ-ਵਰ ਨੂੰ ਲੈ ਕੇ ਇਥੇ ਕਿਸੇ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਹੈ। ਬਰਾਦਰੀ ਦਾ ਉਘਾ ਪਰਿਵਾਰ ਹੈ ਅਤੇ ਹਾਲ ਹੀ ਵਿਚ ਲੜਕੇ ਦੀ ਡਿਪਟੀ ਕਲੈਕਟਰ ਦੇ ਅਹੁਦੇ ਲਈ ਚੋਣ ਹੋਈ ਹੈ। ਉਹਦੇ ਟ੍ਰੇਨਿੰਗ 'ਤੇ ਜਾਣ ਤੋਂ ਪਹਿਲਾਂ ਹੀ ਉਹ ਰਿਸ਼ਤਾ ਪੱਕਾ ਕਰ ਦੇਣਾ ਚਾਹੁੰਦੇ ਹਨ।

ਸੱਚ ਤਾਂ ਇਹ ਹੈ ਕਿ ਹੀਰੇ ਵਰਗੇ ਵਰ 'ਤੇ ਮੋਹਿਤ ਹੋਣ ਦੀ ਇਸ ਘਰ ਦੀ ਔਕਾਤ ਹੀ ਨਹੀਂ ਸੀ। ਦਾਜ ਦੀ ਕੋਈ ਚਰਚਾ ਨਾ ਕਰਕੇ ਉਨ੍ਹਾਂ ਨੇ ਪੂਰਾ ਰਹੱਸ ਲੋਕ ਹੀ ਸਿਰਜ ਦਿੱਤਾ ਹੈ। ਜੇ ਰਿਸ਼ਤਾ ਜੁੜ ਗਿਆ ਤਾਂ ਇਹੋ ਸਮਝਿਆ ਜਾਵੇਗਾ ਕਿ ਲੜਕੀ ਦੀ ਕਿਸਮਤ ਵਿਚ ਰਾਜ ਰਾਣੀ ਬਣਨ ਦਾ ਯੋਗ ਸੀ।



**ਊਸ਼ਾ ਯਾਦਵ**

ਤਿਆਰੀਆਂ ਦੇ ਰੁਝੇਵਿਆਂ ਵਿਚ ਮਣੀ ਦੇ ਪਿਤਾ ਬਿਸ਼ੰਭਰ ਨੂੰ ਆਪਣੇ ਪਿਉ ਦੀਪ ਚੰਦ ਦਾ ਚੇਤਾ ਆਇਆ। ਇਕਦਮ ਹਿਟਲਰੀ ਅੰਦਾਜ਼ ਵਿਚ ਉਹਨੇ ਪਿਉ ਨੂੰ ਚਬੂਤਰੇ 'ਤੇ ਜਾ ਫੜਿਆ, "ਬੁੜ੍ਹਿਆ, ਤੇਰੇ ਕੰਨ ਮਤਲਬ ਦੀ ਗੱਲ ਸੁਣਨ ਨੂੰ ਬਹੁਤ ਤੇਜ਼ ਹਨ। ਹੁਣ ਤੱਕ ਤੈਨੂੰ ਜ਼ਰੂਰ ਪਤਾ ਲੱਗ ਗਿਆ ਹੋਊ ਕਿ ਮਣੀ ਨੂੰ ਵੇਖਣ ਕੁਝ ਲੋਕ ਆ ਰਹੇ ਹਨ।"

ਦੀਪ ਚੰਦ ਖਾਮੋਸ਼ ਰਹੇ। ਆਪਣੇ ਇਸ ਮੂੰਹ ਫਟ ਬੇਟੇ ਤੋਂ ਡਰਦੇ ਸਨ ਉਹ। ਅੱਜ ਤੋਂ ਨਹੀਂ, ਵਰ੍ਹਿਆਂ ਤੋਂ। ਕੁਝ ਬੋਲਣ ਦਾ ਮਤਲਬ ਆਪਣੀ ਬੇਇੱਜਤੀ ਕਰਾਉਣਾ ਹੈ, ਉਹ ਜਾਣਦੇ ਹਨ। ਇਸ ਲਈ ਹੁਣ ਵੀ ਬੇਟੇ ਦੀ ਗੱਲ ਦਾ ਜਵਾਬ ਦੇਣਾ ਉਨ੍ਹਾਂ ਵਾਜਬ ਨਾ ਸਮਝਿਆ, ਪਰ ਉਨ੍ਹਾਂ ਦੀ ਇਸ ਹੁਕਮ-ਅਦੂਲੀ 'ਤੇ ਬਿਸ਼ੰਭਰ ਦੀਆਂ ਅੱਖਾਂ ਲਾਲ ਹੋ ਗਈਆਂ, "ਇਉਂ ਗੂੰਗਾ ਬਣ ਕੇ ਕੀ ਦੱਸਣਾ ਚਾਹੁੰਦਾ ਹੈਂ ਤੂੰ? ਜੱਲਾਦ ਹਾਂ ਮੈਂ, ਫਾਂਸੀ ਟੰਗ ਦਊਂ ਤੈਨੂੰ?"

ਦੀਪ ਚੰਦ ਨੂੰ ਮੂੰਹ ਖੋਲ੍ਹਣਾ ਪਿਆ, "ਸੱਚਮੁਚ ਸਾਡੇ ਲਈ ਬੜੀ ਖੁਸ਼ੀ ਅਤੇ ਫਖਰ ਦੀ ਗੱਲ ਹੈ ਕਿ ਬਰਾਦਰੀ ਦੀ ਨੱਕ ਸਮਝੇ ਜਾਣ ਵਾਲੇ ਪਰਿਵਾਰ ਨੇ ਖੁਦ ਸਾਡੀ ਮਣੀ ਦਾ ਹੱਥ ਮੰਗਿਆ ਹੈ।"

"ਸ਼ੁਕਰ ਹੈ, ਜ਼ਬਾਨ ਤਾਂ ਖੁੱਲ੍ਹੀ!" ਬਿਸ਼ੰਭਰ ਨੇ ਮੂੰਹ ਬਣਾਇਆ, "ਹੁਣ ਕੰਨ ਖੋਲ੍ਹ ਕੇ ਸੁਣ ਲੈ, ਜਦੋਂ ਤੱਕ ਉਹ ਲੋਕ ਏਥੇ ਹੋਣਗੇ, ਤੂੰ ਪਾਰਕ ਜਾਂ ਮੰਦਿਰ ਦੇ ਚਬੂਤਰੇ 'ਤੇ ਰਹੀਂ। ਭੁੱਲ ਕੇ ਵੀ ਘਰ ਵਿਚ ਪੈਰ ਰੱਖਿਆ ਤਾਂ ਮੈਥੋਂ ਬੁਰਾ ਕੋਈ ਨਹੀਂ।"

"ਠੀਕ ਹੈ!" ਦੀਪ ਚੰਦ ਨੇ ਹਾਮੀ ਭਰੀ। ਵਿਰੋਧ ਦਾ ਨਤੀਜਾ ਜਾਣਦੇ ਸਨ। ਬੇਟੇ ਨੇ ਆਪ ਹੀ ਕਾਰਨ ਦੱਸ ਦਿੱਤਾ, "ਦਰਅਸਲ ਤੂੰ ਹੈਂ ਪਾਗਲ ਬੰਦਾ! ਕਦੋਂ, ਕਿਸੇ ਦੇ ਸਾਹਮਣੇ ਕੀ ਬਕਵਾਸ ਕਰਨ ਲੱਗ ਪਏਂ, ਇਹਦਾ ਮੈਨੂੰ ਭਰੋਸਾ ਨਹੀਂ। ਬਿਹਤਰ ਹੈ, ਪਰਛਾਵਾਂ ਵੀ ਤੇਰਾ ਏਥੇ ਨਾ ਪਵੇ। ਤੇਰੀ ਕਿਸੇ ਘਟੀਆ ਹਰਕਤ ਨਾਲ ਮੈਂ ਉਨ੍ਹਾਂ ਲੋਕਾਂ ਸਾਹਮਣੇ ਸ਼ਰਮਿੰਦਾ ਨਹੀਂ ਹੋਣਾ ਚਾਹੁੰਦਾ।"

ਦੀਪ ਚੰਦ ਦੇ ਚਿਹਰੇ 'ਤੇ ਪਿਲੱਤਣ ਛਾ ਗਈ।

"ਹੁਣ ਖੜ੍ਹਾ-ਖੜ੍ਹਾ ਮੇਰਾ ਮੂੰਹ ਕੀ ਵੇਖੀ ਜਾਨੈਂ?" ਬਿਸ਼ੰਭਰ ਚੀਕਿਆ, "ਦਫਾ ਹੋ ਜਾ ਏਥੋਂ!"

ਮਾਰ-ਖਾਧੇ ਕੁੱਤੇ ਵਾਂਗ ਦੀਪ ਚੰਦ ਉਥੋਂ ਚੱਲ ਪਏ। ਇੰਨਾ ਕਹਿਣ ਦੀ ਹਿੰਮਤ ਵੀ ਨਾ ਕਰ ਸਕੇ ਕਿ ਢਿੱਡ ਵਿਚ ਕੁਝ ਬੇਹੀ, ਬਚੀ-ਖੁਚੀ ਪਾ ਲੈਣ ਦੇ। ਭੁੱਖੇ ਢਿੱਡ ਬੈਠ ਕੇ ਤਪੱਸਿਆ ਕਰਨ ਦੀ ਇਸ ਜਿਸਮ ਵਿਚ ਹਿੰਮਤ ਨਹੀਂ ਹੈ। ਅੱਖਾਂ ਜ਼ਰੂਰ ਨਮ ਹੋ ਗਈਆਂ। ਇਨ੍ਹਾਂ ਨੂੰ ਹਰ ਸੰਭਵ ਕੋਸ਼ਿਸ਼ ਕਰਕੇ ਉਹ ਬੇਟੇ ਦੀਆਂ ਨਜ਼ਰਾਂ ਤੋਂ ਛੁਪਾਉਣਾ ਚਾਹੁੰਦੇ ਸਨ। ਨਹੀਂ ਤਾਂ ਉਹ ਫਿਰ ਚਾਬਕ ਮਾਰਦਾ, "ਤੂੰ ਬੰਦਾ ਹੈਂ ਕਿ ਜਾਨਵਰ? ਘਰ ਵਿਚ ਮੰਗਲ-ਕਾਰਜ ਦੀ ਸ਼ੁਰੂਆਤ ਹੋਈ ਨਹੀਂ ਕਿ ਤੂੰ ਰੋਣਾ-ਧੋਣਾ ਸ਼ੁਰੂ ਕਰਕੇ ਬੇਸ਼ਗਨੀ ਕਰਨ ਬਹਿ ਗਿਆਂ।"

ਦੀਪ ਚੰਦ ਚਲੇ ਜ਼ਰੂਰ ਗਏ, ਪਰ ਉਨ੍ਹਾਂ ਦਾ ਮਨ ਘਰ ਵਿਚ ਹੀ ਲੱਗਾ ਰਿਹਾ। ਮਣੀ ਉਨ੍ਹਾਂ ਦੀ ਲਾਡਲੀ ਪੋਤੀ ਹੀ ਨਹੀਂ, ਅੱਖਾਂ ਦਾ ਤਾਰਾ ਵੀ ਹੈ, ਉਹਦੀ ਸ਼ਾਦੀ ਦੇ ਪ੍ਰਸੰਗ ਤੋਂ ਖੁਦ ਨੂੰ ਪਰ੍ਹੇ ਰੱਖਣਾ ਉਨ੍ਹਾਂ ਦੇ ਦਿਲ ਨੂੰ ਕਿਵੇਂ ਚੰਗਾ ਲੱਗ ਸਕਦਾ ਸੀ? ਇਸ ਲਈ ਮੰਦਿਰ ਦੀਆਂ ਪੌੜੀਆਂ 'ਤੇ ਬੈਠਣ ਪਿੱਛੋਂ ਵੀ ਉਹ ਚਿੰਤਤ ਹੀ ਰਹੇ। ਨਹੀਂ ਪਤਾ ਲਾ ਸਕੇ ਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਡਿਪਟੀ ਕੁਲੈਕਟਰ ਲੜਕਾ ਕਦੋਂ ਆਪਣੇ ਮਾਤਾ-ਪਿਤਾ ਨਾਲ ਆਇਆ। ਕਦੋਂ ਚਾਹ-ਪਾਣੀ ਦੌਰਾਨ ਲੜਕੇ ਦੇ ਪਿਤਾ ਨੇ ਬਿਸ਼ੰਭਰ ਤੋਂ ਪੁੱਛਿਆ, "ਤੁਹਾਡੇ ਪਿਤਾ ਜੀ ਕਿਥੇ ਨੇ? ਨਜ਼ਰ ਨਹੀਂ ਆਏ।"

"ਉਹ ਸ਼ਹਿਰੋਂ ਬਾਹਰ ਗਏ ਹਨ।" ਉਨ੍ਹਾਂ ਨੂੰ ਜਵਾਬ ਮਿਲਿਆ ਹੈ।

"ਕਦੋਂ ਤਕ ਆਉਣਗੇ? ਜੇ ਨੇੜੇ-ਤੇੜੇ ਹੀ ਹਨ ਤਾਂ ਫੋਨ ਕਰਕੇ ਸੱਦ ਲਓ। ਉਨ੍ਹਾਂ ਨੂੰ ਮੈਂ ਖਾਸ ਤੌਰ 'ਤੇ ਮਿਲਣਾ ਚਾਹੁੰਦਾ ਹਾਂ।"

"ਪਿੰਡ ਗਏ ਹਨ। ਤਿੰਨ-ਚਾਰ ਦਿਨਾਂ ਪਿਛੋਂ ਆਉਣਗੇ। ਉਥੇ ਪਛੜੇ ਇਲਾਕੇ ਵਿਚ ਸਿਗਨਲ ਨਾ ਹੋਣ ਕਰਕੇ ਫੋਨ ਨਹੀਂ ਚਲਦਾ।"

"ਹੈਂ, ਪਿੰਡ?" ਮਹਿਮਾਨ ਦਾ ਚਿਹਰਾ ਇਹ ਸੁਣ ਕੇ ਗੰਭੀਰ ਹੋ ਗਿਆ ਹੈ।

ਜੋ ਵੀ ਹੈ, ਇਸ ਗੱਲਬਾਤ ਤੋਂ ਅਣਜਾਣ ਰਹਿਣ 'ਤੇ ਵੀ ਦੀਪ ਚੰਦ ਆਪਣੇ ਢਿੱਡ ਦੀ ਭੁੱਖ ਤੋਂ ਅਣਜਾਣ ਨਹੀਂ ਸਨ। ਹੋ ਸਕਦਾ ਹੈ ਕਿ ਜੇ ਕੰਮ ਵਿਚ ਰੁਝੇ ਹੁੰਦੇ ਤਾਂ ਵਾਰ-ਵਾਰ ਇਸ ਪਾਸੇ ਧਿਆਨ ਨਾ ਜਾਂਦਾ ਪਰ ਖਾਲੀ ਬੈਠੇ ਰਹਿਣ ਕਾਰਨ ਮਨ ਘੁੰਮ-ਫਿਰ ਕੇ ਉਸੇ ਬਿੰਦੂ 'ਤੇ ਪਹੁੰਚ ਜਾਂਦਾ, ਬਿਸ਼ੰਭਰ ਨੇ ਨਾਸ਼ਤਾ ਵੀ ਨਹੀਂ ਕਰਨ ਦਿੱਤਾ।

ਪੂਜਾ ਦੀ ਥਾਲੀ ਅਤੇ ਪਾਣੀ ਦਾ ਭਰਿਆ ਲੋਟਾ ਲੈ ਕੇ ਮੰਦਿਰ ਆਉਣ ਵਾਲੀਆਂ ਕਾਲੋਨੀ ਦੀਆਂ ਔਰਤਾਂ ਨੂੰ ਜਦੋਂ ਆਪਣੇ ਕਾਰਨ ਔਖ ਹੁੰਦੀ ਵੇਖੀ ਤਾਂ ਦੀਪ ਚੰਦ ਪੌੜੀਆਂ ਤੋਂ ਉਠ ਖੜ੍ਹੇ ਹੋਏ। ਉਨ੍ਹਾਂ ਦੇ ਕਦਮ ਪਾਰਕ ਵਲ ਵਧ ਗਏ। ਸਵੇਰ ਦਾ ਸਮਾਂ ਹੁੰਦਾ ਤਾਂ ਉਥੇ ਅਕਸਰ ਸੈਰ ਕਰਨ ਵਾਲਿਆਂ ਦੀ ਭੀੜ ਹੁੰਦੀ। ਦੋ-ਚਾਰ ਸੰਗੀ-ਸਾਥੀ ਵੀ ਕੁਝ ਚਿਰ ਗੱਲਬਾਤ ਕਰਨ ਨੂੰ ਮਿਲ ਜਾਂਦੇ। ਰੋਜ਼ ਯੋਗ ਕਰਨ ਵਾਲਿਆਂ ਦੀਆਂ ਕਸਰਤਾਂ ਹੀ ਕੁਝ ਚਿਰ ਵੇਖੀਆਂ ਜਾ ਸਕਦੀਆਂ ਸਨ ਪਰ ਇਸ ਵੇਲੇ ਮਾਲੀ ਖੁਰਪੀ ਨਾਲ ਕਿਆਰੀਆਂ ਦੀ ਗੋਡੀ ਕਰ ਰਿਹਾ ਸੀ ਅਤੇ ਤੇਜ਼ ਧੁੱਪ ਚਾਰੇ ਪਾਸੇ ਪਸਰੀ ਹੋਈ ਸੀ।

ਦੀਪ ਚੰਦ ਨੂੰ ਵੇਖ ਕੇ ਮਾਲੀ ਨੇ ਆਪਣੇ ਮੱਥੇ ਦਾ ਮੁੜ੍ਹਕਾ ਪੂੰਝਦਿਆਂ ਕਿਹਾ, "ਬਾਬੂ ਜੀ, ਇਹ ਵੇਲਾ ਪਾਰਕ ਵਿਚ ਘੁੰਮਣ ਦਾ ਥੋੜ੍ਹੇ ਹੈ? ਪੰਜ ਮਿੰਟ ਵਿਚ ਹੀ ਤੁਸੀਂ ਪਸੀਨਿਓ ਪਸੀਨਾ ਹੋ ਜਾਓਗੇ।"

"ਜਾਣਦਾਂ ਭਰਾਵਾ!" ਦੀਪ ਚੰਦ ਵਿਅੰਗ ਨਾਲ ਮੁਸਕਰਾਏ, "ਖੋਟੇ ਸਿੱਕੇ ਤੋਂ ਸਾਰੇ ਇਉਂ ਹੀ ਬੇਰੁਖੀ ਨਾਲ ਮੂੰਹ ਫੇਰ ਲੈਂਦੇ ਹਨ। ਵੇਖ, ਤੈਨੂੰ ਮੇਰਾ ਇਥੇ ਘੜੀ ਭਰ ਖੜ੍ਹਨਾ ਵੀ ਚੁਭ ਗਿਆ।"

ਮਾਲੀ ਨੇ ਦੰਦਾਂ ਹੇਠਾਂ ਜੀਭ ਦਬਾਈ ਅਤੇ ਦੋਵੇਂ ਹੱਥ ਜੋੜੇ, "ਤੁਸੀਂ ਕੀ ਕਹਿ ਰਹੇ ਹੋ ਬਾਬੂ ਜੀ! ਮੈਨੂੰ ਭਲਾ ਤੁਹਾਡੇ ਏਥੇ ਆਉਣ 'ਤੇ ਕਿਉਂ ਇਤਰਾਜ਼ ਹੋਵੇਗਾ? ਉਹ ਤਾਂ ਤੇਜ਼ ਧੁੱਪ ਵੇਖ ਕੇ ਮੈਂ ਕਹਿ ਦਿੱਤਾ। ਮੈਂ ਵੀ ਹੁਣ ਘਰੇ ਜਾਣਾਂ, ਘਰ ਵਾਲੀ ਰਾਹ ਵੇਖ ਰਹੀ ਹੋਊ। ਹੋਰ ਲੇਟ ਹੋ ਗਿਆ ਤਾਂ ਅੱਖਾਂ ਕੱਢਦੀ ਏਥੇ ਹੀ ਆ ਵੱਜੂ। ਉਤੋਂ ਦੋ-ਚਾਰ ਖਰੀਆਂ-ਖੋਟੀਆਂ ਵੀ ਸੁਣਾਊ।"

ਦੀਪ ਚੰਦ ਨੂੰ ਪਤਾ ਸੀ ਕਿ ਮਾਲੀ ਦੀ ਛੋਟੀ ਜਿਹੀ ਝੌਂਪੜੀ ਪਾਰਕ ਦੇ ਪਿਛੇ ਹੀ ਹੈ। ਉਹਨੂੰ ਉਠ ਕੇ ਜਾਂਦਿਆਂ ਵੇਖ ਖੁਦ ਵੀ ਨਾਲ ਤੁਰ ਪਏ, "ਸੋਚਦਾਂ ਜਦੋਂ ਇਥੋਂ ਤੱਕ ਆ ਹੀ ਗਿਆਂ ਤਾਂ ਤੇਰੇ ਕੋਲੋਂ ਘੜੇ 'ਚੋਂ ਪਾਣੀ ਦਾ ਗਲਾਸ ਹੀ ਪੀਂਦਾ ਜਾਵਾਂ। ਹੁਣ ਤਾਂ ਘਰ-ਘਰ ਫਰਿਜ ਆ ਗਏ ਨੇ! ਮੇਰੇ ਵਰਗੇ ਪੇਂਡੂ ਬੰਦੇ ਘੜੇ ਦੇ ਪਾਣੀ ਨੂੰ ਤਰਸ ਜਾਂਦੇ ਨੇ।"

"ਆਓ ਬਾਬੂ ਜੀ! ਖੁਸ਼ੀ ਨਾਲ ਪਾਣੀ ਪੀਓ ਪਰ ਗਰੀਬ ਆਦਮੀ ਦੇ ਘਰੇ ਤੁਹਾਨੂੰ ਪਾਣੀ ਨਾਲ ਗੁੜ ਦੀ ਡਲੀ ਹੀ ਮਿਲੇਗੀ। ਮਿਠਾਈ ਤਾਂ ਖੁਆ ਨਹੀਂ ਸਕਾਂਗਾ।"

"ਮੇਰੇ ਲਈ ਉਹ ਗੁੜ ਦੀ ਡਲੀ ਕਿਸੇ ਮੇਵੇ-ਮਿਠਾਈ ਤੋਂ ਘੱਟ ਨਹੀਂ ਹੋਵੇਗੀ ਭਰਾਵਾ!" ਕਹਿੰਦਿਆਂ ਦੀਪ ਚੰਦ ਦੀ ਆਵਾਜ਼ ਲਰਜ਼ ਗਈ। ਅੱਖਾਂ ਵਿਚ ਇਕ ਵਾਰ ਫਿਰ ਹੰਝੂ ਭਰ ਆਏ ਪਰ ਐਤਕੀਂ ਵੀ ਉਹ ਆਪਣੀ ਪੀੜ ਨੂੰ ਪੀ ਗਏ।

ਮੋਹਨ ਭੋਗ ਤੋਂ ਮਿੱਠਾ ਗੁੜ ਦੀ ਡਲੀ ਦਾ ਸੁਆਦ। ਉਹਦੇ ਨਾਲ ਲੋਟਾ-ਭਰ ਠੰਡਾ ਪਾਣੀ। ਦੀਪ ਚੰਦ ਨੂੰ ਕੁਝ ਸਕੂਨ ਮਿਲਿਆ। ਮਾਲੀ ਦੀ ਕੋਠੜੀ ਸਾਹਮਣੇ ਨਿੰਮ ਦਾ ਸੰਘਣਾ ਰੁੱਖ ਸੀ। ਉਹਦੀ ਛਾਂ ਹੇਠ ਮੰਜਾ ਪਿਆ ਸੀ। ਹਵਾ ਦੇ ਬੁੱਲ੍ਹਿਆਂ ਨਾਲ ਹਿੱਲਦੀਆਂ ਪੱਤੀਆਂ ਅਤੇ ਉਹ ਮੰਜਾ ਦੀਪ ਚੰਦ ਨੂੰ ਘੰਟਾ-ਅੱਧਾ ਘੰਟਾ ਉਥੇ ਹੀ ਲੇਟ ਕੇ ਆਰਾਮ ਕਰਨ ਦਾ ਸੱਦਾ ਦੇਣ ਲੱਗੇ ਪਰ



ਇਹ ਤਾਂ ਉਂਗਲ ਫੜ ਕੇ ਪੌਂਚਾ ਫੜਨ ਵਰਗੀ ਗੱਲ ਹੋ ਜਾਂਦੀ। ਸਵੇਰ ਦਾ ਥੱਕਿਆ-ਹਾਰਿਆ ਮਾਲੀ ਵੀ ਕੰਮ-ਧੰਦਾ ਕਰਕੇ ਇਸ ਮੰਜੇ 'ਤੇ ਪੈ ਕੇ ਆਰਾਮ ਕਰਨਾ ਚਾਹੇਗਾ; ਇੰਨੀ ਸਮਝ ਉਨ੍ਹਾਂ ਨੂੰ ਸੀ।

ਪਾਣੀ ਪੀ ਕੇ ਕੁਝ ਉਦਾਸ ਆਵਾਜ਼ ਵਿਚ ਬੋਲੇ, "ਹੁਣ ਚਲਦਾਂ।"

"ਹਾਂ ਬਾਬੂ ਜੀ, ਸਿੱਧੇ ਘਰ ਜਾਓ। ਹੁਣ ਸਾਡੀ ਤੁਹਾਡੀ ਮੁੰਡਿਆਂ-ਖੁੰਡਿਆਂ ਵਾਲੀ ਉਮਰ ਥੋੜ੍ਹੇ ਹੈ ਜੋ ਬਾਰਿਸ਼, ਧੁੱਪ ਜਾਂ ਸਰਦੀ ਦੀ ਮਾਰ ਸਹਿ ਸਕੇ।"

"ਠੀਕ ਆਖਦੈਂ ਭਰਾਵਾ।" ਦੀਪ ਚੰਦ ਭਾਰੀ ਆਵਾਜ਼ ਵਿਚ ਬੋਲੇ ਅਤੇ ਚੱਲ ਪਏ।

ਮਾਲੀ ਨੇ ਉਨ੍ਹਾਂ ਨੂੰ ਸਿੱਧਾ ਘਰ ਜਾਣ ਦੀ ਨਸੀਹਤ ਦਿੱਤੀ ਸੀ, ਪਰ ਉਨ੍ਹਾਂ ਨੂੰ ਪਤਾ ਸੀ ਕਿ ਇਸ ਵੇਲੇ ਘਰ ਦਾ ਬੂਹਾ ਉਨ੍ਹਾਂ ਲਈ ਬੰਦ ਹੈ। ਠੀਕ ਹੈ, ਬਿਸ਼ੰਭਰ ਦੀ ਇੱਛਾ ਅਨੁਸਾਰ ਉਹ ਮਹਿਮਾਨਾਂ ਦੇ ਮੂਹਰੇ ਨਾ ਆਉਂਦੇ ਪਰ ਕਬਾੜ ਰੱਖਣ ਵਾਲੀ ਕੋਠੜੀ ਵਿਚ ਤਾਂ ਬੈਠ ਹੀ ਸਕਦੇ ਸਨ। ਹੰਕਾਰੀ ਬੇਟੇ ਨੂੰ ਬੁੱਢੇ ਪਿਉ ਦਾ ਘਰ ਵਿਚ ਰੁਕਣਾ ਵਾਜਬ ਨਾ ਲੱਗਾ। ਵਾਜਬ ਤਾਂ ਉਸ ਔਰੰਗਜ਼ੇਬ ਲਈ ਪਿਉ ਦੇ ਸਾਹਾਂ ਦਾ ਚਲਣਾ ਵੀ ਨਹੀਂ ਹੈ ਪਰ ਆਪਣੇ ਹੱਥੀਂ ਗਲਾ ਨਾ ਘੁੱਟ ਸਕਣ ਦੀ ਬੇਵਸੀ ਕਾਰਨ ਇਸ ਸ਼ਾਹ ਜਹਾਨ ਨੂੰ ਸਹਾਰ ਰਿਹਾ ਹੈ। ਉਨ੍ਹਾਂ ਨੇ ਉਦਾਸੀ ਵਿਚ ਸੋਚਿਆ। ਮਣ-ਮਣ ਭਰ ਦੇ ਪੈਰ ਇਕ ਵਾਰ ਫੇਰ ਮੰਦਿਰ ਦੇ ਚਬੂਤਰੇ ਵੱਲ ਉਨ੍ਹਾਂ ਦੇ ਬੁੱਢੇ ਸਰੀਰ ਨੂੰ ਘੜੀਸਦੇ ਲਿਜਾਣ ਲੱਗੇ। ਉਥੇ ਵੀ ਬੇਕਾਰ ਬੈਠੇ ਰਹਿਣਾ ਚੁਭੇਗਾ-ਉਹ ਜਾਣਦੇ ਸਨ, ਪਰ ਬੇਵਸ ਸਨ।

ਦੁਪਹਿਰੇ ਬਾਰਾਂ ਵਜੇ ਦੀ ਆਰਤੀ ਪਿੱਛੋਂ ਪੁਜਾਰੀ ਮੰਦਿਰ ਦੇ ਦਰਵਾਜ਼ੇ ਬੰਦ ਕਰਕੇ ਘਰ ਚਲਾ ਗਿਆ। ਹੁਣ ਸ਼ਾਮੀਂ ਪੰਜ ਵਜੇ ਮੁੜੇਗਾ, ਦੀਪ ਚੰਦ ਨੂੰ ਪਤਾ ਸੀ। ਇਸ ਦੌਰਾਨ ਸਿਰਫ ਲੋਂ ਦੇ ਥਪੇੜੇ ਹੀ ਉਨ੍ਹਾਂ ਦੇ ਸੰਗੀ-ਸਾਥੀ ਬਣਨਗੇ, ਇਹ ਵੀ ਜ਼ਾਹਰ ਸੀ। ਸਿਰਫ ਅਣਜਾਣ ਸੀ, ਉਨ੍ਹਾਂ ਲਈ ਆਪਣੇ ਪਹੁੰਚਣ ਦਾ ਸਮਾਂ ਅਤੇ ਇਹ ਪੀੜ ਛੋਟੀ ਨਹੀਂ ਸੀ।

ਅਚਾਨਕ ਦੀਪ ਚੰਦ ਖੁਸ਼ ਹੋ ਉਠੇ। ਉਨ੍ਹਾਂ ਨੂੰ ਲੱਗਾ, ਲੜਕੀ ਵੇਖ ਕੇ ਮਹਿਮਾਨ ਹੁਣ ਤੱਕ ਚਲੇ ਗਏ ਹੋਣਗੇ, ਉਨ੍ਹਾਂ ਨੂੰ ਵੀ ਘਰੇ ਚਲੇ ਜਾਣਾ ਚਾਹੀਦਾ ਹੈ। ਏਥੇ ਬੈਠੇ ਰਹਿਣ 'ਤੇ ਬਿਸ਼ੰਭਰ ਗੁੱਰਾਏ ਬਿਨਾ ਨਹੀਂ ਰਹੇਗਾ, "ਘੋੜਾ-ਗੱਡੀ ਭੇਜੇ ਜਾਣ ਦੀ ਉਡੀਕ ਕਰ ਰਿਹਾ ਸੈਂ? ਬਹੂ-ਬੇਟੀ ਭੋਜਨ ਲਈ ਤੈਨੂੰ ਉਡੀਕਦੀਆਂ ਸ਼ਾਮ ਤੱਕ ਬੈਠੀਆਂ ਰਹਿਣਗੀਆਂ, ਵੱਡਾ ਲਾਟ ਸਾਹਿਬ?"

ਗਲਤੀ ਦਾ ਅਹਿਸਾਸ ਹੁੰਦਿਆਂ ਹੀ ਦੀਪ ਚੰਦ ਘਬਰਾ ਕੇ ਉਠ ਖੜ੍ਹੇ ਹੋਏ। ਹਾਲਾਂਕਿ ਤੇਜ਼ ਧੁੱਪ ਕਰਕੇ ਪੈਦਲ ਤੁਰਨਾ ਮੁਸ਼ਕਿਲ ਸੀ ਪਰ ਘਰ ਪਹੁੰਚਣ ਦੀ ਖੁਸ਼ੀ ਨਾਲ ਪੈਰਾਂ ਨੂੰ ਖੰਭ ਲਗ ਗਏ ਸਨ। ਜੋਸ਼-ਜੋਸ਼ ਵਿਚ ਬੇਟੇ ਦੀ ਆਲੀਸ਼ਾਨ ਕੋਠੀ ਤਕ ਤਾਂ ਪਹੁੰਚ ਗਏ ਪਰ ਗੇਟ 'ਤੇ ਖੜ੍ਹੇ ਹੋ ਕੇ ਪੈਰ ਫਿਰ ਮਣ-ਮਣ ਭਰ ਦੇ ਹੋ ਗਏ।

ਸੋਚਣ ਲੱਗੇ, ਸਿਰਫਿਰੇ ਬੰਦੇ ਦਾ ਕੀ ਭਰੋਸਾ? ਬਿਸ਼ੰਭਰ ਕਿਤੇ ਉਹਦਾ ਚਿਹਰਾ ਵੇਖ ਕੇ ਹੀ ਗੁੱਸੇ ਵਿਚ ਲਾਲ-ਪੀਲਾ ਨਾ ਹੋ ਜਾਵੇ? ਪਰ ਜਦੋਂ ਗੇਟ ਤੱਕ ਆ ਹੀ ਗਏ ਤਾਂ ਸੋਚਿਆ, ਉਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਤੋਂ ਕੀ ਡਰ? ਜੋ ਹੋਊ, ਵੇਖੀ ਜਾਊ।

ਦੀਪ ਚੰਦ ਨੇ ਕੋਠੀ ਦਾ ਗੇਟ ਇੰਨੀ ਹੌਲੀ ਖੋਲ੍ਹਿਆ ਕਿ ਅੰਦਰ ਆਵਾਜ਼ ਨਾ ਜਾਏ। ਤੰਗ ਰਾਹ ਪਾਰ ਕਰਕੇ ਵਰਾਂਡੇ ਵਿਚ ਜਾ ਖੜ੍ਹੇ ਹੋਏ। ਡਰਾਇੰਗ ਰੂਮ ਦਾ ਦਰਵਾਜ਼ਾ ਖੁੱਲ੍ਹਿਆ ਤਾਂ ਪਰਦਾ ਲਹਿਰਾ ਰਿਹਾ ਸੀ। ਮਨ ਵਿਚ ਸ਼ੰਕਾ ਹੋਇਆ, ਕਿਤੇ ਮਹਿਮਾਨ ਅਜੇ ਇਥੇ ਹੀ ਨਾ ਹੋਣ? ਜੇ ਕਮਰੇ ਵਿਚ ਹੋਏ ਤਾਂ ਤੂਫਾਨ ਆ ਜਾਊ।

ਪਰ ਦੋ-ਤਿੰਨ ਮਿੰਟ ਭਿਣਕ ਲੈਣ ਦੀ ਕੋਸ਼ਿਸ਼ ਪਿੱਛੋਂ ਵੀ ਖਾਮੋਸ਼ੀ ਛਾਈ ਰਹੀ। ਗੱਲਬਾਤ ਦੀ ਕੋਈ ਆਵਾਜ਼ ਕੰਨੀਂ ਨਾ ਪਈ। ਉਂਜ ਵੀ ਸਵੇਰੇ ਅੱਠ ਵਜੇ ਦੇ ਆਏ ਮਹਿਮਾਨਾਂ ਦਾ ਹੁਣ ਤਕ ਰੁਕਣਾ ਅਸੰਭਵ ਹੀ ਸੀ। ਲੜਕੀ ਵੇਖਣ ਵਿਚ ਸਮਾਂ ਹੀ ਕਿੰਨਾ ਲੱਗਾ ਹੋਊ? ਉਸ ਪਿੱਛੋਂ ਚਾਹ-ਪਾਣੀ ਵਿਚ ਜੇ ਘੰਟਾ-ਡੇਢ ਘੰਟਾ ਵੀ ਲਗ ਗਿਆ ਹੋਵੇ ਤਾਂ ਗਿਆਰਾਂ ਵਜੇ ਤਕ ਉਨ੍ਹਾਂ ਨੂੰ ਵਾਪਸ ਚਲੇ ਜਾਣਾ ਚਾਹੀਦਾ ਸੀ। ਤੇ ਹੁਣ ਤਾਂ ਦੁਪਹਿਰ ਬਾਰਾਂ ਵਜੇ ਮੰਦਿਰ ਦੇ ਦਰਵਾਜ਼ੇ ਬੰਦ ਹੋ ਜਾਣ ਪਿੱਛੋਂ ਵੀ ਘੰਟੇ ਭਰ ਤੋਂ ਵੱਧ ਸਮਾਂ ਬੀਤ ਗਿਆ ਸੀ। ਇਕ-ਡੇਢ ਵਜੇ ਤਕ ਉਨ੍ਹਾਂ ਦਾ ਰੁਕੇ ਰਹਿਣਾ ਸੰਭਵ ਨਹੀਂ ਹੈ। ਇਸੇ ਲਈ ਡਰਾਇੰਗ ਰੂਮ ਵਿਚ ਖਾਮੋਸ਼ੀ ਸੀ। ਕੋਈ ਅਵਾਜ਼ ਨਹੀਂ ਆ ਰਹੀ...ਤੇ ਹਾਂ, ਕੋਠੀ ਦੇ ਸਾਹਮਣੇ ਕੋਈ ਗੱਡੀ ਵੀ ਨਹੀਂ ਸੀ। ਬਿਸ਼ੰਭਰ ਦੀ ਗੱਡੀ ਗੈਰਾਜ ਵਿਚ ਹੈ। ਨਿਸ਼ਚੇ ਹੀ ਆਪਣੀ ਗੱਡੀ ਵਿਚ ਆਏ ਉਹ ਲੋਕ ਮੁੜ ਚੁਕੇ ਹਨ।

ਦੀਪ ਚੰਦ ਨੇ ਖੁਦ ਨੂੰ ਸੰਭਾਲਿਆ। ਮੱਥੇ 'ਤੇ ਚਮਕਦੀਆਂ ਮੁੜ੍ਹਕੇ ਦੀਆਂ ਬੂੰਦਾਂ ਪੂੰਝੀਆਂ ਅਤੇ ਦਿਲ ਮਜ਼ਬੂਤ ਕਰਕੇ ਡਰਾਇੰਗ ਰੂਮ ਦਾ ਪਰਦਾ ਹਟਾ ਕੇ ਅੰਦਰ ਕਦਮ ਰੱਖਿਆ। ਪਰ ਇਹ ਕੀ? ਸਾਹਮਣੇ ਕਿਸੇ ਗਰਜਦੇ ਸ਼ੇਰ ਨੂੰ ਖੜ੍ਹੇ ਵੇਖ ਕੇ ਹੀ ਉਹ ਇੰਨਾ ਨਾ ਡਰਦੇ, ਜਿੰਨਾ ਸਾਹਮਣੇ ਸੋਫੇ 'ਤੇ ਬੈਠੇ ਕਿਸੇ ਅਮੀਰ ਬੰਦੇ ਨੂੰ ਵੇਖ ਕੇ ਭੈਭੀਤ ਹੋ ਗਏ। ਕਮਰੇ ਵਿਚ ਕੁਝ ਹੋਰ ਲੋਕਾਂ ਦੀ ਹਾਜ਼ਰੀ ਦਾ ਅਨੁਭਵ ਹੋਇਆ ਪਰ ਉਹ ਕੀ ਕਰ ਸਕਦੇ ਹਨ, ਜਾਣਨ ਦੀ ਸੁਧ ਦੀਪ ਚੰਦ ਨੂੰ ਨਾ ਰਹੀ। ਹਾਂ, ਸੋਫੇ 'ਤੇ ਬੈਠੇ ਬੰਦੇ ਦੇ ਨੇੜੇ ਬੈਠਾ ਬਿਸ਼ੰਭਰ ਜ਼ਰੂਰ ਨਜ਼ਰ ਆ ਗਿਆ।

ਦੀਪ ਚੰਦ ਨੇ ਸੋਚਿਆ ਕਿ ਬਿਨਾ ਕੋਈ ਖੜਕਾ ਕੀਤਿਆਂ ਉਹ ਵਾਪਸ ਮੁੜਨ ਅਤੇ ਕਮਰੇ ਤੋਂ ਬਾਹਰ ਨਿਕਲ ਜਾਣ। ਪਰਦਾ ਪਹਿਲਾਂ ਵਾਂਗ ਲਹਿਰਾਉਣ ਲੱਗੇ ਤਾਂ ਸ਼ਾਇਦ ਕਿਸੇ ਨੂੰ ਉਨ੍ਹਾਂ ਦਾ ਏਥੇ ਆਉਣ ਦਾ ਪਤਾ ਨਾ ਲੱਗੇ, ਪਰ ਉਨ੍ਹਾਂ ਦੇ ਕਦਮ ਪਿਛੇ ਹਟਣ ਤੋਂ ਪਹਿਲਾਂ ਹੀ ਮਹਿਮਾਨ ਦੇ ਮੂੰਹੋਂ ਸੁਣਾਈ ਦਿੱਤਾ, "ਬਿਸ਼ੰਭਰ ਬਾਬੂ, ਜ਼ਰਾ ਦੇਖਣਾ, ਕੌਣ ਆਏ ਨੇ?"

ਇਹ ਸ਼ਬਦ ਕੰਨੀਂ ਪੈਂਦਿਆਂ ਹੀ ਦੀਪ ਚੰਦ ਅਹਿਲ ਪੱਥਰ ਦੀ ਮੂਰਤੀ ਵਿਚ ਬਦਲ ਗਏ। ਉਨ੍ਹਾਂ ਦੇ ਚਿਹਰੇ ਦਾ ਰੰਗ ਫੱਕ ਹੋ ਗਿਆ। ਹੁਣ ਬਾਹਰ ਨਿਕਲਣਾ ਫਜ਼ੂਲ ਸੀ। ਉਨ੍ਹਾਂ ਦੇ ਆਉਣ ਦਾ ਪਤਾ ਲੱਗ ਗਿਆ ਸੀ। ਉਨ੍ਹਾਂ ਉਤੇ ਬਿਜਲੀ ਡਿਗੇਗੀ, ਇਹ ਨਿਸ਼ਚਿਤ ਸੀ। ਕਿਸ ਰੂਪ ਵਿਚ ਡਿਗੇਗੀ, ਇਹ ਨਹੀਂ ਸੀ ਪਤਾ।

ਬਿਸ਼ੰਭਰ ਸ਼ਾਇਦ ਸਿਰ ਝੁਕਾਈ ਕੁਝ ਪੜ੍ਹ ਰਿਹਾ ਸੀ। ਨੇੜੇ ਬੈਠੇ ਮਹਿਮਾਨ ਦੀ ਆਵਾਜ਼ ਸੁਣ ਕੇ ਤ੍ਰਭਕਿਆ ਅਤੇ ਸਿਰ ਚੁਕ ਕੇ ਵੇਖਿਆ। ਸਾਹਮਣੇ ਖੜ੍ਹੇ ਦੀਪ ਚੰਦ ਨੂੰ ਵੇਖ ਕੇ ਉਹਦੇ ਸਿਰ 'ਤੇ ਭੂਤ ਸਵਾਰ ਹੋ ਗਿਆ। ਖੁਦ ਨੂੰ ਰੋਕਦਿਆਂ ਵੀ ਗਲੇ 'ਚੋਂ ਆਵਾਜ਼ ਨਿਕਲੀ, "ਤੈਨੂੰ ਆਉਣ ਨੂੰ ਮਨ੍ਹਾਂ ਕੀਤਾ ਸੀ ਨਾ? ਚਲ ਵਾਪਸ ਜਾਹ।"

ਦੀਪ ਚੰਦ ਆਪਣਾ ਭੰਤਰਿਆ ਸਿਰ ਤੇ ਲੜਖੜਾਉਂਦੇ ਕਦਮ ਲੈ ਕੇ ਪਿਛੇ ਮੁੜੇ ਅਤੇ ਬਾਹਰ ਨਿਕਲ ਕੇ ਖੁੱਲ੍ਹੇ ਦਰਵਾਜ਼ੇ ਤੋਂ ਕੁਝ ਪਰੇ ਹੋ ਕੇ ਖੜ੍ਹੇ ਹੋ ਗਏ। ਸਾਹ ਠੀਕ ਕਰਨ ਪਿਛੋਂ ਹੀ ਉਨ੍ਹਾਂ ਵਿਚੋਂ ਉਥੋਂ ਜਾਣ ਦੀ ਤਾਕਤ ਆ ਸਕਦੀ ਸੀ। ਮੌਜੂਦਾ ਸਰੀਰਕ-ਮਾਨਸਿਕ ਹਾਲਤ ਵਿਚ ਉਨ੍ਹਾਂ ਲਈ ਦੋ ਕਦਮ ਚੱਲਣਾ ਵੀ ਔਖਾ ਸੀ। ਸਿਰਫ ਇਹੋ ਨੰਗੀ ਤਲਵਾਰ ਉਨ੍ਹਾਂ ਦੀ ਧੌਣ 'ਤੇ ਲਟਕ ਰਹੀ ਸੀ, ਕਮਰੇ ਵਿਚ ਪੈਰ ਰੱਖਣ ਦੇ ਅਪਰਾਧ ਦਾ ਸਿੱਟਾ ਕੀ ਹੋਵੇਗਾ? ਜਿਸ ਹੁਲੀਏ ਵਿਚ ਉਹ ਬਿਸ਼ੰਭਰ ਦੇ ਖਾਸ ਮਹਿਮਾਨ ਦੇ ਸਾਹਮਣੇ ਆ ਪਹੁੰਚੇ ਸਨ, ਕੀ ਉਨ੍ਹਾਂ ਦਾ ਗੁੱਸੇਖੋਰ ਬੇਟਾ ਇਹਨੂੰ ਬਰਦਾਸ਼ਤ ਕਰ ਲਊ?

ਦੀਪ ਚੰਦ ਦੀ ਨਜ਼ਰ ਆਪਣੇ ਪਹਿਰਾਵੇ 'ਤੇ ਗਈ-ਪੈਰਾਂ ਵਿਚ ਬੇਟੇ ਦੀਆਂ ਸੁੱਟੀਆਂ ਪੁਰਾਣੀਆਂ ਚੱਪਲਾਂ, ਮੈਲੀ-ਕੁਚੈਲੀ ਧੋਤੀ ਅਤੇ ਪਿੰਡੇ ਅੱਧੀ ਬਾਂਹ ਵਾਲੀ ਬੁਨੈਣ। ਸਿਰ 'ਤੇ ਖਿਲਰੇ ਹੋਏ ਵਾਲ। ਚਿਹਰੇ 'ਤੇ ਵਧੀ ਹੋਈ ਖਿਚੜੀ ਦਾੜ੍ਹੀ। ਵੇਖਣ ਨੂੰ ਮੰਗਤੇ ਦੀ ਸ਼ਕਲ। ਇਹ ਹਾਲਤ ਉਦੋਂ ਸੀ, ਜਦੋਂ ਸਾਰੇ ਘਰ ਦੇ ਕੱਪੜੇ ਵਾਸ਼ਿੰਗ ਮਸ਼ੀਨ ਵਿਚ ਧੋਤੇ ਜਾਂਦੇ ਸਨ। ਉਨ੍ਹਾਂ ਨੂੰ ਸਾਬਣ ਦੀ ਟਿੱਕੀ ਪੱਚੀ ਵਾਰ ਫਰਿਆਦ ਕਰਨ ਪਿੱਛੋਂ ਮਿਲਦੀ।

ਪਰ ਬੇਟੇ ਦੀ ਅਦਾਲਤ ਵਿਚ ਸਫਾਈ ਦੇਣ ਦਾ ਉਨ੍ਹਾਂ ਨੂੰ ਮੌਕਾ ਹੀ ਕਦੋਂ ਮਿਲੇਗਾ? ਹੰਕਾਰ ਦੇ ਨਸ਼ੇ ਵਿਚ ਚੂਰ ਉਨ੍ਹਾਂ ਦੇ ਬੇਟੇ ਨੇ ਇਨਸਾਨੀਅਤ ਦਾ ਪਾਠ ਪੜ੍ਹਿਆ ਹੀ ਕਦੋਂ ਹੈ? ਜਿਵੇਂ ਨਮੂਨਾ

(ਅਗਲੇ ਸਫੇ 'ਤੇ ਜਾਰੀ)

ਬਣ ਕੇ ਉਹ ਡਰਾਇੰਗ ਰੂਮ ਦੇ ਦਰਵਾਜੇ 'ਤੇ ਖੜ੍ਹੇ ਹੋ ਗਏ ਸਨ, ਉਹਨੂੰ ਨਵੀਂ ਰਿਸ਼ਤੇਦਾਰੀ ਜੁੜਦੇ ਸਮੇਂ ਸਹਿਆ ਨਹੀਂ ਜਾਵੇਗਾ। ਬਿਸ਼ੰਭਰ ਇਸ ਗਲਤੀ ਲਈ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ।

ਉਦੋਂ ਹੀ ਉਨ੍ਹਾਂ ਦੇ ਕੰਨੀਂ ਕਮਰੇ ਵਿਚੋਂ ਮਹਿਮਾਨ ਦੀ ਆਵਾਜ਼ ਪਈ, "ਕੌਣ ਸਨ ਉਹ ਸੱਜਣ? ਜੇ ਮਿਲਣਾ ਜ਼ਰੂਰੀ ਹੋਵੇ ਤਾਂ ਤੁਸੀਂ ਉਨ੍ਹਾਂ ਨੂੰ ਬੁਲਾ ਲਓ। ਅਜੇ ਏਥੇ ਹੀ ਹੋਣਗੇ।"

"ਭਾਈ ਸਾਹਿਬ, ਤੁਸੀਂ ਅਜੇ ਤਕ ਉਸ ਬੇਕਾਰ ਬੰਦੇ ਬਾਰੇ ਹੀ ਸੋਚ ਰਹੇ ਹੋ।" ਬਿਸ਼ੰਭਰ ਦੀ ਉਚੀ ਆਵਾਜ਼ ਗੂੰਜੀ, "ਉਹ ਤਾਂ ਸਾਡਾ ਮਾਲੀ ਹੈ। ਜ਼ਰਾ ਸਿਰ-ਫਿਰਿਆ ਅਤੇ ਪਾਗਲ ਕਿਸਮ ਦਾ ਬੁੜ੍ਹਾ ਹੈ, ਪਰ ਮੈਂ ਤਰਸ ਖਾ ਕੇ ਕੰਮ 'ਤੇ ਲਾਇਆ ਹੋਇਐ। ਵਿਚਾਰਾ ਦੁਨੀਆਂ ਵਿਚ ਇਕੱਲਾ ਹੈ। ਕਿਸੇ ਹੋਰ ਬੰਗਲੇ ਵਿਚ ਤਾਂ ਇਹਨੂੰ ਕੰਮ ਮਿਲਣਾ ਨਹੀਂ। ਸਾਡੇ ਏਥੇ ਲੱਗਾ ਰਹਿਣ 'ਤੇ ਘੱਟੋ-ਘੱਟ ਭੁੱਖਾ ਤਾਂ ਨਹੀਂ ਮਰੇਗਾ।"

"ਠੀਕ ਕਹਿੰਦੇ ਹੋ ਤੁਸੀਂ!" ਕਹਿ ਕੇ ਮਹਿਮਾਨ ਨੇ ਗੱਲ ਖਤਮ ਕਰ ਦਿੱਤੀ।

"ਤੁਸੀਂ ਵੇਖਿਐ ਕਿ ਉਹ ਦਿਮਾਗੀ ਤੌਰ 'ਤੇ ਕਿੰਨਾ ਕਮਜ਼ੋਰ ਹੈ। ਇਹ ਵੇਲਾ ਕੋਈ ਰੁੱਖ-ਬੂਟਿਆਂ ਦੀ ਸਾਰ-ਸੰਭਾਲ ਦਾ ਹੈ? ਮੈਂ ਕਈ ਵਾਰ ਸਮਝਾਇਐ ਕਿ ਇਸ ਭਿਆਨਕ ਗਰਮੀ ਵਿਚ ਸਿਰਫ ਸਵੇਰੇ-ਸ਼ਾਮ ਹੀ ਬਗੀਚੇ ਦੀ ਦੇਖਭਾਲ ਕਰਿਆ ਕਰੇ ਪਰ ਪਾਗਲ ਹੈ ਨਾ, ਕੁਝ ਸਮਝਦਾ ਹੀ ਨਹੀਂ। ਇਸੇ ਲਈ ਵਾਪਸ ਭੇਜਣਾ ਪਿਆ।"

ਸਿਰਫ ਗੰਭੀਰ 'ਹੂੰ' ਉਸ ਮਹਿਮਾਨ ਦੇ ਗਲੇ 'ਚੋਂ ਨਿਕਲੀ।

ਕੰਧ ਦੇ ਓਹਲੇ ਖੜ੍ਹੇ ਦੀਪ ਚੰਦ ਨੇ ਸਾਰੀ ਗੱਲਬਾਤ ਸੁਣੀ। ਉਨ੍ਹਾਂ ਨੂੰ ਲੱਗਾ ਜਿਵੇਂ ਕਿਸੇ ਨੇ ਪਿਘਲਿਆ ਕੱਚ ਕੰਨਾਂ ਵਿਚ ਉਲਟਾ ਦਿੱਤਾ ਹੋਵੇ। ਕੀ ਕੋਈ ਬੇਟਾ ਆਪਣੇ ਪਿਤਾ ਲਈ...।

ਅਗਲੇ ਹੀ ਪਲ ਉਨ੍ਹਾਂ ਨੂੰ ਜਾਪਿਆ, ਉਥੇ ਖੜ੍ਹੇ ਰਹਿ ਕੇ ਉਹ ਆਪਣੇ ਗੁਨਾਹਾਂ ਵਿਚ ਹੋਰ ਵਾਧਾ ਕਰ ਰਹੇ ਹਨ। ਜੇ ਕਿਸੇ ਕਾਰਨ ਕੋਈ ਜਣਾ ਡਰਾਇੰਗ ਰੂਮ 'ਚੋਂ ਨਿਕਲ ਆਇਆ ਤਾਂ ਹੋਣ ਵਾਲੇ ਅਨਰਥ ਦੀ ਕਲਪਨਾ ਤੋਂ ਉਹ ਕੰਬ ਗਏ। ਕਿਵੇਂ ਨਾ ਕਿਵੇਂ ਤਾਕਤ ਇਕੱਠੀ ਕਰਕੇ ਉਥੋਂ ਚੱਲੇ ਗਏ। ਇਕ ਵਾਰ ਫੇਰ ਸਾਵਧਾਨੀ ਨਾਲ ਬਿਨਾ ਖੜਕਾ ਕੀਤਿਆਂ ਕੋਠੀ ਦਾ ਗੇਟ ਖੋਲ੍ਹਿਆ ਅਤੇ ਬਾਹਰ ਨਿਕਲ ਕੇ ਬੰਦ ਕਰਨ ਪਿਛੋਂ ਅੱਗ ਵਰ੍ਹਾਉਂਦੀ ਸੜਕ 'ਤੇ ਆ ਗਏ।

ਖੱਬੇ ਪੈਰ ਦੀ ਚੱਪਲ ਵੀ ਇਸੇ ਸਮੇਂ ਟੁੱਟਣੀ ਸੀ। ਇਸ ਜੋਗ ਨਾ ਰਹੀ ਕਿ ਪਾ ਕੇ ਦੋ ਕਦਮ ਵੀ ਤੁਰਿਆ ਜਾ ਸਕੇ। ਨੰਗੇ ਪੈਰੀਂ ਇਸ ਲੂੰਹਦੀ ਧੁੱਪ ਵਿਚ ਮੰਦਿਰ ਤਕ ਜਾਣ ਦੀ ਕਲਪਨਾ ਨਾਲ ਦੀਪ ਚੰਦ ਦਾ ਸਿਰ ਚਕਰਾ ਗਿਆ।

ਪਰ ਆਕਾਸ਼ ਤੋਂ ਵਰ੍ਹਦੀ ਅੱਗ ਨਾਲੋਂ ਪੇਟ ਵਿਚ ਉਠਦੀ ਅੱਗ ਕੀ ਘੱਟ ਭਿਆਨਕ ਸੀ। ਧੁੱਪ ਇਕ ਵਾਰੀ ਸਹਾਰੀ ਜਾ ਸਕਦੀ ਸੀ ਪਰ ਭੁੱਖ ਸਹਾਰਨੀ ਮੁਸ਼ਕਿਲ ਸੀ।

ਦੀਪ ਚੰਦ ਨੇ ਨਿਰਾਸ਼ਾ ਨਾਲ ਹੱਥ ਮਲੇ।

ਉਦੋਂ ਹੀ ਕੇਲੇ ਦੀ ਰੇਹੜੀ ਵਾਲਾ ਨੇੜਿਓਂ ਲੰਘਿਆ। ਭੁੱਖ ਨਾਲ ਬੇਹਾਲ ਦੀਪ ਚੰਦ ਦੇ ਮਨ ਵਿਚ ਆਇਆ, ਮਿੰਨਤ ਕਰਕੇ ਕੇਲਾ ਮੰਗ ਲੈਣ ਪਰ ਇਸ ਭਿਖਾਰੀਪੁਣੇ ਨੂੰ ਉਨ੍ਹਾਂ ਦੇ ਖੁੱਦਾਰ ਦਿਲ ਨੇ ਪ੍ਰਵਾਨ ਨਾ ਕੀਤਾ। ਅੱਖਾਂ ਵਿਚ ਫੈਲੀ ਭੁੱਖ ਨੂੰ ਸ਼ਾਇਦ ਇਕੋ ਨਜ਼ਰ ਨਾਲ ਹੀ ਉਸ ਮਾਮੂਲੀ ਰੇਹੜੀ ਵਾਲੇ ਨੇ ਪੜ੍ਹ ਲਿਆ ਸੀ। ਰੇਹੜੀ ਰੋਕ ਕੇ ਹਮਦਰਦੀ ਨਾਲ ਉਹ ਬੋਲਿਆ, "ਭੁੱਖੇ ਹੋ ਬਾਬਾ, ਕੇਲਾ ਖਾਓਗੇ?"

"ਨਹੀਂ ਬੇਟਾ, ਰੱਬ ਤੇਰਾ ਭਲਾ ਕਰੇ।" ਦੀਪ ਚੰਦ ਬਿੜਕਦੀ ਆਵਾਜ਼ ਵਿਚ ਬੋਲੇ। ਭੁੱਖ ਦਰਸਾਉਣ ਵਾਲੀਆਂ ਅੱਖਾਂ ਦੀ ਚੁਗਲੀ 'ਤੇ ਉਨ੍ਹਾਂ ਨੂੰ ਗੁੱਸਾ ਆਇਆ ਪਰ ਬੇਵਸ ਸਨ। ਦਰਅਸਲ ਕੱਲ੍ਹ ਸ਼ਾਮੀਂ ਵੀ ਉਨ੍ਹਾਂ ਨੂੰ ਭੁੱਖੇ ਰਹਿਣਾ ਪਿਆ ਸੀ। ਬਿਸ਼ੰਭਰ ਆਪਣੇ ਪਰਿਵਾਰ ਸਮੇਤ ਕਿਤੇ ਬਾਹਰ ਗਿਆ ਸੀ ਅਤੇ ਉਦੋਂ ਉਹ ਸਾਰੇ ਖਾ-ਪੀ ਕੇ ਆਏ ਸਨ। ਬੁੱਢੇ ਪਿਉ ਦੇ ਪੇਟ ਦੀ ਪਹਿਲਾਂ ਕਦੋਂ ਕਿਸੇ ਨੇ ਚਿੰਤਾ ਕੀਤੀ ਸੀ ਜੋ ਕੱਲ੍ਹ ਕਰਦੇ! ਡੱਬੇ ਵਿਚ ਸਵੇਰ ਦੀਆਂ ਦੋ ਬੇਹੀਆਂ ਰੋਟੀਆਂ ਪਈਆਂ ਵੀ ਹੋਣਗੀਆਂ, ਜੋ ਉਨ੍ਹਾਂ ਨੇ ਬੁੱਢੇ ਨੂੰ ਦੇਣ ਦੀ ਥਾਂ ਕੁੱਤੇ ਮੂਹਰੇ ਸੁੱਟਣੀਆਂ ਬਿਹਤਰ ਸਮਝਿਆ ਹੋਵੇਗਾ। ਉਹ ਵੀ ਇਹ ਸੋਚ ਕੇ ਸਬਰ ਕਰ ਗਏ ਸਨ ਕਿ ਇਕ ਡੰਗ ਨਾ ਖਾਣ ਨਾਲ ਪੇਟ ਨੂੰ ਅਰਾਮ ਹੀ ਮਿਲੇਗਾ। ਕੀ ਪਤਾ ਸੀ, ਅਗਲੇ ਦਿਨ ਫਿਰ ਵਰਤ ਦੀ ਨੌਬਤ ਆ ਜਾਵੇਗੀ। ਬਿਸ਼ੰਭਰ ਦੇ ਹਿਟਲਰੀ ਹੁਕਮ 'ਤੇ ਅਮਲ ਕਰਨ ਤੋਂ ਪਹਿਲਾਂ ਜੇਬ ਵਿਚ ਦਸ-ਵੀਹ ਰੁਪਏ ਪਾਉਣ ਦਾ ਹੀ ਜੇ ਧਿਆਨ ਆ ਜਾਂਦਾ ਤਾਂ ਇਉਂ ਭੁੱਖ ਨਾਲ ਕੁਸ਼ਤੀ ਨਾ ਲੜਨੀ ਪੈਂਦੀ ਪਰ ਹੁਣ ਤਾਂ...।

ਕੇਲੇ ਵਾਲੇ ਦੇ ਦੂਜੇ ਪਾਸੇ ਚਲੇ ਜਾਣ ਪਿਛੋਂ ਉਹ ਨੰਗੇ ਪੈਰ ਤਪਦੀ ਸੜਕ 'ਤੇ ਤੁਰਨ ਲੱਗੇ। ਮੰਜ਼ਿਲ ਸੀ, ਉਹੀ ਦੁਰਗਾ ਮੰਦਿਰ, ਪਰ ਉਨ੍ਹਾਂ ਦੀ ਥੋੜ੍ਹ-ਚਿਰੀ ਮੌਜੂਦਗੀ ਨਾਲ ਹੀ ਕੋਠੀ ਦੇ ਡਰਾਇੰਗ ਰੂਮ ਦਾ ਖੁਸ਼ਨੁਮਾ ਮਾਹੌਲ ਜਿਵੇਂ ਕਿਸੇ ਬਦਬੋ ਨਾਲ ਭਰ ਗਿਆ ਸੀ। ਮਹਿਮਾਨ ਸੱਜਣ ਨੇ ਉਬਾਸੀ ਲੈਂਦਿਆਂ ਆਪਣੀ ਜੇਬ 'ਚੋਂ ਮੋਬਾਇਲ ਕੱਢਿਆ ਅਤੇ ਨੰਬਰ ਮਿਲਾ ਕੇ ਪੁੱਛਿਆ, "ਦਿਵਾਕਰ, ਗੱਡੀ ਠੀਕ ਹੋ ਗਈ?"

"ਜੀ ਸਰ! ਸਰਵਿਸ ਸੈਂਟਰ ਕਾਫੀ ਦੂਰ ਸੀ, ਇਸੇ ਲਈ ਟਾਈਮ ਲਗ ਗਿਆ ਪਰ ਹੁਣ ਮਕੈਨਿਕ ਨੇ ਪੁਰਜ਼ਾ ਬਦਲ ਦਿੱਤਾ ਹੈ। ਵਾਪਸੀ ਵੇਲੇ ਗੱਡੀ ਸਾਨੂੰ ਪ੍ਰੇਸ਼ਾਨ ਨਹੀਂ ਕਰੇਗੀ। ਮੈਂ ਬਸ, ਦਸ ਮਿੰਟਾਂ ਵਿਚ ਪਹੁੰਚ ਜਾਵਾਂਗਾ।" ਉਧਰੋਂ ਜਵਾਬ ਮਿਲਿਆ।

ਮਹਿਮਾਨ ਨੇ ਮੋਬਾਇਲ ਬੰਦ ਕਰਕੇ ਕਿਹਾ, "ਬਿਸ਼ੰਭਰ ਬਾਬੂ, ਸਾਡੀ ਗੱਡੀ ਠੀਕ ਹੋ ਗਈ ਹੈ। ਡਰਾਈਵਰ ਦਸ ਮਿੰਟਾਂ ਵਿਚ ਆ ਰਿਹਾ ਹੈ। ਸਾਨੂੰ ਜਾਣ ਦੀ ਆਗਿਆ ਦਿਓ।"

"ਦਰਅਸਲ ਮੈਂ ਚਾਹੁੰਦਾ ਸਾਂ ਕਿ ਜੇ ਤੁਹਾਨੂੰ ਸਾਡੀ ਮਨਿਕਾ ਪਸੰਦ ਹੈ ਤਾਂ ਕਿਉਂ ਨਾ ਅੱਜ ਹੀ ਗੱਲ ਪੱਕੀ ਕਰ ਲਈਏ।" ਬਿਸ਼ੰਭਰ ਨੇ ਬੇਨਤੀ ਕੀਤੀ।

"ਵੇਖੋ, ਸਾਨੂੰ ਤੁਹਾਡੀ ਬੇਟੀ ਬਿਲਕੁਲ ਪਸੰਦ ਹੈ ਪਰ ਅਸੀਂ ਸ਼ਾਦੀ ਤਾਂ ਹੀ ਪੱਕੀ ਕਰਾਂਗੇ, ਜਦੋਂ ਤੁਹਾਡੇ ਪਿਤਾ ਜੀ ਆ ਜਾਣਗੇ।"

"ਉਨ੍ਹਾਂ ਦੀ ਗੈਰਹਾਜ਼ਰੀ ਵਿਚ ਵੀ ਗੱਲ ਪੱਕੀ ਕੀਤੀ ਜਾ ਸਕਦੀ ਹੈ। ਪੋਤੀ ਦੀ ਸ਼ਾਦੀ ਤੈਅ ਹੋਣ ਦੀ ਖਬਰ ਸੁਣ ਕੇ ਉਹ ਕਾਫੀ ਖੁਸ਼ ਹੋਣਗੇ।"

"ਠੀਕ ਹੈ ਪਰ ਸਾਡੇ ਪਰਿਵਾਰ ਦੀ ਖੁਸ਼ੀ ਅਧੂਰੀ ਰਹੇਗੀ।" ਉਹ ਗੰਭੀਰ ਹੋ ਕੇ ਬੋਲੇ।

"ਉਹ ਕਿਵੇਂ?" ਬਿਸ਼ੰਭਰ ਨੇ ਹੈਰਾਨੀ ਨਾਲ ਮਹਿਮਾਨ ਦੇ ਚਿਹਰੇ ਵੱਲ ਵੇਖਿਆ।

ਉਨ੍ਹਾਂ ਗੱਲ ਸਪਸ਼ਟ ਕੀਤੀ, "ਇਹ ਤਾਂ ਤੁਸੀਂ ਵੀ ਮੰਨਦੇ ਹੋਵੋਗੇ ਕਿ ਤੁਹਾਡੇ ਘਰ ਆਪਣੇ ਵਲੋਂ ਪਹਿਲ ਕਰਕੇ ਸਾਡਾ ਸ਼ਾਦੀ ਦਾ ਸੁਝਾਅ ਭੇਜਣ ਤੋਂ ਜਾਹਰ ਹੁੰਦਾ ਹੈ ਕਿ ਅਸੀਂ ਤੁਹਾਡੀ ਬੇਟੀ ਨਾਲ ਆਪਣੇ ਬੇਟੇ ਦੀ ਸ਼ਾਦੀ ਕਰਨ ਦੇ ਇੱਛੁਕ ਹਾਂ।"

"ਜੀ ਹਾਂ!" ਬਿਸ਼ੰਭਰ ਝਿਜਕਿਆ।

"ਇਹ ਕੋਈ ਛੋਟੀ ਗੱਲ ਨਹੀਂ ਹੈ। ਕੋਈ ਕਾਰਨ ਤਾਂ ਇਸ ਦੇ ਮੂਲ ਵਿਚ ਜ਼ਰੂਰ ਹੋਵੇਗਾ।"

"ਜੀ ਹਾਂ!" ਬਿਸ਼ੰਭਰ ਨੂੰ ਫਿਰ ਸਵੀਕਾਰ ਕਰਨਾ ਪਿਆ।

"ਤਾਂ ਸੁਣੋ। ਇਸ ਦਾ ਕਾਰਨ ਤੁਹਾਡੇ ਪਿਤਾ ਜੀ ਹਨ। ਸਿਰਫ ਇਸੇ ਲਈ ਅਸੀਂ ਤੁਹਾਡੇ ਘਰ ਦੀ ਬੇਟੀ ਨੂੰ ਆਪਣੀ ਵਹੁਟੀ ਬਣਾਉਣਾ ਚਾਹੁੰਦੇ ਹਾਂ, ਕਿਉਂਕਿ ਉਹ ਬਾਬੂ ਦੀਪ ਚੰਦ ਦੀ ਪੋਤੀ ਹੈ। ਇਸ ਤੋਂ ਇਲਾਵਾ ਤੁਹਾਡੇ ਪਰਿਵਾਰ ਵਿਚ ਸਾਡੀ ਦਿਲਚਸਪੀ ਦੀ ਕੋਈ ਹੋਰ ਵਜ੍ਹਾ ਨਹੀਂ ਹੈ।"

ਬਿਸ਼ੰਭਰ ਤ੍ਰਭਕ ਗਿਆ।

ਸ਼ਬਦ ਨਹੀਂ, ਜਿਵੇਂ ਕੋਈ ਜਾਦੂ ਉਹਦੇ ਸਾਹਮਣੇ ਛਾ ਗਿਆ ਸੀ। ਉਹਨੂੰ ਲੱਗਾ, ਇਸ ਜਾਦੂ ਦਾ ਟੁੱਟਣਾ ਜ਼ਰੂਰੀ ਹੈ, ਨਹੀਂ ਤਾਂ ਉਹ ਪਾਗਲ ਹੋ ਜਾਵੇਗਾ। ਜਿਸ ਬੁੱਢੇ ਪਿਉ ਨੂੰ ਉਹਨੇ ਕੌਡੀ ਤੋਂ ਵੱਧ ਦਰਜਾ ਨਹੀਂ ਦਿੱਤਾ, ਉਸ ਕੌਡੀ ਦੀ ਕੀਮਤ ਇੰਨੀ ਵੱਧ ਕਿਵੇਂ ਹੋ ਸਕਦੀ ਹੈ? ਆਖਰ ਉਸ ਬੁੱਢੇ ਵਿਚ ਅਜਿਹਾ ਕੀ ਹੈ? ਜਿਹਦੇ ਮੂਹਰੇ ਸਿਜਦਾ ਕਰਕੇ ਇਹ ਖੁਸ਼ਹਾਲ ਪਰਿਵਾਰ ਭੱਜਾ ਆਇਆ?

ਮਹਿਮਾਨ ਨੇ ਮੇਜ਼ਬਾਨ ਦੇ ਚਿਹਰੇ ਦੇ ਭਾਵ ਪੜ੍ਹੇ ਅਤੇ ਰਹੱਸ ਤੋਂ ਪਰਦਾ ਚੁਕਦਿਆਂ ਬੋਲੇ, "ਦਰਅਸਲ, ਬਾਬੂ ਜੀ ਮੇਰੇ ਪਿਤਾ ਦੇ ਬਚਪਨ ਦੇ ਦੋਸਤ ਹਨ। ਦੋਹਾਂ ਨੇ ਇਕੱਠਿਆਂ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਮੁੱਢਲੀ ਪੜ੍ਹਾਈ ਪੂਰੀ ਕੀਤੀ ਸੀ। ਉਸ ਵੇਲੇ ਮੇਰੇ ਪਿਤਾ ਦੀ ਜ਼ਿੰਦਗੀ ਬੜੀ ਮੁਸ਼ਕਿਲਾਂ ਵਾਲੀ ਸੀ। ਮਾਤਾ-ਪਿਤਾ ਨਹੀਂ ਰਹੇ ਸਨ। ਚਾਚਾ-ਚਾਚੀ ਦੇ ਜ਼ੁਲਮਾਂ ਕਰਕੇ ਭਵਿਖ ਹਨੇਰੇ ਵਾਲਾ ਸੀ। ਉਦੋਂ ਤੁਹਾਡੇ ਪਿਤਾ ਜੀ ਨੇ ਉਨ੍ਹਾਂ ਨੂੰ ਸਿਰਫ ਅੱਗੇ ਵਧਣ ਦਾ ਹੌਸਲਾ ਹੀ ਨਹੀਂ ਦਿੱਤਾ, ਸਗੋਂ ਮੇਰੇ ਮਾਤਾ-ਪਿਤਾ ਦੀ ਨਿਰੰਤਰ ਮਿੰਨਤ ਕਰਕੇ ਪੈਸੇ ਨਾਲ ਵੀ ਬਹੁਤ ਮਦਦ ਕੀਤੀ। ਆਪਣੇ ਅਜ਼ੀਜ਼ ਦੋਸਤ ਦੀਪ ਚੰਦ ਦੀ ਵਜ੍ਹਾ ਕਰਕੇ ਹੀ ਮੇਰੇ ਪਿਤਾ ਦਾ ਹੌਸਲਾ ਨਹੀਂ ਡਿਗਿਆ ਅਤੇ ਉਹ ਸਰਕਾਰੀ ਨੌਕਰੀ ਲੈਣ ਵਿਚ ਕਾਮਯਾਬ ਹੋਏ। ਕਿਸਮਤ ਨਾਲ ਉਨ੍ਹਾਂ ਦਾ ਮਨੋਰਥ ਸਫਲ ਹੋਇਆ ਅਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਡਾਕ ਵਿਭਾਗ ਵਿਚ ਉਚਾ ਅਹੁਦਾ ਮਿਲ ਗਿਆ ਪਰ ਟਰਾਂਸਫਰ ਵਾਲੀ ਨੌਕਰੀ ਸੀ, ਨੌਕਰੀ ਦੀਆਂ ਮਜਬੂਰੀਆਂ ਸਨ, ਚਾਹੁੰਦੇ ਹੋਏ ਵੀ ਪਿੰਡ ਆ ਕੇ ਆਪਣੇ ਬਚਪਨ ਦੇ ਦੋਸਤ ਨੂੰ ਉਹ ਨਾ ਮਿਲ ਸਕੇ। ਦੋਹਾਂ ਵਿਚ ਕਾਫੀ ਚਿਰ ਚਿੱਠੀ-ਪੱਤਰ ਚਲਦਾ ਰਿਹਾ, ਫਿਰ ਪਰਿਵਾਰਕ ਜ਼ਿੰਮੇਵਾਰੀਆਂ ਕਰਕੇ ਉਹ ਵੀ ਬੰਦ ਹੋ ਗਿਆ ਪਰ ਆਪਣੇ ਬਚਪਨ ਦੇ ਪਿਆਰੇ ਦੋਸਤ ਦੇ ਅਹਿਸਾਨਾਂ ਨੂੰ ਮੇਰੇ ਪਿਤਾ ਜੀ ਆਖਰੀ ਸਮੇਂ ਤਕ ਨਹੀਂ ਭੁੱਲੇ। ਮਰਦੇ ਸਮੇਂ ਉਨ੍ਹਾਂ ਨੇ ਮੈਨੂੰ ਤੁਹਾਡੇ ਪਿੰਡ ਦਾ ਪੂਰਾ ਪਤਾ ਦੱਸਦਿਆਂ ਕਿਹਾ ਸੀ ਕਿ ਮੈਂ ਉਨ੍ਹਾਂ ਦੇ ਬਚਪਨ ਦੇ ਦੋਸਤ ਦੀ ਭਾਲ ਕਰਾਂ ਅਤੇ ਕਿਸੇ ਨਾ ਕਿਸੇ ਢੰਗ ਨਾਲ ਉਸ ਅਹਿਸਾਨ ਦਾ ਘੱਟ ਹੀ ਸਹੀ, ਬਦਲਾ ਚੁਕਾਵਾਂ।"

ਕਮਰੇ ਦਾ ਮਾਹੌਲ ਭਾਰੀ ਹੋ ਗਿਆ ਸੀ। ਬਿਸ਼ੰਭਰ ਦੇ ਮੂੰਹੋਂ ਕੋਈ ਆਵਾਜ਼ ਨਾ ਨਿਕਲੀ।

ਮਹਿਮਾਨ ਨੇ ਲੰਮੀ ਗੱਲਬਾਤ ਦੌਰਾਨ ਕੁਝ ਰੁਕਣ ਲਈ ਮੇਜ 'ਤੇ ਪਏ ਪਾਣੀ ਦੇ ਗਲਾਸ ਵਿਚੋਂ ਕੁਝ ਪਾਣੀ ਪੀਤਾ ਅਤੇ ਫਿਰ ਗੱਲ ਦੀ ਲੜੀ ਜੋੜੀ, "ਇਸ ਕੋਸ਼ਿਸ਼ ਵਿਚ ਮੈਂ ਸਭ ਤੋਂ ਪਹਿਲਾਂ ਪਿੰਡ ਵਿਚ ਹੀ ਬਾਬੂ ਜੀ ਨੂੰ ਲੱਭਿਆ। ਪਤਾ ਲੱਗਾ ਕਿ ਉਹ ਆਪਣੀ ਸਾਰੀ ਜਾਇਦਾਦ ਵੇਚ ਕੇ ਕਿਸੇ ਸ਼ਹਿਰ ਵਿਚ ਵੱਸ ਗਏ ਹਨ। ਕਿਉਂਕਿ ਸ਼ਹਿਰ ਦਾ ਨਾਂ ਅਤੇ ਨਿਸ਼ਚਿਤ ਪਤਾ-ਟਿਕਾਣਾ ਕੋਈ ਨਹੀਂ ਦੱਸ ਸਕਿਆ, ਫਿਰ ਵੀ ਹਨੇਰੇ ਵਿਚ ਮੇਰੀ ਭਾਲ ਬਰਾਬਰ ਚਲਦੀ ਰਹੀ। ਹੁਣੇ ਪਿਛੇ ਜਿਹੇ ਮੈਨੂੰ ਉਨ੍ਹਾਂ ਦੇ ਘਰ-ਪਰਿਵਾਰ ਬਾਰੇ ਪੂਰੀ ਜਾਣਕਾਰੀ ਮਿਲੀ। ਰੱਬ ਦੀ ਕਿਰਪਾ ਨਾਲ ਆਪਣੇ ਪ੍ਰਤਿਭਾਸ਼ਾਲੀ ਬੱਚਿਆਂ ਕਰਕੇ ਮੈਨੂੰ ਵੀ ਬਰਾਦਰੀ ਵਿਚ ਜਾਣਿਆ ਜਾਣ ਲੱਗ ਪਿਆ ਹੈ, ਇਸ ਲਈ ਮੈਂ ਪੁਰਾਣੀ ਦੋਸਤੀ ਨੂੰ ਸਥਾਈ ਬਣਾਉਣ ਲਈ ਦੋਹਾਂ ਪਰਿਵਾਰਾਂ ਵਿਚਾਲੇ ਵਿਆਹ-ਸਬੰਧ ਜੋੜਨ ਦੀ ਵਿਉਂਤ ਬਣਾਈ। ਇਸੇ ਕਰਕੇ ਮੇਰਾ ਪਰਿਵਾਰ ਅੱਜ ਤੁਹਾਡੇ ਕੋਲ ਮੌਜੂਦ ਹੈ ਪਰ ਤੁਸੀਂ ਆਪ ਹੀ ਦੱਸੋ, ਕੀ ਬਾਬੂ ਜੀ ਦੀ ਗੈਰ ਹਾਜ਼ਰੀ ਵਿਚ ਸਾਡੇ ਲਈ ਸ਼ਾਦੀ ਪੱਕੀ ਕਰਨੀ ਠੀਕ ਹੋਵੇਗੀ?"

ਖਾਮੋਸ਼ੀ ਜਿਹੀ ਛਾ ਗਈ। ਉਸ ਅਚੇਤ ਅਵਸਥਾ ਵਿਚ ਬਿਸ਼ੰਭਰ ਦੇ ਦਿਲ ਦੀ ਵਧੀ ਧੜਕਣ ਸਾਫ ਸੁਣੀ ਜਾ ਸਕਦੀ ਸੀ। ਜਿਸ ਬੰਦੇ ਪ੍ਰਤੀ ਸ਼ੁਕਰਾਨਾ ਕਰਨ ਲਈ ਇਹ ਪਰਿਵਾਰ ਉਹਦੇ ਘਰ ਆਇਆ, ਉਸੇ ਦੀ ਉਹਨੇ 'ਮਾਲੀ' ਕਹਿ ਕੇ ਜਾਣਕਾਰੀ ਦਿੱਤੀ ਹੈ। ਇਹ ਸੱਚ ਹੈ ਕਿ ਬੁੜ੍ਹੇ...ਨਾ ਨਾ, ਪਿਤਾ ਜੀ ਦਾ ਹੁਲੀਆ ਉਸ ਸਮੇਂ ਅਜਿਹਾ ਨਹੀਂ ਸੀ ਕਿ ਖਾਨਦਾਨੀ ਪਰਿਵਾਰ ਨਾਲ ਜਾਣ-ਪਛਾਣ ਕਰਵਾਈ ਜਾ ਸਕਦੀ ਪਰ ਉਨ੍ਹਾਂ ਦੀ ਇਸ ਹਾਲਤ ਦਾ ਜ਼ਿੰਮੇਵਾਰ ਕੌਣ ਹੈ? ਉਨ੍ਹਾਂ ਚਾਣਚੱਕ ਪਲਾਂ ਵਿਚ ਉਸ ਨੂੰ ਸਿਰਫ ਆਪਣੀ ਪਛਾਣ ਬਚਾਉਣ ਦਾ ਖਿਆਲ ਦਿਮਾਗ ਵਿਚ ਆਇਆ ਸੀ। ਸੋਚਿਆ ਸੀ, ਕਿਸੇ ਬੰਦੇ ਦੀ ਥੋੜ੍ਹੀ ਅਤੇ ਉਹ ਵੀ ਮੂਕ ਦਿਖ ਲੋਕਾਂ ਨੂੰ ਕਿਥੇ ਯਾਦ ਰਹਿੰਦੀ ਹੈ? ਸ਼ਾਦੀ ਵੇਲੇ ਕੰਨਿਆਂ ਦੇ ਦਾਦੇ ਨੂੰ ਉਹ ਇੰਨੀ ਸਜਧਜ ਨਾਲ ਪੇਸ਼ ਕਰੇਗਾ ਕਿ ਅਸਮਾਨ ਦੇ ਫਰਿਸ਼ਤੇ ਵੀ ਮਾਲੀ ਨਾਲ ਉਸ ਦੀ ਤੁਲਨਾ ਨਹੀਂ ਕਰ ਸਕਣਗੇ ਪਰ ਇਸ ਨਵੇਂ ਰਹੱਸ ਤੋਂ ਪਰਦਾ ਉਠਣ ਪਿਛੋਂ...।

"ਠੀਕ ਹੈ ਫਿਰ, ਅਸੀਂ ਚਲਦੇ ਹਾਂ।" ਕਹਿੰਦਿਆਂ ਮਹਿਮਾਨ ਉਠ ਖੜ੍ਹੇ ਹੋਏ ਅਤੇ ਉਨ੍ਹਾਂ ਦੇ ਪਰਿਵਾਰ ਵਾਲੇ ਵੀ ਨਾਲ ਹੀ ਉਠ ਖੜ੍ਹੇ ਹੋਏ।

ਉਦੋਂ ਹੀ ਗੇਟ 'ਤੇ ਦਸਤਕ ਹੋਈ, "ਕੌਣ?" ਬਿਸ਼ੰਭਰ ਨੇ ਪੁੱਛਿਆ।

ਕਾਲੋਨੀ ਦੇ ਕਿਸੇ ਜਾਣਕਾਰ ਮੁੰਡੇ ਨੇ ਅੰਦਰ ਆ ਕੇ ਗੰਭੀਰ ਆਵਾਜ਼ ਵਿਚ ਦੱਸਿਆ, "ਛੇਤੀ ਚੱਲੋ, ਤੁਹਾਡੇ ਪਿਤਾ ਜੀ ਦਾ ਮੰਦਿਰ ਦੀਆਂ ਪੌੜੀਆਂ 'ਤੇ ਬੈਠੇ-ਬੈਠੇ ਦਿਹਾਂਤ ਹੋ ਗਿਆ ਹੈ।" ਬਿਸ਼ੰਭਰ ਨੂੰ ਲੱਗਾ, ਉਹ ਬੇਹੋਸ਼ ਹੋ ਜਾਵੇਗਾ। ਮਹਿਮਾਨ ਦੀ ਜਿਵੇਂ ਸੈਂਕੜੇ ਮੀਲ ਦੂਰੋਂ ਆਉਂਦੀ ਆਵਾਜ਼ ਉਹਦੇ ਕੰਨਾਂ ਵਿਚ ਪੈ ਰਹੀ ਸੀ, "ਬਾਬੂ ਜੀ ਦੇ ਇਸ ਰੂਪ ਵਿਚ ਦਰਸ਼ਨ ਕਰਨ ਦੀ ਮੇਰੀ ਬਦਕਿਸਮਤੀ ਹੈ, ਕੀ ਪਤਾ ਸੀ?"

ਪਤਾ ਤਾਂ ਉਹਨੂੰ ਵੀ ਨਹੀਂ ਸੀ ਕਿ ਕਿਸ ਗੈਬੀ ਤਾਕਤ ਨਾਲ ਖੁਦ ਨੂੰ ਲੋਪ ਕਰਕੇ ਇਸ ਪਰਿਵਾਰ ਨੂੰ ਮੂੰਹ ਵਿਖਾਉਣ ਤੋਂ ਬਚ ਸਕੇ। ਉਹਨੇ ਦੋਹਾਂ ਹੱਥਾਂ ਨਾਲ ਆਪਣਾ ਮੱਥਾ ਫੜ ਲਿਆ ਅਤੇ ਅਸਪਸ਼ਟ ਦੁਖੀ ਆਵਾਜ਼ ਗਲੇ 'ਚੋਂ ਨਿਕਲੀ।

# ਡਾਲਰ ਸੌਖੇ ਬਣਦੇ ਨਾ...

**ਨਿੰਮਾ ਡੱਲੇਵਾਲਾ**
ਫੋਨ: 513-432-8754

ਡਾਲਰਾਂ ਵਾਲੇ ਮੁਲਕ ਵਿਚ ਬੈਠੇ ਦਾ ਮੇਰਾ ਮਨ ਅੱਜ ਡਾਲਰ ਦੀ ਵੁੱਕਤ ਅਤੇ ਪਰਿਭਾਸ਼ਾ ਬਿਆਨ ਕਰਨ ਨੂੰ ਕੀਤਾ। ਵਤਨ ਬੈਠਿਆਂ ਵਿਚੋਂ ਬਹੁਤਿਆਂ ਨੂੰ ਭਰਮ ਹੈ ਕਿ ਅਮਰੀਕਾ ਵਿਚ ਡਾਲਰ ਦਰਖਤਾਂ ਨੂੰ ਲੱਗਦੇ ਹਨ ਤੇ ਜਾਓ ਤੇ ਝਾੜੂ ਨਾਲ ਇਕੱਠੇ ਕਰ ਲਓ। ਅਸਲੀਅਤ ਇਹ ਹੈ ਕਿ ਡਾਲਰ ਲਈ ਸਰੀਰ ਤੋੜਨਾ ਪੈਂਦਾ ਹੈ ਅਤੇ ਇਹ ਮਿਹਨਤ ਦੇ ਝਾੜੂ ਨਾਲ ਇਕੱਠੇ ਹੁੰਦੇ ਹਨ। ਮੁਲਕ ਭਾਵੇਂ ਕੋਈ ਵੀ ਹੋਵੇ, ਸੁਖ ਤਿਆਗੇ ਬਿਨਾ ਅਤੇ ਮਿਹਨਤ ਤੇ ਰਿਆਜ਼ ਬਿਨਾ ਦੌਲਤ-ਸ਼ੁਹਰਤ ਨਹੀਂ ਮਿਲਦੀ।


ਪਰਦੇਸਾਂ ਦੀ ਭੱਠੀ ਵਿਚ ਡਾਲਰ ਕਿਵੇਂ ਬਣਦੇ ਹਨ, ਇਹ ਤਾਂ ਸਿਰਫ ਉਨ੍ਹਾਂ ਨੂੰ ਹੀ ਪਤਾ ਹੈ, ਜਿਨ੍ਹਾਂ ਨੇ ਇਸ ਨੂੰ ਪਿੰਡੇ 'ਤੇ ਹੰਢਾਇਆ ਹੈ। ਅੱਗ ਦੇ ਸੇਕ ਤੋਂ ਵੀ ਵੱਧ ਤਕਲੀਫਾਂ ਦਾ ਸੇਕ ਝੱਲਣਾ ਪੈਂਦਾ ਹੈ। ਕਿਸੇ ਨੇੜਲੇ ਦੀ ਮੌਤ ਤੋਂ ਜਨਮੇ ਹੰਝੂਆਂ ਨੂੰ ਵੀ ਅੰਦਰੇ-ਅੰਦਰ ਪੀਣਾ ਪੈਂਦਾ ਹੈ। ਪਰਦੇਸਾਂ ਵਿਚ ਕਈ ਵਾਰੀ ਚਿਹਰੇ ਦੀਆਂ ਉਦਾਸੀਆਂ ਉਤੇ ਨਕਲੀ ਹਾਸਿਆਂ ਦਾ ਨਕਾਬ ਵੀ ਪਾਉਣਾ ਪੈਂਦਾ ਹੈ, ਕਿਉਂਕਿ ਇਥੇ ਕੋਈ ਕਿਸੇ ਦਾ ਕਰੀਬੀ ਨਹੀਂ ਹੁੰਦਾ, ਜਿਸ ਦੇ ਮੋਢੇ 'ਤੇ ਸਿਰ ਰੱਖ ਕੇ ਕੋਈ ਅੱਥਰੂ ਵਹਾ ਕੇ ਦਿਲ ਹੌਲਾ ਕਰ ਸਕੇ। ਇਕੋ ਜਿਹੇ ਦਰਦਾਂ ਦੀਆਂ ਪੰਡਾਂ ਹਰ ਇਕ ਦੇ ਸਿਰ 'ਤੇ ਪਈਆਂ ਹਨ ਤੇ ਹਰ ਕੋਈ ਆਪਣੀ ਪੰਡ ਦਾ ਭਾਰ ਹਲਕਾ ਕਰਨ ਦੀਆਂ ਜੁਗਤਾਂ ਵਿਚ ਜੁਟਿਆ ਹੈ।

ਉਂਜ ਵੀ ਇਥੇ ਤੇਜ਼ ਰਫਤਾਰ ਜ਼ਿੰਦਗੀ ਵਿਚ ਕਿਸੇ ਕੋਲ ਵਕਤ ਹੀ ਨਹੀਂ ਕਿ ਉਹ ਕਿਸੇ ਕੋਲ ਦੋ ਘੜੀ ਰੁਕ ਕੇ ਦੁੱਖ ਸੁਣੇ। ਮੰਨਿਆ ਕਿ ਵਕਤ ਦੀ ਮੱਲ੍ਹਮ ਸਭ ਜ਼ਖਮ ਭਰ ਦਿੰਦੀ ਹੈ, ਕੀਤੀ ਕਿਰਤ ਤੇ ਤਪੱਸਿਆ ਜ਼ਿੰਦਗੀ ਦਾ ਅਗਲਾ ਸਮਾਂ ਸੁਖ ਦੇ ਸਾਹ, ਕੁਝ ਖੁਸ਼ੀਆਂ ਵਾਲੇ ਦਿਨ ਅਤੇ ਪੱਲੇ ਚਾਰ ਪੈਸੇ ਲਿਆ ਦਿੰਦਾ ਹੈ, ਪਰ ਪਰਦੇਸਾਂ ਵਿਚ ਸ਼ੁਰੂ ਵਿਚ ਮੱਤਾਂ ਵਾਲੇ ਬੋਲ ਕੰਨਾਂ ਵਿਚ ਜ਼ਰੂਰ ਗੂੰਜਦੇ ਹਨ। ਇਹ ਘਰੋਂ ਪੈਰ ਪੁੱਟਣ ਦੀਆਂ ਭੁੱਲਾਂ ਦਾ ਅਹਿਸਾਸ ਵੀ ਕਰਵਾਉਂਦੇ ਹਨ ਤੇ ਇਥੇ ਹੱਡ-ਭੰਨਵੀਂ ਕਮਾਈ ਕਰਨ ਵੇਲੇ 'ਛੱਜੂ ਦੇ ਚੁਬਾਰੇ ਵਾਲਾ ਸੁੱਖ' ਵੀ ਯਾਦ ਆਉਂਦਾ ਹੈ:

ਡਾਲਰ ਸੌਖੇ ਬਣਦੇ ਨਾ
ਪਵੇ ਬਣ ਪਸੀਨਾ ਚੋਣਾ।
ਜਦੋਂ ਚੁਭਣ ਯਾਦਾਂ ਦੇ ਕੰਡੇ
ਉਦੋਂ ਪੈ ਵੀ ਜਾਂਦਾ ਰੋਣਾ।
ਇਥੇ ਦਰਦ ਵੰਡਾਵੇ ਨਾ ਕੋਈ
ਪਵੇ ਭਾਰ ਇਕੱਲਿਆਂ ਢੋਣਾ।
ਦਿਲ ਜਦੋਂ ਵੀ ਆਖ ਦੇਵੇ
ਪਵੇ ਮੂੰਹ ਹੰਝੂਆਂ ਸੰਗ ਧੋਣਾ।
ਮਿਲੇ ਸ਼ੁਹਰਤ ਸੁਖਾਲੀ ਨਾ
ਪੈਂਦਾ ਪਾਉਣ ਲਈ ਕੁਝ ਖੋਣਾ।

ਡਾਲਰ ਦਾ ਚੜ੍ਹਾਅ ਉਥੇ (ਭਾਰਤ) ਬੈਠਿਆਂ ਦੇ ਮਨ ਦਾ ਸੰਤੁਲਨ ਵਿਗਾੜੀ ਜਾਂਦਾ ਹੈ ਤੇ ਆਪਣੇ ਵੱਲ ਚੁੰਬਕ ਵਾਂਗੂੰ ਖਿਚਦਾ ਹੈ ਅਤੇ ਇਥੇ ਆਇਆਂ ਦੇ ਮਨ ਦੀ ਸ਼ਾਂਤੀ ਭੰਗ ਕਰੀ ਰੱਖਦਾ ਹੈ। ਆਪਣੇ ਮੁਲਕ ਬੁਲਾਉਣ ਲਈ ਇਹ ਕਰਜ਼ੇ ਚੁੱਕਣ ਤੇ ਜਮੀਨਾਂ ਵੇਚਣ ਲਈ ਵੀ ਆਖ ਦਿੰਦਾ ਹੈ। ਇਸ ਦਾ ਰੋਹਬ ਅਤੇ ਹਕੂਮਤੀ ਵਰਤਾਰਾ ਹਰ ਗਰੀਬ ਮੁਲਕ ਦੇ ਲੋਕਾਂ 'ਤੇ ਚਲਦਾ ਹੈ। ਡਾਲਰਾਂ ਦੀ ਚਾਹਤ ਜਮੀਨਾਂ ਵਿਕਵਾ ਦਿੰਦੀ ਹੈ ਤੇ ਜਦੋਂ ਮਿਹਨਤਾਂ ਨਾਲ ਡਾਲਰ ਜੁੜਦੇ ਹਨ ਤਾਂ ਇਹ ਜਮੀਨਾਂ ਖਰੀਦਣ ਵੀ ਲਾ ਦਿੰਦਾ ਹੈ। ਉਂਜ ਡਾਲਰ ਲਈ ਕੀ-ਕੀ ਕਰਨਾ ਪੈਂਦਾ ਹੈ, ਪਰਾਈ ਧਰਤੀ ਉਤੇ, ਹਰ ਕਾਮਯਾਬ ਇਨਸਾਨ ਦੀਆਂ ਹੱਡ-ਬੀਤੀਆਂ ਦੀਆਂ ਕੁਝ ਵੱਖ-ਵੱਖ ਝਲਕਾਂ ਹਨ।

ਇਨ੍ਹਾਂ ਮੁਲਕਾਂ ਵਿਚ ਅਸਿਧੇ ਤਰੀਕੇ ਨਾਲ ਦਾਖਲਾ ਤਾਂ ਪਹਿਲਾਂ ਹੀ ਮੁਸੀਬਤਾਂ ਦੀ ਸੂਲੀ ਟੰਗ ਕੇ ਅਕਲਾਂ ਦੇ ਪਾਠ ਪੜ੍ਹਾ ਦਿੰਦਾ ਹੈ। ਸਹੀ ਤਰੀਕੇ ਨਾਲ ਅੱਪੜਿਆਂ ਨੂੰ ਵੀ ਕੁਝ ਦਿਨਾਂ ਦੀ ਮਹਿਮਾਨ-ਨਿਵਾਜ਼ੀ ਪਿਛੋਂ ਔਕੜਾਂ ਦਾ ਟਾਕਰਾ ਕਰਨਾ ਪੈ ਜਾਂਦਾ ਹੈ। ਬਿਨਾ ਪੇਪਰਾਂ ਅਤੇ ਤਜਰਬੇ ਤੋਂ ਆਏ ਲੋਕਾਂ ਵਿਚੋਂ ਕਈਆਂ ਦੀ ਸ਼ੁਰੂਆਤ ਹੋਟਲਾਂ ਜਾਂ ਗੈਸ ਸਟੇਸ਼ਨਾਂ ਤੋਂ ਹੁੰਦੀ ਹੈ। ਗੈਸ ਸਟੇਸ਼ਨ ਭਾਵੇਂ ਪੰਜਾਬੀ ਦਾ ਹੋਵੇ ਪਰ ਗਾਹਕ ਤਾਂ ਸਭ ਗੋਰੇ ਹੀ ਆਉਂਦੇ ਹਨ। ਇਥੇ ਪਹਿਲਾ ਮਸਲਾ ਭਾਸ਼ਾ ਹੈ। ਗੱਡੀ ਵਿਚ ਤੇਲ ਪਾਉਣਾ ਹੁੰਦਾ। ਚਲੋ 'ਵਿਚ ਵੰਨ' (ਕਿਹੜੀ), 'ਹਾਊ ਮੱਚ' (ਕਿੰਨੀ) ਤੋਂ ਕੰਮ ਰੁੜ੍ਹ ਪੈਂਦਾ ਹੈ, ਪਰ ਕੰਮ ਸੱਤੇ ਦਿਨ ਤੇ ਬਾਰਾਂ ਘੰਟੇ; ਮੀਂਹ ਜਾਵੇ, ਚਾਹੇ ਹਨੇਰੀ ਆਵੇ!



ਬਿਨਾ ਲਾਇਸੈਂਸ ਇਥੇ ਚੰਗਾ ਭਲਾ ਬੰਦਾ ਅਪਾਹਜ ਬਣ ਜਾਂਦਾ ਹੈ। ਪੂਰਾ ਦਿਨ ਕੰਮ ਕਰਕੇ ਘਰ ਜਾਂਦਿਆਂ ਰੋਟੀ ਸਬਜ਼ੀ ਵੀ ਆਪ ਬਣਾਉਣ ਵੇਲੇ ਵਿਆਹਿਆਂ ਨੂੰ ਘਰ ਵਾਲੀਆਂ ਤੇ ਕੁਆਰਿਆਂ ਨੂੰ ਮਾਂਵਾਂ ਬਹੁਤ ਚੇਤੇ ਆਉਂਦੀਆਂ। ਗੈਸ ਸਟੇਸ਼ਨ ਦਾ ਮਾਲਕ ਚੰਗਾ ਮਿਲ ਜਾਏ ਤਾਂ ਚੰਗਾ, ਨਹੀਂ ਤਾਂ ਮਾੜੇ ਨਾਲ ਵਕਤ ਕੱਟਣਾ ਬੜਾ ਔਖਾ। ਜੇ ਗਾਹਕ ਦੀ ਗੱਡੀ ਦਾ ਸ਼ੀਸ਼ਾ ਸਾਫ ਨਾ ਕੀਤਾ ਤਾਂ ਝਿੜਕਾਂ; ਤੇਲ ਚੈਕ ਨਾ ਕੀਤਾ ਤਾਂ ਝਿੜਕਾਂ!

ਰੈਸਟੋਰੈਂਟਾਂ-ਹੋਟਲਾਂ ਵਿਚ ਹਲਵਾਈ-ਸ਼ੈਫ ਦੀ ਹੈਲਪ ਜਾਂ ਭਾਂਡੇ ਮਾਂਜਣੇ ਪੈਂਦੇ ਹਨ। ਰਸੋਈ ਵਿਚ ਕੰਮ ਕਰਨ ਕਰਕੇ ਅੰਗਰੇਜ਼ੀ ਵਾਲੀ ਮਾਰ ਤੋਂ ਬਚਾ ਹੋ ਜਾਂਦਾ ਹੈ, ਪਰ ਨਹਾਉਣ ਮਗਰੋਂ ਵੀ ਬੰਦੇ 'ਚੋਂ ਮਿਰਚ-ਮਸਾਲਿਆਂ ਦੀ ਮਹਿਕ ਨਹੀਂ ਜਾਂਦੀ। ਫਾਇਦਾ ਇਹ ਕਿ ਰਹਿਣ ਦਾ ਕਿਰਾਇਆ ਨਹੀਂ ਦੇਣਾ ਪੈਂਦਾ ਤੇ ਨਾ ਹੀ ਤਵੇ 'ਤੇ ਹੱਥ ਫੂਕਣੇ ਪੈਂਦੇ ਹਨ; ਜੋ ਮਰਜ਼ੀ ਖਾਉ, ਉਹ ਵੀ ਮੁਫਤ!

ਡਾਲਰ ਕਮਾਉਣ ਦਾ ਇਕ ਹੋਰ ਤਰੀਕਾ ਹੈ, ਕੰਸਟਰਕਸ਼ਨ ਭਾਵ ਮਿਸਤਰੀਪੁਣਾ। ਇਸ ਵਿਚ ਇੱਟਾਂ ਫੜਾਉਣ ਵਾਲੇ ਨੂੰ ਨੌਕਰ ਅਤੇ ਲਾਉਣ ਵਾਲੇ ਨੂੰ ਕਾਰੀਗਰ ਸਮਝਿਆ ਜਾਂਦਾ ਹੈ। ਇਸ ਵਿਚ ਗਰਾਈਂਡਰ ਵਰਗਾ ਮਿੱਟੀ-ਘੱਟੇ ਵਾਲਾ ਕੰਮ ਵੀ ਕਰਨਾ ਪੈਂਦਾ ਹੈ। ਇਸ ਕੰਮ ਵਿਚ ਇਕ ਹੋਰ ਕੰਮ ਸਕਾਵਲ ਦਾ ਹੈ, ਜੋ ਚਾਰ-ਪੰਜ ਮੰਜ਼ਿਲਾਂ ਤਕ ਰੱਸਿਆਂ ਵਾਲੀ ਹੁੰਦੀ ਹੈ, ਜਿਸ 'ਤੇ ਚੜ੍ਹ ਕੇ ਗੰਢ ਮਾਰਨੀ ਵੀ ਕਾਰੀਗਰੀ ਸਮਝੀ ਜਾਂਦੀ ਹੈ। ਪੰਜਾਹ ਮੰਜ਼ਿਲਾਂ ਤਕ ਜਾਂਦੀ ਤਾਰਾਂ ਵਾਲੀ ਮੋਟਰਾਂ ਨਾਲ ਚਲਦੀ ਸਕਾਵਲ ਦਾ ਕੰਮ ਸਭ ਤੋਂ ਖਤਰਨਾਕ ਹੈ। ਤਾਰਾਂ ਨਾਲ ਬੰਨ੍ਹੇ ਫੱਟੇ ਵਰਗੀ ਸ਼ੈਅ 'ਤੇ ਖੜ੍ਹ ਕੇ ਕੰਮ ਕਰਨਾ ਸੌਖਾ ਨਹੀਂ। ਡਾਲਰ ਕਮਾਉਣ ਦਾ ਇਹ ਤਰੀਕਾ ਮੌਤ ਦੇ ਖੂਹ ਵਿਚ ਮੋਟਰਸਾਈਕਲ ਚਲਾਉਣ ਵਰਗਾ ਹੈ:

ਕੰਮ ਕੋਈ ਵੀ ਸੌਖਾ ਨਾ
ਜਿਹੜਾ ਮਰਜ਼ੀ ਭਾਵੇਂ ਕਰ'ਲੋ।
ਆਉਣ ਵਾਲੇ ਕੱਲ੍ਹ ਦੇ ਲਈ
ਤੁਸੀਂ ਕੁਝ ਔਖਿਆਈ ਜਰ'ਲੋ।
ਬਿਨ ਮਿਹਨਤ ਮੰਜ਼ਿਲ ਨਾ ਮਿਲਣੀ
ਲੱਖ ਸਾਗਰ ਭਾਵੇਂ ਤਰ'ਲੋ।
ਨਿੰਮਾ ਆਖੇ ਜੇਤੂ ਬਣਜੋਗੇ,
ਵੱਸ ਮਿਹਨਤ ਅੱਗੇ ਹਰ'ਲੋ।

ਪੇਪਰ ਹੱਥ ਆਉਣ 'ਤੇ ਹਰ ਪੰਜਾਬੀ ਟੈਕਸੀ ਚਲਾਉਣ ਨੂੰ ਭੱਜਦਾ ਹੈ। ਫਿਰ ਡਾਲਰ ਅੱਗੇ-ਅੱਗੇ, ਟੈਕਸੀ ਪਿੱਛੇ-ਪਿੱਛੇ। ਡਾਲਰ ਬਣਦੇ ਤਾਂ ਹਨ ਪਰ ਤਕਲੀਫਾਂ ਤੇ ਬੇ-ਅਰਾਮੀਆਂ ਹੰਢਾ ਕੇ। ਸ਼ਾਮ ਤਕ ਦਿਮਾਗ ਦਾ ਦਹੀਂ ਬਣ ਜਾਂਦੈ। ਟੈਕਸੀ ਦੇ ਧੰਦੇ ਤੋਂ ਵੱਧ ਡਾਲਰ ਛਪਦੇ ਹਨ, ਟਰੱਕ ਚਲਾਉਣ 'ਚ। ਕਈ ਵਾਰ ਟਰੱਕ ਵਾਹੁੰਦਿਆਂ ਸਵੇਰ ਤੋਂ ਦੂਜੀ ਸਵੇਰ ਵੀ ਹੋ ਜਾਂਦੀ ਹੈ। ਅਮਰੀਕਾ ਦੇ ਇਕ ਸਿਰ ਤੋਂ ਦੂਜੇ ਸਿਰੇ ਤਕ ਦੀ ਸੈਰ ਵੀ ਹੋ ਜਾਂਦੀ ਹੈ ਤੇ ਕਈ ਵਾਰੀ ਕੈਨੇਡਾ ਬਾਰਡਰ ਵੀ ਲੰਘਣਾ ਪੈ ਜਾਂਦਾ ਹੈ ਪਰ ਡਾਲਰਾਂ ਦੀ ਚਮਕ ਕਦੇ ਥਕਾਵਟ ਵਾਲੀ ਧੁੰਦ ਅੱਗੇ ਨਹੀਂ ਆਉਣ ਦਿੰਦੀ। ਇਸ ਕੰਮ ਵਿਚ ਪਸੀਨੇ ਦੀਆਂ ਬੂੰਦਾਂ, ਡਾਲਰਾਂ ਦਾ ਮੀਂਹ ਬਣਦੀਆਂ ਮੈਂ ਖੁਦ ਦੇਖੀਆਂ ਹਨ, ਪਰ ਮਜਬੂਰੀ ਤੇ ਮਜ਼ਦੂਰੀ ਦਾ ਰੰਗ ਜ਼ਰੂਰ ਘੋਲਣਾ ਪੈਂਦਾ ਹੈ, ਕਿਉਂਕਿ ਡਾਲਰ ਸੌਖੇ ਨਹੀਂ ਬਣਦੇ।

ਇਹ ਸਾਰੇ ਕੰਮ ਅਸੀਂ ਪਰਦੇਸਾਂ ਵਿਚ ਹੱਸ ਕੇ ਕਰ ਲੈਂਦੇ ਹਾਂ। ਅਸੀਂ ਲੈਟਰੀਨਾਂ ਵੀ ਸਾਫ ਕਰ ਲੈਂਦੇ ਹਾਂ, ਭਾਂਡੇ ਵੀ ਮਾਂਜ ਲੈਂਦੇ ਹਾਂ, ਪਰ ਆਪਣੇ ਦੇਸ਼ ਵਿਚ ਸਾਨੂੰ ਸ਼ਰਮ ਮਾਰ ਜਾਂਦੀ ਹੈ। ਜੇ ਪਰਦੇਸਾਂ ਵਾਲੀ ਮਿਹਨਤ ਅਸੀਂ ਆਪਣੇ ਦੇਸ਼ ਵਿਚ ਕਰੀਏ ਤਾਂ ਕਾਮਯਾਬੀ ਹਾਸਲ ਕਰਨ ਤੋਂ ਕੌਣ ਰੋਕ ਸਕਦਾ! ਪਰਦੇਸਾਂ ਵਿਚ ਪੈਸਾ ਕਮਾਉਣ ਦੇ ਚੱਕਰ ਵਿਚ ਮਨ ਦੀਆਂ ਖੁਸ਼ੀਆਂ, ਸੱਧਰਾਂ ਤੇ ਦਿਲ ਦੇ ਚਾਅ-ਸਭ ਦਫਨ ਹੋ ਜਾਂਦੇ ਹਨ। ਘਰ-ਪਰਿਵਾਰ ਨਾਲੋਂ ਟੁੱਟ ਕੇ ਕਮਾਏ ਡਾਲਰਾਂ ਨੂੰ ਕੋਈ ਕੀ ਕਰੇਗਾ? ਪਰਦੇਸਾਂ ਵਿਚ ਲਹੂਰਾਂ ਦੀਆਂ ਕਮਾਈਆਂ ਹਨ। ਸਿਰਫ ਫੋਨ ਕਰਕੇ ਲੱਖ ਮੰਗਾਉਣਾ ਸੌਖਾ ਹੈ, ਹੱਡ ਰਗੜਾ ਕੇ ਕਮਾਉਣਾ ਬਹੁਤ ਔਖਾ, ਕਿਉਂਕਿ ਡਾਲਰ ਸੌਖੇ ਬਣਦੇ ਨਾ...।

# ਰੁੱਤ ਫਿਰੀ...


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪੰਜਾਬੀ ਦੇ ਆਦਿ ਕਵੀ ਨੇ ਰੁੱਤ ਦੇ ਬਦਲਣ ਬਾਰੇ ਕਿੰਨਾ ਸੋਹਣਾ ਲਿਖਿਆ ਹੈ,

ਫਰੀਦਾ ਰੁਤਿ ਫਿਰੀ ਵਣੁ ਕੰਬਿਆ
ਪਤ ਝੜੇ ਝੜਿ ਪਾਹਿ।
ਚਾਰੇ ਕੁੰਡਾ ਢੂੰਢੀਆਂ
ਰਹਣੁ ਕਿਥਾਊ ਨਾਹਿ।

ਬੁੱਲੇ ਸ਼ਾਹ ਨੇ ਵੀ ਰੁੱਤ ਫਿਰਨ ਦੀ ਗੱਲ ਕੀਤੀ ਹੈ,

ਫਿਰੀ ਰੁੱਤ ਸ਼ਗੂਫਿਆਂ ਵਾਲੀ
ਚਿੜੀਆਂ ਚੁਗਣ ਨੂੰ ਆਈਆਂ।
ਇਕਨਾ ਨੂੰ ਜੁਰਿਆਂ ਲੈ ਖਾਧਾ
ਇਕਨਾ ਨੂੰ ਫਾਹੀਆਂ ਲਾਈਆਂ।

ਰੁੱਤ ਇਕ ਚੱਕਰਮਈ ਵਰਤਾਰਾ ਹੈ, ਜੋ ਭਾਰਤ ਵਿਚ ਛੇ ਵਾਰ ਫਿਰਦਾ ਹੈ। ਇਸ ਨੂੰ ਖਟਰਿਤੁ (ਖਟ=ਛੇ) ਵੀ ਕਿਹਾ ਜਾਂਦਾ ਹੈ। ਮੋਟੇ ਤੌਰ 'ਤੇ ਹਰ ਰੁੱਤ ਦੋ ਮਹੀਨੇ ਵਿਚਰਦੀ ਹੈ, ਜੋ ਦੋ-ਦੋ ਦੇਸੀ ਮਹੀਨਿਆਂ ਦੇ ਨਾਂਵਾਂ ਨਾਲ ਇੱਕ ਸ਼ਬਦ ਜੁੱਟ ਵਜੋਂ ਦਰਸਾਈ ਜਾਂਦੀ ਹੈ ਜਿਵੇਂ ਜੇਠ-ਹਾੜ, ਸੌਣ-ਭਾਦੋਂ ਆਦਿ। ਵਿਗਿਆਨਕ ਤੌਰ 'ਤੇ ਰੁੱਤ ਬਦਲਣ ਦਾ ਸਬੰਧ ਧਰਤੀ ਦੇ ਸੂਰਜ ਦੁਆਲੇ ਪਰਿਕਰਮਾ-ਪੰਧ ਦੇ ਬਦਲਣ ਨਾਲ ਹੈ, 'ਸੂਰਜ ਏਕੋ ਰੁਤਿ ਅਨੇਕ॥' (ਗੁਰੂ ਨਾਨਕ ਦੇਵ)। ਉਂਜ ਸਾਲ ਦੇ ਅਰਥਾਂ ਵਾਲੇ ਸ਼ਬਦ 'ਵਰ੍ਹਾ' ਵਿਚ ਵੀ ਦੁਹਰਾਈ ਦਾ ਭਾਵ ਹੈ, ਵਰ੍ਹਾ ਵਰਖਾ ਨਾਲ ਜੁੜਿਆ ਹੋਇਆ ਸ਼ਬਦ ਹੈ। ਵਰ੍ਹਾ ਹੈ, ਇਕ ਵਰਖਾ ਰੁੱਤ ਪਿੱਛੋਂ ਦੂਜੀ ਵਰਖਾ ਰੁੱਤ ਜਾਂ ਦੋ ਬਰਸਾਤਾਂ ਦਰਮਿਆਨ ਦਾ ਅਰਸਾ।

ਰੁੱਤ ਲਈ ਅਸੀਂ ਮੌਸਮ ਸ਼ਬਦ ਵੀ ਵਰਤਦੇ ਹਾਂ, ਜੋ ਅਰਬੀ ਵਲੋਂ ਆਇਆ ਹੈ। ਇਸ ਬਾਰੇ ਵਿਸਥਾਰ ਵਿਚ ਚਰਚਾ ਪਹਿਲਾਂ ਹੋ ਚੁਕੀ ਹੈ। ਸਾਡੀਆਂ ਭਾਸ਼ਾਵਾਂ ਵਿਚ ਆ ਕੇ ਮੌਸਮ ਸ਼ਬਦ ਨੇ ਦੋ ਅਰਥ ਧਾਰੇ ਹਨ: ਪਹਿਲਾ, ਸਾਲ 'ਚ ਲੰਮੇ ਸਮੇਂ ਲਈ ਟਿਕਿਆ ਰਹਿੰਦਾ ਲਗਭਗ ਇਕੋ ਜਿਹੇ ਵਾਤਾਵਰਣ ਵਾਲਾ ਸਮਾਂ, ਜਿਸ ਨੂੰ ਅੰਗਰੇਜ਼ੀ ਵਿਚ ਸੀਜ਼ਨ ਕਿਹਾ ਜਾਂਦਾ ਹੈ ਅਤੇ ਦੂਜਾ, ਵੱਧ-ਘੱਟ ਨਿੱਤ ਬਦਲਦਾ ਵਾਤਾਵਰਣ, ਜਿਸ ਨੂੰ ਅੰਗਰੇਜ਼ੀ ਵਿਚ ਵੈਦਰ ਕਿਹਾ ਜਾਂਦਾ ਹੈ। ਧਿਆਨਯੋਗ ਹੈ ਕਿ ਪਹਿਲੇ ਅਰਥ ਲਈ ਅਸੀਂ ਦੇਸੀ ਸ਼ਬਦ ਰੁੱਤ ਵੀ ਵਰਤਦੇ ਹਾਂ, ਪਰ ਵੈਦਰ ਦੇ ਅਰਥਾਂ ਵਿਚ ਰੁੱਤ ਸ਼ਾਇਦ ਹੀ ਕਦੇ ਵਰਤਿਆ ਜਾਂਦਾ ਹੈ। ਇੱਕ ਖਾਸ ਸਮੇਂ ਪਿੱਛੋਂ ਹੋਣ ਵਾਲੇ ਵਰਤਾਰੇ ਲਈ ਰੁੱਤ ਸ਼ਬਦ ਦੀ ਲਾਖਣਿਕ ਵਰਤੋਂ ਵੀ ਹੁੰਦੀ ਹੈ ਤੇ ਮੁਹਾਵਰਈ ਵੀ। ਜਿਵੇਂ ਜੋਬਨ ਰੁੱਤ, 'ਅਸਾਂ ਤਾਂ ਜੋਬਨ ਰੁੱਤੇ ਮਰਨਾ...' (ਸ਼ਿਵ ਕੁਮਾਰ ਬਟਾਲਵੀ); ਵਿਧਵਾ ਰੁੱਤ, ਤੀਆਂ ਦੀ ਰੁੱਤ, ਰੁੱਤ ਰੁੱਤ ਦਾ ਮੇਵਾ।

ਮਨੁੱਖ ਹਮੇਸ਼ਾ ਜ਼ਿੰਦਗੀ ਵਿਚ ਤਬਦੀਲੀ ਤਾਂਘਦਾ ਹੈ। ਰੁੱਤ ਸਾਡੇ ਚੌਗਿਰਦੇ ਤੇ ਸਾਡੀ ਜ਼ਿੰਦਗੀ ਵਿਚ ਨਾਟਕੀ ਤਬਦੀਲੀ ਲਿਆਉਂਦੀ ਹੈ। ਇਹ ਤਬਦੀਲੀ ਸਾਡੇ ਵਿਚ ਰੁਮਾਨੀ ਜਿਹੇ ਰਾਂਗਲੇ ਭਾਵ ਉਤਪੰਨ ਕਰਦੀ ਹੈ। ਰੁੱਤਾਂ ਬਾਰੇ ਢੇਰ ਸਾਰਾ ਸਾਹਿਤ ਰਚਿਆ ਗਿਆ ਹੈ। ਰਾਗ ਰਾਮਕਲੀ ਵਿਚ ਗੁਰੂ ਅਰਜਨ ਦੇਵ ਨੇ ਛੇ ਰੁੱਤਾਂ ਦਾ ਵਰਨਣ ਕੀਤਾ ਹੈ। ਦੇਖੋ ਵਾਰਸ ਸ਼ਾਹ ਤੇ ਸ਼ਿਵ ਕੁਮਾਰ ਨੇ ਰੁੱਤ ਨੂੰ ਕਿਵੇਂ ਵਡਿਆਇਆ ਹੈ,

ਭਾਬੀ ਖਿਜ਼ਾਂ ਦੀ ਰੁੱਤ ਜਾਂ ਆਨ ਪੁੰਨੀ
ਭੌਰ ਆਸਰੇ ਤੇ ਪਏ ਜਾਲਦੇ ਨੀ।
ਸੇਵਨ ਬੁਲਬੁਲਾਂ ਬੂਟਿਆਂ ਸੁੱਕਿਆਂ ਨੂੰ
ਫੇਰ ਫੁਲ ਲੱਗਣ ਨਾਲ ਡਾਲ ਦੇ ਨੀ।
--
ਸਾਨੂੰ ਉਹ ਰੁੱਤ ਲੈ ਦਈਂ ਮੁੱਲ
ਵੇ ਧਰਮੀ ਬਾਬਲਾ
ਜਦ ਪੈਣ ਕਪਾਹੀਂ ਫੁੱਲ
ਵੇ ਧਰਮੀ ਬਾਬਲਾ।
ਇਕ ਦਿਨ ਮੈਂ ਤੇ ਗੀਤ ਮੇਰੇ
ਇਸ ਟੂਣੇਹਾਰੀ ਰੁੱਤੇ
ਦਿਲਾਂ ਦੀ ਧਰਤੀ ਵਾਹੀ ਗੋਡੀ
ਬੀਜੇ ਸੁਪਨੇ ਸੁੱਚੇ...।

ਪਹਿਲਾਂ ਸੰਕੇਤ ਕੀਤਾ ਗਿਆ ਹੈ ਕਿ ਰੁੱਤ ਨੇਮ ਨਾਲ ਘਟਣ ਵਾਲਾ, ਰੀਤੀਬਧ ਵਰਤਾਰਾ ਹੈ। ਸੱਚੀ ਗੱਲ ਹੈ ਕਿ ਰੁੱਤ ਵਿਚ ਰੀਤੀ/ਰੀਤ ਦਾ ਭਾਵ ਹੀ ਨਹੀਂ ਸਗੋਂ ਇਹ ਭਾਵ ਇਸੇ ਸ਼ਬਦ ਨਾਲ ਜੁੜਿਆ ਹੋਇਆ ਹੈ। ਰੀਤੀ ਜਾਂ ਰੀਤ ਕੀ ਹੈ? ਇਕ ਅਜਿਹੀ ਸਰਗਰਮੀ, ਜੋ ਅਸੀਂ ਨੇਮ ਨਾਲ ਵਾਰ ਵਾਰ ਉਸੇ ਤਰ੍ਹਾਂ ਨਿਭਾਉਂਦੇ ਹਾਂ, ਜੋ ਪ੍ਰਾਚੀਨ ਸਮੇਂ ਤੋਂ ਚਲੀ ਆਈ ਹੈ, ਜੋ ਮਰਿਆਦਾ ਜਾਂ ਦਸਤੂਰ ਬਣ ਚੁਕੀ ਹੈ, 'ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ, ਹਰਿ ਮੇਰੀ ਕਥਾ ਕਹਾਣੀ ਜੀ।' ਪ੍ਰੀਤ ਦੀ ਰੀਤ ਨਿਭਾਉਣਾ ਸੱਚਾ ਸਿਦਕ ਮੰਨਿਆ ਗਿਆ ਹੈ। ਵਾਰਸ ਦੀ ਹੀਰ ਨੇ ਇਸ ਲਈ ਸਹੁੰ ਖਾਧੀ,

ਜਾ ਖਿਜ਼ਰ 'ਤੇ ਬੈਠ ਕੇ ਕਸਮ ਖਾਧੀ
ਬੀਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ।
ਕੁਹਤੀ ਹੋ ਕੇ ਨੈਣ ਪਰਾਣ ਜਾਵਣ
ਤੇਰੇ ਬਾਝ ਜੇ ਕੌਂਤ ਮੈਂ ਹੋਰ ਲੋੜਾਂ।

ਹੋਰ ਦੇਖੋ,

ਪਹਿਲੇ ਚੇਲਿਆਂ ਨੂੰ ਚਾ ਹੀਜ਼ ਕਰੀਏ
ਪਿੱਛੋਂ ਜੋਗ ਦੀ ਰੀਤ ਬਤਾਈਏ ਜੀ।
ਇੱਕ ਵਾਰ ਜੋ ਦੱਸਣਾ ਦੱਸ ਛੱਡੋ
ਘੜੀ ਘੜੀ ਨਾ ਗੁਰੂ ਅਕਾਈਏ ਜੀ।

ਰੀਤੀ-ਰਿਵਾਜ ਸ਼ਬਦ ਜੁੱਟ ਵਿਚ ਇਸ ਸ਼ਬਦ ਦੇ ਮਾਅਨੇ ਹੋਰ ਉਘੜਦੇ ਹਨ। ਰੀਤ ਦੇ ਅਰਥ ਚੱਜ, ਢੰਗ-ਤਰੀਕਾ ਵੀ ਹੋ ਜਾਂਦੇ ਹਨ, 'ਆਵੈ ਨਾਹੀ ਕਛੂ ਰੀਤਿ॥' (ਗੁਰੂ ਅਰਜਨ ਦੇਵ) ਜਦ ਅਸੀਂ ਰੀਤ ਤੋਂ ਉਲਟ ਜਾਂਦੇ ਹਾਂ ਤਾਂ ਅਸੀਂ ਕੁਰੀਤ ਕਰਨ ਲਗਦੇ ਹਾਂ। 'ਨਹਿ ਕਛੁ ਮਹਿਮਾ ਲਖਹਿ ਤੁਮਾਰੀ। ਜਾਮਨਿ ਬਸਨਿ ਕੁਰੀਤ ਉਚਾਰੀ।' (ਸ੍ਰੀ ਗੁਰ ਪ੍ਰਤਾਪ ਸੂਰਜ)

ਰੁੱਤ ਅਸਲ ਵਿਚ ਸੰਸਕ੍ਰਿਤ ਦੇ ਰਿਤੁ ਸ਼ਬਦ ਦਾ ਪੰਜਾਬੀ ਰੂਪ ਹੈ। ਉਰਦੂ ਅਤੇ ਮਰਾਠੀ ਵਿਚ ਵੀ ਰੁੱਤ ਜਿਹਾ ਹੀ ਸ਼ਬਦ ਹੈ, ਪਰ ਹਿੰਦੀ ਵਿਚ ਰਿਤੂ ਹੀ ਹੈ। ਸੰਸਕ੍ਰਿਤ ਵਿਚ ਇਸ ਸ਼ਬਦ ਦੇ ਅਨੇਕਾਂ ਅਰਥ ਹਨ, ਜਿਨ੍ਹਾਂ ਵਿਚ ਬਾਰੰਬਾਰਤਾ ਦਾ ਭਾਵ ਹੈ। ਮੌਸਮ ਤੋਂ ਇਲਾਵਾ ਕੁਝ ਅਰਥ ਦੇਖੀਏ:



ਕੁਝ ਕਰਨ ਲਈ ਕੋਈ ਨਿਸ਼ਚਿਤ ਜਾਂ ਠੀਕ ਸਮਾਂ; ਛੇ (ਕਿਉਂਕਿ ਰੁੱਤਾਂ ਛੇ ਮੰਨੀਆਂ ਗਈਆਂ ਹਨ); ਇਸਤਰੀਆਂ ਦੀ ਮਾਹਵਾਰੀ, ਇਸ ਲਈ ਰਿਤੂ ਧਰਮ ਵੀ ਚਲਦਾ ਹੈ; ਇਸ ਸਮੇਂ ਕੀਤਾ ਜਾਣ ਵਾਲਾ ਸੰਭੋਗ; ਨਿਯਮ, ਵਿਧਾਨ, ਅਸੂਲ।

ਗੁਰਬਾਣੀ 'ਚ ਰੁਤ ਅਤੇ ਰੁਤਿ ਸ਼ਬਦ ਮਿਲਦੇ ਹਨ। ਕਿਧਰੇ ਕਿਧਰੇ ਰਿਤ ਵੀ ਮਿਲਦਾ ਹੈ, 'ਸਯਾਮ ਸਨੈ ਸੁਖਦਾਇਕ ਬੀ ਰਿਤ ਸਯਾਮ ਬਿਨਾ ਅਤਿ ਭੀ ਦੁਖਦਾਈ।' (ਦਸਮ ਗ੍ਰੰਥ) ਅਰਥਾਤ ਕ੍ਰਿਸ਼ਨ ਨਾਲ ਬਿਤਾਇਆ ਸਮਾਂ ਸੁਖਦਾਈ ਸੀ, ਉਸ ਤੋਂ ਬਿਨਾ ਦੁਖਦਾਈ ਹੈ। ਇਸ ਨੂੰ ਮਾਹਵਾਰੀ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ "ਲੋਕਾਂ ਵਿਚ ਹੈਜ਼ (ਹੈਜ਼ਾ?) ਦਾ ਨਾਮ ਭੀ ਰਿਤੁ ਪ੍ਰਸਿੱਧ ਹੋ ਗਿਆ ਹੈ।"

ਸੰਸਕ੍ਰਿਤ ਵਿਚ ਇੱਕ ਅਨੇਕ-ਅਰਥੀ ਸ਼ਬਦ ਹੈ, ਰਿਤ। ਪਰ ਇਸ ਦੇ ਸਾਰੇ ਅਰਥ ਨਿਯਮ ਦੁਆਲੇ ਹੀ ਘੁੰਮਦੇ ਹਨ। ਦਾਰਸ਼ਨਿਕ ਪ੍ਰਸੰਗ ਵਿਚ ਇਹ ਸ਼ਬਦ ਸ੍ਰਿਸ਼ਟੀ ਦੇ ਵਿਆਪਕ ਨਿਯਮਾਂ ਲਈ ਵਰਤਿਆ ਜਾਂਦਾ ਹੈ। ਅਰਥ ਪੱਖੋਂ ਰਿਤ ਦੇ ਲੰਮੇ ਚੌੜੇ ਆਰ-ਪਰਿਵਾਰ ਤੋਂ ਪਤਾ ਲਗਦਾ ਹੈ ਕਿ ਕਿਵੇਂ ਇੱਕ ਸ਼ਬਦ ਦਾ ਪਸਾਰਾ ਹੁੰਦਾ ਚਲਿਆ ਜਾਂਦਾ ਹੈ।

ਦਿਲਚਸਪ ਗੱਲ ਹੈ ਕਿ ਸਭ ਆਸ਼ੇ ਸ਼ੁਭ ਸ਼ੁਭ, ਸਾਕਾਰਾਤਮਕ ਹਨ। ਕੁਝ ਵਿਸ਼ੇਸ਼ਣਵਾਚੀ ਅਤੇ ਨਾਂਵਵਾਚੀ ਅਰਥ ਗਿਣਾਉਂਦੇ ਹਾਂ: ਬਹਾਦਰ, ਪ੍ਰਕਾਸ਼ਮਾਨ, ਢੁਕਵਾਂ, ਉਚਿਤ, ਅਨੁਕੂਲ, ਸਾਜ਼ਗਾਰ, ਯੋਗ, ਫਿੱਟ; ਸੱਚਾ; ਈਮਾਨਦਾਰ; ਮਾਣਯੋਗ; ਠੀਕ, ਸਹੀ; ਸੂਰਜ; ਸੱਚਾਈ, ਸਿਦਕ; ਧਨ ਦੌਲਤ; ਪ੍ਰਥਾ, ਦਸਤੂਰ, ਮਰਿਆਦਾ; ਨਿਸਚਾ, ਆਸਥਾ; ਬਲੀ; ਇਕਰਾਰ, ਪ੍ਰਤਿਗਿਆ, ਕਰਤੱਵ ਆਦਿ। ਸਿਆਣੇ ਪਾਠਕ ਸਭ ਅਰਥਾਂ ਵਿਚਕਾਰ ਤਾਲ-ਮੇਲ ਬਿਠਾ ਸਕਦੇ ਹਨ। ਕਹਿਣਾ ਹੋਵੇਗਾ ਕਿ ਇਸ ਸ਼ਬਦ ਦੇ ਪੰਜਾਬੀ ਅਤੇ ਹੋਰ ਆਧੁਨਿਕ ਭਾਸ਼ਾਵਾਂ ਵਿਚ ਇੰਨੇ ਸਾਰੇ ਅਰਥ ਉਪਲਭਦ ਨਹੀਂ। ਦਰਅਸਲ ਰੀਤੀ ਸ਼ਬਦ ਇਸ ਰਿਤ ਦਾ ਹੀ ਪੰਜਾਬੀ ਰੁਪਾਂਤਰ ਹੈ।

ਪਾਠਕ ਜਾਣਦੇ ਹੋਣਗੇ ਕਿ ਸੰਸਕ੍ਰਿਤ ਵਿਚ ਇਕ ਸਵਰ ਹੈ, ਜਿਸ ਨੂੰ ਦੇਵਨਾਗਰੀ ਦੇ ਇੱਕ ਅਜਿਹੇ ਕੁਢੱਬੇ ਜਿਹੇ ਅੱਖਰ ਨਾਲ ਜਾਹਰ ਕੀਤਾ ਜਾਂਦਾ ਹੈ, ਜੋ ਸਕੂਲੀ ਦਿਨਾਂ 'ਚ ਮਹਾਤੜ ਸਮੇਤ ਬਹੁਤਿਆਂ ਦੇ ਗੇੜ ਵਿਚ ਨਹੀਂ ਸੀ ਆਉਂਦਾ। ਇਹ ਅੱਖਰ ਦੇਵਨਾਗਰੀ ਵਿਚ ਲਿਖੇ 'ਰਿਸ਼ੀ' ਸ਼ਬਦ ਦੇ ਅਰੰਭ ਵਿਚ ਆਉਂਦਾ ਹੈ, ਜਿਸ ਨੂੰ 'ਰਿ' ਜਿਹਾ ਉਚਾਰਿਆ ਜਾਂਦਾ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਇਸ ਦਾ ਉਚਾਰਨ 'ਰ' ਧੁਨੀ ਜਿਹਾ ਹੋ ਗਿਆ ਹੈ। ਇਹ 'ਰਿ' ਅਸਲ ਵਿਚ ਇਕ ਧਾਤੂ ਵੀ ਹੈ। ਪੂਰਵ ਵਰਣਿਤ ਸਾਰੇ ਸ਼ਬਦ ਅੰਤਮ ਤੌਰ 'ਤੇ ਇਸ 'ਰਿ' ਤੋਂ ਹੀ ਬਣੇ ਹਨ। ਇਸ ਧਾਤੂ ਵਿਚ ਆਉਣ ਜਾਣ, ਘੁੰਮਣ, ਪਾਉਣ, ਰਸਾਈ ਕਰਨ ਦੇ ਮੁੱਖ ਭਾਵ ਹਨ। ਰੁੱਤਾਂ ਦਾ ਗੇੜ ਇੱਕ ਚੱਕਰੀ ਪਰਪੰਚ ਹੈ, ਜੋ ਆਉਂਦੀਆਂ-ਜਾਂਦੀਆਂ ਹਨ। ਲੇਖ ਦੇ ਸ਼ੁਰੂ ਵਿਚ ਕਿਹਾ ਗਿਆ ਸੀ ਕਿ ਰੁੱਤ ਫਿਰਨ ਵਾਲਾ ਵਰਤਾਰਾ ਹੈ।

ਕੋਈ ਸ਼ੁਭ ਕਾਰਜ ਅਰੰਭ ਕਰਨ ਲਈ ਪੰਡਿਤਾਂ ਤੋਂ ਢੁਕਵੇਂ ਸਮੇਂ ਦੀ ਵਿਧੀਵਤ ਜਾਣਕਾਰੀ ਲਈ ਜਾਂਦੀ ਹੈ। ਇਸ ਮੰਗਲਮਈ ਸਮੇਂ ਨੂੰ ਮੁਹੂਰਤ/ਮਹੂਰਤ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਅਨੁਸਾਰ "ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ॥" ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਸੰਕੁਚਤ ਰੂਪ 'ਮੁਹਤ' ਵੀ ਆਇਆ ਹੈ, "ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ।" ਮੁਹੂਰਤ ਸ਼ਬਦ ਦਾ ਅੱਖਰੀ ਅਰਥ ਅਲਪਕਾਲ ਜਾਂ ਥੋੜ੍ਹੇ ਪਲ ਹੈ। ਦਿਨ ਰਾਤ ਦੀਆਂ ਤੀਹ ਘੜੀਆਂ ਮੰਨ ਕੇ ਮਹੂਰਤ ਦੋ ਘੜੀਆਂ ਦਾ ਵਕਫਾ ਹੈ। ਘੰਟੇ-ਮਿੰਟਾਂ ਦੇ ਹਿਸਾਬ ਨਾਲ ਇਹ 48 ਮਿੰਟ ਦਾ ਸਮਾਂ ਬਣਦਾ ਹੈ। ਦਿਨ ਰਾਤ ਦੀਆਂ ਤੀਹ ਘੜੀਆਂ 'ਚ ਤੀਹ ਹੀ ਮਹੂਰਤ ਹਨ, ਜਿਨ੍ਹਾਂ ਦੇ ਨਾਂ ਦੇਵਤਿਆਂ ਦੇ ਨਾਂ 'ਤੇ ਰੱਖੇ ਗਏ ਹਨ। ਇਨ੍ਹਾਂ ਵਿਚੋਂ ਕਈ ਮਹੂਰਤ ਸ਼ੁਭ ਤੇ ਕਈ ਅਸ਼ੁਭ ਮੰਨੇ ਗਏ ਹਨ। ਅੱਜ ਮਹੂਰਤ ਦਾ ਅਰਥ 'ਦੋ ਘੜੀ' ਹੀ ਲਿਆ ਜਾਂਦਾ ਹੈ।

ਈਸਾ ਪੂਰਵ ਦਸਵੀਂ ਸਦੀ ਦੇ ਪ੍ਰਸਿੱਧ ਨਿਰੁਕਤ-ਸ਼ਾਸਤਰੀ ਯਾਸਕ ਅਨੁਸਾਰ ਮਹੂਰਤ ਬਣਿਆ ਹੈ, ਮੁਹ+ਰਿਤੁ ਤੋਂ। ਇਸ ਦਾ ਮਤਲਬ ਹੈ, ਉਹ ਕਾਲ ਜੋ ਛੇਤੀ ਬੀਤ ਜਾਂਦਾ ਹੈ। 'ਮੁਹ' ਧਾਤੂ ਵਿਚ ਮੁਰਝਾਉਣ, ਮੂਰਛਿਤ ਹੋਣ ਦੇ ਭਾਵ ਹਨ। ਮੂੜ੍ਹ, ਮੂਰਖ, ਮੂਰਛਿਤ ਸ਼ਬਦ ਇਸੇ ਧਾਤੂ ਤੋਂ ਬਣੇ ਹਨ, ਕਿਉਂਕਿ ਅਜਿਹੇ ਗੁਣ ਵਾਲੇ ਲੋਕਾਂ ਦੀ ਬੁੱਧੀ ਮੁਰਝਾ ਜਾਂਦੀ ਹੈ। ਇਸ ਤਰ੍ਹਾਂ ਮਹੂਰਤ ਸ਼ਬਦ ਵਿਚਲੇ ਛੇਤੀ ਬੀਤ ਜਾਣ ਦਾ ਭਾਵ ਬਾਅਦ ਵਿਚ ਸ਼ੁਭ ਸਮੇਂ ਲਈ ਰੂੜ ਹੋ ਗਿਆ। 'ਰਿ' ਧਾਤੂ ਤੋਂ ਅਨੇਕਾਂ ਜਾਣੇ-ਪਛਾਣੇ ਸ਼ਬਦ ਬਣੇ ਹਨ, ਜਿਨ੍ਹਾਂ ਦੀ ਵਿਆਖਿਆ ਸ਼ੁਭ ਮਹੂਰਤ ਕੱਢ ਕੇ ਹੁੰਦੀ ਰਹੇਗੀ!

# ਸੰਬੋਧਨੀ ਸ਼ਬਦ (ਧਰਮਾਂ ਦੇ)


ਭਜਨ ਸਿੰਘ

ਫੋਨ: 513-498-3907


ਜਦੋਂ ਵੀ ਕੋਈ ਕਿਸੇ ਨੂੰ ਮਿਲਦਾ/ਮਿਲਦੇ ਹਨ, ਉਹ ਆਪਣੇ ਧਰਮ ਮੁਤਾਬਕ, ਸੰਸਥਾ ਮੁਤਾਬਕ, ਸਭਿਆਚਾਰ ਜਾਂ ਦੇਸ਼ ਮੁਤਾਬਕ ਸੰਬੋਧਨ ਕਰਦਾ/ਕਰਦੇ ਹਨ।

**ਈਸਾਈ (Christian) ਧਰਮ:** ਈਸਾ ਨੂੰ ਮੰਨਣ ਵਾਲੇ ਸਮੇਂ (Time) ਨੂੰ ਮੁੱਖ ਰੱਖ ਕੇ ਇਕ ਦੂਜੇ ਨੂੰ ਸੰਬੋਧਨ ਕਰਦੇ/ਮਿਲਦੇ ਹਨ। ਸਵੇਰ ਵੇਲੇ ਮਿਲਣ ਤਾਂ ਕਹਿੰਦੇ ਹਨ, Good Morning ਭਾਵ ਸਵੇਰ ਦਾ ਵਕਤ ਸ਼ੁਭ ਹੋਵੇ, ਭਾਗਾਂ ਭਰਿਆ ਹੋਵੇ। ਅੱਗੋਂ ਦੂਜੇ ਦਾ ਜਵਾਬ, ਆਪ ਵਾਸਤੇ ਵੀ ਸਵੇਰ ਚੰਗੀ ਹੋਵੇ।

ਇਸੇ ਤਰ੍ਹਾਂ ਦੁਪਹਿਰ ਨੂੰ ਮਿਲਣ ਤਾਂ Good Noon, ਦੁਪਹਿਰ ਬਾਅਦ Good Afternoon ਅਤੇ ਜੇ ਸ਼ਾਮ ਹੋਵੇ ਤਾਂ Good Evening. ਰਾਤ ਦਾ ਸਮਾਂ ਹੋਵੇ ਜਾਂ ਇਕ ਦੂਜੇ ਤੋਂ ਵਿਛੜਨ ਤਾਂ ਕਹਿੰਦੇ ਹਨ, Good Night. ਚੱਲ ਰਹੇ ਵਕਤ ਮੁਤਾਬਕ ਸ਼ੁਭ ਇੱਛਾਵਾਂ ਦੇਣੀਆਂ ਚੰਗਾ ਸੰਦੇਸ਼ ਹੈ।

**ਇਸਲਾਮ ਧਰਮ:** ਜਦੋਂ ਕੋਈ ਮੁਸਲਮਾਨ ਦੂਜੇ ਮੁਸਲਮਾਨ ਨੂੰ ਮਿਲਦਾ ਹੈ ਤਾਂ ਪਹਿਲਾ ਕਹਿੰਦਾ ਹੈ, ਸਲਾਮ-ਏ-ਲੇਕਮ। ਅੱਗੋਂ ਦੂਜਾ ਜਵਾਬ ਦਿੰਦਾ ਹੈ, ਵਾ-ਲੇਕਮ ਸਲਾਮ। ਮਤਲਬ ਪਹਿਲਾ ਕਹਿੰਦਾ ਹੈ, ਮੈਂ ਅਦਬ ਨਾਲ ਆਪ ਅੱਗੇ ਆਪਣਾ ਮਸਤਕ/ਸਿਰ ਝੁਕਾਉਂਦਾ ਹਾਂ। ਦੂਜਾ ਕਹਿੰਦਾ, ਹਾਂ ਜੀ ਕਬੂਲ ਹੈ, ਮੈਂ ਵੀ ਅਦਬ ਨਾਲ ਆਪ ਜੀ ਅੱਗੇ ਆਪਣਾ ਮਸਤਕ/ਸੀਸ ਝੁਕਾਉਂਦਾ ਹਾਂ। ਦੋਹਾਂ ਦਾ ਇਕ ਦੂਜੇ ਅੱਗੇ ਝੁਕ ਜਾਣਾ ਵਧੀਆ ਗੱਲ ਹੈ।

**ਸਨਾਤਨ ਧਰਮ:** ਭਾਰਤ ਵਿਚ ਅਵਤਾਰਾਂ, ਦੇਵਤਿਆਂ, ਦੇਵੀਆਂ ਅਤੇ ਆਪਣੇ ਦੇਸ਼ ਪੱਖੀ ਕਈ ਤਰ੍ਹਾਂ ਦੇ ਸੰਬੋਧਨੀ ਸ਼ਬਦ ਵਰਤੇ ਜਾਂਦੇ ਹਨ, ਜਿਵੇਂ:

**(ੳ) ਰਾਮ ਰਾਮ:** ਇਕ ਕਹਿੰਦਾ ਹੈ, ਰਾਮ ਰਾਮ। ਦੂਜਾ ਵੀ ਜਵਾਬ ਵਿਚ ਕਹਿੰਦਾ ਹੈ, ਹਾਂ ਭਈ ਰਾਮ ਰਾਮ। ਮੰਦਿਰਾਂ ਵਿਚ ਜੈਕਾਰਾ ਬੋਲਿਆ ਜਾਂਦਾ ਹੈ, ਬੋਲੋ 'ਸੀਯਾ ਰਾਮ ਚੰਦ੍ਰ ਕੀ ਜੈ।' 'ਸੀਤਾ ਮਾਤਾ ਕੀ ਜੈ।' ਗੁਰੂ ਗ੍ਰੰਥ ਸਾਹਿਬ ਵਿਚ 'ਰਾਮ' ਸ਼ਬਦ 2100 ਤੋਂ ਵੱਧ ਵਾਰ ਆਉਂਦਾ ਹੈ। ਰਾਮ ਦਾ ਮਤਲਬ ਹੈ, ਪਰਮਾਤਮਾ, ਵਾਹਿਗੁਰੂ, ਰੱਬ ਜਾਂ ਅੱਲਾ; ਨਾ ਕਿ ਰਾਜਾ ਰਾਮ ਚੰਦ੍ਰ। ਗੁਰਬਾਣੀ ਵੀ ਸ਼ੰਕਾ ਦੂਰ ਕਰਦੀ ਹੈ, "ਏਕ ਰਾਮ ਘਟ ਘਟ ਮੇਂ ਲੇਟਾ॥ ਏਕ ਰਾਮ ਦਸ਼ਰਥ ਕਾ ਬੇਟਾ॥"

**(ਅ)** ਕਈ ਬੋਲਦੇ ਹਨ, "ਹਰੇ ਰਾਮਾ ਹਰੇ ਕ੍ਰਿਸ਼ਨਾ।"

**(ੲ)** ਕਈਆਂ ਦਾ ਸੰਬੋਧਨੀ ਸ਼ਬਦ ਹੈ, "ਜੈ ਹਨੂਮਾਨ ਕੀ।", "ਜੈ ਬਜਰੰਗ ਬਲੀ ਕੀ।" ਹਨੂਮਾਨ ਜੀ ਦੇ ਬਹੁਤ ਮੰਦਿਰ ਹਨ।

**(ਸ)** ਜੈ ਮਾਤਾ ਦੀ: ਹਿੰਦੋਸਤਾਨ ਵਿਚ ਕਈ ਮਾਤਾ(ਵਾਂ) ਦੇ ਮੰਦਿਰ ਹਨ। ਲੋਕ ਆਪੋ-ਆਪਣੀ ਆਸਥਾ ਮੁਤਾਬਕ ਪੂਜਾ ਕਰਦੇ ਤੇ ਜੈ ਪੁਕਾਰਦੇ ਹਨ, ਜਿਵੇਂ ਜੈ ਮਾਤਾ ਸ਼ੇਰਾਂ ਵਾਲੀ ਦੀ, ਜੈ ਮਾਤਾ ਪਹਾੜਾਂ ਵਾਲੀ ਦੀ, ਜੈ ਦੁਰਗੇ ਮਾਂ, ਜੈ ਕਾਲੀ ਮਾਤਾ ਦੀ ਆਦਿ। ਪਹਿਲੀ ਵਾਰ 1980 ਵਿਚ ਹਰਿਦੁਆਰ ਇਕ ਮੰਦਿਰ ਵਿਚ ਇੰਡੀਆ ਦੇ ਨਕਸ਼ੇ ਉਪਰ ਦੇਵੀ ਦਾ ਸਕੈਚ ਤੇ ਹੱਥ ਵਿਚ ਤਿਰੰਗਾ ਝੰਡਾ ਵੇਖਿਆ। ਥੱਲੇ ਲਿਖਿਆ ਸੀ, ਜੈ ਭਾਰਤ ਮਾਤਾ ਦੀ। ਹੁਣ ਤਾਂ 'ਹਿੰਦੋਸਤਾਨੀਆਂ' ਦਾ ਨਾਹਰਾ ਹੀ ਹੈ, 'ਜੈ ਭਾਰਤ ਮਾਤਾ ਦੀ।'

**(ਹ) ਜੈ ਹਿੰਦ:** ਇਹ ਵੀ ਆਮ ਵਰਤੋਂ ਵਾਲਾ ਸੰਬੋਧਨੀ ਸ਼ਬਦ ਹੈ। ਮੈਂ ਵੀ ਇਸ ਦੀ ਵਰਤੋਂ ਕਰਦਾ ਸੀ। ਜ਼ਿੰਦਗੀ ਦਾ ਇਕ ਵਾਕਿਆ ਸਾਂਝਾ ਕਰਨ ਲੱਗਾਂ। 1967-68 ਦੀ ਗੱਲ ਹੈ, ਛੁੱਟੀ ਵਾਲੇ ਦਿਨ ਜਾਂ ਦੁਪਹਿਰ ਬਾਅਦ ਈ. ਐਮ. ਈ. ਸਕੂਲ ਵਦੋਦਰਾ ਸਟੇਡੀਅਮ ਵਿਚ ਸੰਤਰੀ ਵਜੋਂ ਡਿਊਟੀ ਹੁੰਦੀ। ਇਕ ਕਰਨਲ ਸਾਹਿਬ ਸੈਰ ਕਰਨ ਆਉਂਦੇ, ਮੈਂ ਖਿੱਚ ਕੇ ਸਲੂਟ ਮਾਰਦਾ ਅਤੇ ਜੋਸ਼ ਨਾਲ ਕਹਿੰਦਾ, "ਜੈ ਹਿੰਦ ਸਾਹਿਬ।" ਅੱਗੋਂ ਉਸ ਜਾਟ ਕਰਨਲ ਸਾਹਿਬ ਦਾ ਜਵਾਬ ਹੁੰਦਾ, "ਸਤਿ ਸ੍ਰੀ ਅਕਾਲ ਭਈ ਸਤਿ ਸ੍ਰੀ ਅਕਾਲ।" ਇਹ ਸਮਝ ਬਹੁਤ ਦੇਰ ਬਾਅਦ ਆਈ ਤਾਂ ਸੰਬੋਧਨੀ ਸ਼ਬਦਾਂ ਬਾਰੇ ਲਿਖ ਰਿਹਾ ਹਾਂ।

**(ਕ) ਨਮਸਤੇ:** ਇਹ ਸੰਬੋਧਨੀ ਸ਼ਬਦ ਵੀ ਆਮ ਹੀ ਭਾਰਤੀਆਂ ਵਲੋਂ ਵਰਤਿਆ ਜਾਂਦਾ ਹੈ। ਮੁਸਲਮਾਨਾਂ ਦੀ 'ਸਲਾਮ-ਏ-ਲੇਕਮ' ਤੇ ਹਿੰਦੂਆਂ ਦੀ 'ਨਮਸਤੇ' ਦਾ ਭਾਵ ਅਰਥ ਇਕ ਹੀ ਹੈ। ਫਰਕ ਸਿਰਫ ਇੰਨਾ ਹੈ ਕਿ ਹਿੰਦੂ ਦੋਵੇਂ ਹੱਥ ਜੋੜਦੇ ਹਨ ਤੇ ਮੁਸਲਮਾਨ ਇਕ ਹੱਥ (ਸੱਜੇ) ਨਾਲ ਅਦਬ/ਆਦਾਬ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਦੀ ਬਾਣੀ ਵਿਚ ਸੈਂਕੜੇ ਵਾਰ 'ਨਮਸਤੇ' ਸ਼ਬਦ ਦੀ ਵਰਤੋਂ ਕੀਤੀ ਹੈ, ਪਰ ਦਸਮ ਪਾਤਿਸ਼ਾਹ ਇਕ ਅਕਾਲ ਪੁਰਖ, ਪਰਮਾਤਮਾ, ਰੱਬ, ਵਾਹਿਗੁਰੂ, ਰਾਮ ਅੱਗੇ ਹੀ ਆਪਣਾ ਸੀਸ ਝੁਕਾਉਂਦੇ ਹਨ, ਨਾ ਕਿ ਇਨਸਾਨਾਂ ਅੱਗੇ। ਮਿਸਾਲ ਵਜੋਂ,

ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥
ਨਮਸਤੰ ਰਹੀਮੇ॥ ਨਮਸਤੰ ਕਰੀਮੇ॥

**ਸਿੱਖ ਧਰਮ: (ੳ) ਸਤਿ ਕਰਤਾਰ:** ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੌਰਾਨ ਜਿੱਥੇ ਵੀ ਗਏ, ਸੰਗਤਾਂ ਨੂੰ ਕਿਹਾ, "ਬੋਲੋ ਭਾਈ ਜੀ, ਸਤਿ ਕਰਤਾਰ।" ਬਾਬੇ ਨਾਨਕ ਬਾਰੇ ਜਨਮ ਸਾਖੀਆਂ ਇਸ ਦੀ ਗਵਾਹੀ ਭਰਦੀਆਂ ਹਨ। ਅੱਜ ਵੀ ਬਾਬੇ ਨਾਨਕ ਦੇ ਸ਼ਬਦ ਸਤਿ ਕਰਤਾਰ ਦੇ ਨਾਮ ਸਤਿਕਰਤਾਰੀਆਂ ਦੀ ਸੰਸਥਾ ਕਈ ਥਾਂ ਚੱਲ ਰਹੀ ਹੈ। ਬਾਬੇ ਨਾਨਕ ਨੇ ਕਰਤਾਰਪੁਰ ਕਰਤਾਰ, ਪਰਮਾਤਮਾ ਦੇ ਨਾਂ 'ਤੇ ਵਸਾਇਆ।

**(ਅ) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ:** ਕੋਈ ਵੀ ਕਾਰਜ ਸ਼ੁਰੂ ਕਰਨਾ ਹੋਵੇ, ਕਿਸੇ ਵੀ ਕੰਮ 'ਚ ਸਫਲਤਾ ਮਿਲੇ, ਹਰ ਅਰਦਾਸ-ਚਾਹੇ ਖੁਸ਼ੀ ਦੀ ਹੋਵੇ ਜਾਂ ਸੋਗ ਦੀ, ਅਖੀਰ 'ਤੇ ਸਿੱਖ ਜੈਕਾਰਾ ਛੱਡਦੇ ਹਨ। ਇਕ ਸਿੱਖ ਪੂਰੇ ਜੋਰ ਨਾਲ ਬੋਲਦਾ ਹੈ, 'ਬੋਲੇ ਸੋ ਨਿਹਾਲ।' ਪੂਰੀ ਸੰਗਤ ਬੋਲਦੀ ਹੈ, 'ਸਤਿ ਸ੍ਰੀ ਅਕਾਲ।' ਮਤਲਬ ਹੈ ਜੋ ਵੀ ਇਕ ਅਕਾਲ ਪੁਰਖ ਨੂੰ ਹਮੇਸ਼ਾ ਰਹਿਣ ਵਾਲਾ ਕਬੂਲੇਗਾ, ਹਮੇਸ਼ਾ ਚੜ੍ਹਦੀ ਕਲਾ 'ਚ ਰਹੇਗਾ।

**ਸਤਿ ਸ੍ਰੀ ਅਕਾਲ:** ਸਿੱਖਾਂ ਨੇ ਜੈਕਾਰੇ ਦਾ ਦੂਜਾ ਭਾਗ ਹੀ ਸੰਬੋਧਨੀ ਸ਼ਬਦ ਵਜੋਂ ਵਰਤੋਂ ਵਿਚ ਲੈ ਆਂਦਾ ਹੈ। ਸਮੇਂ ਦੀ ਵੰਡ-ਭੂਤ ਕਾਲ, ਵਰਤਮਾਨ ਕਾਲ ਤੇ ਭਵਿਖ ਕਾਲ-ਤਿੰਨਾਂ ਕਾਲਾਂ ਤੋਂ ਉਪਰ ਹੈ, ਅਕਾਲ, ਜਿਸ ਦਾ ਇਥੇ ਜ਼ਿਕਰ ਹੈ। ਜਦੋਂ ਪਹਿਲਾ ਸਿੱਖ ਬੋਲਦਾ ਹੈ, "ਸਤਿ ਸ੍ਰੀ ਅਕਾਲ।" ਅੱਗੋਂ ਦੂਜਾ ਜਵਾਬ ਦਿੰਦਾ ਹਾਂ, "ਭਈ ਸਤਿ ਸ੍ਰੀ ਅਕਾਲ।" ਮਤਲਬ ਇਕ ਨੇ ਕਿਹਾ, "ਪਰਮਾਤਮਾ ਸੱਚਾ ਤੇ ਸਦੀਵੀ ਹੈ।" ਦੂਜੇ ਨੇ ਜਵਾਬ ਦਿੱਤਾ, "ਹਾਂ ਭਈ ਵਾਹਿਗੁਰੂ ਹੀ ਸੱਚਾ ਅਤੇ ਹਮੇਸ਼ਾ ਰਹਿਣ ਵਾਲਾ ਹੈ।"

**(ੲ) ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ:** ਇਹ ਸੰਬੋਧਨੀ ਸ਼ਬਦ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਾਜਨਾ ਸਮੇਂ ਖਾਲਸੇ ਦੀ ਝੋਲੀ ਪਾਇਆ। ਇਹ ਫਤਿਹ ਦਾ ਸ਼ਬਦ ਸਭ ਤੋਂ ਵੱਖਰਾ ਇਸ ਕਰਕੇ ਹੈ ਕਿ ਇੱਥੇ ਪਹਿਲਾ ਦੂਜਾ ਕੋਈ ਨਹੀਂ, ਪਹਿਲ ਦੇ ਆਧਾਰ 'ਤੇ ਇਕੋ ਹੀ ਬੋਲਦੇ ਹਨ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਮਤਲਬ ਖਾਲਸਾ ਪਰਮਾਤਮਾ ਦਾ ਹੈ ਅਤੇ ਖਾਲਸੇ ਦੀਆਂ ਉਪਲਬਧੀਆਂ, ਪ੍ਰਾਪਤੀਆਂ, ਜਿੱਤਾਂ ਵੀ ਪਰਮਾਤਮਾ ਦੀਆਂ ਹੀ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਇਸੇ ਸੰਬੋਧਨੀ ਸ਼ਬਦ ਨੂੰ ਸਟੇਜਾਂ ਤੋਂ ਬੋਲਦੀਆਂ ਹਨ।

**ਬਾਬੇ ਨਾਨਕ ਦੀ ਫੁਲਵਾੜੀ: (ੳ)** ਨਿਰੰਕਾਰੀ ਸੰਸਥਾ ਵਾਲੇ ਵੀ ਸੰਬੋਧਨੀ ਸ਼ਬਦ 'ਧੰਨ ਨਿਰੰਕਾਰ' ਦੀ ਵਰਤੋਂ ਕਰਦੇ ਹਨ, ਜੋ ਨਿਰੰਕਾਰੀ ਨਾਨਕ ਦਾ ਬੋਲ ਹੈ। ਮਤਲਬ ਉਹ ਪਰਮਾਤਮਾ, ਜੋ ਆਕਾਰ ਤੋਂ ਰਹਿਤ ਨਿਰ ਆਕਾਰ ਹੈ।

**(ਅ)** ਡੇਰਾ ਬਿਆਸ ਵਾਲੇ ਸਤਿਸੰਗ ਵਿਚ ਤਾਂ ਗੁਰੂ ਗ੍ਰੰਥ ਸਾਹਿਬ/ਗੁਰੂਆਂ ਦੀ ਬਾਣੀ ਦੀ ਕਥਾ ਕਰਦੇ ਹਨ, ਪਰ ਸੰਬੋਧਨੀ ਸ਼ਬਦ 'ਰਾਧਾ ਸਵਾਮੀ' ਬੋਲਦੇ ਹਨ। ਪੁੱਛੋ ਤਾਂ ਜਵਾਬ ਮਿਲਦਾ ਹੈ, "ਰਾਧਾ ਦਾ ਮਤਲਬ ਬੰਦੇ ਦੀ ਰੂਹ ਅਤੇ ਸਵਾਮੀ ਦਾ ਮਤਲਬ ਮਾਲਕ, ਪਰਮਾਤਮਾ।" ਆਗਰੇ ਸਥਿਤ ਦਿਆਲ ਜੀ ਮਹਾਰਾਜ ਦੇ ਡੇਰੇ 'ਚ ਸਵਾਮੀ ਜੀ ਅਤੇ ਸਵਾਮੀ ਜੀ ਦੀ ਪਤਨੀ ਦੀਆਂ ਸਮਾਧੀਆਂ ਹਨ।

**ਜ਼ਰੂਰੀ ਬੇਨਤੀਆਂ:** (1) ਸੋਚ ਵਿਚਾਰ ਕੇ ਨਿਰਣਾ ਕਰੋ ਕਿ ਸਿੱਖਾਂ ਦੇ ਸੰਬੋਧਨੀ ਸ਼ਬਦ ਕਿੰਨੇ ਨਿਰਪੱਖ, ਮਾਨਵਵਾਦੀ, ਕੁਲ ਦੁਨੀਆਂ ਦੇ ਇਨਸਾਨਾਂ ਵਾਸਤੇ ਢੁਕਵੇਂ ਹਨ, ਕਿ ਨਹੀਂ!

(2) ਸੰਬੋਧਨੀ ਸ਼ਬਦਾਂ ਦਾ ਸ਼ੁਧ ਉਚਾਰਨ ਕਰਨਾ ਜ਼ਰੂਰੀ ਹੈ। ਕਈ ਸਤਿ ਸ੍ਰੀ ਅਕਾਲ ਨੂੰ 'ਸਾਸਰੀ ਕਾਲ' ਕਹਿ ਦਿੰਦੇ ਹਨ।

# ਮਨੁੱਖਤਾ ਦਾ ਪੁਜਾਰੀ ਮ੍ਰਿਣਾਲ ਸੇਨ

ਮ੍ਰਿਣਾਲ ਸੇਨ ਬੰਗਾਲੀ ਸਿਨਮੇ ਦੀ ਉਸ ਮੰਨੀ-ਪ੍ਰਮੰਨੀ ਤਿੱਕੜੀ ਦਾ ਹਿੱਸਾ ਸਨ, ਜਿਸ ਵਿਚ ਉਨ੍ਹਾਂ ਦੇ ਦੋ ਸਮਕਾਲੀ ਕੱਦਾਵਰ ਫਿਲਮਸਾਜ਼ ਸੱਤਿਆਜੀਤ ਰੇਅ ਤੇ ਰਿਤਵਿਕ ਘਟਕ ਵੀ ਸ਼ਾਮਲ ਸਨ। ਮ੍ਰਿਣਾਲ ਸੇਨ ਬੀਤੀ 30 ਦਸੰਬਰ ਨੂੰ 95 ਸਾਲ ਦੀ ਉਮਰ ਭੋਗ ਕੇ ਆਪਣੇ ਘਰ, ਕੋਲਕਾਤਾ ਵਿਖੇ ਚਲਾਣਾ ਕਰ ਗਏ।

ਮ੍ਰਿਣਾਲ ਸੇਨ ਨੇ ਕਰੀਬ ਡੇਢ ਦਹਾਕਾ ਪਹਿਲਾਂ ਆਪਣੀ ਆਖਰੀ ਫਿਲਮ 'ਆਮਾਰ ਭੂਬੋਨ' (ਇਹ ਮੇਰੀ ਜਮੀਨ) ਬਣਾਈ ਸੀ। ਇਸ ਵਿਦਰੋਹੀ ਕਿਸਮ ਦੇ ਲੇਖਕ-ਨਿਰਦੇਸ਼ਕ ਦੀ ਸਮੁੱਚੀ ਫਿਲਮਕਾਰੀ (ਸੱਤ ਫੀਚਰ ਫਿਲਮਾਂ, ਪੰਜ ਦਸਤਾਵੇਜ਼ੀ ਤੇ 14 ਨਿੱਕੀਆਂ ਫਿਲਮਾਂ) ਹਾਲੇ ਵੀ ਨਵੇਂ ਫਿਲਮਕਾਰਾਂ ਨੂੰ ਪ੍ਰੇਰਿਤ ਕਰਦੀ ਹੈ, ਖਾਸ ਕਰ ਉਹ, ਜੋ ਸਮਝਦੇ ਹਨ ਕਿ ਸਿਨੇਮਾ ਮਹਿਜ ਮਨਪ੍ਰਚਾਵੇ ਦਾ ਹੀ ਸਾਧਨ ਨਹੀਂ, ਸਗੋਂ ਇਸ ਤੋਂ ਵਧ ਕੇ ਹੈ।

ਕੌਮੀ ਐਵਾਰਡ ਜੇਤੂ ਫਿਲਮਸਾਜ਼ ਸ਼ੇਖਰ ਕਪੂਰ, ਜੋ ਸੇਨ ਤੋਂ ਬਾਅਦ ਵਾਲੀ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ, ਦਾ ਕਹਿਣਾ ਸੀ, "ਉਨ੍ਹਾਂ (ਸੇਨ) ਦਾ ਸਭ ਤੋਂ ਵਧੀਆ ਪੱਖ ਹੈ, ਉਨ੍ਹਾਂ ਦੀ ਨਿਮਰਤਾ, ਜਿਸ ਵਿਚੋਂ ਉਦਾਰਤਾ ਝਲਕਦੀ ਹੈ।" ਉਹ ਨਾਲ ਹੀ ਆਖਦੇ ਹਨ, "ਮ੍ਰਿਣਾਲਦਾ (ਮ੍ਰਿਣਾਲ ਦਾਦਾ) ਹਮੇਸ਼ਾ ਆਪਣੇ ਜੂਨੀਅਰਾਂ ਦੀ ਗੱਲ ਸੁਣਨ ਅਤੇ ਉਨ੍ਹਾਂ ਨੂੰ ਸਹੀ ਰਾਹੇ ਪਾਉਣ ਲਈ ਤਿਆਰ ਰਹਿੰਦੇ ਸਨ।"

ਸਿਆਸੀ ਤੌਰ 'ਤੇ ਪੂਰੇ ਚੇਤੰਨ ਅਤੇ ਹਮੇਸ਼ਾ ਸਮੇਂ ਦੇ ਹਾਣੀ ਰਹੇ ਸੇਨ ਨੇ ਸਥਾਪਤੀ ਦੀਆਂ ਬੁਰਾਈਆਂ ਨੂੰ ਫੜਿਆ ਅਤੇ ਉਨ੍ਹਾਂ ਢਾਂਚਿਆਂ 'ਤੇ ਸਵਾਲ ਖੜ੍ਹੇ ਕੀਤੇ, ਜੋ ਤਬਦੀਲੀ ਦੇ ਰਾਹ ਵਿਚ ਰੁਕਾਵਟ ਬਣਦੇ ਸਨ। ਉਹ ਬੜੇ ਸੰਸਕਾਰੀ ਬਾਗੀ ਸਨ। ਉਹ ਉਦੋਂ ਕਦੇ ਵੀ ਆਪਣੀ ਸਿਨੇਮਾਈ ਆਵਾਜ਼ ਬੁਲੰਦ ਕਰਨ ਤੋਂ ਪਿੱਛੇ ਨਾ ਰਹੇ, ਜਦੋਂ ਵੀ ਉਨ੍ਹਾਂ ਇਸ ਦੀ ਲੋੜ ਮਹਿਸੂਸ ਕੀਤੀ।

ਆਪਣੀ ਚੜ੍ਹਤ ਦੇ ਦਿਨੀਂ ਸੇਨ ਇਕੋ ਵੇਲੇ ਬੁੱਤਸ਼ਿਕਨ ਵੀ ਸਨ ਤੇ ਮਨੁੱਖਤਾਵਾਦੀ ਵੀ। ਉਹ ਨਾਲ ਹੀ ਭਾਰਤ ਦੇ ਇਕ ਤਰ੍ਹਾਂ ਸਭ ਤੋਂ ਵੱਡੇ ਸਿਆਸੀ ਫਿਲਮਸਾਜ਼ ਸਨ। ਉਹ ਅਕਸਰ ਹੀ ਥੁੜ੍ਹਾਂ ਦੇ ਮਾਰੇ ਤੇ ਅਸੰਤੁਸ਼ਟ ਨੌਜਵਾਨਾਂ ਅਤੇ ਸ਼ਹਿਰੀ ਮੱਧਵਰਗ ਦੀਆਂ ਸਦਾਚਾਰਕ ਤੇ ਨੈਤਿਕ ਦੁਚਿਤੀਆਂ 'ਤੇ ਆਧਾਰਤ ਸੰਵੇਦਨਸ਼ੀਲ ਵਿਸ਼ਿਆਂ ਨੂੰ ਲੈ ਕੇ ਫਿਲਮਾਂ ਬਣਾਉਂਦੇ। ਉਨ੍ਹਾਂ ਦਾ ਸਿਨੇਮਾ ਰੋਹ ਤੇ ਉਕਸਾਹਟ ਦਾ ਸਿਨੇਮਾ ਸੀ। ਉਨ੍ਹਾਂ ਦੀਆਂ ਬਹੁਤੀਆਂ ਫਿਲਮਾਂ ਕੁਝ ਕਰ ਗੁਜ਼ਰਨ ਦਾ ਸੱਦਾ ਦਿੰਦੀਆਂ ਹਨ। ਉਨ੍ਹਾਂ ਵਲੋਂ ਵੱਡੇ ਪਰਦੇ ਉਤੇ ਪੇਸ਼ ਬਹੁਤੀਆਂ ਕਹਾਣੀਆਂ ਨਿਤਾਣਿਆਂ ਤੇ ਮਜ਼ਲੂਮਾਂ ਪ੍ਰਤੀ ਡੂੰਘੀ ਹਮਦਰਦੀ ਜਗਾਉਂਦੀਆਂ ਹਨ।


ਜਿਸ ਚੀਜ਼ ਨੇ ਉਨ੍ਹਾਂ ਦੇ ਸਿਨੇਮਾ ਨੂੰ ਆਮ ਦੇ ਮੁਕਾਬਲੇ ਕਈ ਦਰਜੇ ਉਚਾ ਉਠਾਇਆ, ਉਹ ਸੀ ਆਪਣੇ-ਆਪ ਹੀ ਸਭ ਕੁਝ ਜਾਣਦੇ ਤੇ ਸਾਰੇ ਹੱਲ ਦੱਸਣ ਵਾਲੇ ਦਾ ਰੂਪ ਧਾਰਨ ਤੋਂ ਬਿਨਾ ਇਕ ਇਤਿਹਾਸਕਾਰ ਤੇ ਸਮੀਖਿਅਕਾਰ ਬਣ ਸਕਣ ਦੀ ਉਨ੍ਹਾਂ ਦੀ ਸਮਰੱਥਾ। ਉਨ੍ਹਾਂ ਦੀਆਂ ਆਪਣੇ ਸਭਿਆਚਾਰ ਵਿਚ ਬੜੀਆਂ ਡੂੰਘੀਆਂ ਜੜ੍ਹਾਂ ਸਨ। ਉਹ ਆਪਣੇ ਸ਼ਹਿਰ ਦੇ ਸੁਚੇਤ ਨਿਗਰਾਨ ਅਤੇ ਨਾਲ ਹੀ ਬੜੇ ਮਿਲਣਸਾਰ ਸਨ। ਉਹ ਕਦੇ ਵੀ ਮੱਧਵਰਗ ਦੀ ਆਲੋਚਨਾ ਕਰਨ ਪੱਖੋਂ ਸਮਝੌਤਾ ਨਹੀਂ ਸਨ ਕਰਦੇ।

ਸੇਨ ਦੀਆਂ ਸ਼ੁਰੂਆਤੀ ਫਿਲਮਾਂ ਵਿਚੋਂ ਇਕ ਸੀ 'ਨੀਲ ਅਕਸ਼ਰ ਨੀਚੇ' (ਨੀਲੇ ਅੰਬਰ ਦੇ ਥੱਲੇ) ਜੋ ਹਿੰਦੀ ਲੇਖਿਕਾ ਮਹਾਦੇਵੀ ਵਰਮਾ ਦੀ ਕਹਾਣੀ ਉਤੇ ਆਧਾਰਤ ਸੀ। ਇਸ ਨੇ ਉਨ੍ਹਾਂ ਦੀ ਕੌਮਾਂਤਰੀਵਾਦ ਮੁਖੀ ਸੋਚ, ਪੀੜਤਾਂ ਪ੍ਰਤੀ ਹਮਦਰਦੀ ਅਤੇ ਸਿਆਸੀ ਝੁਕਾਅ ਨੂੰ ਜੱਗ ਜਾਹਰ ਕੀਤਾ। ਇਹ ਫਿਲਮ ਇਕ ਫੇਰੀ ਵਾਲੇ ਚੀਨੀ ਰੇਸ਼ਮਫਰੋਸ਼ ਦੀ ਕਹਾਣੀ ਉਤੇ ਆਧਾਰਤ ਹੈ, ਜੋ ਕੋਲਕਾਤਾ ਦੀਆਂ ਸੜਕਾਂ-ਗਲੀਆਂ 'ਚ ਆਪਣਾ ਸਾਮਾਨ ਵੇਚਦਾ ਹੈ। ਇਸ ਦੌਰਾਨ ਬੰਗਾਲੀ ਲੋਕਾਂ ਨਾਲ ਉਸ ਦੀ ਸਾਂਝ ਵਧਦੀ ਜਾਂਦੀ ਹੈ। ਇਹ ਫਿਲਮ 1930ਵਿਆਂ ਦੇ ਸਮੇਂ ਨਾਲ ਸਬੰਧਤ ਹੈ, ਜਦੋਂ ਭਾਰਤ ਵਿਚ ਬਰਤਾਨਵੀ ਸਾਮਰਾਜ ਆਪਣੇ ਆਖਰੀ ਦੌਰ ਵਿਚ ਸੀ ਅਤੇ ਦੂਜੇ ਪਾਸੇ ਸਾਮਰਾਜਵਾਦੀ ਜਾਪਾਨ ਵੱਲੋਂ ਚੀਨ 'ਤੇ ਹਮਲੇ ਕੀਤੇ ਜਾ ਰਹੇ ਸਨ। ਫਿਲਮ 'ਚ ਖੁੱਲ੍ਹ ਕੇ ਸਿਆਸੀ ਟਿੱਪਣੀਆਂ ਕੀਤੀਆਂ ਗਈਆਂ। ਆਜ਼ਾਦ ਭਾਰਤ ਵਿਚ ਇਹ ਪਹਿਲੀ ਫਿਲਮ ਸੀ ਜਿਸ 'ਤੇ ਪਾਬੰਦੀ ਲਾਈ ਗਈ।

ਆਪਣੇ ਸਿਨੇਮਾਈ ਸ਼ਾਹਕਾਰਾਂ ਵਿਚਲੇ ਬਹੁਤੇ ਕਿਰਦਾਰਾਂ ਵਾਂਗ, ਸੇਨ ਖੁਦ ਵੀ ਲੋਕਾਂ ਨੂੰ ਕੁਝ ਕਰ ਗੁਜ਼ਰਨ ਲਈ ਉਕਸਾਉਣ ਵਾਲੇ ਸਨ ਜੋ ਬੰਗਾਲੀ ਅਤੇ ਫਿਰ ਅਗਾਂਹ ਭਾਰਤੀ ਸਮਾਜ ਵਿਚਲੀ ਵਿਆਪਕ ਨਾਬਰਾਬਰੀ ਤੇ ਬੇਇਨਸਾਫੀਆਂ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਦੇ। ਉਚ ਸਮਾਜਕ ਜਮਾਤ, ਜਿਸ ਨਾਲ ਉਹ ਖੁਦ ਸਬੰਧਤ ਸਨ, ਸਭ ਤੋਂ ਵੱਧ ਉਨ੍ਹਾਂ ਦੇ ਨਿਸ਼ਾਨੇ ਉਤੇ ਰਹਿੰਦੀ। ਅਜਿਹਾ ਖਾਸਕਰ ਉਨ੍ਹਾਂ ਦੀਆਂ ਫਿਲਮਾਂ 'ਖਾਰਿਜ' (ਕੇਸ ਰੱਦ, 1982) ਤੇ 'ਏਕ ਦਿਨ ਪ੍ਰਤੀਦਿਨ' (ਇਕ ਦਿਨ ਰੋਜ਼ਾਨਾ, 1979) ਤੋਂ ਜਾਹਰ ਹੁੰਦਾ ਹੈ। 'ਖਾਰਿਜ' ਅਜਿਹੀ ਕਹਾਣੀ ਹੈ, ਜਿਸ ਵਿਚ ਗਰੀਬ ਨੌਕਰ ਦੇ ਬੱਚੇ ਦੀ ਦਮ ਘੁਟਣ ਨਾਲ ਹੋਈ ਮੌਤ ਇਕ ਅਮੀਰ ਪਰ ਰੂੜ੍ਹੀਵਾਦੀ ਪਰਿਵਾਰ ਨੂੰ ਅਸ਼ਾਂਤ ਕਰ ਦਿੰਦੀ ਹੈ। ਇਸੇ ਤਰ੍ਹਾਂ 'ਏਕ ਦਿਨ ਪ੍ਰਤੀਦਿਨ' ਅਜਿਹੇ ਪਰਿਵਾਰ ਦੀ ਕਹਾਣੀ ਹੈ, ਜਿਸ ਨੂੰ ਇਸ ਦੀ ਕੰਮਕਾਜੀ ਧੀ ਦੇ ਇਕ ਦਿਨ ਘਰੇ ਨਾ ਪਰਤਣ ਕਾਰਨ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮ੍ਰਿਣਾਲ ਸੇਨ ਭਾਰਤ ਦੇ ਸਮਾਨੰਤਰ ਸਿਨੇਮਾ ਦੇ ਉਘੇ ਫਿਲਮਸਾਜ਼ ਸਨ। ਉਨ੍ਹਾਂ ਨੇ ਥੁੜ੍ਹਾਂ ਮਾਰੇ ਅਸੰਤੁਸ਼ਟ ਨੌਜਵਾਨਾਂ ਅਤੇ ਸ਼ਹਿਰੀ ਮੱਧਵਰਗ ਦੀਆਂ ਵੱਖ ਵੱਖ ਸਦਾਚਾਰਕ ਤੇ ਨੈਤਿਕ ਦੁਚਿੱਤੀਆਂ 'ਤੇ ਆਧਾਰਤ ਸੰਵੇਦਨਸ਼ੀਲ ਵਿਸ਼ਿਆਂ 'ਤੇ ਫਿਲਮਾਂ ਬਣਾਈਆਂ। ਸਿਆਸੀ ਤੌਰ 'ਤੇ ਚੇਤੰਨ ਇਸ ਫਿਲਮਸਾਜ਼ ਦੀ ਸੁਰ ਸਦਾ ਬਾਗੀਆਨਾ ਰਹੀ।

ਮ੍ਰਿਣਾਲ ਸੇਨ ਅਕਸਰ ਹੀ ਆਪਣੇ ਮੌਕੇ ਦੇ ਘੇਰੇ ਤੋਂ ਬਾਹਰ ਚਲੇ ਜਾਂਦੇ ਤਾਂ ਕਿ ਉਹ ਸਮਾਜ ਦੇ ਬਿਲਕੁਲ ਹੇਠਲੇ ਵਰਗਾਂ ਨੂੰ ਪੇਸ਼ ਮੁਸ਼ਕਿਲਾਂ ਘੋਖ ਸਕਣ। ਮਿਸਾਲ ਵਜੋਂ ਫਿਲਮ 'ਮ੍ਰਿਗਯਾ' (ਸ਼ਾਹੀ ਸ਼ਿਕਾਰ, 1976) ਅਜਿਹੀ ਕਹਾਣੀ ਹੈ,



ਜੋ ਮੱਧ ਭਾਰਤ ਦੇ ਜੰਗਲਾਂ ਵਿਚ ਰਹਿੰਦੇ ਆਮ ਕਬਾਇਲੀਆਂ ਦੀ ਜ਼ਿੰਦਗੀ ਉਤੇ ਅੰਗਰੇਜ਼ ਹਕੂਮਤ ਦੇ ਪਏ ਅਸਰ ਦੀ ਗੱਲ ਕਰਦੀ ਹੈ। ਫਿਲਮ ਇਕ ਬਸਤੀਵਾਦੀ ਹਾਕਮ ਤੇ ਕਬਾਇਲੀ ਸ਼ਿਕਾਰੀ (ਇਹ ਕਿਰਦਾਰ ਮਿਥੁਨ ਚੱਕਰਵਰਤੀ ਨੇ ਨਿਭਾਇਆ ਸੀ, ਜੋ ਉਸ ਦੇ ਕੈਰੀਅਰ ਦੀ ਪਹਿਲੀ ਫਿਲਮ ਸੀ) ਵਿਚਕਾਰ ਭਰਪੂਰ ਰਿਸ਼ਤਿਆਂ ਨੂੰ ਘੋਖਦੀ ਹੈ, ਪਰ ਕੁਲੀਨ ਵਰਗ ਦੀ ਨਜ਼ਰ ਤੋਂ ਨਹੀਂ ਸਗੋਂ ਗੁਲਾਮ ਬਣਾਏ ਗਏ ਕਬਾਇਲੀ ਲੋਕਾਂ ਦੀ ਨਜ਼ਰ ਤੋਂ। ਇਸ ਫਿਲਮ ਵਿਚ ਸ਼ਾਨਦਾਰ ਕਾਰਗੁਜ਼ਾਰੀ ਸਦਕਾ ਮਿਥੁਨ ਨੂੰ ਕੌਮੀ ਐਵਾਰਡ ਹਾਸਲ ਹੋਇਆ।

ਫਿਲਮ 'ਪਰਸ਼ੂਰਾਮ' (1978) ਵਿਚ ਇਕ ਹੋਰ ਕੌਮੀ ਐਵਾਰਡ ਜੇਤੂ ਅਦਾਕਾਰ ਭਾਵ ਅਰੁਣ ਮੁਖਰਜੀ ਨੇ ਮੁੱਖ ਕਿਰਦਾਰ ਨਿਭਾਇਆ। ਫਿਲਮ ਦਾ ਨਾਇਕ ਇਕ ਪੇਂਡੂ ਪਰਵਾਸੀ ਹੈ, ਜੋ ਕਬਰਿਸਤਾਨ ਵਿਚ ਰਹਿਣ ਵਾਲੇ ਮੰਗਤੇ ਨਾਲ ਝੁੱਗੀ ਵਿਚ ਰਹਿੰਦਾ ਹੈ। ਇਸ ਫਿਲਮ ਵਿਚ ਵੱਡੇ ਸ਼ਹਿਰਾਂ 'ਚ ਹਾਸ਼ੀਏ ਵਾਲੀ ਜ਼ਿੰਦਗੀ ਜਿਉਣ ਵਾਲੇ ਲੋਕਾਂ ਦੇ ਭਿਆਨਕ ਇਕਲਾਪੇ ਅਤੇ ਉਨ੍ਹਾਂ ਦੇ ਅਸਹਿ ਅਣਮਨੁੱਖੀ ਹਾਲਾਤ ਦਾ ਚਿਤਰਣ ਕੀਤਾ ਗਿਆ ਹੈ। ਜਦੋਂ ਸੇਨ ਨੇ ਫਿਲਮ 'ਮ੍ਰਿਗਯਾ' ਬਣਾਈ ਤਾਂ ਉਹ ਪਹਿਲਾਂ ਹੀ ਫਿਲਮਸਾਜ਼ੀ ਦੇ ਪਿੜ ਵਿਚ ਕਰੀਬ ਦੋ ਦਹਾਕਿਆਂ ਤੋਂ ਵੱਧ ਸਮਾਂ ਲਾ ਚੁਕੇ ਸਨ। ਇਸ ਸਮੇਂ ਦੌਰਾਨ ਉਨ੍ਹਾਂ ਆਪਣੇ ਆਪ ਨੂੰ ਇਕ ਅਜਿਹੀ ਮੋਹਰੀ ਤੇ ਬੁਲੰਦ ਸਿਨੇਮਾਈ ਆਵਾਜ਼ ਵਜੋਂ ਸਥਾਪਤ ਕਰ ਲਿਆ ਸੀ, ਜੋ ਉਨ੍ਹਾਂ ਵਿਗਾੜਾਂ ਸਬੰਧੀ ਸਰੋਕਾਰਾਂ ਬਾਰੇ ਸਪਸ਼ਟ ਢੰਗ ਨਾਲ ਬੋਲਦੀ ਸੀ, ਜੋ ਕੁਝ ਸਮਾਂ ਪਹਿਲਾਂ ਹੀ ਆਜ਼ਾਦ ਹੋਏ ਇਕ ਮੁਲਕ ਦੀ ਗਤੀਸ਼ੀਲਤਾ ਉਤੇ ਬੁਰਾ ਅਸਰ ਪਾਉਂਦੇ ਸਨ। ਉਨ੍ਹਾਂ ਸਥਾਪਿਤ ਪ੍ਰਬੰਧ ਨੂੰ ਦੱਬ ਕੇ ਚੁਣੌਤੀ ਦਿੱਤੀ।

'ਮ੍ਰਿਗਯਾ', ਸੇਨ ਦੀ ਬਹੁਤ ਹੀ ਸਿਆਸੀ ਬਿਆਨ ਵਾਲੀ ਅਜ਼ਮਾਇਸ਼ੀ ਕੋਲਕਾਤਾ ਫਿਲਮ-ਤਿੱਕੜੀ ਭਾਵ 'ਇੰਟਰਵਿਊ' (1970), 'ਕਲਕੱਤਾ 71' (1972) ਅਤੇ 'ਪਦਾਤਿਕ' (ਪੈਦਲ ਫੌਜ, 1973) ਤੋਂ ਬਾਅਦ ਆਈ ਸੀ। ਇਸ ਤਿੱਕੜੀ ਤੋਂ ਬਾਅਦ ਆਈ ਇਕ ਹੋਰ ਫਿਲਮ 'ਕੋਰਸ' (1974) ਨਾ ਸਿਰਫ ਬਹੁਤ ਹੀ ਸਿਆਸੀ ਫਿਲਮ ਸੀ ਸਗੋਂ ਇਸ ਨੇ ਸੇਨ ਦੇ ਬੇਬਾਕ ਅੰਦਾਜ਼ ਨੂੰ ਵੀ ਜਾਰੀ ਰੱਖਿਆ।

ਸੇਨ ਨੇ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ 1955 ਵਿਚ ਫਿਲਮ 'ਰਾਤ ਭੋਰੇ' ਨਾਲ ਕੀਤੀ। ਇਸ ਫਿਲਮ ਦੇ ਮੁੱਖ ਅਦਾਕਾਰਾਂ ਵਿਚ ਉਤਮ ਕੁਮਾਰ ਵੀ ਸ਼ਾਮਲ ਸੀ, ਜੋ ਉਦੋਂ ਬੰਗਾਲੀ ਸਿਨੇਮਾ ਦਾ ਸੁਪਰ ਸਟਾਰ ਨਹੀਂ ਸੀ ਬਣਿਆ। ਉਤਮ ਕੁਮਾਰ ਨਾਲ ਉਨ੍ਹਾਂ ਦੀ ਇਹ ਪਹਿਲੀ ਤੇ ਆਖਰੀ ਫਿਲਮ ਸੀ। ਦੂਜੇ ਪਾਸੇ ਬੰਗਾਲੀ ਫਿਲਮਾਂ ਦੇ ਇਕ ਹੋਰ ਸਟਾਰ ਅਦਾਕਾਰ ਸ਼ੌਮਿਤਰ ਚੈਟਰਜੀ, ਜਿਸ ਨੂੰ ਸੱਤਿਆਜੀਤ ਰੇਅ ਦੇ ਗੂੜ੍ਹੇ ਦੋਸਤ ਵਜੋਂ ਚੇਤੇ ਕੀਤਾ ਜਾਂਦਾ ਹੈ, ਨਾਲ ਉਨ੍ਹਾਂ ਦੀ ਸਾਂਝ ਲੰਬਾ ਚਿਰ ਰਹੀ। ਸੇਨ ਨੇ ਸ਼ੌਮਿਤਰ ਨੂੰ ਪਹਿਲੀ ਵਾਰ 1961 ਵਿਚ 'ਪੁਨਾਸ਼ਚਾ' (ਮੁੜ ਤੋਂ) ਵਿਚ ਲਿਆ ਅਤੇ ਫਿਰ 'ਪ੍ਰਤੀਨਿਧੀ' (ਨੁਮਾਇੰਦਾ, 1964), 'ਆਕਾਸ਼ ਕੁਸੁਮ' (ਬੱਦਲਾਂ ਵਿਚ, 1965) ਅਤੇ 'ਮਹਾਪ੍ਰਿਥਿਬੀ' (ਮਹਾਂ ਸਰਬਸ਼ਕਤੀਮਾਨ, 1991) ਵਿਚ ਲਿਆ।

ਸੇਨ ਦੀਆਂ ਸਭ ਤੋਂ ਵੱਧ ਮਸ਼ਹੂਰ ਹੋਈਆਂ ਫਿਲਮਾਂ ਵਿਚ 'ਅਕਾਲਰ ਸ਼ਾਂਧਯਾਨਯੇ' (ਕਾਲ ਦੀ ਭਾਲ ਵਿਚ, 1980) ਵੀ ਅਹਿਮ ਹੈ। ਇਹ ਫਿਲਮ, ਫਿਲਮਾਂ ਬਣਾਉਣ ਵਾਲੀ ਇਕ ਅਜਿਹੀ ਮੰਡਲੀ ਦੀ ਕਹਾਣੀ ਉਤੇ ਆਧਾਰਤ ਹੈ, ਜੋ ਦੂਜੀ ਸੰਸਾਰ ਜੰਗ ਦੌਰਾਨ ਇਨਸਾਨ ਵੱਲੋਂ ਸਿਰਜੀ ਆਫਤ ਭਾਵ 1942-43 ਵਿਚ ਬੰਗਾਲ 'ਚ ਪਏ ਭਿਆਨਕ ਕਾਲ ਬਾਰੇ ਫਿਲਮ ਬਣਾਉਣ ਲਈ ਇਕ ਪਿੰਡ ਪਹੁੰਚਦੀ ਹੈ। ਜਦੋਂ ਕੰਮ ਅੱਗੇ ਵਧਣਾ ਸ਼ੁਰੂ ਹੁੰਦਾ ਹੈ ਤਾਂ ਫਿਲਮ ਬਣਾਉਣ ਵਾਲੀ ਮੰਡਲੀ ਦੇ ਲੋਕਾਂ ਦੇ ਮਨਾਂ 'ਤੇ ਉਹ ਆਰਾਮਪ੍ਰਸਤੀ ਭਾਰੂ ਪੈਣ ਲੱਗਦੀ ਹੈ, ਜਿਸ ਦੀ ਉਨ੍ਹਾਂ ਨੂੰ ਆਦਤ ਪੈ ਚੁਕੀ ਹੈ ਅਤੇ ਵਰਤਮਾਨ ਅਕਾਲ ਜਿਹੀ ਭਿਆਨਕ ਸਥਿਤੀ ਸਾਹਮਣੇ ਉਹ ਡਾਵਾਂਡੋਲ ਹੋ ਜਾਂਦੇ ਹਨ।

ਸੇਨ ਦੀਆਂ ਜੜ੍ਹਾਂ ਭਾਵੇਂ ਕਲਕੱਤਾ ਵਿਚ ਡੂੰਘੀਆਂ ਸਮਾਈਆਂ ਹੋਈਆਂ ਸਨ, ਪਰ ਅਕਸਰ ਉਹ ਰਚਨਾਤਮਕ ਪ੍ਰੇਰਨਾ ਦੀ ਤਲਾਸ਼ 'ਚ ਬੰਗਾਲ ਅਤੇ ਇਸ ਦੀਆਂ ਭਾਸ਼ਾਈ ਸਰਹੱਦਾਂ ਤੋਂ ਕਿਤੇ ਦੂਰ ਚਲੇ ਜਾਂਦੇ, ਜੋ ਵੱਖੋ-ਵੱਖਰੇ ਸੱਭਿਆਚਾਰਾਂ ਨੂੰ ਅੰਗੀਕਾਰ ਕਰ ਸਕਣ ਦੀ ਉਨ੍ਹਾਂ ਦੀ ਸਮਰੱਥਾ ਦਾ ਇਕ ਹੋਰ ਸਬੂਤ ਸੀ। ਉਨ੍ਹਾਂ ਕੁੱਲ ਮਿਲਾ ਕੇ ਛੇ ਹਿੰਦੀ ਫਿਲਮਾਂ 'ਭੁਵਨ ਸ਼ੋਮੇ' (1969), 'ਏਕ ਅਧੂਰੀ ਕਹਾਨੀ' (1971), 'ਏਕ ਦਿਨ ਪ੍ਰਤੀਦਿਨ' (1979), 'ਖੰਡਹਰ' (1983), 'ਜੈਨੇਸਿਸ' (1986), ਅਤੇ 'ਮ੍ਰਿਗਯਾ' ਬਣਾਈਆਂ। ਉਨ੍ਹਾਂ ਤੈਲਗੂ ('ਓਕਾ ਊਰੀ ਕਥਾ' ਜੋ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ ਉਤੇ ਆਧਾਰਤ ਸੀ) ਅਤੇ ਉੜੀਆ ('ਮੈਤਿਰਾ ਮਾਨਿਸ਼ਾ') ਭਾਸ਼ਾਵਾਂ ਵਿਚ ਵੀ ਇਕ-ਇਕ ਫਿਲਮ ਬਣਾਈ।

***-ਸਾਇਬਲ ਚੈਟਰਜੀ***

# ਦੋ ਦੂਣੀ ਪੰਜ: ਫਿਲਮ ਬਣਾਉਣ ਵਾਲਿਆਂ ਦੇ ਕੱਚਘਰੜ ਪਹਾੜੇ

## ਫਿਲਮ ਸਮੀਖਿਆ

**ਇਕਬਾਲ ਸਿੰਘ ਚਾਨਾ**

ਵਿਸ਼ਾ ਬਹੁਤ ਚੰਗਾ ਤੇ ਹਟਵਾਂ ਹੋਵੇ, ਪਰ ਉਸ ਉਤੇ ਇੰਨੀ ਮਾੜੀ ਤੇ ਵਾਹੀਆਤ ਫਿਲਮ ਬਣੀ ਹੋਵੇ ਤਾਂ 'ਦੋ ਦੂਣੀ ਪੰਜ' ਤੋਂ ਵੱਡੀ ਮਿਸਾਲ ਸ਼ਾਇਦ ਹੀ ਕੋਈ ਹੋਰ ਹੋਵੇਗੀ। ਮੇਰੀ ਜਾਚੇ ਸਿੱਖਿਆ ਪ੍ਰਣਾਲੀ ਵਿਚ ਹੋ ਰਹੀ ਲੁੱਟ ਖਸੁੱਟ ਜਿਹੇ ਸੰਵੇਦਨਸ਼ੀਲ ਤੇ ਭਾਵਨਾਤਮਕ ਵਿਸ਼ੇ ਦਾ ਨਾਸ ਮਾਰਨ ਲਈ ਫਿਲਮ ਦਾ ਲੇਖਕ ਤੇ ਡਾਇਰੈਕਟਰ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

ਫਿਲਮ ਦਾ ਲੇਖਕ ਨਵਾਂ ਹੈ, ਨਾਂ ਹੈ ਜੀਵਾ। ਸਕ੍ਰਿਪਟ 'ਤੇ ਕੰਮ ਵੀ ਉਸ ਦਾ ਨਵਿਆਂ ਵਰਗਾ ਹੀ ਹੈ। ਕਨਸੈਪਟ ਉਸ ਦਾ ਚੰਗਾ ਹੋ ਸਕਦਾ ਹੈ, ਪਰ ਕਹਾਣੀ ਲਾਈਨ, ਸਕ੍ਰੀਨਪਲੇ ਅਤੇ ਡਾਇਲਾਗ ਪੁਸ਼ਟੀ ਕਰਦੇ ਹਨ ਕਿ ਫਿਲਮ ਸਕ੍ਰਿਪਟ ਲਿਖਣ ਦੇ ਮਾਮਲੇ ਵਿਚ ਉਹ ਪੂਰੀ ਤਰ੍ਹਾਂ ਅਨਾੜੀ ਹੈ। ਪੰਜਾਬੀ ਸਿਨੇਮਾ ਵਿਚ ਪੈਸੇ ਲਾਉਣ ਵਾਲੇ ਬਹੁਤੇ ਲੋਕ ਵਿਸ਼ੇ ਬਾਰੇ ਮਾੜਾ ਮੋਟਾ ਸੁਣ ਕੇ ਹੀ ਸਮਝ ਬੈਠਦੇ ਹਨ ਕਿ ਇਹੀ ਬੰਦਾ ਫਿਲਮ ਕਹਾਣੀ ਲਿਖਣ ਬਾਰੇ ਨਿਪੁੰਨ ਹੈ, ਤੇ ਅੰਤ ਨਤੀਜਾ ਉਹੀ ਨਿਕਲਦਾ ਹੈ ਜੋ 'ਦੋ ਦੂਣੀ ਪੰਜ' ਜਿਹੀ ਕੱਚਘਰੜ ਫਿਲਮ ਨੇ ਵਿਖਾਇਆ ਹੈ।

ਬਾਲੀਵੁੱਡ ਵਿਚ ਅਸੀਂ ਅਕਸਰ ਵੇਖਿਆ ਹੈ ਕਿ ਵੱਡੇ ਤੋਂ ਵੱਡੇ ਫਿਲਮ ਲੇਖਕ ਵੀ ਆਪਣੇ ਸਕ੍ਰਿਪਟ ਵਰਕ ਲਈ ਇਕ ਟੀਮ ਰੱਖਦੇ ਸਨ। ਬਾਲੀਵੁੱਡ ਲਈ ਕਈ ਲੇਖਕ ਸਕ੍ਰੀਨਪਲੇ ਵਿਚ ਮਾਸਟਰੀ ਰੱਖਦੇ ਸਨ ਜਿਵੇਂ ਵਿਜੈ ਆਨੰਦ, ਸਤੀਸ਼ ਭਟਨਾਗਰ ਤੇ ਸਲੀਮ ਵਗੈਰਾ ਅਤੇ ਕਈ ਡਾਇਲਾਗ ਲਿਖਣ ਵਿਚ ਕਮਾਲ ਵਿਖਾਉਂਦੇ ਸਨ ਜਿਵੇਂ ਸਾਗਰ ਸਰਹੱਦੀ, ਰਾਹੀ ਮਾਸੂਮ ਰਜ਼ਾ, ਜਾਵੇਦ ਅਖਤਰ ਤੇ ਕਾਦਿਰ ਖਾਨ ਵਗੈਰਾ। ਅੱਜ ਵੀ ਤੁਸੀਂ ਟੀ. ਵੀ. 'ਤੇ ਕਿਸੇ ਪੁਰਾਣੀ ਵਧੀਆ ਫਿਲਮ ਦੇ ਸਕ੍ਰਿਪਟ ਦੇ ਟਾਈਟਲ ਵੇਖੋਗੇ ਤਾਂ ਸਕ੍ਰੀਨਪਲੇ ਅਤੇ ਡਾਇਲਾਗ ਲਈ ਅਲੱਗ ਅਲੱਗ ਲੇਖਕਾਂ ਦੇ ਨਾਂ ਮਿਲਣਗੇ।

ਪੰਜਾਬੀ ਫਿਲਮ ਖੇਤਰ ਵਿਚ ਹਰ ਲੇਖਕ 'ਇਕੱਲਾ' ਹੀ ਆਪਣੇ ਆਪ ਨੂੰ ਸਲੀਮ ਜਾਵੇਦ ਦੇ ਬਰਾਬਰ ਹੀ ਨਹੀਂ, ਉਨ੍ਹਾਂ ਤੋਂ ਉਤੇ ਸਮਝਣ ਲੱਗ ਪੈਂਦਾ ਹੈ। ਕੁਝ ਸਾਲਾਂ ਤੋਂ 90 ਫੀਸਦੀ ਪੰਜਾਬੀ ਫਿਲਮਾਂ ਦੀ ਤ੍ਰਾਸਦੀ ਇਹੀ ਹੈ ਕਿ ਉਨ੍ਹਾਂ ਦੇ ਸਕ੍ਰਿਪਟ ਉਤੇ ਬਿਲਕੁਲ ਮਿਹਨਤ ਨਹੀਂ ਕੀਤੀ ਜਾਂਦੀ। ਇਸ ਵਾਸਤੇ ਫਿਲਮ ਦਾ ਡਾਇਰੈਕਟਰ ਵੀ ਓਨਾ ਹੀ ਜ਼ਿੰਮੇਵਾਰ ਹੁੰਦਾ ਹੈ।

ਫਿਲਮ 'ਦੋ ਦੂਣੀ ਪੰਜ' ਦਾ ਡਾਇਰੈਕਟਰ ਹੈਰੀ ਭੱਟੀ ਹੈ। 2017 ਦੀ ਲੀਕ ਤੋਂ ਹੱਟ ਕੇ ਬਣੀ ਹਿੱਟ ਫਿਲਮ 'ਰੱਬ ਦਾ ਰੇਡੀਓ' ਦਾ ਉਹ ਕੋ-ਡਾਇਰੈਕਟਰ ਸੀ। ਉਸ ਪਿਛੋਂ 'ਸਰਦਾਰ ਮੁਹੰਮਦ', 'ਆਟੇ ਦੀ ਚਿੜੀ' ਅਤੇ ਹੁਣ 'ਦੋ ਦੂਣੀ ਪੰਜ' ਬਣਾ ਕੇ ਉਸ ਨੇ ਫਲਾਪ ਫਿਲਮਾਂ ਦੀ ਹੈਟ-ਟ੍ਰਿਕ ਮਾਰ ਲਈ ਹੈ। ਇਸ ਤੋਂ ਪਹਿਲਾਂ ਉਹ ਕਈ ਪੰਜਾਬੀ ਡਾਇਰੈਕਟਰਾਂ ਦਾ ਅਸਿਸਟੈਂਟ ਰਹਿ ਚੁਕਾ ਸੀ। 'ਰੱਬ ਦਾ ਰੇਡੀਓ' ਬਲਾਕ-ਬਸਟਰ ਸੀ, ਪਰ ਬਾਅਦ ਵਿਚ ਹਟਵੇਂ ਵਿਸ਼ਿਆਂ 'ਤੇ ਪੰਜਾਬੀ ਫਿਲਮਾਂ ਬਣਾਉਣ ਲਈ ਯਤਨਸ਼ੀਲ ਹੀਰੋ ਤਰਸੇਮ ਜੱਸੜ ਦੀ ਅਗਲੀ ਫਿਲਮ 'ਸਰਦਾਰ ਮੁਹੰਮਦ' ਹਾਲਾਂਕਿ ਅਲੱਗ ਵਿਸ਼ੇ 'ਤੇ ਬਣੀ ਸੀ ਪਰ ਮਾੜੇ ਨਿਰਦੇਸ਼ਨ ਤੇ ਸਕ੍ਰਿਪਟ ਕਾਰਨ ਬਾਕਸ-ਆਫਿਸ 'ਤੇ ਮੂਧੇ ਮੂੰਹ ਡਿੱਗੀ।

2018 ਵਿਚ ਆਈ 'ਆਟੇ ਦੀ ਚਿੜੀ' ਅਤੇ ਹੁਣ ਆਈ 'ਦੋ ਦੂਣੀ ਪੰਜ' ਜਿੱਥੇ ਨਿਰਦੇਸ਼ਕ ਦੀਆਂ ਫਲਾਪ ਫਿਲਮਾਂ ਦੀ ਹੈਟ-ਟ੍ਰਿਕ ਬਣਾਉਣ 'ਚ ਸਫਲ ਹੋਈਆਂ, ਉਥੇ ਸਾਬਤ ਹੋ ਗਿਆ ਕਿ ਵਿਸ਼ਾ ਭਾਵੇਂ ਕਿੰਨਾ ਵੀ ਵਧੀਆ ਤੇ ਹਟਵਾਂ ਹੋਵੇ, ਉਸ ਨੂੰ ਸੰਭਾਲਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਦੂਜੇ ਪਾਸੇ 'ਰੱਬ ਦਾ ਰੇਡੀਓ' ਦੇ ਦੂਜੇ ਡਾਇਰੈਕਟਰ ਤਰਨਵੀਰ ਜਗਪਾਲ ਦੀ ਫਿਲਮ 'ਦਾਣਾ ਪਾਣੀ' ਆਈ, ਜਿਸ ਬਾਰੇ ਮੈਂ ਲਿਖਿਆ ਸੀ ਕਿ ਸ਼ਾਇਦ ਫਿਲਮ ਦਾ ਡਾਇਰੈਕਟਰ ਫਿਲਮ ਦੇ ਵੱਡੇ ਕਨਸੈਪਟ ਅਤੇ ਲੇਖਕ ਦੇ ਦਬਾਅ ਹੇਠ ਆ ਗਿਆ ਹੈ। ਪਰ ਮੈਂ ਉਸ ਦੀ ਡਾਇਰੈਕਸ਼ਨ ਦੇ ਵਿਜ਼ਨ ਦੀ ਨਿੰਦਿਆ ਕਤੱਈ ਨਹੀਂ ਸੀ ਕੀਤੀ। ਹੁਣ 'ਰੱਬ ਦਾ ਰੇਡੀਓ-2' ਦੀ ਡਾਇਰੈਕਸ਼ਨ ਕਮਾਂਡ ਤਰਨਵੀਰ ਜਗਪਾਲ ਨੂੰ ਸੌਂਪਣਾ ਇਹ ਸਾਬਿਤ ਕਰਦਾ ਹੈ ਕਿ ਉਸ ਫਿਲਮ ਦਾ 'ਅਸਲ ਡਾਇਰੈਕਟਰ' ਇਹ ਨਵਾਂ ਨੌਜਵਾਨ ਹੀ ਸੀ।

'ਦੋ ਦੂਣੀ ਪੰਜ' ਵਿਚ ਪੀਐਚ. ਡੀ. ਕਰ ਚੁਕਾ ਇਕ ਬੇਰੋਜ਼ਗਾਰ ਨੌਜਵਾਨ ਸਕੂਲ ਪ੍ਰਬੰਧਕਾਂ ਕੋਲੋਂ ਆਪਣੇ ਬਾਰਾਂ ਵਰ੍ਹਿਆਂ ਦੀ ਫੀਸ ਵਸੂਲਣ ਲਈ ਕੋਰਟ ਦਾ ਦਰਵਾਜਾ ਖੜਕਾਉਂਦਾ ਹੈ। ਇਸ ਤੋਂ ਬਾਅਦ ਜੋ ਕੁਝ ਵਿਖਾਇਆ ਜਾਂਦਾ ਹੈ, ਫਿਲਮ ਦੇ ਲੇਖਕ ਤੇ ਡਾਇਰੈਕਟਰ ਦੀ ਸੋਚ 'ਤੇ ਤਰਸ ਆਉਂਦਾ ਹੈ। ਜਿਸ ਤਰ੍ਹਾਂ ਦਾ ਸਕੂਲ, ਜਿਸ ਤਰ੍ਹਾਂ ਦੀ ਕੋਰਟ, ਜਿਸ ਤਰ੍ਹਾਂ ਦੇ ਅਧਿਆਪਕ, ਜਿਸ ਤਰ੍ਹਾਂ ਦੇ ਜੱਜ-ਵਕੀਲ ਵਿਖਾਏ ਗਏ ਹਨ-ਇਹ ਸਿੱਧੇ ਤੌਰ 'ਤੇ ਵਿੱਦਿਆ ਪ੍ਰਣਾਲੀ ਅਤੇ ਜੁਡੀਸ਼ਰੀ ਦਾ ਮਜ਼ਾਕ ਉਡਾਉਣ ਤੇ ਬੇਅਦਬੀ ਕਰਨ ਤੋਂ ਬਿਨਾ ਕੁਝ ਵੀ ਨਹੀਂ ਹੈ।

ਕਲਾਕਾਰਾਂ ਦੀ ਗੱਲ ਕਰੀਏ ਤਾਂ ਹੀਰੋ ਅੰਮ੍ਰਿਤ ਮਾਨ ਨੇ ਇਕ ਵੇਰ ਫਿਰ ਸਾਬਿਤ ਕਰ ਦਿੱਤਾ ਹੈ ਕਿ ਸਿੰਗਰ ਹੋਣਾ ਐਕਟਰ ਹੋਣ ਦਾ ਸਰਟੀਫਿਕੇਟ ਨਹੀਂ ਹੈ। ਹੀਰੋਇਨ ਇਸ਼ਿਤਾ ਰਿਖੀ ਦੇ ਕਰਨ ਲਈ ਕੁਝ ਸੀ ਹੀ ਨਹੀਂ। ਨਿਰਮਲ ਰਿਸ਼ੀ, ਕਰਮਜੀਤ ਅਨਮੋਲ ਅਤੇ ਮਲਕੀਤ ਰੌਣੀ ਸਾਧਾਰਨ ਹਨ। ਲਗਦਾ ਹੈ ਕਿ 'ਫਿੱਲਰ' ਵਾਂਗ ਵਰਤੇ ਗਏ ਹਨ। ਰਾਣਾ ਰਣਬੀਰ ਦਾ ਕਿਰਦਾਰ ਵੇਖ ਕੇ ਹੈਰਾਨੀ ਹੋਈ। 'ਬਣਜਾਰਾ' ਤੋਂ ਬਾਅਦ ਇਸ ਫਿਲਮ ਵਿਚ ਵੀ ਉਸ ਦਾ ਰੋਲ ਫਾਲਤੂ ਜਿਹਾ ਹੀ ਹੈ। ਪਤਾ ਨਹੀਂ ਏਨਾ ਵੱਡਾ ਫਿਲਮ ਲੇਖਕ ਤੇ ਐਕਟਰ ਹੋਣ ਦੇ ਬਾਵਜੂਦ ਉਹ ਇਹੋ ਜਿਹੇ ਫਾਲਤੂ ਰੋਲ ਕਿਉਂ ਕਰ ਰਿਹਾ ਹੈ? ਇੱਕ ਜੱਜ ਦੇ ਰੋਲ ਵਿਚ ਫੁਕਰਿਆਂ ਵਰਗੀ ਡਰੈਸ ਪਹਿਨ ਕੇ ਤੇ ਮੇਜ 'ਤੇ ਚੜ੍ਹ ਬੈਠ ਕੇ ਉਹ ਕੀ ਸੰਦੇਸ਼ ਦੇਣਾ ਚਾਹੁੰਦਾ ਹੈ? ਇਹ ਤਾਂ ਓਹੀ ਜਾਣੇ।

ਗੁਰਿੰਦਰ ਮਕਨਾ ਪ੍ਰਭਾਵਤ ਕਰਦਾ ਹੈ। ਰੁਪਿੰਦਰ ਰੂਪੀ, ਹਾਰਬੀ ਸੰਘਾ ਤੇ ਸਰਦਾਰ ਸੋਹੀ ਓਵਰ ਐਕਟਿੰਗ ਦਾ ਸ਼ਿਕਾਰ ਹਨ। ਸਰਦਾਰ ਸੋਹੀ ਦਾ ਜ਼ਿਕਰ ਵੀ ਮੈਂ ਖਾਸ ਤੌਰ 'ਤੇ ਕਰਨਾ ਚਾਹਾਂਗਾ। ਮੇਰਾ ਬੜਾ ਕਰੀਬੀ ਮਿੱਤਰ ਰਿਹਾ ਹੈ, ਜਿੰਨੇ ਸਾਲ ਮੁੰਬਈ ਵਿਚ ਰਿਹਾ। ਬਿਨਾ ਸ਼ੱਕ ਬਹੁਤ ਵਧੀਆ ਐਕਟਰ ਹੈ, ਓਮ ਪੁਰੀ ਦੇ ਲੈਵਲ ਦਾ। ਓਮ ਪੁਰੀ ਵਾਂਗ ਹੀ ਹਰਪਾਲ ਟਿਵਾਣਾ ਦਾ ਸਟੂਡੈਂਟ ਰਿਹਾ ਹੈ। ਮੁੰਬਈ ਦੀਆਂ ਹਿੰਦੀ ਫਿਲਮਾਂ ਵਿਚ ਉਸ ਨੂੰ ਕੋਈ ਖਾਸ ਸਫਲਤਾ ਹਾਸਿਲ ਨਹੀਂ ਹੋ ਸਕੀ, ਸ਼ਾਇਦ ਇਸ ਨੂੰ ਕਿਸਮਤ ਨਾਲ ਵੀ ਜੋੜਿਆ ਜਾ ਸਕਦਾ ਹੈ, ਪਰ ਪੰਜਾਬੀ ਫਿਲਮਾਂ ਵਿਚ ਉਸ ਨੇ ਬੜੇ ਵਧੀਆ ਕਿਰਦਾਰ ਨਿਭਾਏ। ਪਿਛਲੇ ਬਾਰਾਂ ਪੰਦਰਾਂ ਵਰ੍ਹਿਆਂ ਤੋਂ ਪੰਜਾਬੀ ਸਿਨੇਮਾ ਵਿਚ ਆਏ ਸਫਲਤਾ ਦੇ ਤੁਫਾਨ ਨੇ ਉਸ ਨੂੰ ਬਹੁਤ ਬਿਜ਼ੀ ਕਰ ਦਿੱਤਾ, ਪਰ ਉਸ ਬਾਰੇ ਮੈਂ ਇਹੀ ਕਹਿਣਾ ਚਾਹਾਂਗਾ ਕਿ ਉਸ ਨੇ ਵੀ ਸ਼ਾਇਦ ਰੋਲ ਚੁਣਨ ਬਾਰੇ ਫੈਸਲਾ ਤਾਕ 'ਤੇ ਰੱਖ ਕੇ ਪੈਸੇ ਬਣਾਉਣ ਲਈ ਜਾਂਦੀ ਵਾਰ ਦਾ ਮੇਲਾ ਲੁੱਟਣ ਦਾ ਮਨ ਬਣਾਇਆ ਹੋਇਆ ਹੈ। 'ਮੇਲਾ', 'ਬਾਗੀ' ਅਤੇ 'ਅਰਦਾਸ' ਜਿਹੀਆਂ ਫਿਲਮਾਂ ਵਾਲਾ ਸੋਹੀ ਪੈਸੇ ਦੀ ਦੌੜ ਵਿਚ ਆਪਣੀ ਐਕਟਿੰਗ ਕਲਾ ਦਿਖਾਉਣ ਦੀ ਥਾਂ ਵੇਚਣ 'ਤੇ ਤੁਲਿਆ ਹੋਇਆ ਹੈ। ਫਿਲਮ ਰਿਲੀਜ਼ ਹੋਣ 'ਤੇ ਹਰ ਕਲਾਕਾਰ ਫਿਲਮ ਦੀ ਪ੍ਰੋਮੋਸ਼ਨ ਵਿਚ ਹਿੱਸਾ ਲੈਂਦਾ ਹੈ, ਪਰ ਹਰ ਫਿਲਮ ਜਿਸ ਵਿਚ ਉਹ ਕੰਮ ਕਰਦਾ ਹੋਵੇ, ਦੇ ਸ਼ੁਰੂ ਹੋਣ ਤੋਂ ਹੀ ਉਸ ਬਾਰੇ ਕੱਛਾਂ ਵਜਾਈ ਜਾਣੀਆਂ ਇਕ ਵਧੀਆ ਐਕਟਰ ਨੂੰ ਸ਼ੋਭਾ ਨਹੀਂ ਦਿੰਦਾ। ਇਸ ਦੀ ਥਾਂ ਸੋਹੀ ਨੂੰ ਆਪਣੇ ਰੋਲ ਦੀ ਚੋਣ ਵੱਲ ਧਿਆਨ ਦੇਣ ਦੀ ਲੋੜ ਹੈ। ਆਮਿਰ ਖਾਨ ਨੇ 'ਠੱਗਜ਼ ਆਫ ਹਿੰਦੁਸਤਾਨ' ਜਿਹੀ ਘਟੀਆ ਫਿਲਮ ਦੇਣ ਲਈ ਆਪਣੇ ਪ੍ਰਸ਼ੰਸਕਾਂ ਅਤੇ ਦਰਸ਼ਕਾਂ ਤੋਂ ਖੁੱਲ੍ਹੇ ਤੌਰ 'ਤੇ ਮੁਆਫੀ ਮੰਗੀ ਹੈ।

ਮੇਰੀ ਇਹ ਸਮੀਖਿਆ ਵਿਸ਼ੇ ਤੋਂ ਏਧਰ ਓਧਰ ਆਊਟ-ਟਰੈਕ ਹੋ ਗਈ ਹੈ, ਕਿਉਂਕਿ ਪੰਜਾਬੀ ਸਿਨੇਮਾ ਨੂੰ ਪ੍ਰਦੂਸ਼ਿਤ ਕਰਨ ਵਾਲਾ ਰਾਇਤਾ ਤੇਜ਼ੀ ਨਾਲ ਫੈਲ ਰਿਹਾ ਹੈ, ਇਹ ਮਹਿਸੂਸ ਕਰ ਕੇ ਦੁੱਖ ਹੁੰਦਾ ਹੈ। ਗੁਸਤਾਖੀ ਮੁਆਫ!

ਮਿਲਵਾਕੀ, ਵਿਸਕਾਨਸਿਨ ਏਰੀਏ ਵਿਚ

# ਗੈਸ ਸਟੇਸ਼ਨ ਅਤੇ ਲਿੱਕਰ ਸਟੋਰ ਪ੍ਰਾਪਰਟੀ ਸਮੇਤ ਵਿਕਾਊ ਹਨ

# Gas Station & Liquor Stores For Sale

**In Milwaukee, WI area (with property)**

## Milwaukee

**(1) Liquor & Grocery Store**
Sale: $180,000 per month
Asking: $1,550,000

**(2) Liquor Store**
Sale: $130,000 per month
Asking: $1,350,000

**(3) Liquor & Grocery Store**
*Store has lot of potential to expand.*
Sales: $125,000 Asking: $1,350,000

**(4) Grocery Store with Beer**
Sale: $75,000
Asking: $680,000

## Racine

**Gas Station**
Sales: $75,000 per month inside *(without lotto)*
Gas $35,000 Tanks 1996.
Asking: $875,000

## Kenosha

**Liquor Store**
Sale: $50,000 per month
Asking: $499,000

ਘਰ, ਕਮਰਸ਼ੀਅਲ ਬਿਜਨਸ, ਗੈਸ ਸਟੇਸ਼ਨ, ਲਿੱਕਰ ਸਟੋਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਵਧੀਆ ਸੌਦਾ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ:
**ਜਤਿੰਦਰ (ਟੀਟੂ) ਮਾਂਗਟ, ਫੋਨ: 262-880-7003**


## Looking to Buy or Sell?

House, Commercial Business, Gas Station, Liquor Store?
We can help you!

**Jatinder (Tetu) Mangat Cell: 262-880-7003**
Email: mangat1@hotmail.com

**Language:** Hindi, Punjabi, English

your path home
SORENSON realty associates, llc



ਜਤਿੰਦਰ (ਟੀਟੂ) ਮਾਂਗਟ